**Buying/Selling in Michigan**

All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.



**Landmark Realty**
40600 Ann Arbor Rd., Suite# 150,
Plymouth, MI 48170
**Call: 734-751-4455**
rajsshergill@yahoo.com
Raj Shergill
*Associate Broker*





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419



**Singh Accounting & Tax Services**
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
**Ph: 716-425-7126**
Fax: 716-284-0025
Email: singhtaxservice@yahoo.com
Website: singhtaxservice.com



Sarbjit Singh Khakh (Sabhi)
*Accountant*



Twentieth Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 10, March 9, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਮੋਦੀ ਦੀ ਜੰਗਬਾਜ਼ ਸਿਆਸਤ ਦੀ ਚੁਫੇਰਿਓਂ ਨੁਕਤਾਚੀਨੀ

## ਸਾਰੀ ਕਵਾਇਦ ਪੁੱਠੀ ਪਈ; ਚੁਣਾਵੀ ਲਾਹਾ ਲੈਣ ਦੀ ਕੋਸ਼ਿਸ਼ ਦੇ ਲੱਗੇ ਦੋਸ਼

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਚੋਣ ਮਾਹੌਲ ਆਪਣੇ ਹੱਕ ਵਿਚ ਬਣਾਉਣ ਲਈ ਭਾਜਪਾ ਹਰ ਹਰਬਾ ਵਰਤ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਵਲੋਂ ਇਸੇ ਮਕਸਦ ਨਾਲ ਪੂਰੇ ਦੇਸ਼ ਵਿਚ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਦੇ ਨਾਂ ਉਤੇ ਰੈਲੀਆਂ ਕਰ ਕੇ ਆਪਣੀਆਂ ਮਾਰਖੋਰੀਆਂ ਪ੍ਰਾਪਤੀਆਂ ਗਿਣਵਾਈਆਂ ਜਾ ਰਹੀਆਂ ਹਨ। ਪਿਛਲੇ ਕੁਝ ਦਿਨਾਂ ਤੋਂ ਮੋਦੀ ਵਲੋਂ ਆਪਣੀਆਂ ਪ੍ਰਾਪਤੀਆਂ ਦੀ ਲਿਸਟ ਲੰਮੀ ਕਰਦੇ ਹੋਏ ਪਾਕਿਸਤਾਨ ਵਿਚ ਅਤਿਵਾਦੀ ਕੈਂਪਾਂ ਉਤੇ ਕੀਤੀ ਕਾਰਵਾਈ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ।



ਭਾਜਪਾ ਦਾ ਦਾਅਵਾ ਹੈ ਕਿ ਉਸ ਨੇ ਪੁਲਵਾਮਾ ਵਿਚ ਫਿਦਾਇਨ ਹਮਲੇ ਵਿਚ ਮਾਰੇ ਗਏ ਸੁਰੱਖਿਆ ਕਰਮੀਆਂ ਦੀ ਮੌਤ ਦਾ ਬਦਲਾ ਪਾਕਿਸਤਾਨ ਵਿਚ ਹਵਾਈ ਹਮਲੇ ਕਰਕੇ 350 ਅਤਿਵਾਦੀ ਮਾਰ ਕੇ ਲਿਆ ਹੈ। ਤੈਅ ਰਣਨੀਤੀ ਮੁਤਾਬਕ ਭਾਜਪਾ ਨੂੰ ਇਸ 'ਦਲੇਰ ਕਾਰਵਾਈ' ਦਾ ਚੋਣਾਂ ਵਿਚ ਵੱਡਾ ਲਾਹਾ ਮਿਲਣਾ ਸੀ ਪਰ ਭਾਰਤ ਦੇ ਲੜਾਕੂ ਜਹਾਜ਼ ਦਾ ਪਾਇਲਟ ਪਾਕਿਸਤਾਨ ਹੱਥ ਲੱਗਣ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵਲੋਂ ਅਪਣਾਈ ਸੰਜਮ ਵਾਲੀ ਨੀਤੀ ਨੇ ਬਾਜ਼ੀ ਉਲਟੀ ਪਾ ਦਿੱਤੀ ਹੈ। ਦਰਅਸਲ, ਭਾਰਤ ਦੀ ਕਾਰਵਾਈ ਦਾ ਜਵਾਬ ਦੇਣ ਲਈ ਪਾਕਿਸਤਾਨ ਦੇ 2 ਲੜਾਕੂ ਜਹਾਜ਼ ਭਾਰਤ ਵਿਚ ਦਾਖਲ ਹੋਏ। ਇਨ੍ਹਾਂ ਜਹਾਜ਼ਾਂ ਦਾ ਪਿੱਛਾ ਕਰ ਰਿਹਾ ਭਾਰਤ ਦਾ ਇਕ ਲੜਾਕੂ ਜਹਾਜ਼ ਡਿੱਗ ਗਿਆ ਅਤੇ ਇਸ ਦਾ ਪਾਇਲਟ ਵਿੰਗ ਕਮਾਂਡਰ ਅਭਿਨੰਦਨ ਪਾਕਿਸਤਾਨੀ ਫੌਜ ਦੇ ਕਾਬੂ ਆ ਗਿਆ। ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਜੰਗ ਦੀ ਥਾਂ ਅਮਨ-ਸ਼ਾਂਤੀ ਦਾ ਸੁਨੇਹਾ ਦਿੰਦੇ ਹੋਏ ਅਗਲੇ ਦਿਨ ਹੀ ਪਾਇਲਟ ਨੂੰ ਭਾਰਤ ਭੇਜ ਦਿੱਤਾ। ਇਮਰਾਨ ਖਾਨ ਨੇ ਆਪਣੇ ਦੇਸ਼ ਦੀ ਕੌਮੀ ਅਸੈਂਬਲੀ ਦੇ ਦੋਵਾਂ ਸਦਨਾਂ ਦੇ ਸਾਂਝੇ ਸਮਾਗਮ ਨੂੰ ਸੰਬੋਧਨ ਕਰਦਿਆਂ ਭਾਰਤੀ ਪਾਇਲਟ ਨੂੰ ਪਾਕਿਸਤਾਨ ਵਲੋਂ ਸ਼ਾਂਤੀ ਦਾ ਸੰਕੇਤ ਦੇਣ ਦੇ ਦਾਅਵੇ ਨਾਲ ਛੱਡਣ ਦਾ ਐਲਾਨ ਕੀਤਾ।

ਇਮਰਾਨ ਖਾਨ ਦੀ ਇਸ ਪਹਿਲਕਦਮੀ ਨੇ ਮੋਦੀ ਦੀ ਦੇਸ਼ ਭਗਤੀ ਦੇ ਰੰਗ ਨੂੰ ਫਿੱਕਾ ਪਾ ਦਿੱਤਾ। ਭਾਰਤ, ਖਾਸ ਕਰ ਕੇ ਪੰਜਾਬੀਆਂ ਨੇ ਇਸ ਪਹਿਲਕਦਮੀ ਦਾ ਖੁੱਲ੍ਹੇ ਦਿਲ ਦਾ ਸਵਾਗਤ ਕੀਤਾ। ਦੂਜੇ ਪਾਸੇ ਹਮਲੇ ਵਿਚ ਮਾਰੇ ਅਤਿਵਾਦੀ ਦੀ ਗਿਣਤੀ ਬਾਰੇ ਦਾਅਵਾ ਵੀ ਭਾਜਪਾ ਲਈ ਸਿਰਦਰਦੀ ਬਣ ਗਿਆ। ਸਰਕਾਰ ਨੇ ਕਾਰਵਾਈ ਦੇ ਪਹਿਲੇ ਦਿਨ ਦਾਅਵਾ ਕੀਤਾ ਸੀ ਕਿ ਭਾਰਤੀ ਹਵਾਈ ਫੌਜ ਨੇ 350 ਅਤਿਵਾਦੀ ਮਾਰ-ਮੁਕਾਏ ਹਨ। ਦੋ ਦਿਨਾਂ ਬਾਅਦ ਇਹ ਗਿਣਤੀ 300 ਉਤੇ ਆ ਗਈ ਅਤੇ ਫਿਰ ਇਕ ਰੈਲੀ ਵਿਚ ਭਾਜਪਾ ਪ੍ਰਧਾਨ ਨੇ ਆਖ ਦਿੱਤਾ ਕਿ ਹਮਲੇ ਵਿਚ 250 ਅਤਿਵਾਦੀ ਮਾਰੇ ਗਏ। ਇਹੀ ਸਵਾਲ ਜਦੋਂ

*(ਬਾਕੀ ਸਫਾ 6 ਉਤੇ)*

# ਵਿਵਾਦਾਂ 'ਚ ਘਿਰੇ ਤਖਤ ਪਟਨਾ ਸਾਹਿਬ ਦੇ ਜਥੇਦਾਰ ਦੀ ਛੁੱਟੀ

**ਚੰਡੀਗੜ੍ਹ:** ਵਿਵਾਦਾਂ ਵਿਚ ਰਹਿਣ ਵਾਲੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਦੀ ਛੁੱਟੀ ਹੋ ਗਈ ਹੈ। ਉਨ੍ਹਾਂ ਦਾ ਅਸਤੀਫਾ ਪ੍ਰਵਾਨ ਕਰ ਲਿਆ ਗਿਆ ਹੈ। ਇਕਬਾਲ ਸਿੰਘ ਦੀ ਛੁੱਟੀ ਮਗਰੋਂ ਗਿਆਨੀ ਰਜਿੰਦਰ ਸਿੰਘ ਨੂੰ ਸੇਵਾਵਾਂ ਸੌਂਪ ਦਿੱਤੀਆਂ ਗਈਆਂ ਹਨ।



ਇਹ ਫੈਸਲਾ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੀ ਮੀਟਿੰਗ ਵਿਚ ਕੀਤਾ ਗਿਆ ਹੈ। ਸ੍ਰੀ ਅਕਾਲ ਤਖਤ ਵਲੋਂ ਬਣਾਈ ਸੱਤ ਮੈਂਬਰੀ ਜਾਂਚ ਕਮੇਟੀ ਦੀ ਰਿਪੋਰਟ ਮਗਰੋਂ ਇਹ ਕਾਰਵਾਈ ਕੀਤੀ ਗਈ ਹੈ। ਯਾਦ ਰਹੇ ਕਿ ਇਕਬਾਲ ਸਿੰਘ ਵਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ ਪਰ ਕੁਝ ਸਮੇਂ ਮਗਰੋਂ ਹੀ ਉਨ੍ਹਾਂ ਮੁੜ ਸੇਵਾ ਸਾਂਭ ਲਈ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਪ੍ਰਬੰਧਕੀ ਬੋਰਡ


*(ਬਾਕੀ ਸਫਾ 6 ਉਤੇ)*

# 'ਆਪ' ਤੇ ਕਾਂਗਰਸ ਨੇ ਗੱਠਜੋੜ ਤੋਂ ਹੱਥ ਖਿੱਚਿਆ

**ਨਵੀਂ ਦਿੱਲੀ:** ਦਿੱਲੀ ਵਿਚ ਕਾਂਗਰਸ ਲੋਕ ਸਭਾ ਚੋਣਾਂ ਇਕੱਲੇ ਹੀ ਲੜੇਗੀ। ਕਾਂਗਰਸ ਸੂਬਾ ਪ੍ਰਧਾਨ ਸ਼ੀਲਾ ਦਿਕਸ਼ਿਤ ਨੇ ਸਾਫ ਸ਼ਬਦਾਂ 'ਚ ਕਹਿ ਦਿੱਤਾ ਹੈ ਕਿ ਪਾਰਟੀ ਦਿੱਲੀ 'ਚ ਆਮ ਆਦਮੀ ਪਾਰਟੀ ਨਾਲ ਗਠਜੋੜ ਨਹੀਂ ਕਰੇਗੀ। ਦਿਕਸ਼ਿਤ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਾਲ ਬੈਠਕ ਤੋਂ ਬਾਅਦ ਇਹ ਬਿਆਨ ਦਿੱਤਾ ਹੈ।

'ਆਪ' ਨਾਲ ਗਠਜੋੜ ਨੂੰ ਲੈ ਕੇ ਪਾਰਟੀ ਦੋ ਰਾਏ ਸੀ। ਪਾਰਟੀ ਦਾ ਇਕ ਧੜਾ ਗਠਜੋੜ ਦੇ ਪੱਖ ਤੇ ਦੂਜਾ ਵਿਰੋਧ ਵਿਚ ਸੀ। ਇਸ ਉਤੇ ਰਾਹੁਲ ਗਾਂਧੀ ਨੇ ਬੈਠਕ 'ਚ ਚਰਚਾ ਕੀਤੀ। ਦਿੱਲੀ ਵਿਚ ਹੋਈ ਬੈਠਕ ਵਿਚ ਸ਼ੀਲਾ ਦਿਕਸ਼ਿਤ, ਪੀਸੀ ਚਾਕੋ, ਕੁਲਜੀਤ ਨਾਗਰਾ ਤੇ ਹਾਰੂਨ ਯੂਸੁਫ ਮੌਜੂਦ ਸੀ। ਆਮ ਆਦਮੀ ਪਾਰਟੀ ਨੂੰ ਕਾਂਗਰਸ ਨਾਲ ਗੱਠਜੋੜ ਦੀ ਪੂਰੀ ਉਮੀਦ ਸੀ। ਇਕ ਸਮੇਂ 'ਆਪ' ਨੂੰ ਕਾਂਗਰਸ ਦਾ ਕੱਟੜ ਵਿਰੋਧੀ ਮੰਨਿਆ ਜਾਂਦਾ ਸੀ। ਪਿਛਲੀ ਲੋਕ ਸਭਾ ਚੋਣਾਂ ਵਿਚ ਦਿੱਲੀ ਦੀਆਂ ਸੱਤ ਸੀਟਾਂ ਉਤੇ ਬੀ.ਜੇ.ਪੀ. ਦਾ ਕਬਜ਼ਾ ਰਿਹਾ ਹੈ। ਕੁਝ ਸਮੇਂ ਪਹਿਲਾਂ ਸਭ ਨੂੰ ਉਮੀਦ ਸੀ ਕਿ ਸ਼ਾਇਦ ਆਪ ਤੇ ਕਾਂਗਰਸ ਹੱਥ ਮਿਲਾ ਰਹੀਆਂ ਹਨ। ਹੁਣ ਇਕ ਵਾਰ ਫਿਰ ਸਾਫ ਹੋ ਗਿਆ ਹੈ ਕਿ ਆਪ ਅਤੇ ਕਾਂਗਰਸ ਇਕੱਲਿਆਂ ਚੋਣਾਂ ਲੜਨਗੀਆਂ।


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832






WorldWide Travel
866 66 INDIA
46342

BEST FARE GUARANTEE
734 838 9998





24 ਘੰਟੇ ਐਮਰਜੈਂਸੀ ਸੇਵਾ
Please call our office for more details on latest fares



**Ad Space Available Please Call**
Ph: 847-359-0746

# ਏਸ਼ੀਅਨ ਅਮੈਰਿਕਨ ਕੁਲੀਸ਼ਨ ਦਾ 36ਵਾਂ ਸਾਲਾਨਾ ਸਮਾਗਮ

**ਸ਼ਿਕਾਗੋ:** ਏਸ਼ੀਅਨ ਅਮੈਰਿਕਨ ਕੁਲੀਸ਼ਨ ਆਫ ਸ਼ਿਕਾਗੋ (ਏ. ਏ. ਸੀ. ਸੀ.) ਨੇ ਆਪਣਾ 36ਵਾਂ ਸਾਲਾਨਾ ਚੰਦਰਮਾ ਨਵਾਂ ਸਾਲ ਸਮਾਗਮ ਕਰਵਾਇਆ, ਜਿਸ ਦਾ ਮੁੱਖ ਮੰਤਵ 'ਇਕ ਸੰਸਾਰ, ਇਕ ਦ੍ਰਿਸ਼ਟੀ' ਸੀ। ਇਸ ਮੌਕੇ ਸ਼ਿਕਾਗੋ ਦੀ ਫਿਲੀਪੀਨੋ-ਅਮੈਰਿਕਨ ਕਮਿਊਨਿਟੀ ਨੇ ਰਾਤ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ, ਜਿਸ ਦੀ ਪ੍ਰਧਾਨਗੀ ਇਕ ਲਾਅ ਫਰਮ ਦੇ ਕਰਤਾ-ਧਰਤਾ ਅਰੋਰਾ ਆਸਟ੍ਰੀਆਕੋ ਨੇ ਕੀਤੀ।

ਇਸ ਮੌਕੇ ਏਸ਼ੀਅਨ ਅਮੈਰਿਕਨ ਬਿਜਨੈਸ ਰਿਸੋਰਸ ਕੌਂਸਲ ਤੇ ਨੈਸ਼ਨਲ ਐਸੋਸੀਏਸ਼ਨ ਆਫ ਏਸ਼ੀਅਨ ਅਮੈਰਿਕਨ ਪ੍ਰੋਫੈਸ਼ਨਲਜ਼ ਨਾਲ ਜੁੜੇ ਅਤੇ ਨਾਰਦਰਨ ਟਰਸਟ ਕਾਰਪੋਰੇਸ਼ਨ ਦੇ ਸੀਨੀਅਰ ਪ੍ਰਾਜੈਕਟ ਮੈਨੇਜਰ ਬਲਵਿੰਦਰ ਸਿੰਘ ਗਿਰਨ ਨੂੰ ਸਾਲ 2019 ਦਾ ਮਿਸਾਲੀ ਭਾਈਚਾਰਕ ਸੇਵਾਵਾਂ ਐਵਾਰਡ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸ. ਗਿਰਨ ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਦੇ ਪ੍ਰਧਾਨ ਰਹਿ ਚੁਕੇ ਹਨ।

ਇਕ ਹਜ਼ਾਰ ਤੋਂ ਵੱਧ ਮਹਿਮਾਨਾਂ ਦੇ ਇਸ ਇਕੱਠ ਵਿਚ ਸ਼ਹਿਰ ਦੀ ਉਘੇ ਏਸ਼ੀਅਨ ਅਮੈਰਿਕਨ ਕਮਿਊਨਿਟੀ ਦੇ ਲੀਡਰ, ਅਹਿਮ ਸ਼ਖਸੀਅਤਾਂ, ਚੁਣੇ ਹੋਏ ਨੁਮਾਇੰਦੇ, ਕਾਰਪੋਰੇਟ ਸਪਾਂਸਰ ਅਤੇ ਸ਼ਹਿਰ ਦੀਆਂ ਹੋਰ ਉਘੀਆਂ ਹਸਤੀਆਂ ਸ਼ਾਮਿਲ ਹੋਈਆਂ। ਮਹਿਮਾਨਾਂ ਦਾ ਸਵਾਗਤ ਪੰਜਾਬੀ ਭੰਗੜੇ ਨਾਲ ਕੀਤਾ ਗਿਆ।

ਇਸ ਮੌਕੇ ਏ. ਏ. ਸੀ. ਸੀ. ਬੋਰਡ ਦੇ ਕਾਰਜਕਾਰੀ ਸਕੱਤਰ ਰਾਜਿੰਦਰ ਸਿੰਘ ਮਾਗੋ ਨੇ ਕਿਹਾ ਕਿ ਏਸ਼ੀਅਨ ਅਮੈਰਿਕਨ ਕੁਲੀਸ਼ਨ ਦਾ ਮਕਸਦ ਸਾਰੇ ਏਸ਼ੀਅਨ ਅਮੈਰਿਕਨ ਲੋਕਾਂ ਨੂੰ ਇਕ ਮੰਚ 'ਤੇ ਇਕੱਠੇ ਕਰਨਾ ਹੈ ਤਾਂ ਕਿ ਅਮਰੀਕਾ ਵਿਚ ਇਹ ਭਾਈਚਾਰਾ ਆਪਣਾ ਯੋਗਦਾਨ ਵਧੀਆ ਢੰਗ ਨਾਲ ਪਾ ਸਕੇ।

ਸਮਾਗਮ ਵਿਚ ਸਟੇਟ ਸੈਕਟਰੀ ਜੈਸੀ ਵ੍ਹਾਈਟ, ਸਟੇਟ ਖਜਾਨਚੀ ਮਿਸ਼ੇਲ ਫ੍ਰੈਰਿਕ, ਕੰਪਟ੍ਰੋਲਰ ਸੂਜ਼ਨ ਮੈਂਡੋਜ਼ਾ, ਅਮਰੀਕੀ ਕਾਂਗਰਸ ਦੇ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ, ਸੀਨ ਕਾਸਟਨ ਤੇ ਜੈਨ ਸ਼ੈਕੋਵਸਕੀ, ਸਟੇਟ ਸੈਨੇਟਰ ਰਾਮ ਵਿਲੀਵਲਮ, ਸਟੇਟ ਨੁਮਾਇੰਦੇ ਟ੍ਰੀਜ਼ਾ ਮਾਹ, ਕੈਰੀਨਾ ਵਿਲਾ ਅਤੇ ਹੋਰ ਫੈਡਰਲ, ਸਟੇਟ ਤੇ ਸਥਾਨਕ ਸਰਕਾਰੀ ਨੁਮਾਇੰਦੇ ਪਹੁੰਚੇ ਹੋਏ ਸਨ।



ਸਨਮਾਨ ਹਾਸਲ ਕਰਦੇ ਹੋਏ ਬਲਵਿੰਦਰ ਸਿੰਘ ਗਿਰਨ



ਸਮਾਗਮ ਦੌਰਾਨ 'ਪੈਨ ਏਸ਼ੀਅਨ ਅਮੈਰਿਕਨ ਪਿੰਗ ਟੌਮ ਮੈਮੋਰੀਅਲ ਐਵਾਰਡ' ਟੀਨਾ ਟਸ਼ਨ, 'ਗਰੈਂਡ ਏਸ਼ੀਅਨ ਅਮੈਰਿਕਨ ਸਾਂਡਰਾ ਓਟਾਕਾ ਮੈਮੋਰੀਅਲ ਐਵਾਰਡ' ਏ. ਬੀ. ਸੀ. 7-ਸ਼ਿਕਾਗੋ ਨੂੰ ਦਿੱਤਾ ਗਿਆ। ਸਾਲ 2019 ਦਾ ਮਿਸਾਲੀ ਕਮਿਊਨਿਟੀ ਸੇਵਾਵਾਂ ਐਵਾਰਡ ਹਾਸਿਲ ਕਰਨ ਵਾਲੇ ਬਲਵਿੰਦਰ ਸਿੰਘ ਗਿਰਨ ਨੇ ਇੰਡੀਅਨ ਅਮੈਰਿਕਨ ਕਮਿਊਨਿਟੀ ਸੇਵਾਵਾਂ ਵਿਚ ਵੱਡਾ ਰੋਲ ਨਿਭਾਇਆ ਹੈ। ਉਹ ਇਲੈਕ੍ਟ੍ਰੀਕਲ ਇੰਜੀਨੀਅਰ ਤੇ ਗਣਿਤ ਦੇ ਮਾਹਿਰ ਹਨ ਅਤੇ ਅੱਜ ਕੱਲ੍ਹ ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਦੇ ਸਲਾਹਕਾਰ ਬੋਰਡ ਵਿਚ ਸ਼ਾਮਿਲ ਹਨ। ਪੰਜਾਬ ਵਿਚ ਜਨਮੇ ਸ. ਗਿਰਨ 1978 ਵਿਚ ਆਪਣੇ ਪਰਿਵਾਰ ਨਾਲ ਅਮਰੀਕਾ ਆਏ ਸਨ। ਹੰਟਿੰਗਟਨ (ਇੰਡੀਆਨਾ) ਵਿਚ ਉਨ੍ਹਾਂ ਹਾਈ ਸਕੂਲ ਦੀ ਪੜ੍ਹਾਈ ਕੀਤੀ ਅਤੇ ਫਿਰ ਉਚ ਸਿੱਖਿਆ ਲਈ ਪਰਡੂਈ ਯੂਨੀਵਰਸਿਟੀ ਚਲੇ ਗਏ। ਉਥੋਂ ਉਨ੍ਹਾਂ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਚ ਗਰੈਜੂਏਸ਼ਨ ਅਤੇ ਫਿਰ ਇਲੈਕਟ੍ਰੀਕਲ ਇੰਜੀਨੀਅਰਿੰਗ ਤੇ ਗਣਿਤ ਵਿਚ ਪੋਸਟ-ਗਰੈਜੂਏਸ਼ਨ ਕੀਤੀ। 1995 ਵਿਚ ਉਹ ਸ਼ਿਕਾਗੋ ਆ ਗਏ। ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਵਿਚ ਉਹ 2007 ਤੋਂ ਆਪਣਾ ਯੋਗਦਾਨ ਪਾ ਰਹੇ ਹਨ।

ਜ਼ਿਕਰਯੋਗ ਹੈ ਕਿ ਏ. ਏ. ਸੀ. ਸੀ. 1983 ਵਿਚ ਕਾਇਮ ਕੀਤੀ ਗਈ ਸੀ ਅਤੇ ਇਸ ਵਿਚ 16 ਏਸ਼ੀਅਨ ਮੁਲਕਾਂ ਨਾਲ ਸਬੰਧਿਤ ਬਾਸ਼ਿੰਦੇ ਕੰਮ ਕਰਦੇ ਹਨ। ਇਨ੍ਹਾਂ ਵਿਚ ਭਾਰਤ ਤੋਂ ਇਲਾਵਾ ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਮਿਆਂਮਾਰ (ਬਰਮਾ), ਚੀਨ, ਫਿਲੀਪੀਨਜ਼, ਇੰਡੋਨੇਸ਼ੀਆ, ਜਾਪਾਨ, ਕੋਰੀਆ, ਮਲੇਸ਼ੀਆ, ਸ੍ਰੀਲੰਕਾ, ਥਾਈਲੈਂਡ, ਵੀਅਤਨਾਮ ਆਦਿ ਦੇਸ਼ਾਂ ਦੇ ਲੋਕ ਜੁੜੇ ਹੋਏ ਹਨ।

ਸਮਾਗਮ ਦੌਰਾਨ ਵੱਖ-ਵੱਖ ਸਭਿਆਚਾਰਾਂ ਨਾਲ ਜੁੜੀਆਂ ਵੰਨਗੀਆਂ ਵੀ ਪੇਸ਼ ਕੀਤੀਆਂ ਗਈਆਂ। ਅਗਲੇ ਸਾਲ ਇਹ ਸਮਾਗਮ 8 ਫਰਵਰੀ, ਸ਼ਨਿਚਰਵਾਰ ਨੂੰ ਹੋਵੇਗਾ।

## 'ਡਾ. ਜਸਵੰਤ ਸਿੰਘ ਪੂਰੇਵਾਲ ਸਾਹਿਤਕ ਪੁਰਸਕਾਰ' ਬਲਬੀਰ ਪਰਵਾਨਾ ਨੂੰ


**ਅੰਮ੍ਰਿਤਸਰ (ਬਿਊਰੋ):** ਅਦਾਰਾ 'ਰਾਗ' ਵੱਲੋਂ ਸ਼ੁਰੂ ਕੀਤਾ ਗਿਆ 'ਡਾ. ਜਸਵੰਤ ਸਿੰਘ ਪੂਰੇਵਾਲ ਅੰਤਰਰਾਸ਼ਟਰੀ ਪੁਰਸਕਾਰ' ਇਸ ਸਾਲ ਨਾਮੀ ਕਹਾਣੀਕਾਰ, ਨਾਵਲਕਾਰ ਅਤੇ 'ਨਵਾਂ ਜ਼ਮਾਨਾ' ਦੇ ਸਾਹਿਤਕ ਸੰਪਾਦਕ ਬਲਬੀਰ ਪਰਵਾਨਾ ਨੂੰ ਦਿੱਤਾ ਜਾਵੇਗਾ। ਗਿਆਰਾਂ ਨਾਵਲ, ਚਾਰ ਕਹਾਣੀ ਸੰਗ੍ਰਿਹ, ਛੇ ਕਾਵਿ ਸੰਗ੍ਰਿਹਾਂ ਤੋਂ ਬਿਨਾ ਬਲਬੀਰ ਪਰਵਾਨਾ ਨੇ ਨਾਵਲੈਟ ਵੀ ਲਿਖੇ ਹਨ ਤੇ ਅਨੁਵਾਦ ਕਾਰਜ ਵੀ ਕੀਤਾ ਹੈ। ਇਸ ਤੋਂ ਪਹਿਲਾਂ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ ਅਨੁਵਾਦ ਪੁਰਸਕਾਰ ਮਿਲ ਚੁਕਾ ਹੈ।



'ਰਾਗ' ਦੇ ਮੁੱਖ ਸੰਪਾਦਕ ਇੰਦਰਜੀਤ ਸਿੰਘ ਪੂਰੇਵਾਲ, ਨਿਊ ਯਾਰਕ ਦੀ ਤਰਫੋਂ ਪ੍ਰਬੰਧਕੀ ਸੰਪਾਦਕ ਧਰਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਇੰਦਰਜੀਤ ਪੂਰੇਵਾਲ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿਚ ਸ਼ੁਰੂ ਕੀਤਾ ਗਿਆ ਇੱਕ ਲੱਖ ਰੁਪਏ ਦੀ ਰਾਸ਼ੀ ਵਾਲਾ ਇਹ ਪੁਰਸਕਾਰ 2017 ਵਿਚ ਕਹਾਣੀਕਾਰ ਅਜਮੇਰ ਸਿੱਧੂ ਨੂੰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਹ ਪੁਰਸਕਾਰ ਮਈ ਵਿਚ ਅੰਮ੍ਰਿਤਸਰ ਵਿਖੇ ਹੋਣ ਵਾਲੇ ਇੱਕ ਰਾਜ ਪੱਧਰੀ ਸਾਹਿਤਕ ਸਮਾਗਮ ਦੌਰਾਨ ਦਿੱਤਾ ਜਾਵੇਗਾ।

US Business Brokers Inc.
American Financing Group LLC
101 W 22nd St, Suite 111, Lombard, IL 60148
23280 Pacific Highway South, Suite 307, Kent, WA 98032
ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ





Financing - Loans
■We do all kinds of SBA & Conventional loans.
■We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
■Purchase/Refinance
■Lowest Rates (With or Without Real Estate)
■Best Possible Mortgage Solutions For You...
Contact us for any Financing Need Nationwide.
• FAST APPROVAL • QUICK CLOSINGS • SBA 504 & 7A
• CONVENTIONAL LOANS • HOTELS, MOTELS
• GAS STATIONS, TRUCK STOPS • INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH
Contact us Buy or Sell business
AJ Sandhu (MBA)
Managing Broker/Realtor/Consultant
Licensed in IL, IN, WA
916-995-0783 (Cell)
425-529-6283 (Cell)
630-206-2467 (Fax)
www.ubbchicago.com aj@ubbchicago.com

# ਆਦਿਵਾਸੀਆਂ ਨੂੰ ਬੇਦਖਲ ਕਰਨ ਬਾਰੇ ਹੁਕਮਾਂ 'ਤੇ ਰੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 21 ਸੂਬਿਆਂ ਦੇ 11.8 ਲੱਖ ਆਦਿਵਾਸੀਆਂ ਨੂੰ ਬੇਦਖਲ ਕਰਨ ਸਬੰਧੀ ਆਪਣੇ 13 ਫਰਵਰੀ ਦੇ ਆਦੇਸ਼ਾਂ 'ਤੇ ਰੋਕ ਲਗਾ ਦਿੱਤੀ ਹੈ। ਦੱਸਣਯੋਗ ਹੈ ਕਿ ਜੰਗਲ ਦੀ ਜ਼ਮੀਨ ਤੋਂ ਇਨ੍ਹਾਂ ਆਦਿਵਾਸੀਆਂ ਦੇ ਦਾਅਵੇ ਅਧਿਕਾਰੀਆਂ ਨੇ ਰੱਦ ਕਰ ਦਿੱਤੇ ਸਨ।

ਜਸਟਿਸ ਅਰੁਣ ਮਿਸ਼ਰਾ ਅਤੇ ਨਵੀਨ ਸਿਨਹਾ 'ਤੇ ਆਧਾਰਿਤ ਬੈਂਚ ਨੇ ਸੂਬਾ ਸਰਕਾਰਾਂ ਨੂੰ ਆਦੇਸ਼ ਦਿੱਤੇ ਹਨ ਕਿ ਉਹ ਹਲਫਨਾਮਾ ਦਾਇਰ ਕਰ ਕੇ ਆਦਿਵਾਸੀਆਂ ਦੇ ਦਾਅਵੇ ਰੱਦ ਕਰਨ ਸਬੰਧੀ ਅਪਣਾਈ ਗਈ ਪ੍ਰਕਿਰਿਆ ਦੇ ਵੇਰਵੇ ਦੇਣ। ਸੁਪਰੀਮ ਕੋਰਟ ਨੇ ਕੇਸ ਦੀ ਅਗਲੀ ਸੁਣਵਾਈ 10 ਜੁਲਾਈ 'ਤੇ ਪਾ ਦਿੱਤੀ ਹੈ। ਇਸ ਤੋਂ ਪਹਿਲਾਂ ਅਦਾਲਤ ਆਪਣੇ 13 ਫਰਵਰੀ ਦੇ ਆਦੇਸ਼ 'ਤੇ ਰੋਕ ਲਾਉਣ ਲਈ ਕੇਂਦਰ ਸਰਕਾਰ ਵੱਲੋਂ ਕੀਤੀ ਗਈ ਅਪੀਲ 'ਤੇ ਵਿਚਾਰ ਕਰਨ ਨੂੰ ਤਿਆਰ ਹੋ ਗਈ ਸੀ। ਅਦਾਲਤ ਨੇ 13 ਫਰਵਰੀ ਦੇ ਆਦੇਸ਼ ਰਾਹੀਂ 21 ਸੂਬਿਆਂ ਦੀ ਸਰਕਾਰ ਨੂੰ ਕਿਹਾ ਸੀ ਕਿ ਕਰੀਬ 11.8 ਲੱਖ ਅਜਿਹੇ ਆਦਿਵਾਸੀਆਂ ਨੂੰ ਬੇਦਖ਼ਲ ਕੀਤਾ ਜਾਵੇ, ਜਿਨ੍ਹਾਂ ਦੇ ਜ਼ਮੀਨ ਤੋਂ ਦਾਅਵੇ ਰੱਦ ਕੀਤੇ ਜਾ ਚੁੱਕੇ ਹਨ।

ਬੈਂਚ ਨੇ ਮਾਮਲੇ ਦੀ ਸੁਣਵਾਈ ਤੋਂ ਬਾਅਦ ਕਿਹਾ, ''ਅਸੀਂ ਆਪਣੇ 13 ਫਰਵਰੀ ਦੇ ਆਦੇਸ਼ 'ਤੇ ਰੋਕ ਲਗਾਉਂਦੇ ਹਾਂ।'' ਬੈਂਚ ਨੇ ਕਿਹਾ ਕਿ ਆਦਿਵਾਸੀਆਂ ਨੂੰ ਬੇਦਖਲ ਕਰਨ ਲਈ ਚੁੱਕੇ ਗਏ ਕਦਮਾਂ ਦੇ ਵੇਰਵਿਆਂ ਸਮੇਤ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਹਲਫਨਾਮੇ ਦਾਖਲ ਕਰਨੇ ਪੈਣਗੇ।

ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ 13 ਫਰਵਰੀ ਦੇ ਆਦੇਸ਼ ਵਿਚ ਸੁਧਾਰ ਕਰਨ ਦੀ ਅਪੀਲ ਕਰਦਿਆਂ ਕਿਹਾ ਸੀ ਕਿ ਬਹੁਤ ਗਰੀਬ ਅਤੇ ਅਨਪੜ੍ਹ ਲੋਕਾਂ ਨੂੰ ਆਪਣੇ ਅਧਿਕਾਰਾਂ ਅਤੇ ਕਾਨੂੰਨ ਬਾਰੇ ਜਾਣਕਾਰੀ ਨਹੀਂ ਹੈ, ਉਨ੍ਹਾਂ ਪ੍ਰਤੀ ਨਰਮੀ ਵਾਲਾ ਵਤੀਰਾ ਅਪਣਾਇਆ ਜਾਵੇ।

# ਮੋਦੀ ਦੀ ਰਣਨੀਤੀ ਤੋਂ ਟਰੰਪ ਨਾਰਾਜ਼

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਨੂੰ ਅਮਰੀਕਾ ਦੇ ਉਤਪਾਦਾਂ 'ਤੇ ਵੱਧ ਟੈਕਸ ਵਸੂਲਣ ਵਾਲਾ ਮੁਲਕ ਗਰਦਾਨਦਿਆਂ ਕਿਹਾ ਹੈ ਕਿ ਉਹ ਵੀ ਜਵਾਬ ਵਜੋਂ ਕੁਝ ਟੈਕਸ ਲਾਉਣਾ ਚਾਹੁੰਦੇ ਹਨ। ਵਾਸ਼ਿੰਗਟਨ ਡੀ.ਸੀ. ਦੇ ਮੈਰੀਲੈਂਡ ਖੇਤਰ ਵਿੱਚ ਕੰਜ਼ਰਵੇਟਿਵ ਪੁਲੀਟੀਕਲ ਐਕਸ਼ਨ ਕਾਨਫਰੰਸ ਮੌਕੇ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਭਾਰਤ ਬਹੁਤ ਜ਼ਿਆਦਾ ਟੈਰਿਫ ਲਾਉਣ ਵਾਲਾ ਮੁਲਕ ਹੈ। ਉਹ ਬਹੁਤ ਟੈਕਸ ਲਗਾਉਂਦੇ ਹਨ।

ਆਪਣੇ ਦੋ ਘੰਟਿਆਂ ਦੇ ਭਾਸ਼ਣ ਦੌਰਾਨ ਟਰੰਪ ਨੇ ਭਾਰਤ ਵਰਗੇ ਮੁਲਕਾਂ ਨਾਲ ਘਰੇਲੂ, ਆਲਮੀ ਅਤੇ ਦੁਵੱਲੇ ਰਿਸ਼ਤਿਆਂ ਸਣੇ ਕਈ ਮੁੱਦਿਆਂ ਨੂੰ ਛੂਹਿਆ। ਟਰੰਪ ਨੇ ਹਾਰਲੇ- ਡੇਵਿਡਸਨ ਮੋਟਰਸਾਈਕਲਾਂ ਦੀ ਉਦਾਹਰਣ ਨੂੰ ਦੁਹਰਾਉਂਦਿਆਂ ਕਿਹਾ ਕਿ ਜਦੋਂ ਅਸੀਂ ਭਾਰਤ ਵਿੱਚ ਮੋਟਰਸਾਈਕਲ ਭੇਜਦੇ ਹਾਂ ਤਾਂ ਸੌ ਫੀਸਦੀ ਟੈਕਸ ਲੱਗਦਾ ਹੈ। ਦੂਜੇ ਪਾਸੇ ਜਦੋਂ ਭਾਰਤ ਸਾਨੂੰ ਕੋਈ ਮੋਟਰਸਾਈਕਲ ਭੇਜਦਾ ਹੈ ਤਾਂ ਅਸੀਂ ਕੋਈ ਟੈਕਸ ਨਹੀਂ ਵਸੂਲਦੇ। ਉਨ੍ਹਾਂ ਕਿਹਾ ਕਿ ਇਸ ਲਈ ਮੈਂ ਚਾਹੁੰਦਾ ਹੈ ਕਿ ਜਵਾਬੀ ਟੈਕਸ ਹੋਵੇ। ਮੈਂ ਟੈਕਸ ਲਾਉਣਾ ਚਾਹੁੰਦਾ ਹਾਂ ਤੇ ਇਹ ਜਵਾਬੀ ਟੈਕਸ ਹੈ।

ਟਰੰਪ ਨੇ ਭਾਰਤ ਦੀ ਉਦਾਹਰਣ ਦੇ ਕੇ ਕਿਹਾ ਕਿ ਬਾਕੀ ਮੁਲਕ ਅਮਰੀਕਾ ਦੇ ਬਣੇ ਉਤਪਾਦਾਂ 'ਤੇ ਬਹੁਤ ਜ਼ਿਆਦਾ ਟੈਕਸ ਲਗਾ ਰਹੇ ਹਨ ਅਤੇ ਹੁਣ ਸਮਾਂ ਆ ਗਿਆ ਹੈ ਕਿ ਅਮਰੀਕਾ ਵੀ ਬਾਕੀ ਮੁਲਕਾਂ ਦੇ ਉਤਪਾਦਾਂ 'ਤੇ ਜਵਾਬੀ ਟੈਕਸ ਲਗਾਵੇ। ਟਰੰਪ ਨੇ ਆਪਣੇ ਸਮਰਥਕਾਂ ਨੂੰ ਦੱਸਿਆ ਕਿ ਸੈਨੇਟ ਵਿੱਚ ਉਸ ਦੀ ਕਾਰਵਾਈ ਦਾ ਵਿਰੋਧ ਹੋਇਆ। ਉਨ੍ਹਾਂ ਕਿਹਾ ਕਿ ਅਮਰੀਕਾ ਕਿਸੇ ਵੀ ਮੁਲਕ ਨੂੰ ਉਸ ਦੇ ਕਿਸੇ ਉਤਪਾਦ 'ਤੇ 100 ਫੀਸਦੀ ਟੈਕਸ ਲਾਉਣ ਦੀ ਇਜਾਜ਼ਤ ਨਹੀਂ ਦੇ ਸਕਦਾ ਜਦਕਿ ਅਮਰੀਕਾ ਉਸੇ ਉਤਪਾਦ ਲਈ ਕੋਈ ਟੈਕਸ ਨਹੀਂ ਵਸੂਲ ਰਿਹਾ।

## ਨਿਊ ਯਾਰਕ ਸਿੱਖ ਡੇ ਪਰੇਡ ਬਾਰੇ ਮੀਟਿੰਗ 10 ਨੂੰ

**ਨਿਊ ਯਾਰਕ:** ਈਸਟ ਕੋਸਟ ਵਿਚ ਨਿਕਲਣ ਵਾਲੀ ਸਭ ਤੋਂ ਵੱਡੀ ਸਿੱਖ ਡੇ ਪਰੇਡ (ਖਾਲਸੇ ਦਾ ਸਿਰਜਣਾ ਦਿਵਸ) 27 ਅਪਰੈਲ, ਸਨਿਚਰਵਾਰ ਨੂੰ ਨਿਊ ਯਾਰਕ ਵਿਚ ਸਜਾਈ ਜਾ ਰਹੀ ਹੈ। ਇਸ ਪਰੇਡ ਦੇ ਸਾਰੇ ਪ੍ਰਬੰਧ ਪੂਰੇ ਕਰਨ ਲਈ ਮੁਢਲੀਆਂ ਤਿਆਰੀਆਂ ਸ਼ੁਰੂ ਹੋ ਚੁਕੀਆਂ ਹਨ। ਇਸ ਸਬੰਧੀ ਸਮੂਹ ਗੁਰੂਘਰਾਂ ਅਤੇ ਪੰਥਕ ਜਥੇਬੰਦੀਆਂ ਦੀ ਦੂਜੀ ਸਾਂਝੀ ਮੀਟਿੰਗ 10 ਮਾਰਚ, ਐਤਵਾਰ ਨੂੰ ਬਾਅਦ ਦੁਪਹਿਰ 3 ਵਜੇ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਰੱਖੀ ਗਈ ਹੈ। ਮੀਟਿੰਗ 'ਚ ਪਰੇਡ ਦੇ ਪਰਮਿਟਾਂ, ਫਲੋਟਾਂ, ਪਰੇਡ ਰੂਟ, ਲੰਗਰ, ਮੁੱਖ ਮਹਿਮਾਨਾਂ ਜਾਂ ਸਿਟੀ, ਸਟੇਟ ਤੇ ਫੈਡਰਲ ਨੁਮਾਇੰਦਿਆਂ ਨੂੰ ਸੱਦਾ ਪੱਤਰ ਭੇਜਣ, ਸਟੇਜ ਅਤੇ ਬੁਲਾਰਿਆਂ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਜਿਨ੍ਹਾਂ ਨੇ ਪਰੇਡ ਵਿਚ ਲੰਗਰ ਲੈ ਕੇ ਆਉਣੇ ਹਨ, ਉਨ੍ਹਾਂ ਨੂੰ ਖਾਸ ਬੇਨਤੀ ਹੈ ਕਿ ਮੀਟਿੰਗ ਵਿਚ ਪਹੁੰਚ ਕੇ ਆਪਣੇ ਯੋਗ ਸੁਝਾਅ ਦੇਣ ਤਾਂ ਜੋ ਪਰੇਡ ਨੂੰ ਸ਼ਾਨੋ-ਸ਼ੌਕਤ ਨਾਲ ਸਜਾਇਆ ਜਾਵੇ। ਪ

ਰੇਡ ਦੇ ਕੋਆਰਡੀਨੇਟਰ ਗੁਰਦੇਵ ਸਿੰਘ ਕੰਗ, ਚੇਅਰਮੈਨ ਸੁਰਜੀਤ ਸਿੰਘ ਮੂਧਲ, ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ, ਕੈਸ਼ੀਅਰ ਬੂਟਾ ਸਿੰਘ ਚੀਮਾ ਨੇ ਸਭ ਨੂੰ ਇਸ ਮੀਟਿੰਗ ਵਿਚ ਪਹੁੰਚਣ ਲਈ ਬੇਨਤੀ ਕੀਤੀ ਹੈ। ਮੀਟਿੰਗ ਬਾਰੇ ਹੋਰ ਜਾਣਕਾਰੀ ਲਈ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਫੋਨ: 347-324-2405 ਜਾਂ ਮੀਡੀਆ ਚੇਅਰਮੈਨ ਸੁਖਜਿੰਦਰ ਸਿੰਘ ਨਿੱਝਰ ਨਾਲ ਫੋਨ: 917-476-8888 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਜਬਰ ਜਨਾਹ: ਦੋ ਦੋਸ਼ੀਆਂ ਨੂੰ 25-25 ਸਾਲ ਕੈਦ

**ਬਰਨਾਲਾ:** ਨਾਬਾਲਗ ਲੜਕੀ ਨਾਲ ਸਮੂਹਿਕ ਜਬਰ ਜਨਾਹ ਦੇ ਕੇਸ ਵਿਚ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਵੱਲੋਂ ਦੋ ਦੋਸ਼ੀਆਂ ਨੂੰ 25-25 ਸਾਲ ਦੀ ਕੈਦ ਅਤੇ ਇਕ ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ।

9 ਜੁਲਾਈ 2018 ਨੂੰ ਭਦੌੜ ਪੁਲਿਸ ਵੱਲੋਂ ਦਰਜ ਕੇਸ ਅਨੁਸਾਰ ਮੰਗਾ ਸਿੰਘ ਅਤੇ ਗੁਰਜੀਤ ਸਿੰਘ ਵਾਸੀ ਭਦੌੜ ਵੱਲੋਂ ਅੱਠਵੀਂ ਜਮਾਤ ਵਿਚ ਪੜ੍ਹਦੀ ਨਾਬਾਲਗ ਨਾਲ ਜਬਰ ਜਨਾਹ ਕੀਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਮੰਗਾ ਸਿੰਘ ਨੂੰ ਲੜਕੀ ਨੂੰ ਵਰਗਲਾ ਕੇ ਆਪਣੇ ਘਰ ਲੈ ਗਿਆ ਤੇ ਗੁਰਜੀਤ ਸਿੰਘ ਉਸ ਦੇ ਘਰ ਪਹਿਲਾਂ ਹੀ ਮੌਜੂਦ ਸੀ। ਦੋਵਾਂ ਨੇ ਨਾਬਾਲਗ ਨਾਲ ਜਬਰ ਜਨਾਹ ਕੀਤਾ, ਜਿਸ ਦੀ ਪੁਸ਼ਟੀ ਮੈਡੀਕਲ ਰਿਪੋਰਟ ਵਿਚ ਵੀ ਹੋਈ ਸੀ।


# Matrimonials

## ਲੜਕੇ ਦੀ ਲੋੜ ਹੈ

Urban based highly educated small Jatt Sikh family having high moral values seeks USA Citizen handsome, educated boy for their daughter convent educated, M-tech(Computer Science), 24 years, 5'-6", beautiful, slim, intelligent having 10 years USA visitor visa. Contact, Ph: 209-642-0642, Email: Hrkrn11@gmail.com *10-13*

Well settled Chicago based Sikh family seeking a beautiful educated match for their handsome Sikh boy 5'-9" 36 in Medical business. Please contact: jsokhey1@gmail.com *9-12*

Jatt Sikh parent seeking suitable professional match for their daughter, Canadian & American citizen, 26 years, 5'-4", after master degree doing law finishing in 2021. Please Contact, Ph: 317-670-7665 or E-mail: kjs939798@gmail.com *7-10*

## ਲੜਕੀ ਦੀ ਲੋੜ ਹੈ

ਜੱਟ ਸਿੱਖ, 32 ਸਾਲਾ, ਕੱਦ 5'-1", ਕੰਪਨੀ ਵਿਚ ਕੰਮ ਕਰਦੀ ਅਮਰੀਕਨ ਸਿਟੀਜ਼ਨ ਲੜਕੀ ਲਈ ਲੜਕੇ ਦੀ ਲੋੜ ਹੈ, ਜੋ ਸਖਤ ਮਿਹਨਤੀ ਹੋਵੇ ਅਤੇ ਉਸ ਪਾਸ ਵਧੀਆ ਫਾਰਮ ਹੋਵੇ। ਛੋਟਾ ਪਰਿਵਾਰ ਹੋਵੇ। ਮਾਲਵੇ ਦੇ ਲੜਕੇ ਨੂੰ ਪਹਿਲ। ਸੰਪਰਕ ਕਰੋ, ਫੋਨ: 216-373-3639 *9-12*

Saini Sikh clean shave boy, 29, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com *5-12*

Wanted suitable girl for Arora, Puran Gursikh boy, Good Looking, muscular, B.Com/MBA, Managing Textiles manufacturing Unit, Rental Units, in Mumbai, 5'-8'/ 28 yrs. Caste no bar. Boy's elder brother, family settled in USA, Canada. Boy is willing to invest for his start-up. Pl email: citibombay@gmail.com *6-*

# ਹੈਲਪਰਾਂ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੋਰੀ ਵਿਚ ਪੰਜਾਬੀ ਰੈਸਟੋਰੈਂਟ ਲਈ ਦੋ ਹੈਲਪਰਾਂ ਦੀ ਲੋੜ ਹੈ

ਮੁਫਤ ਰਿਹਾਇਸ਼, ਚੰਗਾ ਮਾਹੌਲ
ਪਤੀ-ਪਤਨੀ ਨੂੰ ਪਹਿਲ

ਸੰਪਰਕ ਕਰੋ: ਗੁਰਦੇਵ ਸਿੰਘ
ਫੋਨ: 773-220-2268 *10-13*

# ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635 *4-*

# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568

Email: Homeomedicine@yahoo.com

# Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298

# ਚੋਣਾਂ ਤੋਂ ਪਹਿਲਾਂ ਸੂਬੇ ਦੇ ਲੋਕਾਂ ਦੇ ਸਾਰੇ ਉਲਾਂਭੇ ਲਾਹੁਣ ਦੀ ਤਿਆਰੀ

**ਚੰਡੀਗੜ੍ਹ:** ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਦੇ ਸਾਰੇ ਉਲਾਂਭੇ ਲਾਹੁਣ ਦੀ ਤਿਆਰੀ ਕਰ ਲਈ ਹੈ। ਪੰਜਾਬ ਮੰਤਰੀ ਮੰਡਲ ਦੀ ਬੈਠਕ ਵਿਚ ਕਈ ਅਹਿਮ ਫੈਸਲੇ ਲਏ ਗਏ। ਮੰਤਰੀ ਮੰਡਲ ਵੱਲੋਂ ਬਟਾਲਾ, ਕਪੂਰਥਲਾ ਅਤੇ ਅਬੋਹਰ ਨੂੰ ਨਗਰ ਨਿਗਮ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਗਈ।

ਸਰਕਾਰ ਦੇ ਇਸ ਐਲਾਨ ਮਗਰੋਂ ਸੂਬੇ 'ਚ ਨਗਰ ਨਿਗਮਾਂ ਦੀ ਗਿਣਤੀ 10 ਤੋਂ ਵਧ ਕੇ 13 ਹੋ ਜਾਵੇਗੀ। ਮੰਤਰੀ ਮੰਡਲ ਨੇ ਗੰਨਾ ਉਤਪਾਦਕਾਂ ਅਤੇ ਨਿੱਜੀ ਖੰਡ ਮਿੱਲਾਂ ਨੂੰ ਲੋੜੀਂਦੀ ਰਾਹਤ ਮੁਹੱਈਆ ਕਰਾਉਣ ਲਈ 25 ਰੁਪਏ



ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਸਬਸਿਡੀ ਮੁਹੱਈਆ ਕਰਾਉਣ ਲਈ ਕਾਰਜਬਾਦ ਪ੍ਰਵਾਨਗੀ ਦੇ ਦਿੱਤੀ ਹੈ ਜੋ ਸਿੱਧੇ ਤੌਰ 'ਤੇ ਗੰਨਾ ਉਤਪਾਦਕਾਂ (ਕਿਸਾਨਾਂ) ਦੇ ਖਾਤੇ 'ਚ ਜਾਵੇਗੀ। ਕੁੱਲ 310 ਰੁਪਏ ਪ੍ਰਤੀ ਕੁਇੰਟਲ ਸਟੇਟ ਐਗ੍ਰਿਡ ਪ੍ਰਾਈਸ (ਐਸ.ਏ.ਪੀ.) 'ਚੋਂ ਬਾਕੀ ਬਚਦੇ 285 ਰੁਪਏ ਪ੍ਰਤੀ ਕੁਇੰਟਲ ਨਿੱਜੀ ਖੰਡ ਮਿੱਲਾਂ ਵੱਲੋਂ ਪਿੜਾਈ ਸੀਜ਼ਨ 2018-19 ਵਾਸਤੇ ਅਦਾ ਕੀਤੇ ਜਾਣਗੇ। ਪ੍ਰਾਇਮਰੀ ਕੋਆਪਰੇਟਿਵ ਐਗਰੀਕਲਚਰ ਸਰਵਿਸ ਸੁਸਾਇਟੀਜ਼ (ਪੀ.ਏ.ਸੀ.ਐਸ.) ਦੇ ਮੈਂਬਰ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦੇ ਵਾਸਤੇ ਕਰਜ਼ਾ ਰਾਹਤ ਸਕੀਮ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਦੇ ਨਾਲ 2.85 ਲੱਖ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਜਿਨ੍ਹਾਂ 'ਚ ਤਕਰੀਬਨ 70 ਫ਼ੀਸਦੀ ਦਲਿਤ ਹਨ। ਪਿੜਾਈ ਸੀਜ਼ਨ 2018-19 ਦੇ ਵਾਸਤੇ ਸਰਕਾਰ ਨੇ ਪਿੜਾਈ ਮਿੱਲਾਂ ਨੂੰ 15 ਨਵੰਬਰ, 2018 ਤੋਂ ਚਲਾਉਣ ਲਈ ਫੈਸਲਾ ਕੀਤਾ ਸੀ।

ਇਸ ਦੇ ਅਨੁਸਾਰ ਸਹਿਕਾਰੀ ਖੰਡ ਮਿੱਲਾਂ ਵੱਲੋਂ ਪਿੜਾਈ ਸ਼ੁਰੂ ਕੀਤੀ ਗਈ ਸੀ ਪਰ ਕਿਸੇ ਵੀ ਨਿੱਜੀ ਖੰਡ ਮਿੱਲ ਨੇ ਨਿਰਧਾਰਤ ਸਮੇਂ ਤੱਕ ਆਪਣੇ-ਆਪਣੇ ਰਾਖਵੇਂ ਖੇਤਰ 'ਚ ਅਨੁਮਾਨ/ਸਰਵੇ/ਪਿੜਾਈ ਦੀ ਪ੍ਰਕਿਰਿਆ ਸ਼ੁਰੂ ਨਾ ਕੀਤੀ। ਇਨ੍ਹਾਂ ਮਿੱਲਾਂ ਦੇ ਮਾਲਕ ਗੰਨੇ ਦੀ ਖ਼ਰੀਦ ਭਾਰਤ ਸਰਕਾਰ ਵਲੋਂ ਨਿਰਧਾਰਤ ਵਾਜਬ ਅਤੇ ਲਾਹੇਵੰਦ ਭਾਅ (ਐਫ.ਆਰ.ਪੀ.) 275 ਰੁਪਏ ਪ੍ਰਤੀ ਕੁਇੰਟਲ ਦੇ ਅਨੁਸਾਰ ਕਰਨਾ ਚਾਹੁੰਦੇ ਸਨ। ਜਦਕਿ, ਸੂਬਾ ਸਰਕਾਰ ਨੇ ਇਕ ਨੋਟੀਫਿਕੇਸ਼ਨ ਜਾਰੀ ਕਰ ਕੇ ਐਸ.ਏ.ਪੀ. ਦੇ ਆਧਾਰ 'ਤੇ ਅਗੇਤੀ, ਦਰਮਿਆਨੀ, ਅਤੇ ਪਛੇਤੀ ਕਿਸਮ ਲਈ ਕ੍ਰਮਵਾਰ 310 ਰੁਪਏ, 300 ਰੁਪਏ ਅਤੇ 295 ਰੁਪਏ ਪ੍ਰਤੀ ਕੁਇੰਟਲ ਭਾਅ ਨਿਰਧਾਰਤ ਕੀਤਾ ਸੀ। ਇਸ ਸਕੀਮ ਦੇ ਨਾਲ ਪੀ.ਏ.ਸੀ.ਐਸ. ਦੇ ਮੈਂਬਰ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਨੂੰ 520.55 ਕਰੋੜ ਰੁਪਏ ਦਾ ਲਾਭ ਹੋਵੇਗਾ। ਇਸ ਮੁਆਫ਼ੀ 'ਚ 388.55 ਕਰੋੜ ਰੁਪਏ ਦੀ ਮੂਲ ਰਾਸ਼ੀ ਹੈ। ਜਦਕਿ 31 ਮਾਰਚ, 2017 ਤੱਕ 7 ਫੀਸਦੀ ਵਿਆਜ ਦੀ ਦਰ ਨਾਲ 78 ਕਰੋੜ ਰੁਪਏ ਵਿਆਜ ਲੱਗਾ ਹੈ। ਸੂਬਾ ਸਰਕਾਰ ਵੱਲੋਂ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਦੋ ਲੱਖ ਰੁਪਏ ਦੀ ਰਾਹਤ ਸਬੰਧੀ ਅਕਤੂਬਰ, 2017 'ਚ ਸ਼ੁਰੂ ਕੀਤੀ ਕਰਜ਼ਾ ਰਾਹਤ ਸਕੀਮ ਦਾ ਇਹ ਇਕ ਹਿੱਸਾ ਹੈ। ਅੱਜ ਦੀ ਤਰੀਕ ਤੱਕ ਸਰਕਾਰ ਨੇ 5.47 ਲੱਖ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਤਕਰੀਬਨ 4600 ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਮੰਤਰੀ ਮੰਡਲ ਨੇ ਵੱਖ-ਵੱਖ ਠੇਕੇਦਾਰਾਂ ਵੱਲੋਂ ਪ੍ਰਤੀਯੋਗੀ ਟੈਂਡਰਾਂ ਰਾਹੀਂ ਘੱਟ ਤੋਂ ਘੱਟ ਦਰਾਂ 'ਤੇ ਮੰਡੀਆਂ ਤੋਂ ਸਟੋਰੇਜ਼ ਵਾਲੀਆਂ ਥਾਵਾਂ ਤੱਕ ਅਨਾਜ ਦੀ ਢੋਆ-ਢੁਆਈ ਅਤੇ ਕਿਰਤ ਕਾਰਜਾਂ ਬਾਰੇ 'ਦੀ ਪੰਜਾਬ ਲੇਬਰ ਐਂਡ ਕਾਰਟੇਜ ਪਾਲਿਸੀ 2019-20' ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪਹਿਲੀ ਅਪਰੈਲ ਤੋਂ ਸ਼ੁਰੂ ਹੋ ਰਹੇ ਸੀਜ਼ਨ ਦੇ ਵਾਸਤੇ ਗੁਦਾਮਾਂ ਦੇ 'ਚ ਕਿਰਤ ਕਾਰਜਾਂ ਅਤੇ ਵੱਖ-ਵੱਖ ਮੰਡੀਆਂ ਤੋਂ ਸਟੋਰੇਜ਼ ਵਾਲੀਆਂ ਥਾਵਾਂ, ਜੋ ਇਨ੍ਹਾਂ ਮੰਡੀਆਂ/ਖਰੀਦ ਕੇਂਦਰਾਂ ਤੋਂ ਅੱਠ ਕਿਲੋਮੀਟਰ ਤੱਕ ਸਥਿਤ ਹਨ, ਤੱਕ ਅਨਾਜ ਦੀ ਢੋਆ-ਢੁਆਈ ਲਈ ਪ੍ਰਤੀਯੋਗੀ ਆਨਲਾਈਨ ਟੈਂਡਰ ਪ੍ਰਕਿਰਿਆ ਦੇ ਰਾਹੀਂ ਆਗਿਆ ਦਿੱਤੀ ਜਾਵੇਗੀ।

ਇਹ ਕਾਰਜ ਜ਼ਿਲ੍ਹਾ ਟੈਂਡਰ ਕਮੇਟੀ ਵੱਲੋਂ ਕੀਤਾ ਜਾਵੇਗਾ। ਇਸ ਨਾਲ ਸਬੰਧਿਤ ਡਿਪਟੀ ਕਮਿਸ਼ਨਰ ਚੇਅਰਮੈਨ ਹੋਣਗੇ ਅਤੇ ਐਫ.ਸੀ.ਆਈ. ਦੇ ਜ਼ਿਲ੍ਹਾ ਹੈੱਡ, ਸਾਰੀਆਂ ਸੂਬਾਈ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਹੈੱਡ ਅਤੇ ਫੂਡ ਸਪਲਾਈ ਦੇ ਜ਼ਿਲ੍ਹਾ ਕੰਟਰੋਲਰ ਇਸ ਦੇ ਮੈਂਬਰ ਹੋਣਗੇ। ਇਸ ਨੀਤੀ ਦੇ ਹੇਠ ਟੈਂਡਰ ਵਿੱਤੀ ਸਾਲ 2019-20 ਦੇ ਲਈ ਮੰਗੇ ਜਾਣਗੇ ਜੋ 1-04-2019 ਤੋਂ 31-03-2020 ਤੱਕ ਵੈਧ ਹੋਣਗੇ। ਕੰਮ ਸਬੰਧੀ, ਕੰਮ ਨੂੰ ਰੱਦ ਕਰਨ, ਪੈਨਲਟੀ ਲਾਉਣ ਅਤੇ ਕਾਲੀ ਸੂਚੀ 'ਚ ਸ਼ਾਮਲ ਕਰਨ ਸਬੰਧੀ ਸਾਰੀ ਵਿਸਥਾਰਿਤ ਜਾਣਕਾਰੀ ਨੂੰ ਇਸ ਨੀਤੀ ਦਾ ਹਿੱਸਾ ਬਣਾਇਆ ਗਿਆ ਹੈ। ਜ਼ਿਲ੍ਹਾ ਟੈਂਡਰ ਕਮੇਟੀ ਨੂੰ ਦੋ ਸਾਲ ਦੇ ਸਮੇਂ ਤੱਕ ਅਪੂਰਨ ਠੇਕੇਦਾਰਾ ਨੂੰ ਬਲੈਕਲਿਸਟ ਕਰਨ, ਸਕਿਓਰਿਟੀ ਜ਼ਬਤ ਕਰਨ ਅਤੇ ਕੁੱਲ ਕੀਮਤ ਦੇ ਠੇਕੇ 'ਤੇ ਦੋ ਫੀਸਦੀ ਤੱਕ ਪੈਨਲਟੀ ਲਾਉਣ ਦਾ ਅਧਿਕਾਰ ਹੈ ਜੋ ਹਰੇਕ ਕੇਸ ਦੇ ਪੱਧਰ 'ਤੇ ਨਿਰਭਰ ਕਰੇਗਾ।

## ਪੱਤਰਕਾਰਾਂ ਨੂੰ ਮਿਲੇਗੀ 12,000 ਰੁਪਏ ਮਹੀਨਾ ਪੈਨਸ਼ਨ

ਮੰਤਰੀ ਮੰਡਲ ਨੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਕੋਲ ਐਕਰੀਡੇਟਿਡ ਸੂਬੇ ਦੇ ਪੱਤਰਕਾਰਾਂ ਨੂੰ 12000 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦੇਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਫੈਸਲੇ ਨਾਲ ਸਰਕਾਰ ਨੇ ਪੱਤਰਕਾਰ ਭਾਈਚਾਰੇ ਦੀ ਲੰਮੇ ਸਮੇਂ ਤੋਂ ਲੰਬਿਤ ਮੰਗ ਨੂੰ ਪ੍ਰਵਾਨ ਕਰ ਲਿਆ ਹੈ। ਸੂਬਾ ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤੇ ਗਏ ਪ੍ਰਸਤਾਵ ਦੇ ਅਨੁਸਾਰ 60 ਸਾਲ ਦੀ ਉਮਰ ਤੋਂ ਵੱਧ ਵਾਲੇ ਪੰਜਾਬ 'ਚ ਕੰਮ ਕਰਨ ਵਾਲੇ ਉਹ ਪੱਤਰਕਾਰ ਜੋ ਪਿਛਲੇ ਛੇ ਸਾਲਾਂ 'ਚੋਂ ਪੰਜ ਸਾਲ ਐਕਰੀਡੇਟਿਡ ਰਹੇ ਹਨ, ਪ੍ਰਤੀ ਮਹੀਨਾ 12000 ਰੁਪਏ ਵਿੱਤੀ ਸਹਾਇਤਾ ਪ੍ਰਾਪਤ ਕਰਨਗੇ। ਪੱਤਰਕਾਰੀ ਦੇ ਕਾਰਜ ਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਮੁੱਖ ਮੰਤਰੀ ਨੇ ਇਸ ਸਬੰਧੀ ਪੱਤਰਕਾਰਾਂ ਨੂੰ ਭਰੋਸਾ ਦਿਵਾਇਆ ਸੀ ਜੋ ਮੰਤਰੀ ਮੰਡਲ ਦੀ ਪ੍ਰਵਾਨਗੀ ਦੇ ਨਾਲ ਪੂਰਾ ਹੋ ਗਿਆ ਹੈ।

## ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ 10 ਫੀਸਦੀ ਰਾਖਵੇਂਕਰਨ ਦਾ ਫੈਸਲਾ

ਸਰਕਾਰੀ ਨੌਕਰੀਆਂ ਵਿਚ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ (ਈ.ਡਬਲਿਊ.ਐਸ.) ਲਈ ਰਾਖਵੇਂਕਰਨ ਦੇ ਮਾਮਲੇ 'ਚ ਮੰਤਰੀ ਮੰਡਲ ਨੇ ਸੰਵਿਧਾਨਕ ਸੋਧ ਦੇ ਅਨੁਸਾਰ ਚੱਲਣ ਦਾ ਫੈਸਲਾ ਕੀਤਾ ਹੈ। ਪ੍ਰਸਤਾਵਿਤ ਸੋਧ ਭਾਰਤੀ ਸੰਵਿਧਾਨ 'ਚ ਕੋਲਾਜ 15(6) ਅਤੇ 16(6) ਨੂੰ ਸ਼ਾਮਲ ਕਰਨ ਨਾਲ ਸਬੰਧਿਤ ਹੈ, ਜੋ ਸੰਵਿਧਾਨਿਕ (103ਵੀਂ ਸੋਧ) ਐਕਟ 2019 ਰਾਹੀਂ ਕੀਤਾ ਗਿਆ ਹੈ। ਸੋਧ ਅਨੁਸਾਰ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਪੰਜਾਬ ਦੇ ਉਨ੍ਹਾਂ ਵਸਨੀਕਾਂ ਨੂੰ 10 ਫ਼ੀਸਦੀ ਰਾਖਵਾਂਕਰਨ ਮੁਹੱਈਆ ਕਰਵਾਇਆ ਜਾਵੇਗਾ, ਜੋ ਅਨੁਸੂਚਿਤ ਜਾਤਾਂ/ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਦੀ ਮੌਜੂਦਾ ਸਕੀਮ ਹੇਠ ਨਹੀਂ ਆਉਂਦੇ ਅਤੇ ਜਿਨ੍ਹਾਂ ਦੇ ਪਰਿਵਾਰਾਂ ਦੀ ਕੁੱਲ ਸਾਲਾਨਾ ਆਮਦਨ ਅੱਠ ਲੱਖ ਤੋਂ ਘੱਟ ਹੈ। ਇਹ ਰਾਖਵਾਂਕਰਨ ਸੂਬੇ ਦੇ ਵਿਭਾਗਾਂ/ਬੋਰਡਾਂ/ ਕਾਰਪੋਰੇਸ਼ਨਾਂ/ਸਥਾਨਕ ਸੰਸਥਾਵਾਂ 'ਚ ਏ, ਬੀ, ਸੀ ਅਤੇ ਡੀ ਗਰੁੱਪਾਂ 'ਚ ਸਿੱਧੀ ਭਰਤੀ ਦੌਰਾਨ ਮੁਹੱਈਆ ਕਰਵਾਇਆ ਜਾਵੇਗਾ।

## ਕਿਰਤੀਆਂ ਦੇ ਬੱਚਿਆਂ ਨੂੰ ਮਿਲੇਗਾ ਪਹਿਲੀ ਜਮਾਤ ਤੋਂ ਵਜ਼ੀਫਾ

**ਚੰਡੀਗੜ੍ਹ:** ਰਜਿਸਟਰਡ ਉਦਯੋਗਿਕ ਕਿਰਤੀਆਂ ਦੇ ਬੱਚਿਆਂ ਨੂੰ ਛੇਵੀਂ ਕਲਾਸ ਤੋਂ ਮਿਲਣ ਵਾਲਾ ਵਜ਼ੀਫ਼ਾ ਹੁਣ ਪਹਿਲੀ ਜਮਾਤ ਤੋਂ ਦਿੱਤਾ ਜਾਵੇਗਾ। ਪੰਜਾਬ ਲੇਬਰ ਵੈੱਲਫੇਅਰ ਬੋਰਡ ਦੀ ਮੀਟਿੰਗ ਦੀ ਪ੍ਰਧਾਨਗੀ ਦੌਰਾਨ ਪੰਜਾਬ ਦੇ ਕਿਰਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਉਚ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਭਲਾਈ ਸਕੀਮਾਂ ਸਬੰਧੀ ਉਦਯੋਗਪਤੀਆਂ ਤੇ ਕਿਰਤੀਆਂ ਨੂੰ ਜਾਗਰੂਕ ਕਰਵਾਇਆ ਜਾਵੇ ਤਾਂ ਜੋ ਉਦਯੋਗਿਕ ਕਿਰਤੀ ਰਜਿਸਟਰਡ ਹੋ ਕੇ ਸਕੀਮਾਂ ਦਾ ਵੱਧ ਤੋਂ ਵੱਧ ਲਾਹਾ ਲੈ ਸਕਣ। ਉਨ੍ਹਾਂ ਦੱਸਿਆ ਇਸ ਸਮੇਂ ਪੰਜਾਬ ਲੇਬਰ ਵੈੱਲਫੇਅਰ ਬੋਰਡ ਵੱਲੋਂ ਉਦਯੋਗਿਕ ਕਿਰਤੀਆਂ ਦੇ ਬੱਚਿਆਂ ਲਈ ਛੇਵੀਂ ਕਲਾਸ ਤੋਂ ਲੈ ਕੇ ਡਿਗਰੀ ਕੋਰਸ ਤੱਕ 5,000 ਤੋਂ ਲੈ ਕੇ 70,000 ਰੁਪਏ ਤੱਕ ਵਜ਼ੀਫ਼ਾ, ਲੜਕੀ ਦੇ ਵਿਆਹ ਲਈ 31,000 ਰੁਪਏ ਸ਼ਗਨ ਸਕੀਮ ਆਦਿ ਤਹਿਤ ਦਿੱਤੇ ਜਾਂਦੇ ਹਨ।

# ਟਿਕਟਾਂ ਦੀ ਵੰਡ ਬਣ ਰਹੀ ਹੈ ਗੱਠਜੋੜ ਦੇ ਰਾਹ 'ਚ ਰੋੜਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਅਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਵਿਚਕਾਰ ਲੋਕ ਸਭਾ ਚੋਣਾਂ ਲਈ ਗੱਠਜੋੜ ਹੋਣ ਦੇ ਆਸਾਰ



ਬਣ ਗਏ ਹਨ। ਆਨੰਦਪੁਰ ਸਾਹਿਬ ਨੂੰ ਛੱਡ ਕੇ ਬਾਕੀ 12 ਸੀਟਾਂ ਉਪਰ ਦੋਵੇਂ ਧਿਰਾਂ ਵਿਚਕਾਰ ਸਹਿਮਤੀ ਬਣਨ ਦੀ ਜਾਣਕਾਰੀ ਮਿਲੀ ਹੈ। ਸੂਤਰਾਂ ਅਨੁਸਾਰ 'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਮਾਨ, ਅੰਮ੍ਰਿਤਸਰ ਹਲਕੇ ਤੋਂ ਪਾਰਟੀ ਉਮੀਦਵਾਰ ਕੁਲਦੀਪ ਧਾਲੀਵਾਲ ਅਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਤੇ ਡਾ. ਰਤਨ ਸਿੰਘ ਅਜਨਾਲਾ ਆਦਿ ਵਿਚਕਾਰ ਹੋਈ ਲੰਮੀ-ਚੌੜੀ ਮੀਟਿੰਗ ਮਗਰੋਂ ਦੋਵੇਂ ਧਿਰਾਂ ਗੱਠਜੋੜ ਦੇ ਤਕਰੀਬਨ ਨੇੜੇ ਪਹੁੰਚ ਗਈਆਂ ਹਨ।

ਟਕਸਾਲੀ ਦਲ ਵੱਲੋਂ ਪਹਿਲਾਂ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਨਾਲ ਸਮਝੌਤਾ ਕਰਨ ਦੇ ਯਤਨ ਚਲਦੇ ਰਹੇ ਸਨ ਪਰ ਆਨੰਦਪੁਰ ਸਾਹਿਬ ਸੀਟ ਉਪਰ ਸਹਿਮਤੀ ਨਾ ਬਣਨ ਕਾਰਨ ਗੱਲਬਾਤ ਟੁੱਟ ਗਈ ਸੀ। ਟਕਸਾਲੀ ਦਲ ਆਨੰਦਪੁਰ ਸਾਹਿਬ ਤੋਂ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੂੰ ਚੋਣ ਲੜਾਉਣਾ ਚਾਹੁੰਦਾ ਸੀ ਜਦਕਿ ਬਸਪਾ ਇਸ ਸੀਟ ਉਪਰ ਆਪਣਾ ਹੱਕ ਜਤਾ ਰਹੀ ਸੀ।

ਸੂਤਰਾਂ ਅਨੁਸਾਰ ਹੁਣ 'ਆਪ' ਵੱਲੋਂ ਟਕਸਾਲੀ ਦਲ ਲਈ ਖਡੂਰ ਸਾਹਿਬ ਅਤੇ ਫਿਰੋਜ਼ਪੁਰ ਦੀਆਂ ਸੀਟਾਂ ਛੱਡੀਆਂ ਜਾ ਰਹੀਆਂ ਹਨ। ਟਕਸਾਲੀਆਂ ਵੱਲੋਂ ਖਡੂਰ ਸਾਹਿਬ ਤੋਂ ਪਹਿਲਾਂ ਹੀ ਥਲ ਸੈਨਾ ਦੇ ਸਾਬਕਾ ਮੁਖੀ ਜੇ ਜੇ ਸਿੰਘ ਨੂੰ ਆਪਣਾ ਉਮੀਦਵਾਰ ਐਲਾਨਿਆ ਜਾ ਚੁੱਕਿਆ ਹੈ। ਸੂਤਰਾਂ ਅਨੁਸਾਰ ਟਕਸਾਲੀ ਦਲ ਫਿਰੋਜ਼ਪੁਰ ਤੋਂ ਬਾਦਲ ਦਲ ਦੇ ਬਾਗ਼ੀ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨੂੰ ਚੋਣ ਲੜਾਉਣ ਉਪਰ ਵਿਚਾਰ ਕਰ ਰਿਹਾ ਹੈ। ਆਨੰਦਪੁਰ ਸਾਹਿਬ ਸੀਟ ਲਈ ਅਜੇ ਵੀ ਪੇਚ ਫਸਿਆ ਪਿਆ ਹੈ ਕਿਉਂਕਿ 'ਆਪ' ਉਥੋਂ ਨਰਿੰਦਰ ਸਿੰਘ ਸ਼ੇਰਗਿੱਲ ਨੂੰ ਆਪਣਾ ਉਮੀਦਵਾਰ ਐਲਾਨ ਚੁੱਕੀ ਹੈ।

ਦਰਅਸਲ ਪਾਰਟੀ ਦੀ ਲੀਡਰਸ਼ਿਪ ਸ੍ਰੀ ਸ਼ੇਰਗਿੱਲ ਨੂੰ ਵਾਪਸ ਲੈਣ ਦੀ ਸਥਿਤੀ ਵਿਚ ਨਹੀਂ ਹੈ ਕਿਉਂਕਿ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਨੂੰ ਖਰੜ ਹਲਕੇ ਦੀ ਥਾਂ ਮੁਹਾਲੀ ਤੋਂ ਚੋਣ ਲੜਾਈ ਗਈ ਸੀ। ਦੂਸਰੇ ਪਾਸੇ ਟਕਸਾਲੀ ਦਲ ਆਨੰਦਪੁਰ ਸਾਹਿਬ ਨੂੰ ਪੰਥਕ ਹਲਕਾ ਮੰਨ ਕੇ ਇਥੋਂ ਆਪਣਾ ਉਮੀਦਵਾਰ ਖੜ੍ਹਾ ਕਰਨ ਲਈ ਬਜ਼ਿਦ ਹੈ। ਭਗਵੰਤ ਮਾਨ ਨੇ ਟਕਸਾਲੀ ਦਲ ਨਾਲ ਮੀਟਿੰਗ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸਮਝੌਤਾ ਹੋ ਚੁੱਕਾ ਹੈ ਅਤੇ ਰਸਮੀ ਐਲਾਨ ਕਿਸੇ ਵੇਲੇ ਵੀ ਹੋ ਸਕਦਾ ਹੈ। ਸਮਝੌਤੇ ਤਹਿਤ ਹਲਕਾ ਆਨੰਦਪੁਰ ਸਾਹਿਬ ਤੋਂ ਦੋਵੇਂ ਪਾਰਟੀਆਂ ਦੇ ਉਮੀਦਵਾਰ ਚੋਣ ਲੜਨਗੇ। ਇਸ ਸਬੰਧੀ ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਆਨੰਦਪੁਰ ਸਾਹਿਬ ਨੂੰ ਛੱਡ ਕੇ ਬਾਕੀ ਸੀਟਾਂ 'ਤੇ ਬਹੁਤਾ ਝਗੜਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਪੂਰਨ ਸਮਝੌਤਾ ਤਾਂ ਹੀ ਹੈ ਜੇ ਆਨੰਦਪੁਰ ਤੋਂ ਵੀ ਇਕੋ ਧਿਰ ਹੀ ਚੋਣ ਲੜੇ।

# ਦਿੱਲੀ 'ਚ ਇਕੱਲੀ ਮੈਦਾਨ ਵਿਚ ਨਿੱਤਰੇਗੀ 'ਆਪ', 6 ਉਮੀਦਵਾਰਾਂ ਦਾ ਐਲਾਨ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਦਿੱਲੀ ਦੀਆਂ ਕੁੱਲ 7 ਲੋਕ ਸਭਾ ਸੀਟਾਂ ਵਿਚੋਂ 6 ਸੀਟਾਂ ਉਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। 'ਆਪ' ਦੇ ਇਸ ਐਲਾਨ ਤੋਂ ਬਾਅਦ ਜਿਥੇ ਕਾਂਗਰਸ ਨਾਲ ਗੱਠਜੋੜ ਕੀਤੇ ਜਾਣ ਦੀਆਂ ਅਟਕਲਾਂ 'ਤੇ ਫਿਲਹਾਲ ਰੋਕ ਲੱਗ ਗਈ ਹੈ, ਉਥੇ ਹੀ ਭਾਜਪਾ ਨੂੰ ਵੀ ਇਸ ਫੈਸਲੇ ਨਾਲ ਕੁਝ ਰਾਹਤ ਮਹਿਸੂਸ ਹੋਈ ਹੋਵੇਗੀ, ਕਿਉਂਕਿ ਆਪ-ਕਾਂਗਰਸ ਗੱਠਜੋੜ ਦੀ ਸਥਿਤੀ 'ਚ ਹੋਣ ਵਾਲਾ ਮੁਕਾਬਲਾ ਭਾਜਪਾ ਲਈ ਕਾਫੀ ਮੁਸ਼ਕਲ ਸਾਬਤ ਹੋ ਸਕਦਾ ਸੀ ਪਰ ਹੁਣ ਦਿੱਲੀ 'ਚ ਤਿਕੋਣਾ ਮੁਕਾਬਲਾ ਵੇਖਣ ਨੂੰ ਮਿਲੇਗਾ।



ਦਿੱਲੀ ਦੇ ਮੰਤਰੀ ਤੇ 'ਆਪ' ਦਿੱਲੀ ਪ੍ਰਦੇਸ਼ ਸੰਯੋਜਕ ਗੋਪਾਲ ਰਾਏ ਵੱਲੋਂ ਪ੍ਰੈੱਸ ਕਾਨਫਰੰਸ ਦੌਰਾਨ ਪਾਰਟੀ ਵਲੋਂ ਐਲਾਨੇ ਗਏ 6 ਉਮੀਦਵਾਰਾਂ ਦੀ ਜਾਣਕਾਰੀ ਦਿੱਤੀ। ਪਾਰਟੀ ਵੱਲੋਂ ਐਲਾਨੇ ਗਏ ਸਾਰੇ ਉਮੀਦਵਾਰ ਕਾਨਫਰੰਸ 'ਚ ਹੀ ਮੌਜੂਦ ਸਨ। ਗੋਪਾਲ ਰਾਏ ਨੇ ਦੱਸਿਆ ਕਿ ਪਾਰਟੀ ਨੇ ਦਿੱਲੀ ਦੀ ਚਾਂਦਨੀ ਚੌਕ ਲੋਕ ਸਭਾ ਸੀਟ ਤੋਂ ਪੰਕਜ ਗੁਪਤਾ, ਉੱਤਰ ਪੂਰਬੀ ਦਿੱਲੀ ਤੋਂ ਦਿਲੀਪ ਪਾਂਡੇ, ਪੂਰਬੀ ਦਿੱਲੀ ਤੋਂ ਆਤਿਸ਼ੀ, ਦੱਖਣੀ ਦਿੱਲੀ ਤੋਂ ਰਾਘਵ ਚੱਢਾ, ਉੱਤਰ ਪੱਛਮ ਦਿੱਲੀ ਤੋਂ ਗੁਗਨ ਸਿੰਘ ਤੇ ਨਵੀਂ ਦਿੱਲੀ ਲੋਕ ਸਭਾ ਸੀਟ ਤੋਂ ਬ੍ਰਜੇਸ਼ ਗੋਇਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਪੱਛਮੀ ਦਿੱਲੀ ਸੀਟ 'ਤੇ ਫਿਲਹਾਲ ਕਿਸੇ ਉਮੀਦਵਾਰ ਦੇ ਨਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਇਸ ਸੀਟ ਦੇ ਉਮੀਦਵਾਰ ਦਾ ਐਲਾਨ ਵੀ ਛੇਤੀ ਹੀ ਕਰ ਦਿੱਤਾ ਜਾਵੇਗਾ।

ਕਾਨਫਰੰਸ ਪਿਛੋਂ ਗੋਪਾਲ ਰਾਏ ਨੇ ਕਿਹਾ ਕਿ ਪੱਛਮੀ ਦਿੱਲੀ ਦੀ ਸੀਟ ਲਈ ਉਮੀਦਵਾਰਾਂ ਦੇ ਨਾਵਾਂ ਦੀ ਚਰਚਾ ਕੀਤੀ ਜਾ ਰਹੀ ਹੈ ਅਤੇ ਇਸ ਦਾ ਐਲਾਨ ਵੀ ਛੇਤੀ ਕਰ ਦਿੱਤਾ ਜਾਵੇਗਾ।

# ਪਟਨਾ ਸਾਹਿਬ ਤੋਂ ਹੀ ਚੋਣ ਲੜਾਂਗਾ: ਸ਼ਤਰੂਘਨ ਸਿਨਹਾ

**ਲਖਨਊ:** ਸੰਸਦ ਮੈਂਬਰ ਸ਼ਤਰੂਘਨ ਸਿਨਹਾ ਨੇ ਕਿਹਾ ਹੈ ਕਿ ਭਾਜਪਾ ਨਾਲ ਮਤਭੇਦਾਂ ਦੇ ਬਾਵਜੂਦ ਉਹ ਆਗਾਮੀ ਲੋਕ ਸਭਾ ਚੋਣਾਂ ਵੇਲੇ 'ਕਿਸੇ ਵੀ ਹਾਲਾਤ' ਵਿਚ ਆਪਣਾ 'ਚੋਣ ਹਲਕਾ' ਨਹੀਂ ਬਦਲਣਗੇ। ਸਿਨਹਾ ਨੇ ਸਪਸ਼ਟ ਕੀਤਾ ਕਿ ਪਾਰਟੀ (ਭਾਜਪਾ) ਕੋਈ ਵੀ ਫੈਸਲਾ ਲਏ, ਪਰ ਉਹ ਪਟਨਾ ਸਾਹਿਬ ਤੋਂ ਹੀ ਮੁੜ ਸੰਸਦੀ ਚੋਣ ਲੜਨਗੇ। ਉਂਜ ਉਨ੍ਹਾਂ ਦੀ ਪਤਨੀ ਪੂਨਮ ਸਿਨਹਾ ਦੇ ਲਖਨਊ ਸੰਸਦੀ ਸੀਟ ਤੋਂ ਚੋਣ ਲੜਨ ਦੇ ਕਿਆਸੇ ਹਨ। ਮੌਜੂਦਾ ਸਮੇਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਇਸ ਸੀਟ ਦੀ ਨੁਮਾਇੰਦਗੀ ਕਰਦੇ ਹਨ।

ਸਾਲ 2015 ਦੀਆਂ ਬਿਹਾਰ ਚੋਣਾਂ ਮਗਰੋਂ ਪਟਨਾ ਸਾਹਿਬ ਤੋਂ ਮੌਜੂਦਾ ਸੰਸਦ ਮੈਂਬਰ ਸ਼ਤਰੂਘਨ ਤੇ ਕੇਂਦਰ ਦੀ ਮੋਦੀ ਸਰਕਾਰ ਵਿਚਾਲੇ ਕਈ ਮੁੱਦਿਆਂ ਨੂੰ ਲੈ ਕੇ ਛੱਤੀ ਦਾ ਅੰਕੜਾ ਹੈ। ਸਿਨਹਾ, ਨੋਟਬੰਦੀ ਤੇ ਜੀ.ਐਸ.ਟੀ. ਸਮੇਤ ਹੋਰ



ਕਈ ਮੁੱਦਿਆਂ 'ਤੇ ਮੋਦੀ ਸਰਕਾਰ ਦਾ ਖੁੱਲ੍ਹ ਕੇ ਵਿਰੋਧ ਕਰ ਚੁੱਕੇ ਹਨ। ਇਹ ਹੀ ਨਹੀਂ ਸਿਨਹਾ ਨੇ ਜਨਵਰੀ ਵਿਚ ਕੋਲਕਾਤਾ ਵਿੱਚ ਤ੍ਰਿਣਮੂਲ ਕਾਂਗਰਸ ਦੀ ਆਗੂ ਮਮਤਾ ਬੈਨਰਜੀ ਦੀ ਅਗਵਾਈ ਵਿੱਚ ਵਿਰੋਧੀ ਪਾਰਟੀਆਂ ਦੀ ਭਾਜਪਾ ਵਿਰੋਧੀ ਰੈਲੀ ਵਿੱਚ ਵੀ ਸ਼ਿਰਕਤ ਕੀਤੀ ਸੀ। ਆਪਣੀ ਹਾਲੀਆ ਲਖਨਊ ਫੇਰੀ ਦੌਰਾਨ ਸਿਨਹਾ ਨੇ ਸਪਾ ਆਗੂ ਅਖਿਲੇਸ਼ ਯਾਦਵ ਨਾਲ ਮੁਲਾਕਾਤ ਕੀਤੀ ਸੀ, ਜਿਸ ਮਗਰੋਂ ਇਨ੍ਹਾਂ ਕਿਆਸਾਂ ਨੂੰ ਬਲ ਮਿਲਿਆ ਸੀ ਕਿ ਸਿਨਹਾ ਦੀ ਪਤਨੀ ਪੂਨਮ ਸਿਨਹਾ ਉੱਤਰ ਪ੍ਰਦੇਸ਼ ਦੀ ਰਾਜਧਾਨੀ ਤੋਂ ਸਰਗਰਮ ਰਾਜਧਾਨੀ ਵਿੱਚ ਦਾਖ਼ਲ ਹੋ ਸਕਦੀ ਹੈ। ਇਨ੍ਹਾਂ ਅਫਵਾਹਾਂ ਬਾਰੇ ਪੁੱਛੇ ਜਾਣ 'ਤੇ ਸਿਨਹਾ ਨੇ ਕਿਹਾ ਕਿ ਪੂਨਮ ਸਿਨਹਾ ਪਿਛਲੇ ਲੰਮੇ ਸਮੇਂ ਤੋਂ ਸਮਾਜਿਕ ਕੰਮਾਂ ਵਿੱਚ ਲੱਗੇ ਹਨ। ਲੋਕ ਉਨ੍ਹਾਂ ਨੂੰ ਪਸੰਦ ਕਰਦੇ ਹਨ। ਲੋਕ ਚਾਹੁੰਦੇ ਹਨ ਕਿ ਉਹ ਚੋਣ ਲੜਨ, ਪਰ ਇਹ ਮੁਮਕਿਨ ਹੈ ਜਾਂ ਨਹੀਂ, ਸਮਾਂ ਦੱਸੇਗਾ।

# ਚੋਣ ਮੁਹਿੰਮ ਭਖਾਉਣ ਲਈ ਅਕਾਲੀਆਂ ਨੇ ਲਾਇਆ ਜ਼ੋਰ

**ਜਲੰਧਰ:** ਲੋਕ ਸਭਾ ਚੋਣਾਂ ਦਾ ਐਲਾਨ ਕਿਸੇ ਵੀ ਸਮੇਂ ਹੋਣ ਦੀ ਸੰਭਾਵਨਾ ਹੈ ਤੇ ਹਿੰਦ-ਪਾਕਿ ਦਰਮਿਆਨ ਪੈਦਾ ਹੋਇਆ ਤਣਾਅ ਕੁਝ ਘਟਦਿਆਂ ਹੀ ਰਾਜਸੀ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਨੂੰ ਮੁੜ ਵਿਉਂਤਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਅੰਦਰ ਆਪਣੀ ਪਹਿਲੀ ਪਿਰਤ ਨੂੰ ਕਾਇਮ ਰੱਖਦਿਆਂ ਅਕਾਲੀ ਦਲ ਨੇ ਇਨ੍ਹਾਂ ਚੋਣਾਂ ਵਿਚ ਵੀ ਸਰਗਰਮੀ ਆਰੰਭ ਕਰਨ ‘ਚ ਪਹਿਲ ਹਾਸਲ ਕਰ ਲਈ ਗਈ ਹੈ।

ਡੂੰਘੇ ਧਾਰਮਿਕ-ਰਾਜਸੀ ਸੰਕਟ ਦਾ ਸਾਹਮਣਾ ਕਰ ਰਹੀ ਅਕਾਲੀ ਲੀਡਰਸ਼ਿਪ ਨੇ ਲੋਕ ਸਭਾ ਚੋਣਾਂ ਵਿਚ ਪਾਰਟੀ ਨੂੰ ਉਭਾਰਨ ਲਈ ਬੇਅਦਬੀ ਘਟਨਾਵਾਂ ਦਾ ਘੱਟ ਪ੍ਰਭਾਵ ਮੰਨਣ ਵਾਲੇ ਪੰਜਾਬ ਦੇ ਨੌਜਵਾਨ ਵਰਗ ਦਾ ਸਹਾਰਾ ਲੈਣ ਦੀ ਰਣਨੀਤੀ ਅਪਣਾਈ ਗਈ ਜਾਪਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਨੌਜਵਾਨ ਵਰਗ ਵਲੋਂ ਅਕਾਲੀ ਦਲ ਦੇ ਹੱਕ ‘ਚ ਉਠਾਈ ਆਵਾਜ਼ ਪਾਰਟੀ ਦਾ ਅਕਸ ਸੁਧਾਰਨ ਲਈ ਸੋਨੇ ‘ਤੇ ਸੁਹਾਗੇ ਦਾ ਕੰਮ ਕਰੇਗੀ। ਸੰਨ 2006 ‘ਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਵੀ ਜਦ ਯੂਥ ਅਕਾਲੀ ਦਲ ਦੀ ਵਾਗਡੋਰ ਸੁਖਬੀਰ ਸਿੰਘ ਬਾਦਲ ਦੇ ਹੱਥ ਸੀ ਤਾਂ ਸਾਰੇ ਪੰਜਾਬ ਅੰਦਰ ਨੌਜਵਾਨ ਰੈਲੀਆਂ ਕਰਨ ਤੋਂ ਬਾਅਦ ਲੁਧਿਆਣਾ ਨੇੜੇ ਯੂਥ ਅਕਾਲੀ ਦਲ ਨੇ ਇਕ ਵਿਸ਼ਾਲ ਰੈਲੀ ਕੀਤੀ ਸੀ ਤੇ ਬਾਹਰਲੇ ਸੂਬਿਆਂ ਦੇ ਕਈ ਉੱਚ ਨੇਤਾ ਵੀ ਇਸ ਵਿਚ ਸ਼ਾਮਿਲ ਹੋਏ ਸਨ। ਰਾਜਸੀ ਹਲਕਿਆਂ ‘ਚ ਇਸ ਰੈਲੀ ਰਾਹੀਂ ਆਏ ਉਭਾਰ ਕਾਰਨ ਜਿਥੇ ਸੁਖਬੀਰ ਸਿੰਘ ਬਾਦਲ ਵਧੇਰੇ ਚਰਚਿਤ ਹੋਏ ਸਨ, ਉਥੇ ਨੌਜਵਾਨਾਂ ਦੀ ਤਾਕਤ ਦਲ ਪਿੱਛੇ ਖੜ੍ਹੀ ਹੋਣ ਦਾ ਅਹਿਸਾਸ ਵੀ ਬਣਿਆ ਸੀ।

ਵੱਖ-ਵੱਖ ਲੋਕ ਸਭਾ ਹਲਕਿਆਂ ‘ਚ ਹਰੀ ਝੰਡੀ ਦੇ ਕੇ ਸਰਗਰਮ ਕੀਤੇ ਪਾਰਟੀ ਉਮੀਦਵਾਰਾਂ ਨਾਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਵਿਧਾਨ ਸਭਾ ਹਲਕਿਆਂ ਵਿਚ ਜਾ ਕੇ ਪਾਰਟੀ ਵਰਕਰਾਂ ਤੇ ਵੋਟਰਾਂ ਤੱਕ ਪਹੁੰਚ ਕਰਨੀ ਆਰੰਭ ਕਰ ਦਿੱਤੀ ਹੈ। ਅਜਿਹੀਆਂ ਸਰਗਰਮੀਆਂ ਤੋਂ ਲੱਗ ਰਿਹਾ ਹੈ ਕਿ ਅਕਾਲੀ ਦਲ ਚੋਣ ਮੁਹਿੰਮ ਸ਼ੁਰੂ ਕਰਨ ਤੇ ਉਮੀਦਵਾਰਾਂ ਦੀ ਚੋਣ ਵਿਚ ਇਸ ਵਾਰ ਫਿਰ ਸਭਨਾਂ ਤੋਂ ਅੱਗੇ ਹੀ ਚੱਲ ਰਿਹਾ ਹੈ। ਅਕਾਲੀ ਲੀਡਰਸ਼ਿਪ ਨੇ ਹਾਲੇ ਭਾਵੇਂ ਰਸਮੀ ਤੌਰ ‘ਤੇ ਪੰਜਾਬ ਵਿਚ ਲੜੀਆਂ ਜਾਣ ਵਾਲੀਆਂ 10 ਸੀਟਾਂ ਲਈ ਕਿਸੇ ਵੀ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਪਰ ਗ਼ੈਰ-ਰਸਮੀ ਤੌਰ ‘ਤੇ ਪਾਰਟੀ ਨੇ 8 ਹਲਕਿਆਂ ਤੋਂ ਉਮੀਦਵਾਰਾਂ ਨੂੰ ਹਰੀ ਝੰਡੀ ਦੇ ਦਿੱਤੀ ਹੈ ਤੇ ਅਜਿਹੇ ਉਮੀਦਵਾਰਾਂ ਨੇ ਚੋਣ ਜੋੜ-ਤੋੜ ਲਗਾਉਣ ਤੇ ਵੋਟਰਾਂ ਨਾਲ ਸੰਪਰਕ ਮੁਹਿੰਮ ਸ਼ੁਰੂ ਵੀ ਕਰ ਦਿੱਤੀ ਹੈ।

ਸੂਤਰਾਂ ਮੁਤਾਬਿਕ ਦੁਆਬਾ ਖੇਤਰ ਦੇ ਰਾਖਵੇਂ ਹਲਕੇ ਜਲੰਧਰ ਤੋਂ ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ, ਸ੍ਰੀ ਅਨੰਦਪੁਰ ਸਾਹਿਬ ਤੋਂ ਮੌਜੂਦਾ ਐਮ.ਪੀ. ਪ੍ਰੇਮ



ਸਿੰਘ ਚੰਦੂਮਾਜਰਾ, ਖਡੂਰ ਸਾਹਿਬ ਤੋਂ ਬੀਬੀ ਜਗੀਰ ਕੌਰ, ਫਰੀਦਕੋਟ ਹਲਕੇ ਤੋਂ ਕਾਂਗਰਸੀ ਤੋਂ ਅਕਾਲੀ ਬਣੇ ਜੋਗਿੰਦਰ ਸਿੰਘ ਪੰਜਗਰਾਈਂ, ਬਠਿੰਡਾ ਤੋਂ ਕੇਂਦਰੀ ਮੰਤਰੀ ਤੇ ਮੌਜੂਦਾ ਐਮ.ਪੀ. ਹਰਸਿਮਰਤ ਕੌਰ ਬਾਦਲ, ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾਂ ਅਤੇ ਫਤਹਿਗੜ੍ਹ ਸਾਹਿਬ ਤੋਂ ਪੁਲਿਸ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਅਕਾਲੀ ਦਲ ‘ਚ ਸ਼ਾਮਿਲ ਹੋਏ ਹਰਮੋਹਨ ਸਿੰਘ ਸੰਧੂ ਦੇ ਨਾਵਾਂ ਨੂੰ ਹਰੀ ਝੰਡੀ ਦਿੱਤੇ ਜਾਣ ਦੀ ਚਰਚਾ ਹੈ। ਇਨ੍ਹਾਂ ਸੰਭਾਵੀ ਅਣ-ਐਲਾਨੇ ਉਮੀਦਵਾਰਾਂ ਵਲੋਂ ਬਾਕਾਇਦਾ ਸਰਗਰਮੀਆਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਬਾਹਰਲੇ ਹਲਕਿਆਂ ‘ਚ ਭੇਜੇ ਚਰਨਜੀਤ ਸਿੰਘ ਅਟਵਾਲ ਤੇ ਬੀਬੀ ਜਗੀਰ ਕੌਰ ਨੇ ਤਾਂ ਜਲੰਧਰ ਤੇ ਖਡੂਰ ਸਾਹਿਬ ਖੇਤਰਾਂ ‘ਚ ਡੇਰੇ ਵੀ ਲਗਾ ਲਏ ਹਨ। ਫਿਰੋਜ਼ਪੁਰ ਹਲਕੇ ਤੋਂ ਵੀ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਦੇ ਨਾਂ ਨੂੰ ਲਗਭਗ ਹਰੀ ਝੰਡੀ ਦੇ ਹੀ ਦਿੱਤੀ ਦੱਸੀ ਜਾ ਰਹੀ ਹੈ। ਪਟਿਆਲਾ ਤੇ ਲੁਧਿਆਣਾ ਹਲਕਿਆਂ ਵਿਚੋਂ ਇਕ ਹਲਕੇ ਲਈ ਯੂਥ ਆਗੂਆਂ ਵਲੋਂ ਵੀ ਦਾਅਵਾ ਜਤਾਇਆ ਜਾ ਰਿਹਾ ਦੱਸਿਆ ਜਾਂਦਾ ਹੈ। ਯੂਥ ਆਗੂਆਂ ‘ਚ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਸੋਈ ਦੇ ਪ੍ਰਧਾਨ ਪਰਮਿੰਦਰ ਸਿੰਘ ਬਰਾੜ ਦਾ ਨਾਂ ਚਲਦਾ ਹੈ।

ਪਟਿਆਲਾ ਹਲਕੇ ‘ਚ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਨਾਂ ਨੂੰ ਵੀ ਗੰਭੀਰਤਾ ਨਾਲ ਵਿਚਾਰਿਆ ਜਾ ਰਿਹਾ ਹੈ। ਲੁਧਿਆਣਾ ਹਲਕੇ ਤੋਂ ਪਹਿਲਾਂ ਦੋ ਵਾਰ ਯੂਥ ਆਗੂਆਂ ਨੂੰ ਉਮੀਦਵਾਰ ਬਣਾਇਆ ਜਾ ਚੁੱਕਾ ਹੈ। ਸੰਨ 1996 ‘ਚ ਯੂਥ ਅਕਾਲੀ ਦਲ ਦੇ ਪ੍ਰਧਾਨ ਅਮਰੀਕ ਸਿੰਘ ਆਲੀਵਾਲ ਇਥੋਂ ਜਿੱਤ ਕੇ ਲੋਕ ਸਭਾ ‘ਚ ਗਏ ਸਨ ਤੇ ਫਿਰ 1999 ‘ਚ ਯੂਥ ਅਕਾਲੀ ਆਗੂ ਸ਼ਰਨਜੀਤ ਸਿੰਘ ਢਿੱਲੋਂ ਲੋਕ ਸਭਾ ਮੈਂਬਰ ਬਣੇ ਸਨ। ਲੁਧਿਆਣਾ ਹਲਕੇ ਲਈ ਪਿਛਲੀ ਵਾਰ ਉਮੀਦਵਾਰ ਰਹੇ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਸਾਬਕਾ ਮੰਤਰੀ ਤੇ ਵਿਧਾਇਕ ਸ਼ਰਨਜੀਤ ਸਿੰਘ ਢਿੱਲੋਂ ਦੇ ਨਾਂ ‘ਤੇ ਵਿਚਾਰ ਹੋ ਰਿਹਾ ਹੈ।

# ਪੁਰਾਣੀ ਵੰਡ ਅਨੁਸਾਰ ਚੋਣਾਂ ਲੜੇਗਾ ਅਕਾਲੀ ਦਲ-ਭਾਜਪਾ ਗੱਠਜੋੜ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਪਹਿਲਾਂ ਤੋਂ ਹੀ ਚੱਲੇ ਆ ਰਹੇ ਗੱਠਜੋੜ ਦੀਆਂ ਸ਼ਰਤਾਂ ਤਹਿਤ ਹੀ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਦੋਵਾਂ ਪਾਰਟੀਆਂ ਦੇ ਪ੍ਰਧਾਨਾਂ ਸੁਖਬੀਰ ਸਿੰਘ ਬਾਦਲ ਅਤੇ ਅਮਿਤ ਸ਼ਾਹ



ਦਰਮਿਆਨ ਨਵੀਂ ਦਿੱਲੀ ਵਿਚ ਮੀਟਿੰਗ ਦੌਰਾਨ ਤੈਅ ਹੋਇਆ ਹੈ ਕਿ ਭਾਜਪਾ ਵੱਲੋਂ ਪਹਿਲਾਂ ਦੀ ਤਰ੍ਹਾਂ ਅੰਮ੍ਰਿਤਸਰ, ਗੁਰਦਾਸਪੁਰ ਤੇ ਹੁਸ਼ਿਆਰਪੁਰ ਸੰਸਦੀ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕੀਤੇ ਜਾਣਗੇ, ਜਦੋਂਕਿ ਬਾਕੀ 10 ਹਲਕਿਆਂ ਤੋਂ ਅਕਾਲੀ ਦਲ ਗੱਠਜੋੜ ਅਧੀਨ ਚੋਣਾਂ ਲੜੇਗਾ।

ਅਕਾਲੀ ਦਲ ਅਤੇ ਭਾਜਪਾ ਦੇ ਮੁਖੀਆਂ ਦਰਮਿਆਨ ਮੀਟਿੰਗ ਵਿਚ ਸੀਟਾਂ ਬਾਰੇ ਸਹਿਮਤੀ ਬਣਨ ਤੋਂ ਬਾਅਦ ਸੀਟਾਂ ਦੀ ਅਦਲਾ-ਬਦਲੀ ਦੀਆਂ ਸੰਭਾਵਨਾਵਾਂ ਦਾ ਭੋਗ ਪੈ ਗਿਆ ਹੈ। ਭਾਜਪਾ ਵੱਲੋਂ ਅੰਮ੍ਰਿਤਸਰ ਦੀ ਥਾਂ ਲੁਧਿਆਣਾ ਸੰਸਦੀ ਹਲਕੇ ਤੋਂ ਚੋਣ ਲੜਨ ‘ਤੇ ਵਿਚਾਰ ਕੀਤਾ ਜਾ ਰਿਹਾ ਸੀ। ਪਾਰਟੀ ਹਲਕਿਆਂ ਦਾ ਦੱਸਣਾ ਹੈ ਕਿ ਸੀਟਾਂ ਦੀ ਅਦਲਾ-ਬਦਲੀ ਸਬੰਧੀ ਸਹਿਮਤੀ ਨਹੀਂ ਬਣੀ। ਦੋਵਾਂ ਪਾਰਟੀਆਂ ਦੇ ਆਗੂਆਂ ਨੇ ਚਰਚਾ ਤੋਂ ਬਾਅਦ ਇਹੀ ਸਿੱਟਾ ਕੱਢਿਆ ਕਿ ਪਿਛਲੇ ਢਾਈ ਦਹਾਕਿਆਂ ਤੋਂ ਜਿਨ੍ਹਾਂ ਸੰਸਦੀ ਹਲਕਿਆਂ ‘ਤੇ ਉਮੀਦਵਾਰ ਖੜ੍ਹੇ ਹੁੰਦੇ ਆ ਰਹੇ ਹਨ, ਉਨ੍ਹਾਂ ਹਲਕਿਆਂ ਤੋਂ ਹੀ ਆਗਾਮੀ ਚੋਣਾਂ ਦੌਰਾਨ ਉਮੀਦਵਾਰ ਖੜ੍ਹੇ ਕੀਤੇ ਜਾਣ। ਅਕਾਲੀ ਦਲ ਅਤੇ ਭਾਜਪਾ ਦਰਮਿਆਨ ਸਿਆਸੀ ਗੱਠਜੋੜ 1996 ਦੀਆਂ ਸੰਸਦੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਹੋਇਆ ਸੀ, ਜਦੋਂ ਮਰਹੂਮ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਸਿਰਫ 13 ਦਿਨ ਦਾ ਸਮਾਂ ਹੀ ਚੱਲ ਸਕੀ ਸੀ।

ਪੰਜਾਬ ਦੀ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਲਈ ਆਉਣ ਵਾਲੀਆਂ ਸੰਸਦੀ ਚੋਣਾਂ ਸਭ ਤੋਂ ਵੱਡੇ ਸਿਆਸੀ ਇਮਤਿਹਾਨ ਵਜੋਂ ਦੇਖੀਆਂ ਜਾ ਰਹੀਆਂ ਹਨ।

ਅਕਾਲੀ ਦਲ, ਖਾਸ ਕਰ ਕੇ ਬਾਦਲ ਪਰਿਵਾਰ ਦਾ ਸਿਆਸੀ ਵੱਕਾਰ ਦਾਅ ‘ਤੇ ਲੱਗਿਆ ਹੋਇਆ ਹੈ। ਅਕਾਲੀ ਦਲ ਵੱਲੋਂ ਕੁਝ ਸੰਸਦੀ ਹਲਕਿਆਂ ਤੋਂ ਉਮੀਦਵਾਰ ਲਗਭਗ ਤੈਅ ਕੀਤੇ ਜਾ ਚੁੱਕੇ ਹਨ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਖਡੂਰ ਸਾਹਿਬ ਤੋਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜਲੰਧਰ ਤੋਂ ਵਿਧਾਨ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ, ਆਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਦਾ ਨਾਮ ਸ਼ਾਮਲ ਹੈ। ਹਾਲਾਂਕਿ ਬੀਬੀ ਬਾਦਲ ਨੂੰ ਫਿਰੋਜ਼ਪੁਰ ਹਲਕੇ ਤੋਂ ਵੀ ਉਮੀਦਵਾਰ ਬਣਾਏ ਜਾਣ ਦੀ ਚਰਚਾ ਹੈ, ਪਰ ਸੀਨੀਅਰ ਅਕਾਲੀ ਨੇਤਾਵਾਂ ਦਾ ਕਹਿਣਾ ਹੈ ਕਿ ਹਰਸਿਮਰਤ ਦੇ ਬਠਿੰਡਾ ਤੋਂ ਚੋਣ ਲੜਨ ਦੀਆਂ ਜ਼ਿਆਦਾ ਸੰਭਾਵਨਾਵਾਂ ਹਨ। ਲੰਘੇ ਪੰਜ ਕੁ ਮਹੀਨਿਆਂ ਦੌਰਾਨ ਅਕਾਲੀ ਦਲ ਜਿਸ ਤਰ੍ਹਾਂ ਖਿੰਡਿਆ ਹੈ ਤੇ ਦੋ ਸੀਨੀਅਰ ਆਗੂਆਂ ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਨਾਰਾ ਕੀਤਾ ਹੈ, ਉਸ ਤੋਂ ਬਾਅਦ ਤਾਂ ਅਕਾਲੀ ਦਲ ਲਈ ਢੁਕਵੇਂ ਉਮੀਦਵਾਰ ਲੱਭਣੇ ਵੀ ਚੁਣੌਤੀ ਬਣ ਗਿਆ ਹੈ। ਜਥੇਦਾਰ ਬ੍ਰਹਮਪੁਰਾ ਨੇ ਤਾਂ ਵੱਖਰਾ ਅਕਾਲੀ ਦਲ ਵੀ ਬਣਾ ਲਿਆ ਹੈ ਤੇ ਨਵੇਂ ਅਕਾਲੀ ਦਲ ਦਾ ਨਿਸ਼ਾਨਾ ਖ਼ਾਸ ਕਰ ਕੇ ਬਾਦਲ ਪਰਿਵਾਰ ਹੀ ਹੈ। ਅਜਿਹੇ ਹਾਲਾਤ ਵਿਚ ਅਕਾਲੀ ਦਲ ਨੂੰ ਕਈ ਸੰਸਦੀ ਹਲਕਿਆਂ ‘ਚ ਉਮੀਦਵਾਰ ਨਹੀਂ ਲੱਭ ਰਹੇ।

ਇਨ੍ਹਾਂ ਹਲਕਿਆਂ ਵਿਚ ਸੰਗਰੂਰ, ਲੁਧਿਆਣਾ, ਫਿਰੋਜ਼ਪੁਰ, ਪਟਿਆਲਾ ਤੇ ਫਤਹਿਗੜ੍ਹ ਸਾਹਿਬ ਸ਼ਾਮਲ ਹਨ। ਭਾਜਪਾ ਆਗੂਆਂ ਦਾ ਦੱਸਣਾ ਹੈ ਕਿ ਅੰਮ੍ਰਿਤਸਰ ਤੋਂ ਸਿੱਖ ਉਮੀਦਵਾਰ ਨੂੰ ਟਿਕਟ ਦਿੱਤੀ ਜਾਵੇਗੀ ਤੇ ਇਸ ਸਮੇਂ ਕੇਂਦਰੀ ਮੰਤਰੀ ਹਰਦੀਪ ਪੁਰੀ ਦਾ ਨਾਮ ਹੀ ਮੋਹਰੀ ਉਮੀਦਵਾਰਾਂ ਵਿਚ ਹੈ। ਹੁਸ਼ਿਆਰਪੁਰ ਤੋਂ ਕੇਂਦਰੀ ਮੰਤਰੀ ਵਿਜੈ ਕੁਮਾਰ ਸਾਂਪਲਾ ਹੀ ਉਮੀਦਵਾਰ ਹੋ ਸਕਦੇ ਹਨ। ਇਸੇ ਤਰ੍ਹਾਂ ਗੁਰਦਾਸਪੁਰ ਤੋਂ ਕਵਿਤਾ ਖੰਨਾ ਦਾ ਨਾਂ ਵਿਚਾਰਿਆ ਜਾ ਰਿਹਾ ਹੈ, ਹਾਲਾਂਕਿ ਗੁਰਦਾਸਪੁਰ ਤੋਂ ਕਈ ਹੋਰ ਨੇਤਾਵਾਂ ਵੱਲੋਂ ਵੀ ਜ਼ੋਰ-ਅਜ਼ਮਾਈ ਕੀਤੀ ਜਾ ਰਹੀ ਹੈ।

## ਖਡੂਰ ਸਾਹਿਬ: ਜਨਰਲ ਜੇ. ਜੇ. ਸਿੰਘ ਨੂੰ ਉਮੀਦਵਾਰ ਐਲਾਨਿਆ



**ਸ੍ਰੀ ਗੋਇੰਦਵਾਲ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੀ ਵਰਕਰ ਮੀਟਿੰਗ ਦੌਰਾਨ ਭਾਰਤੀ ਫ਼ੌਜ ਦੇ ਸਾਬਕਾ ਮੁਖੀ ਜਨਰਲ ਜੇ. ਜੇ. ਸਿੰਘ ਨੂੰ ਹਲਕਾ ਖਡੂਰ ਸਾਹਿਬ ਤੋਂ ਰਸਮੀ ਤੌਰ ‘ਤੇ ਉਮੀਦਵਾਰ ਐਲਾਨ ਦਿੱਤਾ ਗਿਆ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਅਤੇ ਸੰਸਦ ਮੈਂਬਰ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਸਾਰਿਆਂ ਨੂੰ ਇਕਜੁਟ ਹੋ ਕੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ।

ਜਨਰਲ ਜੇ.ਜੇ. ਸਿੰਘ ਨੇ ਪਾਰਟੀ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਖ਼ੁਦ ਨੂੰ ਖੁਸ਼ਕਿਸਮਤ ਸਮਝਦੇ ਹਨ ਕਿ ਉਨ੍ਹਾਂ ਨੂੰ ਗੁਰੂ ਚਰਨਾਂ ਦੀ ਛੋਹ ਪ੍ਰਾਪਤ ਧਰਤੀ ਖਡੂਰ ਸਾਹਿਬ ਦੀ ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ ਹੈ।

ਇਸ ਮੌਕੇ ਜਨਰਲ ਜੇ. ਜੇ. ਸਿੰਘ ਨੇ ਭਾਰਤੀ ਹਵਾਈ ਸੈਨਾ ਦੀ ਅਤਿਵਾਦੀਆਂ ਵਿਰੁੱਧ ਕਾਰਵਾਈ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਲੋਕਾਂ ਦੀਆਂ ਉਮੀਦਾਂ ‘ਤੇ ਖਰੇ ਉਤਰਨਗੇ ਅਤੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਵਿਚ ਪੰਥਕ ਹਲਕੇ ਦੀ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਉਣਗੇ।

# ਦਿਲਚਸਪ ਹੋਵੇਗੀ ਇਸ ਵਾਰ ਫਿਰੋਜ਼ਪੁਰ ਲੋਕ ਸਭਾ ਹਲਕੇ ਦੀ ਚੋਣ

**ਫ਼ਿਰੋਜ਼ਪੁਰ:** ਲੋਕ ਸਭਾ ਚੋਣਾਂ ਸਿਰ ‘ਤੇ ਹਨ, ਪਰ ਅਜੇ ਤੱਕ ਕਿਸੇ ਵੀ ਰਾਜਨੀਤਕ ਪਾਰਟੀ ਨੇ ਫ਼ਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਦਾ ਐਲਾਨ ਨਹੀਂ ਕੀਤਾ। ਸਾਰੀਆਂ ਸਿਆਸੀ ਪਾਰਟੀਆਂ ਦੇ ਪ੍ਰਮੁੱਖ ਆਗੂ ਦੂਜੀ ਧਿਰ ਵੱਲੋਂ ਪਹਿਲ ਕਰਨ ਤੋਂ ਬਾਅਦ ਆਪਣੀ ਪਾਰੀ ਖੇਡਣ ਦੀ ਤਾਕ ਵਿਚ ਹਨ। ਪਿਛਲੇ ਦਸ ਵਰ੍ਹਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ ਆਪਣੀ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਤਕਰਾਰ ਹੋਣ ਕਾਰਨ ਇਸ ਵਾਰ ਅਕਾਲੀ ਦਲ ਨੂੰ ਛੱਡ ਕੇ ਕਿਸੇ ਹੋਰ ਪਾਰਟੀ ਵੱਲੋਂ ਚੋਣ ਮੈਦਾਨ ਵਿਚ ਉਤਰ ਸਕਦੇ ਹਨ।

ਪਿਛਲੀਆਂ ਚੋਣਾਂ ਵਿਚ ਉਨ੍ਹਾਂ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਤੇ ਗੁਰਦਾਸਪੁਰ ਤੋਂ ਮੌਜੂਦਾ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੂੰ 31420 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਸੀ। ਘੁਬਾਇਆ ਦਾ ਬੇਟਾ ਦਵਿੰਦਰ ਸਿੰਘ ਘੁਬਾਇਆ ਵੀ ਫ਼ਾਜ਼ਿਲਕਾ ਤੋਂ ਕਾਂਗਰਸੀ ਵਿਧਾਇਕ ਹੈ। ਸ਼ੇਰ ਸਿੰਘ ਘੁਬਾਇਆ ਦਾ ਦਾਅਵਾ ਹੈ ਕਿ ਉਨ੍ਹਾਂ ਪਿਛਲੇ ਦਸ ਸਾਲਾਂ ਵਿਚ ਕੇਂਦਰ ਸਰਕਾਰ ਵੱਲੋਂ ਮਿਲੀ ਸੌ ਫ਼ੀਸਦੀ ਗਰਾਂਟ (35 ਕਰੋੜ ਰੁਪਏ) ਆਪਣੇ ਸੰਸਦੀ ਹਲਕੇ ਦੇ ਵਿਕਾਸ ਲਈ ਖਰਚ ਕਰ ਦਿੱਤੀ ਹੈ। ਹਾਲਾਂਕਿ ਉਹ ਇਹ ਵੀ ਮੰਨਦੇ ਹਨ ਕਿ ਇਹ ਗਰਾਂਟ ਬਹੁਤ ਘੱਟ ਹੈ, ਜਿਸ ਕਰਕੇ ਵਿਕਾਸ ਦੇ ਕਈ ਕੰਮ ਅਜੇ ਵੀ ਅਧੂਰੇ ਰਹਿ ਗਏ ਹਨ। ਘੁਬਾਇਆ ਦੇ ਇਸ ਦਾਅਵੇ ‘ਤੇ ਅਜੇ ਤੱਕ ਅਕਾਲੀ ਤੇ ਕਾਂਗਰਸੀ ਆਗੂ ਖੁੱਲ੍ਹ ਕੇ ਟਿੱਪਣੀ ਕਰਨ ਤੋਂ ਬਚ ਰਹੇ ਹਨ। ਪਿਛਲੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਵੱਲੋਂ ਪਹਿਲੀ ਵਾਰ ਮੈਦਾਨ ਵਿਚ ਉਤਾਰੇ ਗਏ ਉਮੀਦਵਾਰ ਐਡਵੋਕੇਟ ਸਤਨਾਮ ਪਾਲ ਕੰਬੋਜ ਹੁਣ ‘ਆਪ‘ ਨੂੰ ਛੱਡ ਕੇ ਕਾਂਗਰਸ ਵਿਚ ਚਲੇ ਗਏ ਹਨ, ਜਿਸ ਕਰਕੇ ਉਹ ਵੀ ਖੁੱਲ੍ਹ ਕੇ ਬੋਲਣ ਤੋਂ ਪਾਸਾ ਵੱਟ ਰਹੇ ਹਨ।

ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਪਾਰਟੀ ਟਿਕਟ ਦੇ ਦਾਅਵੇਦਾਰ ਰਣਬੀਰ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਸ੍ਰੀ ਘੁਬਾਇਆ ਵੱਲੋਂ ਖਰਚ ਕੀਤੀ ਏਨੀ ਵੱਡੀ ਰਕਮ ਹਲਕੇ ਵਿਚ ਕਿਤੇ ਵੀ ਨਜ਼ਰ ਨਹੀਂ ਆ ਰਹੀ। ਸ੍ਰੀ ਭੁੱਲਰ ਤੋਂ ਇਲਾਵਾ ਮੁਕਤਸਰ ਤੋਂ ਜਗਦੀਪ ਸਿੰਘ ਬਰਾੜ ਉਰਫ਼ ਕਾਕਾ, ਤਲਵੰਡੀ ਭਾਈ ਤੋਂ ਕਾਕਾ ਸਰਾਂ ਅਤੇ ਫ਼ਿਰੋਜਸ਼ਾਹ ਤੋਂ ਸੁਖਰਾਜ ਸਿੰਘ ਗੋਰਾ ਵੀ ਦਾਅਵੇਦਾਰਾਂ ਦੀ ਕਤਾਰ ਵਿਚ ਹਨ।

ਉਧਰ ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਸ਼ਸ਼ੋਪੰਜ ਵਿਚ ਨਜ਼ਰ ਆ ਰਿਹਾ ਹੈ। ਅਕਾਲੀ ਦਲ ਨੇ ਸ਼ੇਰ ਸਿੰਘ ਘੁਬਾਇਆ ਨੂੰ ਅਜੇ ਤੱਕ ਪਾਰਟੀ ਵਿਚੋਂ ਬਾਹਰ ਨਹੀਂ ਕੀਤਾ। ਅਕਾਲੀ ਦਲ ਇਸ ਸੀਟ ਤੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਚੋਣ ਲੜਾ ਸਕਦਾ ਹੈ। ਪਾਰਟੀ ਦੀ ਦੂਜੀ ਪਸੰਦ ਸੀਨੀਅਰ ਅਕਾਲੀ ਆਗੂ ਜਨਮੇਜਾ ਸਿੰਘ ਸੇਖੋਂ ਹਨ। ਸ੍ਰੀ ਸੇਖੋਂ ਹੁਣ ਤੱਕ ਤਿੰਨ ਵਾਰ ਪੰਜਾਬ ਦੇ ਸਿੰਜਾਈ ਮੰਤਰੀ ਰਹਿ ਚੁੱਕੇ ਹਨ ਤੇ ਬਾਦਲ ਪਰਿਵਾਰ ਦੇ ਵਫ਼ਾਦਾਰਾਂ ਵਿਚੋਂ ਮੰਨੇ ਜਾਂਦੇ ਹਨ।

ਕਾਂਗਰਸ ਨੇ ਵੀ ਅਜੇ ਤੱਕ ਆਪਣੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ। ਹਲਕਾ ਗੁਰੂ ਹਰਸਹਾਏ ਤੋਂ ਕਾਂਗਰਸੀ ਵਿਧਾਇਕ ਤੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦਾ ਨਾਮ ਦਾਅਵੇਦਾਰਾਂ ਦੀ ਸੂਚੀ ਵਿਚ ਪਹਿਲੇ ਨੰਬਰ ‘ਤੇ ਹੈ। ਰਾਣਾ ਇਸ ਹਲਕੇ ਤੋਂ ਲਗਾਤਾਰ ਚਾਰ ਵਾਰ ਵਿਧਾਇਕ ਦੀ ਚੋਣ ਜਿੱਤ ਚੁੱਕੇ ਹਨ ਤੇ ਖ਼ੁਦ ਨੂੰ ਮਜ਼ਬੂਤ ਉਮੀਦਵਾਰ ਮੰਨਦੇ ਹਨ। ਜੇਕਰ ਘੁਬਾਇਆ ਕਾਂਗਰਸ ਵਿਚ ਸ਼ਾਮਲ ਹੁੰਦੇ ਹਨ ਤਾਂ ਟਿਕਟ ਨੂੰ ਲੈ ਕੇ ਰਾਣਾ ਅਤੇ ਘੁਬਾਇਆ ਵਿਚਾਲੇ ਪੇਚ ਫ਼ਸ ਸਕਦਾ ਹੈ। ਹੁਣ ਤੱਕ ਦੀਆਂ ਲੋਕ ਸਭਾ ਚੋਣਾਂ ਵਿਚ ਫ਼ਿਰੋਜ਼ਪੁਰ ਹਲਕੇ ਅੰਦਰ ਮੁੱਖ ਮੁਕਾਬਲਾ ਅਕਾਲੀ ਦਲ ਤੇ ਕਾਂਗਰਸ ਦਰਮਿਆਨ ਹੀ ਰਿਹਾ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਾਂਗਰਸ ਨਾਲ ਰਲਿਆ ਅਕਾਲੀਆਂ ਦਾ 'ਸ਼ੇਰ'

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ (ਬ) ਨੂੰ ਅਲਵਿਦਾ ਕਹਿਣ ਤੋਂ ਇਕ ਦਿਨ ਬਾਅਦ ਹੀ ਫਿਰੋਜ਼ਪੁਰ ਹਲਕੇ ਤੋਂ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੇ ਦਿੱਲੀ ਵਿਚ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਦੀ ਮੌਜੂਦਗੀ 'ਚ ਕਾਂਗਰਸ ਦਾ ਹੱਥ ਫੜਿਆ। ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਉਨ੍ਹਾਂ ਨੂੰ ਫਿਰੋਜ਼ਪੁਰ ਹਲਕੇ ਤੋਂ ਚੋਣ ਲੜਾਏਗੀ। ਯਾਦ ਰਹੇ, ਪਿਛਲੇ ਤਕਰੀਬਨ ਦੋ ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਚੱਲ ਰਹੇ ਮਤਭੇਦਾਂ ਕਾਰਨ ਘੁਬਾਇਆ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਘੁਬਾਇਆ ਨੇ ਕਿਹਾ ਸੀ ਕਿ ਪਿਛਲੇ ਦੋ ਸਾਲਾਂ ਤੋਂ ਪਾਰਟੀ ਉਨ੍ਹਾਂ ਨਾਲ ਵਿਤਕਰਾ ਕਰ ਰਹੀ ਸੀ। ਪਾਰਟੀ ਦੇ ਕਿਸੇ ਵੀ ਪ੍ਰੋਗਰਾਮ ਵਿਚ ਸੱਦਾ ਤੱਕ ਨਹੀਂ ਦਿੱਤਾ ਗਿਆ।

ਫਿਰੋਜ਼ਪੁਰ ਸੰਸਦੀ ਹਲਕੇ ਦੀ ਨੁਮਾਇੰਦਗੀ ਕਰਦੇ ਆ ਰਹੇ ਸ਼ੇਰ ਸਿੰਘ ਘੁਬਾਇਆ 'ਰਾਏ ਸਿੱਖ' ਭਾਈਚਾਰੇ ਨਾਲ ਸਬੰਧਤ ਹਨ। ਉਨ੍ਹਾਂ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਇਸ ਜ਼ਿਲ੍ਹੇ ਵਿਚ ਪਾਰਟੀ ਨੂੰ ਵੱਡਾ ਲਾਹਾ ਮਿਲੇਗਾ ਕਿਉਂਕਿ ਇਸ ਭਾਈਚਾਰੇ ਦੀ ਹਮਾਇਤ ਸ਼ੇਰ ਸਿੰਘ ਨੂੰ ਮੰਨੀ ਜਾਂਦੀ ਹੈ। ਘੁਬਾਇਆ ਦਾ ਪੁੱਤਰ ਪਹਿਲਾਂ ਹੀ ਫਾਜ਼ਿਲਕਾ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦਾ ਵਿਧਾਇਕ ਹੈ। ਸ਼ੇਰ ਸਿੰਘ ਘੁਬਾਇਆ ਨੇ ਕਿਹਾ ਕਿ 2009 ਵਿਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜਲਾਲਾਬਾਦ ਤੋਂ ਵਿਧਾਨ ਸਭਾ ਚੋਣ ਲੜਾਉਣਾ ਸਭ ਤੋਂ ਵੱਡੀ ਗਲਤੀ ਸੀ। ਜ਼ਿਕਰਯੋਗ ਹੈ ਕਿ ਸ਼ੇਰ ਸਿੰਘ ਘੁਬਾਇਆ ਸਾਲ 2016 ਤੋਂ ਹੀ ਬਾਗੀ ਰੁਖ ਅਖਤਿਆਰ ਕਰੀ ਬੈਠੇ ਹਨ। ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੁਖਦੇਵ ਸਿੰਘ ਢੀਂਡਸਾ ਦੀਆਂ ਗਤੀਵਿਧੀਆਂ ਮਗਰੋਂ ਬਾਗੀ ਸੰਸਦ ਮੈਂਬਰ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

ਅਕਾਲੀ ਦਲ ਵੱਲੋਂ ਅਨੁਸ਼ਾਸਨੀ ਕਾਰਵਾਈ ਉਸ ਸਮੇਂ ਅਮਲ ਵਿਚ ਲਿਆਂਦੀ ਗਈ ਜਦੋਂ ਉਸ ਨੇ ਪਾਰਟੀ ਛੱਡਣ ਦਾ ਐਲਾਨ ਕੀਤਾ ਹੈ। ਸ਼ੇਰ ਸਿੰਘ ਨੇ ਪਾਰਟੀ ਛੱਡਣ ਸਮੇਂ ਵੀ ਛੋਟੇ ਬਾਦਲ ਨੂੰ ਹੀ ਨਿਸ਼ਾਨਾ ਬਣਾਇਆ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਦਰਪੇਸ਼ ਸਿਆਸੀ ਸੰਕਟ ਤੋਂ ਬਾਅਦ ਇਹ ਤੀਜੇ ਸੰਸਦ ਮੈਂਬਰ ਹਨ ਜਿਸ ਨੇ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਸਿੱਧੀ ਚੁਣੌਤੀ ਦਿੱਤੀ ਹੈ। ਇਸ ਤੋਂ ਪਹਿਲਾਂ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਭਾਵੇਂ ਪਾਰਟੀ ਨਹੀਂ ਛੱਡੀ ਪਰ ਛੋਟੇ ਬਾਦਲ ਦੀ ਲੀਡਰਸ਼ਿਪ ਨੂੰ ਚੁਣੌਤੀ ਜ਼ਰੂਰ ਦਿੱਤੀ ਹੋਈ ਹੈ। ਖਡੂਰ ਸਾਹਿਬ ਸੰਸਦੀ ਹਲਕੇ ਤੋਂ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਤਾਂ ਪਾਰਟੀ ਪ੍ਰਧਾਨ ਖਿਲਾਫ ਖੁੱਲ੍ਹੀ ਬਗਾਵਤ ਤੋਂ ਬਾਅਦ ਨਵੀਂ ਪਾਰਟੀ ਬਣਾ ਲਈ ਹੈ।

# ਪੰਜਾਬ ਪੁਲਿਸ ਦੀ ਅਫਸਰਸ਼ਾਹੀ ਵਿਚ ਮੁੜ ਬਾਗੀ ਸੁਰਾ

**ਚੰਡੀਗੜ੍ਹ:** ਪੰਜਾਬ ਦੇ ਆਈ.ਪੀ.ਐਸ. ਅਫਸਰ ਸਿਧਾਰਥ ਚਟੋਪਾਧਿਆਏ ਨੇ ਪੰਜਾਬ ਦੇ ਨਵੇਂ ਪੁਲਿਸ ਮੁਖੀ (ਡੀ.ਜੀ.ਪੀ.) ਦਿਨਕਰ ਗੁਪਤਾ ਦੀ ਚੋਣ ਉਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਡੀ.ਜੀ.ਪੀ. ਦੀ ਨਿਯੁਕਤੀ ਨੂੰ ਚੁਣੌਤੀ ਦਿੰਦਿਆਂ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ ਵਿਚ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਦਾ ਇਲਜ਼ਾਮ ਹੈ ਕਿ ਡੀ.ਜੀ.ਪੀ. ਦੀ ਚੋਣ ਵੇਲੇ ਸੀਨੀਅਰਤਾ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਉਨ੍ਹਾਂ ਦੀ ਪਟੀਸ਼ਨ 'ਤੇ 27 ਮਾਰਚ ਨੂੰ ਜਵਾਬ ਤਲਬ ਕੀਤਾ ਗਿਆ ਹੈ। ਯਾਦ ਰਹੇ ਆਈ.ਪੀ.ਐਸ. ਅਫਸਰ ਸਿਧਾਰਥ ਚਟੋਪਾਧਿਆਏ ਤੋਂ ਪਹਿਲਾਂ ਆਈ.ਪੀ.ਐਸ. ਅਫਸਰ ਮੁਹੰਮਦ ਮੁਸਤਫਾ ਵੀ ਇਸੇ ਮੁੱਦੇ 'ਤੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਚੁੱਕੇ ਸਨ ਪਰ ਉਨ੍ਹਾਂ ਦੀ ਪਟੀਸ਼ਨ ਖਾਰਜ ਕਰ ਦਿੱਤੀ ਗਈ ਸੀ। ਇਨ੍ਹਾਂ ਦੋਵਾਂ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੈਨਲ ਦੀ ਚੋਣ ਕੀਤੇ ਜਾਣ ਸਮੇਂ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਅਣਦੇਖੀ ਕੀਤੀ ਗਈ ਹੈ।

ਦਰਅਸਲ, ਇਲਜ਼ਾਮ ਲੱਗ ਰਹੇ ਹਨ ਕਿ ਡੀ.ਜੀ.ਪੀ. ਦਿਨਕਰ ਗੁਪਤਾ ਦੀ ਚੋਣ ਕਈ ਸੀਨੀਅਰ ਅਫਸਰਾਂ ਨੂੰ ਪਾਸੇ ਕਰ ਕੇ ਹੋਈ ਹੈ। ਯੂ.ਪੀ.ਐਸ.ਸੀ. ਵੱਲੋਂ ਭੇਜੇ ਪੈਨਲ ਵਿਚ 1985 ਬੈਚ ਦੇ ਪੁਲਿਸ ਅਧਿਕਾਰੀ ਮੁਹੰਮਦ ਮੁਸਤਫਾ ਤੇ 1986 ਬੈਚ ਦੇ ਅਧਿਕਾਰੀ ਸਿਧਾਰਥ ਚਟੋਪਾਧਿਆਏ ਨੂੰ ਲਾਂਭੇ ਕਰ ਦਿੱਤਾ ਗਿਆ ਸੀ। ਮੁਸਤਫਾ ਡੀ.ਜੀ.ਪੀ. ਦੇ ਅਹੁਦੇ ਲਈ ਸਭ ਤੋਂ ਮਜ਼ਬੂਤ ਦਾਅਵੇਦਾਰ ਮੰਨੇ ਜਾ ਰਹੇ ਸੀ। ਮੁਹੰਮਦ ਮੁਸਤਫਾ ਤੇ ਸਿਧਾਰਥ ਚਟੋਪਾਧਿਆਏ ਦਾ ਕਹਿਣਾ ਹੈ ਕਿ ਬਿਨਾਂ ਸ਼ੱਕ ਡੀ.ਜੀ.ਪੀ. ਦੀ ਨਿਯੁਕਤੀ ਕਿਸੇ ਵੀ ਸੂਬੇ ਦੇ ਮੁੱਖ ਮੰਤਰੀ ਦਾ ਅਧਿਕਾਰ ਖੇਤਰ ਹੈ। ਇਸ ਨੂੰ ਕੋਈ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਪਰ ਯੂ.ਪੀ.ਐਸ.ਸੀ. ਵੱਲੋਂ ਜੇ ਕਿਸੇ ਪੁਲਿਸ ਅਧਿਕਾਰੀ ਨਾਲ ਬਿਨਾਂ ਠੋਸ ਕਾਰਨ ਦੇ ਹੀ ਨਾਇਨਸਾਫੀ ਕੀਤੀ ਜਾਂਦੀ ਹੈ ਤਾਂ ਉਸ ਖਿਲਾਫ ਅਦਾਲਤ ਦਾ ਦਰ ਖੜਕਾਇਆ ਜਾ ਸਕਦਾ ਹੈ।

# ਮੋਦੀ ਦੀ ਜੰਗਬਾਜ਼ ਸਿਆਸਤ ਦੀ ਚੁਫੇਰਿਓਂ ਨੁਕਤਾਚੀਨੀ

(ਸਫਾ ਇਕ ਦੀ ਬਾਕੀ)

ਹਵਾਈ ਫੌਜ ਦੇ ਮੁਖੀ ਏਅਰ ਚੀਫ ਮਾਰਸ਼ਲ ਬੀ.ਐਸ. ਧਨੋਆ ਨੂੰ ਕੀਤਾ ਗਿਆ ਤਾਂ ਉਨ੍ਹਾਂ ਇਹ ਆਖ ਕੇ ਖਹਿੜਾ ਛੁਡਾ ਲਿਆ ਕਿ ਫੌਜ ਦਾ ਕੰਮ ਨਿਸ਼ਾਨਾ ਲਾਉਣਾ ਹੈ, ਲਾਸ਼ਾਂ ਗਿਣਨਾ ਨਹੀਂ। ਇਕ ਤਾਜ਼ਾ ਰਿਪੋਰਟ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਰਤੀ ਫੌਜ ਦੇ ਬੰਬ ਜੰਗਲ ਅਤੇ ਪਹਾੜੀ ਇਲਾਕੇ ਵਿਚ ਡਿੱਗੇ ਸਨ ਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅਜਿਹੇ ਖੁਲਾਸਿਆਂ ਉਤੇ ਮੋਦੀ ਸਰਕਾਰ ਦਾ ਖੂਬ ਮਜ਼ਾਕ ਉਡ ਰਿਹਾ ਹੈ। ਵਿਰੋਧੀ ਧਿਰਾਂ ਟਿੱਚਰਾਂ ਕਰ ਰਹੀਆਂ ਹਨ ਕਿ ਪੁਲਵਾਮਾ ਹਮਲੇ ਦਾ ਬਦਲਾ ਅਤਿਵਾਦੀ ਮਾਰ ਕੇ ਲੈਣ ਸੀ, ਜੰਗਲਾਂ ਤੇ ਪਹਾੜਾਂ ਵਿਚ ਬੰਬ ਸੁੱਟ ਕੇ ਨਹੀਂ। ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੋਦੀ ਨੂੰ ਸਲਾਹ ਦੇ ਦਿੱਤੀ ਕਿ ਪ੍ਰਧਾਨ ਮੰਤਰੀ ਫੌਜ ਦੇ ਮੋਢਿਆਂ ਤੋਂ ਸਿਆਸੀ ਚਾਲਾਂ ਚੱਲਣੀਆਂ ਬੰਦ ਕਰੇ। ਇਕੱਲੇ ਸਿਆਸੀ ਆਗੂ ਹੀ ਨਹੀਂ, ਆਮ ਲੋਕ ਵੀ ਚੋਣਾਂ ਤੋਂ ਪਹਿਲਾਂ ਜੰਗ ਦਾ ਮਾਹੌਲ ਬਣਾਉਣ ਦੀਆਂ ਕੋਸ਼ਿਸ਼ਾਂ ਵਿਚ ਜੁਟੀ ਭਾਜਪਾ ਨੂੰ ਘੇਰ ਰਹੇ ਹਨ। ਹੁਣ ਭਾਜਪਾ ਨੂੰ ਵੀ ਇਸ ਮੁੱਦੇ ਇਕੱਲਪਣ ਦਾ ਅਹਿਸਾਸ ਹੋ ਰਿਹਾ ਹੈ।

ਇਹ ਗੱਲ ਜ਼ਰੂਰ ਹੈ ਕਿ ਭਾਰਤੀ ਮੀਡੀਆ ਖੁੱਲ੍ਹ ਕੇ ਮੋਦੀ ਦੇ ਹੱਕ ਵਿਚ ਭੁਗਤਿਆ। ਭਾਰਤੀ ਦੀ ਪਾਕਿਸਤਾਨ ਉਤੇ ਕਾਰਵਾਈ ਤੋਂ ਲੈ ਕੇ ਇਮਰਾਨ ਖਾਨ ਵਲੋਂ ਭਾਰਤੀ ਪਾਇਲਟ ਦੀ ਸੁਰੱਖਿਅਤ ਵਾਪਸੀ ਯਕੀਨੀ ਬਣਾਉਣ ਨੂੰ ਵੀ ਮੋਦੀ ਦੀ ਜਿੱਤ ਵਜੋਂ ਪ੍ਰਚਾਰਿਆ ਗਿਆ। ਭਾਜਪਾ ਆਗੂਆਂ ਨੂੰ ਟੀ.ਵੀ. ਸਕਰੀਨ ਅੱਗੇ ਬਿਠਾ ਕੇ ਮੋਦੀ ਦੀ 'ਦਲੇਰੀ' ਦੇ ਸੋਹਲੇ ਗਾਏ ਗਏ। ਕੁੱਲ ਮਿਲਾ ਕੇ ਪਾਕਿਸਤਾਨ ਉਤੇ ਮੋਦੀ ਸਰਕਾਰ ਵੱਲੋਂ ਕੀਤੀ ਕਾਰਵਾਈ ਭਾਵੇਂ ਤੈਅ ਰਣਨੀਤੀ ਮੁਤਾਬਕ ਸਿਆਸੀ ਫਾਇਦਾ ਤਾਂ ਨਹੀਂ ਦੇ ਸਕੀ ਪਰ ਦੋਵਾਂ ਦੇਸ਼ਾਂ ਵਿਚ ਅਮਨ-ਸ਼ਾਂਤੀ ਵਾਲੇ ਮਾਹੌਲ ਦੀ ਉਡੀਕ ਵਿਚ ਬੈਠੀ ਆਮ ਜਨਤਾ ਨੂੰ ਵੱਡੀ ਨਿਰਾਸ਼ਾ ਦੇ ਗਈ। ਦੋਵਾਂ ਮੁਲਕਾਂ ਵਿਚਾਲੇ ਵਪਾਰ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਦੋਵੇਂ ਪਾਸੇ ਸੈਂਕੜੇ ਕਾਰੋਬਾਰੀ ਵਿਹਲੇ ਬੈਠ ਗਏ ਹਨ। ਸਰਹੱਦੀ ਇਲਾਕਿਆਂ ਵਿਚ ਦੋਵੇਂ ਪਾਸਿਓਂ ਤੋਂ ਕੀਤੀ ਜਾ ਰਹੀ ਗੋਲਾਬਾਰੀ ਵਿਚ ਨਿੱਤ ਦਿਨ ਜਾਨਾਂ ਜਾ ਰਹੀਆਂ ਹਨ। ਦੋਵੇਂ ਦੇਸ਼ ਆਮ ਨਾਗਰਿਕਾਂ ਦੀ ਮੌਤ ਦੀ ਪੁਸ਼ਟੀ ਕਰ ਰਹੇ ਹਨ। ਅਜਿਹਾ ਮਾਹੌਲ ਉਸ ਸਮੇਂ ਬਣਿਆ ਹੈ ਜਦੋਂ ਕਰਤਾਰਪੁਰ ਸਾਹਿਬ ਲਾਂਘਾ ਦੋਵਾਂ ਦੇਸ਼ਾਂ ਵਿਚਾਲੇ ਅਮਨ-ਸ਼ਾਂਤੀ ਦਾ ਰਾਹ ਬਣ ਰਿਹਾ ਸੀ। ਉਮੀਦ ਕੀਤੀ ਜਾ ਰਹੀ ਸੀ ਕਿ ਇਸ ਲਾਂਘੇ ਦੇ ਸ਼ੁਰੂ ਹੋਣ ਪਿੱਛੋਂ ਦੋਵੇਂ ਮੁਲਕਾਂ ਦੇ ਲੋਕ ਸੌਖੇ ਹੀ ਇਕ-ਦੂਜੇ ਪਾਸੇ ਜਾ ਸਕਣਗੇ ਪਰ ਸਿਆਸੀ ਲਾਹੇ ਲਈ ਘੜੀਆਂ ਜਾ ਰਹੀਆਂ ਰਣਨੀਤੀਆਂ ਇਨ੍ਹਾਂ ਉਮੀਦਾਂ ਉਤੇ ਪਾਣੀ ਫੇਰਨ ਵਿਚ ਕੋਈ ਕਸਰ ਨਹੀਂ ਛੱਡ ਰਹੀਆਂ।

# ਪਾਕਿਸਤਾਨ ਨੇ ਕੱਸਿਆ ਅਤਿਵਾਦੀਆਂ 'ਤੇ ਸ਼ਿਕੰਜਾ

**ਇਸਲਾਮਾਬਾਦ:** ਕੌਮਾਂਤਰੀ ਦਬਾਅ ਮਗਰੋਂ ਪਾਕਿਸਤਾਨ ਨੇ ਕੱਟੜਪੰਥੀ ਜਥੇਬੰਦੀਆਂ ਉਤੇ ਸ਼ਿਕੰਜਾ ਕੱਸ ਦਿੱਤਾ ਹੈ। ਸੁਰੱਖਿਆ ਏਜੰਸੀਆਂ ਨੇ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਦੇ ਭਰਾ ਮੁਫਤੀ ਅਬਦੁਰ ਰੌਫ ਸਣੇ ਪਾਬੰਦੀਸ਼ੁਦਾ ਸੰਗਠਨਾਂ ਦੇ 44 ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪਾਕਿਸਤਾਨ ਸਰਕਾਰ ਨੇ ਇਹ ਕਦਮ ਪੁਲਵਾਮਾ ਹਮਲੇ ਮਗਰੋਂ ਭਾਰਤ ਨਾਲ ਵਧੇ ਤਣਾਅ ਕਰਕੇ ਚੁੱਕਿਆ ਹੈ। ਦੋਵਾਂ ਦੇਸ਼ਾਂ ਵਿਚਾਲੇ ਤਣਾਅ ਕਰਕੇ ਪਾਕਿਸਤਾਨ ਉਪਰ ਅਤਿਵਾਦ ਖਿਲਾਫ ਸ਼ਿਕੰਜਾ ਕੱਸਣ ਲਈ ਕੌਮਾਂਤਰੀ ਦਬਾਅ ਵਧਿਆ ਹੈ। ਪਾਕਿਸਤਾਨ ਨੇ ਭਾਰਤ ਨੂੰ ਭਰੋਸਾ ਦਿੱਤਾ ਸੀ ਕਿ ਸਬੂਤ ਮਿਲਣ ਮਗਰੋਂ ਸਖਤ ਕਾਰਵਾਈ ਕੀਤੀ ਜਾਵੇਗੀ। ਭਾਰਤ ਨੇ ਪੁਲਵਾਮਾ ਹਮਲੇ ਬਾਰੇ ਸਬੂਤ ਵੀ ਸੌਂਪੇ ਸੀ।

# ਕੋਲੀ ਨੂੰ ਮੌਤ ਦੀ ਸਜ਼ਾ

**ਗਾਜ਼ੀਆਬਾਦ:** ਨੋਇਡਾ ਦੇ ਨਿਠਾਰੀ ਪਿੰਡ 'ਚ ਔਰਤਾਂ ਨਾਲ ਜਬਰ ਜਨਾਹ ਤੇ ਹੱਤਿਆ ਦੇ 9 ਮਾਮਲਿਆਂ 'ਚ ਮੌਤ ਦੀ ਸਜ਼ਾ ਪਾ ਚੁੱਕੇ ਸੁਰਿੰਦਰ ਕੋਲੀ ਨੂੰ ਜਬਰ ਜਨਾਹ ਤੇ ਹੱਤਿਆ ਦੇ 10ਵੇਂ ਮਾਮਲੇ 'ਚ ਵੀ ਮੌਤ ਦੀ ਸਜ਼ਾ ਸੁਣਾਈ ਗਈ ਹੈ।

# ਮਾਂ ਨੇ ਡੇਢ ਸਾਲ ਦੀ ਧੀ ਮਾਰੀ

**ਲੁਧਿਆਣਾ:** ਸਥਾਨਕ ਜੀਵਨ ਨਗਰ ਇਲਾਕੇ ਵਿਚ ਇਕ ਮਾਂ ਨੇ ਆਪਣੀ ਡੇਢ ਸਾਲ ਦੀ ਧੀ ਨੂੰ ਮੂੰਹ 'ਤੇ ਸਿਰਹਾਣਾ ਰੱਖ ਕੇ ਮਾਰ ਦਿੱਤਾ ਹੈ। ਪੁਲਿਸ ਨੇ ਮ੍ਰਿਤਕ ਬੱਚੀ ਖੁਸ਼ੀ ਦੇ ਪਿਤਾ ਗੁੱਡੂ ਦੀ ਸ਼ਿਕਾਇਤ 'ਤੇ ਉਸ ਦੀ ਮਾਂ ਸੁਨੀਤਾ ਰਾਣੀ ਖਿਲਾਫ ਕਤਲ ਦਾ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਜਾਣਕਾਰੀ ਅਨੁਸਾਰ ਮੁਲਜ਼ਮ ਔਰਤ ਨੇ ਸਵੇਰੇ ਡਰਾਮਾ ਕੀਤਾ ਕਿ ਬੱਚੀ ਉਠ ਨਹੀਂ ਰਹੀ। ਇਸ 'ਤੇ ਪਰਿਵਾਰ ਵਾਲੇ ਬੱਚੀ ਨੂੰ ਹਸਪਤਾਲ ਲੈ ਗਏ। ਉਥੇ ਉਸ ਨੇ ਖੁਦ ਹੀ ਮੰਨ ਲਿਆ ਕਿ ਉਸ ਨੇ ਬੱਚੀ ਨੂੰ ਰਾਤ ਵੇਲੇ ਮੂੰਹ 'ਤੇ ਸਿਰਹਾਣਾ ਰੱਖ ਕੇ ਸਾਹ ਘੁੱਟ ਕੇ ਮਾਰ ਦਿੱਤਾ ਸੀ। ਇਸ ਤੋਂ ਬਾਅਦ ਪਰਿਵਾਰ ਵਾਲਿਆਂ ਨੇ ਇਸ ਦੀ ਸ਼ਿਕਾਇਤ ਪੁਲਿਸ ਨੂੰ ਦਿੱਤੀ। ਜਾਂਚ ਵਿਚ ਸਾਹਮਣੇ ਆਇਆ ਕਿ ਸੁਨੀਤਾ ਦਾ ਆਪਣੇ ਪਤੀ ਨਾਲ ਝਗੜਾ ਚੱਲਦਾ ਸੀ। ਉਸ ਨੇ ਆਪਣੇ ਪਤੀ ਨੂੰ ਸਬਕ ਸਿਖਾਉਣ ਦੇ ਮਕਸਦ ਨਾਲ ਬੱਚੀ ਦਾ ਕਤਲ ਕਰਕੇ ਦੋਸ਼ ਆਪਣੇ ਪਤੀ ਸਿਰ ਪਾਉਣ ਦੀ ਯੋਜਨਾ ਬਣਾਈ ਸੀ। ਉਸ ਨੇ ਸਭ ਦੇ ਸਾਹਮਣੇ ਮੰਨ ਲਿਆ ਕਿ ਪਤੀ ਤੋਂ ਬਦਲਾ ਲੈਣ ਲਈ ਉਸ ਨੇ ਆਪਣੀ ਬੇਕਸੂਰ ਬੱਚੀ ਨੂੰ ਮਾਰ ਦਿੱਤਾ ਹੈ।

# ਵਿਵਾਦਾਂ 'ਚ ਘਿਰੇ ਤਖਤ ਪਟਨਾ ਸਾਹਿਬ ਦੇ ਜਥੇਦਾਰ ਦੀ ਛੁੱਟੀ


(ਸਫਾ ਇਕ ਦੀ ਬਾਕੀ)

ਦੇ ਜਨਰਲ ਸਕੱਤਰ ਨੇ ਅਸਤੀਫੇ ਨੂੰ ਪ੍ਰਵਾਨ ਨਹੀਂ ਕੀਤਾ ਹੈ ਅਤੇ ਪਟਨਾ ਸਾਹਿਬ ਦੀ ਸੰਗਤ ਨੇ ਇਕੱਠੇ ਹੋ ਕੇ ਮੁੜ ਤਖਤ ਦਾ ਕੰਮਕਾਜ ਸੌਂਪ ਦਿੱਤਾ ਹੈ।

ਇਸ ਤੋਂ ਪਹਿਲਾਂ ਗਿਆਨੀ ਇਕਬਾਲ ਸਿੰਘ ਵਲੋਂ ਭੇਜੇ ਆਪਣੇ ਅਸਤੀਫੇ ਵਿਚ ਕਿਹਾ ਗਿਆ ਸੀ ਕਿ ਕੁਝ ਧਾਰਮਿਕ ਅਤੇ ਰਾਜਨੀਤਕ ਲੋਕ ਉਨ੍ਹਾਂ ਖਿਲਾਫ ਸਾਜ਼ਿਸ਼ਾਂ ਘੜ ਕੇ ਬੇਬੁਨਿਆਦ ਦੋਸ਼ ਲਗਾ ਰਹੇ ਹਨ ਜਿਸ ਨਾਲ ਤਖਤ ਦੀ ਮਾਣ ਮਰਿਆਦਾ ਅਤੇ ਮਾਣ ਸਨਮਾਨ ਨੂੰ ਵੀ ਢਾਹ ਲੱਗ ਰਹੀ ਹੈ। ਉਨ੍ਹਾਂ ਕਿਹਾ ਕਿ ਗੁੰਮਰਾਹਕੁਨ ਪ੍ਰਚਾਰ ਕਰਕੇ ਸੰਗਤ ਨੂੰ ਵੀ ਗੁੰਮਰਾਹ ਕੀਤਾ ਜਾ ਰਿਹਾ ਹੈ। ਯਾਦ ਰਹੇ ਕਿ ਗਿਆਨੀ ਇਕਬਾਲ ਸਿੰਘ ਕਈ ਵਿਵਾਦਾਂ ਵਿਚ ਘਿਰੇ ਹੋਏ ਸਨ। ਉਨ੍ਹਾਂ ਉਪਰ ਦੋ ਵਿਆਹ ਕਰਵਾਉਣ, ਦੂਜੀ ਪਤਨੀ ਨੂੰ ਤੰਗ ਕਰਨ ਅਤੇ ਉਨ੍ਹਾਂ ਦੇ ਬੇਟੇ ਵਲੋਂ ਸਿਗਰਟਨੋਸ਼ੀ ਕਰਨ ਦੇ ਇਲਜ਼ਾਮ ਸਨ। ਉਨ੍ਹਾਂ ਦੀਆਂ ਕਈ ਸ਼ਿਕਾਇਤਾਂ ਸ੍ਰੀ ਅਕਾਲ ਤਖਤ ਸਾਹਿਬ ਕੋਲ ਪਹੁੰਚੀਆਂ ਸਨ। ਇਸ ਮਗਰੋਂ ਇਹ ਕਾਰਵਾਈ ਕੀਤੀ ਗਈ ਹੈ।

# 'ਮਿੱਤਰਾਂ ਦਾ ਨਾਂ ਚੱਲਦੈ' ਵਾਲੇ ਪਰਗਟ ਸਿੰਘ ਨਹੀਂ ਰਹੇ

**ਚੰਡੀਗੜ੍ਹ:** ਸਾਫ ਸੁਥਰੀ ਗਾਇਕੀ ਤੇ ਪਰਿਵਾਰਕ ਗੀਤਾਂ ਦੇ ਰਚੇਤਾ ਪਰਗਟ ਸਿੰਘ ਲਿੱਦੜਾਂ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ।



ਪਰਗਟ ਸਿੰਘ ਦੀ ਬੇਵਕਤੀ ਮੌਤ ਨਾਲ ਮਿਆਰੀ ਗਾਇਕੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪਰਗਟ ਸਿੰਘ ਨੇ 'ਮਿੱਤਰਾਂ ਦਾ ਨਾਂ ਚੱਲਦੈ', 'ਇਕ ਚੰਨ੍ਹ ਦੇ ਵਾਪਸ ਆਉਣ ਦੀ ਉਡੀਕ ਕਰਾਂਗਾ ਮੈਂ', 'ਕੋਲੋਂ ਲੰਘਦੀ ਪੰਜੇਬਾਂ ਛਣਕਾਵੇਂ ਜਾਣ ਕੇ', 'ਇਸ ਨਿਰਮੋਹੀ ਨਗਰੀ ਦਾ ਮਾਏਂ ਮੋਹ ਨਹੀਂ ਆਉਂਦਾ' ਤੋਂ ਇਲਾਵਾ ਹੋਰ ਸੈਂਕੜੇ ਪਰਿਵਾਰਕ ਗੀਤ ਸਰੋਤਿਆਂ ਦੀ ਝੋਲੀ ਪਾਏ। ਪਰਗਟ ਸਿੰਘ ਲਿੱਦੜਾਂ ਪੰਜਾਬੀ ਗੀਤਕਾਰੀ 'ਚ ਸਿਖਰਲੇ ਗੀਤਕਾਰਾਂ ਦੀ ਕਤਾਰ 'ਚ ਬਿਰਾਜਮਾਨ ਸਨ। ਉਨ੍ਹਾਂ ਦੀ ਬੇਵਕਤੀ ਮੌਤ ਨਾਲ ਪੰਜਾਬੀ ਗੀਤਕਾਰੀ 'ਚ ਪਰਗਟ ਸਿੰਘ ਦੀ ਕਮੀ ਹਮੇਸ਼ਾ ਖਟਕਦੀ ਰਹੇਗੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਪਾਕਿਸਤਾਨ ਨੇ ਬਿਨਾ ਸ਼ਰਤ ਰਿਹਾ ਕੀਤਾ ਭਾਰਤੀ ਪਾਇਲਟ

**ਅਟਾਰੀ:** ਭਾਰਤੀ ਹਵਾਈ ਫੌਜ ਦੇ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਅਟਾਰੀ ਸਰਹੱਦ ਰਸਤੇ ਵਤਨ ਪਰਤ ਆਏ ਜਿਥੇ ਉਨ੍ਹਾਂ ਨੂੰ ਹਵਾਈ ਫੌਜ ਦੇ ਉੱਚ ਅਧਿਕਾਰੀਆਂ ਨੇ ਜੀ ਆਇਆਂ



ਆਖਿਆ। ਇਸ ਦੌਰਾਨ ਵਿੰਗ ਕਮਾਂਡਰ ਅਭਿਨੰਦਨ ਨੇ ਸਿਰਫ ਇੰਨਾ ਹੀ ਆਖਿਆ ਕਿ ਉਹ ਆਪਣੇ ਦੇਸ਼ ਪਹੁੰਚ ਕੇ ਬਹੁਤ ਖੁਸ਼ ਹਨ। ਉਨ੍ਹਾਂ ਨੂੰ ਤੁਰਤ ਹਵਾਈ ਫੌਜ ਦੇ ਉੱਚ ਅਧਿਕਾਰੀ ਹਵਾਈ ਅੱਡੇ ਲੈ ਗਏ ਜਿਥੋਂ ਉਨ੍ਹਾਂ ਨੂੰ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਦਿੱਲੀ ਲਿਜਾਇਆ ਗਿਆ। ਪਾਲਮ ਹਵਾਈ ਅੱਡੇ 'ਤੇ ਉਨ੍ਹਾਂ ਦਾ ਭਰਵਾਂ ਸਵਾਗਤ ਹੋਇਆ। ਇਥੋਂ ਉਨ੍ਹਾਂ ਦਾ ਮੈਡੀਕਲ ਜਾਂਚ ਲਈ ਆਰ ਆਰ ਹਸਪਤਾਲ ਲਿਜਾਇਆ ਗਿਆ।

ਭਾਰਤੀ ਹਵਾਈ ਫੌਜ ਦੇ ਏਅਰ ਵਾਈਸ ਚੀਫ ਮਾਰਸ਼ਲ ਰਵੀ ਕਪੂਰ ਨੇ ਅਟਾਰੀ ਸਰਹੱਦ 'ਤੇ ਸੰਖੇਪ ਗੱਲਬਾਤ ਵਿਚ ਕਿਹਾ ਕਿ ਤਿੰਨ ਦਿਨ ਪਾਕਿਸਤਾਨ ਦੀ ਹਿਰਾਸਤ ਵਿਚ ਰਹਿਣ ਕਰਕੇ ਵਰਤਮਾਨ 'ਤੇ ਕਾਫੀ ਦਬਾਅ ਹੋ ਸਕਦਾ ਹੈ। ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਵਿੰਗ ਕਮਾਂਡਰ ਅਭਿਨੰਦਨ ਠੀਕ-ਠਾਕ ਹਨ। ਉਸ ਦੇ ਦੇਰ ਨਾਲ ਪੁੱਜਣ ਬਾਰੇ ਉਹ ਕੋਈ ਠੋਸ ਕਾਰਨ ਨਹੀਂ ਦੱਸ ਸਕੇ ਅਤੇ ਸਿਰਫ ਇੰਨਾ ਹੀ ਆਖਿਆ ਕਿ ਇਸਲਾਮਾਬਾਦ ਤੋਂ ਅਟਾਰੀ ਸਰਹੱਦ ਤੱਕ ਦੀ ਲੰਮੀ ਦੂਰੀ ਸੀ।

ਇਸ ਤੋਂ ਪਹਿਲਾਂ ਵਿੰਗ ਕਮਾਂਡਰ ਅਭਿਨੰਦਨ ਦੀ ਆਮਦ ਨੂੰ ਦੇਖਦਿਆਂ ਇਥੇ ਅਟਾਰੀ ਸਰਹੱਦ 'ਤੇ ਝੰਡਾ ਲਾਹੁਣ ਦੀ ਰਸਮ ਵੇਲੇ ਯਾਤਰੂਆਂ ਨੂੰ ਜਾਣ ਤੋਂ ਰੋਕ ਦਿੱਤਾ ਗਿਆ ਸੀ ਅਤੇ ਸਾਦੇ ਢੰਗ ਨਾਲ ਹੀ ਝੰਡਾ ਲਾਹੁਣ ਦੀ ਰਸਮ ਪੂਰੀ ਕੀਤੀ ਗਈ। ਉਮੀਦ ਸੀ ਕਿ ਅਭਿਨੰਦਨ ਝੰਡਾ ਲਾਹੁਣ ਦੀ ਰਸਮ ਸਮੇਂ ਸਰਹੱਦ 'ਤੇ ਪੁੱਜ ਸਕਦਾ ਹੈ ਪਰ ਉਸ ਦੇ ਆਉਣ ਵਿਚ ਨਿਰੰਤਰ ਦੇਰ ਹੋਈ। ਪ੍ਰਸ਼ਾਸਨ ਵੱਲੋਂ ਉਸ ਦੇ ਆਉਣ ਬਾਰੇ ਪਹਿਲਾਂ ਪੰਜ ਵਜੇ ਦਾ ਸਮਾਂ ਦਿੱਤਾ ਗਿਆ ਸੀ। ਮਗਰੋਂ ਸੱਤ ਵਜੇ ਅਤੇ ਫਿਰ ਰਾਤ 9 ਵਜੇ ਦਾ ਸਮਾਂ ਦਿੱਤਾ ਗਿਆ।

ਲੋਕ ਉਸ ਦੀ ਆਮਦ ਨੂੰ ਲੈ ਕੇ ਭੰਗੜਾ ਪਾ ਰਹੇ ਸਨ ਅਤੇ ਉਸ ਦੇ ਹੱਕ ਵਿਚ ਨਾਅਰੇ ਵੀ ਲਾਉਂਦੇ ਰਹੇ। ਦੂਰ ਦੁਰਾਡੇ ਤੋਂ ਪੁੱਜੇ ਇਹ ਲੋਕ 'ਵੰਦੇ ਮਾਤਰਮ', 'ਭਾਰਤ ਮਾਤਾ ਕੀ ਜੈ', 'ਅਭਿਨੰਦਨ ਕਾ ਅਭਿਨੰਦਨ' ਜਿਹੇ ਨਾਅਰੇ ਲਾ ਰਹੇ ਸਨ। ਢੋਲ ਦੀ ਥਾਪ 'ਤੇ 'ਮੇਰੇ ਦੇਸ਼ ਕੀ ਧਰਤੀ ਸੋਨਾ ਉਗਲੇ' ਜਿਹੇ ਦੇਸ਼ ਭਗਤੀ ਦੇ ਗਾਣੇ ਵੀ ਗਾਏ ਜਾ ਰਹੇ ਸਨ। ਲੋਕ ਸਵੇਰ ਤੋਂ ਉਡੀਕ ਕਰ ਰਹੇ ਸਨ ਪਰ ਉਸ ਦੀ ਵਾਪਸੀ ਲੇਟ ਹੋਣ ਕਾਰਨ ਲੋਕ ਨਿਰਾਸ਼ ਪਰਤ ਗਏ। ਇਸ ਦੌਰਾਨ ਸ਼ਾਮ ਨੂੰ ਇਥੇ ਝੰਡਾ ਲਾਹੁਣ ਦੀ ਨਿੱਤ ਹੁੰਦੀ ਰਸਮ ਨਹੀਂ ਹੋ ਸਕੀ। ਇਸ ਤੋਂ ਪਹਿਲਾਂ 1965 ਅਤੇ 1971 ਦੀ ਹਿੰਦ ਪਾਕਿ ਲੜਾਈ ਅਤੇ ਫਿਰ 1999 'ਚ ਕਾਰਗਿਲ ਜੰਗ ਵੇਲੇ ਝੰਡਾ ਉਤਾਰਨ ਦੀ ਰਸਮ ਨਹੀਂ ਹੋਈ ਸੀ। ਇਸ ਤੋਂ ਇਲਾਵਾ 2014 ਵਿਚ ਜਦੋਂ ਸਰਹੱਦ 'ਤੇ ਪਾਰਲੇ ਪਾਸੇ ਵਾਹਗਾ ਦਰਸ਼ਕ ਗੈਲਰੀ ਦੀ ਪਾਰਕਿੰਗ ਵਿਚ ਬੰਬ ਧਮਾਕੇ ਅਤੇ



2016 ਵਿਚ ਹੋਈ 'ਸਰਜੀਕਲ ਸਟਰਾਈਕ' ਮਗਰੋਂ ਵੀ ਰੀਟਰੀਟ ਰਸਮ ਬੰਦ ਹੋਈ ਸੀ। ਗੁਜਰਾਤ ਤੋਂ ਆਏ ਨੌਜਵਾਨ ਚਿਰਾਗ ਨੇ ਕਿਹਾ ਕਿ ਭਾਵੇਂ ਕਿ ਝੰਡਾ ਉਤਾਰਨ ਦੀ ਰਸਮ ਨਾ ਦੇਖਣ ਦਾ ਉਨ੍ਹਾਂ ਨੂੰ ਦੁਖ ਹੈ ਪਰ ਉਹ ਖੁਸ਼ ਹਨ ਕਿ ਜਦੋਂ ਅਭਿਨੰਦਨ ਮੁਲਕ ਪਰਤਿਆ ਤਾਂ ਉਹ ਇਸ ਮੌਕੇ ਦਾ ਗਵਾਹ ਬਣੇ।

ਗੁਜਰਾਤ ਤੋਂ ਆਈ ਔਰਤ ਨੀਤੀ ਨੇ ਕਿਹਾ ਕਿ ਉਸ ਨੂੰ ਭਾਰਤੀ ਹਵਾਈ ਫੌਜ ਦੇ ਵਿੰਗ ਕਮਾਂਡਰ ਅਭਿਨੰਦਨ ਨੂੰ ਸਵਾਗਤ ਕਰਨ ਦੀ ਜ਼ਿਆਦਾ ਖੁਸ਼ੀ ਹੈ। ਉਂਜ ਰੀਟਰੀਟ ਰਸਮ ਨਾ ਵੇਖਣ ਦਾ ਉਸ ਨੂੰ ਮਲਾਲ ਵੀ ਹੈ।

ਜਿਕਰਯੋਗ ਹੈ ਕਿ ਅਭਿਨੰਦਨ ਉਸ ਵੇਲੇ ਪਾਕਿਸਤਾਨੀ ਮਕਬੂਜ਼ਾ ਕਸ਼ਮੀਰ ਦੇ ਇਲਾਕੇ ਵਿਚ ਪੁੱਜ ਗਿਆ ਸੀ ਜਦੋਂ ਉਹ ਭਾਰਤੀ ਸਰਹੱਦ ਵਿਚ ਦਾਖਲ ਹੋਏ ਪਾਕਿਸਤਾਨੀ ਹਵਾਈ ਫੌਜ ਦੇ ਲੜਾਕੂ ਜਹਾਜ਼ਾਂ ਨੂੰ ਭਾਰਤੀ ਸਰਹੱਦ ਵਿਚੋਂ ਭਜਾਉਣ ਲਈ ਉਨ੍ਹਾਂ ਦਾ ਮਿੱਗ 21 ਰਾਹੀਂ ਪਿੱਛਾ ਕਰ ਰਿਹਾ ਸੀ। ਇਸ ਕਾਰਵਾਈ ਦੌਰਾਨ ਉਸ ਦਾ ਆਪਣਾ ਜਹਾਜ਼ ਨੁਕਸਾਨਿਆ ਗਿਆ ਸੀ ਅਤੇ ਉਹ ਪੈਰਾਸ਼ੂਟ ਰਾਹੀਂ ਮਕਬੂਜ਼ਾ ਕਸ਼ਮੀਰ ਦੇ ਇਲਾਕੇ ਵਿਚ ਜਾ ਉਤਰਿਆ ਸੀ ਜਿਥੇ ਉਸ ਨੂੰ ਪਾਕਿਸਤਾਨੀ ਫੌਜ ਨੇ ਗ੍ਰਿਫਤਾਰ ਕਰ ਲਿਆ ਸੀ।

## ਸੰਯੁਕਤ ਰਾਸ਼ਟਰ ਵੱਲੋਂ ਸਵਾਗਤ

**ਸੰਯੁਕਤ ਰਾਸ਼ਟਰ:** ਪਾਕਿਸਤਾਨ ਵੱਲੋਂ ਭਾਰਤੀ ਪਾਇਲਟ ਨੂੰ ਰਿਹਾਅ ਕਰਨ ਦੇ ਐਲਾਨ ਦਾ ਸੰਯੁਕਤ ਰਾਸ਼ਟਰ ਵੱਲੋਂ ਸਵਾਗਤ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਮੁਖੀ ਐਂਟੋਨੀਓ ਗੁਟਰੇਸ ਦੇ ਬੁਲਾਰੇ ਨੇ ਪਾਕਿਸਤਾਨ ਦੇ ਇਸ ਕਦਮ ਦਾ ਸਵਾਗਤ ਕਰਦੇ ਹੋਏ ਭਾਰਤ ਅਤੇ ਪਾਕਿਸਤਾਨ ਨੂੰ ਤਣਾਅ ਘਟਾਉਣ ਦਾ ਸੰਦੇਸ਼ ਦਿੱਤਾ ਹੈ।

## ਜੰਗ ਕਿਸੇ ਮਸਲੇ ਦਾ ਹੱਲ ਨਹੀਂ: ਇਮਰਾਨ ਖਾਨ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਇਹ ਸਭ ਸ਼ਾਂਤੀ ਲਈ ਕਰ ਰਿਹਾ ਹੈ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਜੰਗ ਕੋਈ ਹੱਲ ਨਹੀਂ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਭਾਰਤ ਨੇ ਅੱਗੇ ਹੋਰ ਹਮਲਾ ਕੀਤਾ ਤਾਂ ਪਾਕਿਸਤਾਨ ਜਵਾਬ ਦੇਣ ਲਈ ਮਜਬੂਰ ਹੋਵੇਗਾ ਅਤੇ ਉਨ੍ਹਾਂ ਨੇ ਭਾਰਤੀ ਆਗੂਆਂ ਨੂੰ ਅਪੀਲ ਕੀਤੀ ਕਿ ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਚਿਤਾਵਨੀ ਦਿੰਦਿਆਂ ਕਿ ਭਾਰਤ ਵੱਲੋਂ ਕਿਸੇ ਵੀ ਗਲਤ ਅਨੁਮਾਨ ਦਾ ਨਤੀਜਾ ਤਬਾਹੀ ਹੋਵੇਗਾ, ਉਨ੍ਹਾਂ ਕਿਹਾ ਕਿ ਗਲਤ ਅਨੁਮਾਨ ਕਾਰਨ ਦੇਸ਼ ਤਬਾਹ ਹੋ ਜਾਂਦੇ ਹਨ। ਇਮਰਾਨ ਖਾਨ ਨੇ ਕਿਹਾ ਕਿ ਪਾਕਿਸਤਾਨ ਅਤਿਵਾਦ ਸਮੇਤ ਸਾਰੇ ਮੁੱਦਿਆਂ 'ਤੇ ਭਾਰਤ ਨਾਲ ਗੱਲਬਾਤ ਕਰਨ ਲਈ ਤਿਆਰ ਹੈ, ਉਨ੍ਹਾਂ ਕਿਹਾ ਕਿ ਖੇਤਰ 'ਚ ਸ਼ਾਂਤੀ ਅਤੇ ਸਥਿਰਤਾ ਲਈ ਗੱਲਬਾਤ ਹੀ ਇਕੋ-ਇਕ ਰਸਤਾ ਹੈ।

## ਪਾਕਿਸਤਾਨ ਵੱਲੋਂ ਅਭਿਨੰਦਨ 'ਜੰਗੀ ਕੈਦੀ' ਕਰਾਰ

**ਇਸਲਾਮਾਬਾਦ:** ਪਾਕਿਸਤਾਨ ਦੇ ਵਿਦੇਸ਼ ਦਫਤਰ ਨੇ ਐਲਾਨ ਕੀਤਾ ਕਿ ਉਨ੍ਹਾਂ ਭਾਰਤੀ ਹਵਾਈ ਫੌਜ ਦੇ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਨੂੰ ਭਾਰਤ ਹਵਾਲੇ ਕਰ ਦਿੱਤਾ ਗਿਆ ਹੈ, ਪਰ ਉਨ੍ਹਾਂ ਅਭਿਨੰਦਨ ਨੂੰ 'ਜੰਗੀ ਕੈਦੀ' ਕਰਾਰ ਦਿੱਤਾ। ਵਾਹਗਾ-ਅਟਾਰੀ ਸਰਹੱਦ 'ਤੇ ਪਾਇਲਟ ਦੇ ਭਾਰਤ ਪਰਤਣ ਦੇ ਕੁਝ ਮਿੰਟਾਂ ਮਗਰੋਂ ਜਾਰੀ ਬਿਆਨ 'ਚ ਵਿਦੇਸ਼ ਦਫਤਰ ਨੇ ਕਿਹਾ ਕਿ ਅਭਿਨੰਦਨ ਦਾ ਹਿਰਾਸਤ 'ਚ ਕੌਮਾਂਤਰੀ ਕਾਨੂੰਨਾਂ ਅਨੁਸਾਰ ਪੂਰੀ ਮਰਿਆਦਾ ਨਾਲ ਵਿਵਹਾਰ ਕੀਤਾ ਗਿਆ ਅਤੇ ਹੁਣ ਉਹ ਭਾਰਤ ਪਹੁੰਚ ਚੁੱਕਾ ਹੈ।

# ਲਾਸ਼ਾਂ ਗਿਣਨਾ ਸਾਡਾ ਕੰਮ ਨਹੀਂ: ਧਨੋਆ

**ਕੋਇੰਬਟੂਰ:** ਬਾਲਾਕੋਟ ਹਵਾਈ ਹਮਲਿਆਂ ਵਿੱਚ ਮਾਰੇ ਗਏ ਜੈਸ਼ ਦਹਿਸ਼ਤਗਰਦਾਂ ਦੀ ਗਿਣਤੀ ਨੂੰ ਲੈ ਕੇ ਜਾਰੀ ਬਹਿਸ ਦਰਮਿਆਨ ਭਾਰਤੀ ਹਵਾਈ ਫ਼ੌਜ ਦੇ ਮੁਖੀ ਬੀ.ਐਸ. ਧਨੋਆ ਨੇ ਕਿਹਾ ਕਿ ਸਾਡਾ ਕੰਮ ਮਾਰਨ ਦਾ ਹੈ, ਲਾਸ਼ਾਂ ਗਿਣਨ ਦਾ ਨਹੀਂ। ਉਨ੍ਹਾਂ ਕਿਹਾ ਕਿ ਮਾਰੇ ਗਏ ਦਹਿਸ਼ਤਗਰਦਾਂ ਦੀ ਤਫ਼ਸੀਲ ਮੁਹੱਈਆ ਕਰਵਾਉਣਾ ਸਰਕਾਰ ਦਾ ਕੰਮ ਹੈ। ਹਵਾਈ ਫੌਜ ਇਨ੍ਹਾਂ ਹਮਲਿਆਂ ਨੂੰ ਮਹਿਜ਼ ਨਿਸ਼ਾਨਾ ਫੁੰਡਣ ਜਾਂ ਫੁੰਡਣ ਵਿੱਚ ਨਾਕਾਮ ਰਹਿਣ ਦੀ ਨਜ਼ਰ ਨਾਲ ਵੇਖਦੀ ਹੈ। ਉਨ੍ਹਾਂ ਕਿਹਾ ਕਿ ਅਭਿਨੰਦਨ ਦੀ ਫਿੱਟਨੈਸ ਸਬੰਧੀ ਕੋਈ ਜੋਖ਼ਮ ਨਹੀਂ ਲਿਆ ਜਾ ਸਕਦਾ ਤੇ ਪੂਰੀ ਤਰ੍ਹਾਂ ਫ਼ਿਟ ਹੋਣ ਮਗਰੋਂ ਹੀ ਉਸ ਦੀ ਏਅਰ ਫੋਰਸ 'ਚ ਵਾਪਸੀ ਹੋਵੇਗੀ।



ਹਵਾਈ ਹਮਲਿਆਂ ਮਗਰੋਂ ਪਹਿਲੀ ਵਾਰ ਮੀਡੀਆ ਦੇ ਰੂਬਰੂ ਹੁੰਦਿਆਂ ਸ. ਧਨੋਆ ਨੇ ਕਿਹਾ ਕਿ ਅਸੀਂ ਜੰਗ ਵਿੱਚ ਮਾਰਦੇ ਹਾਂ, ਲਾਸ਼ਾਂ ਦੀ ਗਿਣਤੀ ਨਹੀਂ ਕਰਦੇ। ਅਸੀਂ ਫੁੰਡੇ ਗਏ ਜਾਂ ਫੁੰਡਣ ਤੋਂ ਰਹਿ ਗਏ ਨਿਸ਼ਾਨਿਆਂ ਦੀ ਹੀ ਗਿਣਤੀ ਕਰਦੇ ਹਾਂ। ਬਾਲਾਕੋਟ ਹਮਲਿਆਂ ਦੀ ਗੱਲ ਕਰਦਿਆਂ ਧਨੋਆ ਨੇ ਕਿਹਾ ਕਿ ਹਵਾਈ ਫੌਜ ਇਸ ਵੇਲੇ ਇਹ ਦੱਸਣ ਦੀ ਹਾਲਤ ਵਿੱਚ ਨਹੀਂ ਹੈ ਕਿ ਜੈਸ਼ ਦੇ ਦਹਿਸ਼ਤੀ ਕੈਂਪ 'ਤੇ ਹਮਲੇ ਮੌਕੇ ਅੰਦਰ ਕਿੰਨੇ ਲੋਕ ਮੌਜੂਦ ਸਨ। ਕਿਸੇ ਵੀ ਮਿਸ਼ਨ ਮਗਰੋਂ ਬੰਬ ਨਾਲ ਹੋਏ ਨੁਕਸਾਨ ਦਾ ਮੁਲਾਂਕਣ ਕੀਤੇ ਜਾਣ ਮੌਕੇ ਸਿਰਫ਼ ਇਹੀ ਹਿਸਾਬ ਲਾਇਆ ਜਾਂਦਾ ਹੈ ਕਿ ਨਿਸ਼ਾਨਾ ਫੁੰਡਿਆ ਗਿਆ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਅਸੀਂ ਇਹ ਗਿਣਤੀ ਨਹੀਂ ਕਰ ਸਕਦੇ ਕਿ ਕਿੰਨੇ ਲੋਕ ਮਾਰੇ ਗਏ ਹਨ। ਇਹ ਇਸ ਗੱਲ 'ਤੇ ਮੁਨੱਸਰ ਕਰਦਾ ਹੈ ਕਿ ਉਥੇ (ਕੈਂਪ ਵਿੱਚ) ਕਿੰਨੇ ਲੋਕ ਮੌਜੂਦ ਸਨ। ਸ. ਧਨੋਆ ਨੇ ਸਾਫ਼ ਕਰ ਦਿੱਤਾ ਕਿ ਹਮਲੇ ਵਿਚ ਮਾਰੇ ਗਏ ਦਹਿਸ਼ਤਗਰਦਾਂ ਦੀ ਗਿਣਤੀ ਬਾਰੇ ਬਿਆਨ ਸਰਕਾਰ ਵੱਲੋਂ ਜਾਰੀ ਕੀਤਾ ਜਾਵੇਗਾ।

ਬਾਲਾਕੋਟ ਵਿੱਚ ਸੁੱਟੇ ਗਏ ਬੰਬ ਨਿਸ਼ਾਨੇ ਤੋਂ ਖੁੰਝਣ ਸਬੰਧੀ ਰਿਪੋਰਟਾਂ ਬਾਰੇ ਪੁੱਛੇ ਜਾਣ 'ਤੇ ਧਨੋਆ ਨੇ ਕਿਹਾ ਕਿ ਸਾਡੀਆਂ ਰਿਪੋਰਟਾਂ ਤਾਂ ਕੁਝ ਹੋਰ ਕਹਾਣੀ ਬਿਆਨ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਵਿਦੇਸ਼ ਸਕੱਤਰ ਨੇ ਜਿਵੇਂ ਆਪਣੇ ਬਿਆਨ ਵਿੱਚ ਕਿਹਾ ਸੀ ਕਿ ਨਿਸ਼ਾਨਾ ਫੁੰਡਿਆ ਗਿਆ ਹੈ, ਅਸੀਂ ਉਸ 'ਤੇ ਕਾਇਮ ਹਾਂ ਅਤੇ ਜੇਕਰ ਨਿਸ਼ਾਨੇ ਨਾ ਫੁੰਡੇ ਜਾਂਦੇ ਤਾਂ ਪਾਕਿਸਤਾਨ ਨੂੰ ਜਵਾਬੀ ਕਾਰਵਾਈ ਕਰਨ ਦੀ ਕੀ ਲੋੜ ਸੀ।

ਪਾਕਿਸਤਾਨ ਵੱਲੋਂ ਪਿਛਲੇ ਹਫ਼ਤੇ ਭਾਰਤ ਖ਼ਿਲਾਫ਼ ਵਿਖਾਏ ਹਮਲਾਵਰ ਰੁਖ਼ ਦੌਰਾਨ ਐਫ16 ਲੜਾਕੂ ਜਹਾਜ਼ ਵਰਤੇ ਜਾਣ ਦੀ ਗੱਲ ਕਰਦਿਆਂ ਸ. ਧਨੋਆ ਨੇ ਕਿਹਾ ਕਿ ਪਾਕਿਸਤਾਨ ਨੇ ਅਜਿਹਾ ਕਰਕੇ ਅਮਰੀਕਾ ਨਾਲ ਹੋਏ ਕਰਾਰ ਦੀ ਉਲੰਘਣਾ ਕੀਤੀ ਹੈ। ਭਾਰਤ ਕੋਲ ਅਮਰਾਮ ਮਿਜ਼ਾਈਲ ਦੇ ਟੁਕੜਿਆਂ ਦੇ ਰੂਪ ਵਿਚ ਇਸ ਬਾਬਤ ਸਬੂਤ ਮੌਜੂਦ ਹੈ। ਹਵਾਈ ਟਕਰਾਅ ਦੌਰਾਨ ਪਾਕਿਸਤਾਨ ਦੇ ਆਧੁਨਿਕ ਹਥਿਆਰਾਂ ਨਾਲ ਲੈਸ ਐਫ਼ 16 ਨਾਲ ਮਿੱਗ 21 ਬਾਇਸਨ ਨੂੰ ਭੇੜਨ ਬਾਰੇ ਪੁੱਛਣ 'ਤੇ ਧਨੋਆ ਨੇ ਕਿਹਾ ਕਿ ਜਦੋਂ ਕਦੇ ਵੀ ਦੁਸ਼ਮਣ ਹਮਲਾ ਕਰਦਾ ਹੈ, ਉਦੋਂ ਹਰ ਜਹਾਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਮਿੱਗ 21 ਬਾਇਸਨ ਪੂਰੀ ਤਰ੍ਹਾਂ ਸਮਰੱਥ ਹੈ। ਇਸ ਨੂੰ ਅੱਪਗ੍ਰੇਡ ਕਰਕੇ ਇਸ ਵਿੱਚ ਬਿਹਤਰ ਹਥਿਆਰ, ਰਾਡਾਰ, ਹਵਾ ਤੋਂ ਹਵਾ 'ਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਬੀੜੀਆਂ ਗਈਆਂ ਹਨ। ਸ. ਧਨੋਆ ਨੇ ਕਿਹਾ ਕਿ 19 ਫਰਵਰੀ ਨੂੰ ਬੰਗਲੌਰ ਵਿੱਚ ਏਅਰ ਸ਼ੋਅ ਦੀ ਰਿਹਰਸਲ ਦੌਰਾਨ ਅਤੇ ਕਸ਼ਮੀਰ ਵਿੱਚ ਪਿਛਲੇ ਹਫ਼ਤੇ ਕਰੈਸ਼ ਹੋਏ ਹੈਲੀਕਾਪਟਰ ਹਾਦਸਿਆਂ ਦੀ ਜਾਂਚ ਕੀਤੀ ਜਾਵੇਗੀ।

## ਭਾਰਤ ਖਿਲਾਫ ਐਫ-16 ਲੜਾਕੂ ਜਹਾਜ ਦੀ ਵਰਤੋਂ ਕਰ ਕੇ ਘਿਰਿਆ ਪਾਕਿਸਤਾਨ

**ਵਾਸ਼ਿੰਗਟਨ:** ਅਮਰੀਕਾ ਦੇ ਬਣੇ ਐੱਫ-16 ਲੜਾਕੂ ਜਹਾਜ਼ ਦੀ ਪਾਕਿਸਤਾਨ ਵੱਲੋਂ ਸਮਝੌਤੇ ਦੀ ਉਲੰਘਣਾ ਕਰਕੇ ਭਾਰਤ ਵਿਰੁੱਧ ਕੀਤੀ ਗਈ ਦੁਰਵਰਤੋਂ ਬਾਰੇ ਅਮਰੀਕਾ ਨੇ ਪਾਕਿਸਤਾਨ ਤੋਂ ਹੋਰ ਜਾਣਕਾਰੀ ਮੰਗੀ ਹੈ। ਇਹ ਜਾਣਕਾਰੀ ਅਮਰੀਕਾ ਦੇ ਸੁਰੱਖਿਆ ਵਿਭਾਗ ਨੇ ਦਿੱਤੀ।

ਦੱਸਣਯੋਗ ਹੈ ਕਿ ਭਾਰਤੀ ਹਵਾਈ ਸੈਨਾ ਨੇ ਮਿਜ਼ਾਈਲ ਦੇ ਕੁਝ ਪੁਰਜ਼ੇ ਦਿਖਾ ਕੇ ਇਹ 'ਸਾਬਤ' ਕੀਤਾ ਸੀ ਕਿ ਪਾਕਿਸਤਾਨ ਨੇ ਭਾਰਤ ਦੇ ਕਸ਼ਮੀਰ ਵਿਚਲੇ ਫੌਜੀ ਟਿਕਾਣਿਆਂ 'ਤੇ ਹਵਾਈ ਹਮਲੇ ਦੌਰਾਨ ਅਮਰੀਕਾ ਦੇ ਬਣੇ ਐੱਫ-16 ਜੈੱਟ ਦੀ ਵਰਤੋਂ ਕੀਤੀ ਸੀ।

ਦੂਜੇ ਪਾਸੇ ਪਾਕਿਸਤਾਨ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਸੀ ਕਿ ਕਿਸੇ ਵੀ ਐੱਫ-16 ਲੜਾਕੂ ਜੈੱਟ ਦੀ ਵਰਤੋਂ ਨਹੀਂ ਕੀਤੀ ਗਈ ਅਤੇ ਨਾ ਹੀ ਭਾਰਤ ਨੇ ਉਸ (ਪਾਕਿਸਤਾਨ) ਦਾ ਕੋਈ ਜਹਾਜ਼ ਹੇਠਾਂ ਡੇਗਿਆ ਹੈ। ਪਾਕਿਸਤਾਨ ਵੱਲੋਂ ਸਮਝੌਤੇ ਦੀ ਕੀਤੀ ਉਲੰਘਣਾ ਬਾਰੇ ਪੁੱਛੇ ਜਾਣ 'ਦੇ ਅਮਰੀਕਾ ਦੇ ਸੁਰੱਖਿਆ ਦਾ ਕੋਈ ਜਹਾਜ਼ ਹੇਠਾਂ ਡੇਗਿਆ ਹੈ।

ਪਾਕਿਸਤਾਨ ਵੱਲੋਂ ਸਮਝੌਤੇ ਦੀ ਕੀਤੀ ਉਲੰਘਣਾ ਬਾਰੇ ਪੁੱਛੇ ਜਾਣ ਉਤੇ ਅਮਰੀਕਾ ਦੇ ਸੁਰੱਖਿਆ ਵਿਭਾਗ ਦੇ ਬੁਲਾਰੇ ਲੈਫ. ਕਰਨਲ ਕੋਨ ਫੌਕਨਰ ਨੇ ਕਿਹਾ ਕਿ ਉਨ੍ਹਾਂ ਨੂੰ ਸਾਰੀਆਂ ਰਿਪੋਰਟਾਂ ਬਾਰੇ ਜਾਣਕਾਰੀ ਹੈ ਅਤੇ ਉਹ ਇਸ ਸਬੰਧੀ ਵਧੇਰੇ ਜਾਣਕਾਰੀ ਲੈ ਰਹੇ ਹਨ।

## ਜੇਲ੍ਹ 'ਚ ਕਤਲ ਕੀਤੇ ਪਾਕਿ ਕੈਦੀ ਦੀ ਲਾਸ਼ ਵਤਨ ਭੇਜੀ

**ਅਟਾਰੀ:** ਜਾਸੂਸੀ ਤੇ ਅਤਿਵਾਦੀ ਸਰਗਰਮੀਆਂ ਨਾਲ ਜੁੜੇ ਕੇਸ ਵਿਚ ਰਾਜਸਥਾਨ ਸਥਿਤ ਕੇਂਦਰੀ ਜੇਲ੍ਹ ਜੈਪੁਰ ਵਿਚ ਬੰਦ ਇਕ ਪਾਕਿਸਤਾਨੀ ਕੈਦੀ, ਜਿਸ ਦੀ ਜੇਲ੍ਹ 'ਚ ਹੱਤਿਆ ਹੋ ਗਈ ਸੀ, ਦੀ ਲਾਸ਼ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਭੇਜੀ ਗਈ ਹੈ। ਪਾਕਿਸਤਾਨੀ ਕੈਦੀ ਦੀ ਲਾਸ਼ ਅਟਾਰੀ-ਵਾਹਗਾ ਸਰਹੱਦ 'ਤੇ ਪਾਕਿਸਤਾਨ ਰੇਂਜਰਜ਼ ਅਧਿਕਾਰੀ ਹਵਾਲੇ ਕੀਤੀ ਗਈ। ਜਾਣਕਾਰੀ ਅਨੁਸਾਰ ਸ਼ਕਰਉਲ੍ਹਾ ਉਰਫ ਮੁਹੰਮਦ ਹਨੀਫ (50) ਪੁੱਤਰ ਸੂਬੇਖਾਨ ਵਾਸੀ ਸਿਆਲਕੋਟ ਪਾਕਿਸਤਾਨ ਦਾ ਰਹਿਣ ਵਾਲਾ ਸੀ, ਜੋ ਅਤਿਵਾਦੀ ਸਰਗਰਮੀਆਂ ਦੇ ਦੋਸ਼ ਹੇਠ ਕੇਂਦਰੀ ਜੇਲ੍ਹ ਜੈਪੁਰ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਸੀ। ਪੁਲਵਾਮਾ ਹਾਦਸੇ ਤੋਂ ਬਾਅਦ ਜੇਲ੍ਹ ਵਿਚ ਬੰਦ ਹੋਰ ਚਾਰ ਕੈਦੀਆਂ ਨਾਲ ਸ਼ਕਰਉਲ੍ਹਾ ਦਾ ਝਗੜਾ ਹੋਣ 'ਤੇ ਕੁੱਟਮਾਰ ਕਾਰਨ ਉਸ ਦੀ ਮੌਤ ਹੋ ਗਈ।

# ਕਸ਼ਮੀਰ ਮਸਲੇ ਦਾ ਹੱਲ ਕੱਢਣ ਵਾਲੇ ਨੂੰ ਮਿਲੇ ਨੋਬੇਲ: ਇਮਰਾਨ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਹੈ ਕਿ ਜਿਹੜਾ ਵਿਅਕਤੀ ਕਸ਼ਮੀਰ ਮਸਲੇ ਦਾ ਹੱਲ ਕੱਢੇਗਾ, ਉਹ ਨੋਬੇਲ ਸ਼ਾਂਤੀ ਪੁਰਸਕਾਰ ਦੇ ਕਾਬਿਲ ਹੋਵੇਗਾ। ਭਾਰਤ ਨਾਲ ਕੁੜੱਤਣ ਘਟਾਉਣ ਦੀਆਂ ਕੋਸ਼ਿਸ਼ਾਂ ਦਾ ਹਵਾਲਾ ਦੇ ਕੇ ਇਮਰਾਨ ਖ਼ਾਨ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਤ ਕਰਨ ਸਬੰਧੀ ਸੰਸਦ 'ਚ ਮਤਾ ਪੇਸ਼ ਕੀਤਾ ਗਿਆ ਹੈ।




ਇਮਰਾਨ ਖ਼ਾਨ ਨੇ ਟਵੀਟ ਕਰਕੇ ਕਿਹਾ ਕਿ ਮੈਂ ਨੋਬੇਲ ਸ਼ਾਂਤੀ ਪੁਰਸਕਾਰ ਦੇ ਕਾਬਿਲ ਨਹੀਂ ਹਾਂ। ਜਿਹੜਾ ਵਿਅਕਤੀ ਕਸ਼ਮੀਰੀ ਲੋਕਾਂ ਦੀ ਇੱਛਾ ਮੁਤਾਬਕ ਵਿਵਾਦ ਦਾ ਹੱਲ ਕੱਢੇਗਾ ਅਤੇ ਮਹਾਂਦੀਪ 'ਚ ਸ਼ਾਂਤੀ ਤੇ ਮਨੁੱਖੀ ਵਿਕਾਸ ਦਾ ਰਾਹ ਪੱਧਰਾ ਕਰੇਗਾ, ਉਸ ਨੂੰ ਨੋਬੇਲ ਪੁਰਸਕਾਰ ਮਿਲਣਾ ਚਾਹੀਦਾ ਹੈ। ਉਨ੍ਹਾਂ ਦੀ ਪਾਰਟੀ ਤਹਿਰੀਕ-ਏ-ਇਨਸਾਫ਼ ਨੇ ਪ੍ਰਧਾਨ ਮੰਤਰੀ ਦੇ ਬਿਆਨ ਨੂੰ ਹਿੰਦੀ 'ਚ ਟਵੀਟ ਕੀਤਾ ਹੈ। ਹਿੰਦੀ 'ਚ ਲਿਖੇ ਟਵੀਟ ਵਿੱਚ ਕਿਹਾ ਗਿਆ ਕਿ ਮੈਂ ਨੋਬੇਲ ਸ਼ਾਂਤੀ ਪੁਰਸਕਾਰ ਕੇ ਯੋਗਿਆ ਨਹੀਂ ਹੂੰ। ਇਸ ਕਾ ਯੋਗਿਆ ਵਿਅਕਤੀ ਵਹ ਹੋਗਾ ਜੋ ਕਸ਼ਮੀਰੀ ਲੋਗੋਂ ਕੀ ਇੱਛਾ ਕੇ ਅਨੁਸਾਰ ਕਸ਼ਮੀਰ ਵਿਵਾਦ ਕਾ ਸਮਾਧਾਨ ਕਰਤਾ ਹੈ ਔਰ ਉਪਮਹਾਦੀਪ ਮੇਂ ਸ਼ਾਂਤੀ ਔਰ ਮਾਨਵ ਵਿਕਾਸ ਕਾ ਮਾਰਗ ਪ੍ਰਸ਼ਸਤ ਕਰਤਾ ਹੈ।

ਜ਼ਿਕਰਯੋਗ ਹੈ ਕਿ 2 ਮਾਰਚ ਨੂੰ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਸਕੱਤਰੇਤ 'ਚ ਮਤਾ ਦਿੰਦਿਆਂ ਕਿਹਾ ਗਿਆ ਸੀ ਕਿ ਇਮਰਾਨ ਖ਼ਾਨ ਵੱਲੋਂ ਭਾਰਤੀ ਹਵਾਈ ਫ਼ੌਜ ਦੇ ਪਾਇਲਟ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਨੂੰ ਰਿਹਾਅ ਕਰਨ ਦੇ ਫ਼ੈਸਲੇ ਨਾਲ ਪਾਕਿਸਤਾਨ ਅਤੇ ਭਾਰਤ ਵਿਚਕਾਰ ਤਲਖ਼ੀ ਘਟੀ ਹੈ। ਮਤੇ ਮੁਤਾਬਕ ਉਨ੍ਹਾਂ ਮੌਜੂਦਾ ਤਣਾਅ ਦੇ ਦੌਰ 'ਚ ਜ਼ਿੰਮੇਵਾਰੀ ਨਾਲ ਕਦਮ ਉਠਾਏ ਜਿਸ ਕਰਕੇ ਉਹ ਨੋਬੇਲ ਸ਼ਾਂਤੀ ਪੁਰਸਕਾਰ ਦੇ ਦਾਅਵੇਦਾਰ ਹਨ।

# ਬੰਦੀ ਸਿੰਘਾਂ ਦੀ ਰਿਹਾਈ ਲਈ ਮੰਗ ਨੇ ਫੜਿਆ ਜ਼ੋਰ

**ਅੰਮ੍ਰਿਤਸਰ:** ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਬਰਗਾੜੀ ਮੋਰਚੇ ਦੀਆਂ ਮੰਗਾਂ ਦੀ ਪੂਰਤੀ ਲਈ ਬਣਾਈ ਪੰਜ ਮੈਂਬਰੀ ਕਮੇਟੀ ਨੇ



ਭਾਰਤੀ ਹਵਾਈ ਸੈਨਾ ਦੇ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨੂੰ ਪਾਕਿਸਤਾਨ ਸਰਕਾਰ ਵੱਲੋਂ ਬਿਨਾਂ ਸ਼ਰਤ ਰਿਹਾਅ ਕਰਨ ਦੀ ਸ਼ਲਾਘਾ ਕਰਦਿਆਂ ਭਾਰਤ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਭਾਰਤ ਦੀ ਕੇਂਦਰ ਸਰਕਾਰ ਵੀ ਆਪਣੀ ਹੀ ਨਾਗਰਿਕਤਾ ਵਾਲੇ ਲੰਮੇ ਸਮੇਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਰਾਜਸੀ ਸਿੱਖ ਬੰਦੀਆਂ ਨੂੰ ਤੁਰਤ ਰਿਹਾਅ ਕਰੇ।

ਪ੍ਰੋ. ਬਲਜਿੰਦਰ ਸਿੰਘ ਵੱਲੋਂ ਜਾਰੀ ਬਿਆਨ 'ਚ ਪੰਜ ਮੈਂਬਰੀ ਕਮੇਟੀ ਐਡਵੋਕੇਟ ਅਮਰ ਸਿੰਘ ਚਾਹਲ, ਨਰੈਣ ਸਿੰਘ ਚੌੜਾ, ਪ੍ਰੋ. ਬਲਜਿੰਦਰ ਸਿੰਘ, ਜਸਪਾਲ ਸਿੰਘ ਤੇ ਮਾ. ਸੰਤੋਖ ਸਿੰਘ ਨੇ ਕਿਹਾ ਕਿ ਜੇਕਰ ਪਾਕਿਸਤਾਨ ਦੋਹਾਂ ਦੇਸ਼ਾਂ ਦੇ ਦਰਮਿਆਨ ਅਮਨ ਸ਼ਾਂਤੀ ਦੇ ਸਬੰਧ ਬਣਾਉਣ ਲਈ ਪਹਿਲਕਦਮੀ ਕਰ ਸਕਦਾ ਹੈ ਤਾਂ ਭਾਰਤ ਸਰਕਾਰ ਬੰਦੀ ਸਿੰਘਾਂ ਨੂੰ ਰਿਹਾਅ ਕਿਉਂ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਇਸ ਸਬੰਧੀ ਸ਼ਹੀਦ ਗੁਰਬਖਸ਼ ਸਿੰਘ ਅਤੇ ਬਾਪੂ ਸੂਰਤ ਸਿੰਘ ਨੇ ਲੰਮਾ ਸਮਾਂ ਸੰਘਰਸ਼ ਕੀਤਾ, ਪਰ ਸਰਕਾਰ ਨੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਲਈ ਕੋਈ ਵੀ ਪਹਿਲਕਦਮੀ ਨਹੀਂ ਕੀਤੀ ਜੋ ਕਿ ਅਫਸੋਸਨਾਕ ਹੈ। ਦੇਸ਼ ਦੀ ਆਜ਼ਾਦੀ ਲਈ 80 ਪ੍ਰਤੀਸ਼ਤ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਅਤੇ ਸਰਹੱਦਾਂ ਤੇ ਵਫ਼ਾਦਾਰੀ ਨਾਲ ਸੇਵਾ ਨਿਭਾਅ ਰਹੇ ਸਿੱਖਾਂ ਦੇ ਨਾਲ ਦੂਹਰੇ ਮਾਪਦੰਡ ਅਪਨਾ ਕੇ ਬੇਗਾਨਗੀ ਦਾ ਜੋ ਅਹਿਸਾਸ ਕਰਵਾਇਆ ਜਾ ਰਿਹਾ ਹੈ, ਉਸ ਨੂੰ ਰੋਕਣ ਲਈ ਇਹ ਜ਼ਰੂਰੀ ਹੈ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਨੂੰ ਤੁਰਤ ਰਿਹਾਅ ਕੀਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਮੋਦੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਸਦਭਾਵਨਾ ਤਹਿਤ ਭਾਰਤ ਦੀ ਹਵਾਈ ਸੈਨਾ ਦੇ ਵਿੰਗ ਕਮਾਂਡਰ ਨੂੰ ਰਿਹਾਅ ਕਰਨ ਵਾਂਗ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਨੂੰ ਵੀ ਤੁਰਤ ਰਿਹਾਅ ਕੀਤਾ ਜਾਵੇ। ਸ੍ਰੀ ਸਰਨਾ ਨੇ ਕਿਹਾ ਕਿ ਬਹੁਤ ਸਾਰੇ ਸਿੱਖ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਟਾਡਾ ਕਾਨੂੰਨ ਤਹਿਤ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਤੇ ਕਈ ਸਿੱਖਾਂ 'ਤੇ ਇਸ ਖ਼ਤਮ ਹੋ ਚੁੱਕੇ ਕਾਨੂੰਨ ਤਹਿਤ ਮੁਕੱਦਮੇ ਚਲਾਏ ਜਾ ਰਹੇ ਹਨ।

## ਰਿਹਾਈ ਲਈ ਧਰਨੇ ਦੇਣ ਦਾ ਐਲਾਨ

**ਅੰਮ੍ਰਿਤਸਰ:** ਸਰਬੱਤ ਖ਼ਾਲਸਾ ਵੱਲੋਂ ਥਾਪੇ ਜਥੇਦਾਰ ਅਤੇ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਵੱਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਨੇ ਬੰਦੀ ਸਿੱਖਾਂ ਦੀ ਰਿਹਾਈ ਲਈ 9 ਮਾਰਚ ਨੂੰ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਤੇ 17 ਮਾਰਚ ਨੂੰ ਨਾਭਾ ਜੇਲ੍ਹ ਬਾਹਰ ਧਰਨਾ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਨੂੰ ਰਿਹਾਅ ਕੀਤਾ ਜਾਵੇ।

# ਇਨਾਮੀ ਗੈਂਗਸਟਰ ਜਗਸੀਰ ਸੀਰਾ ਪੁਲਿਸ ਮੁਕਾਬਲੇ ਵਿਚ ਹਲਾਕ

**ਡੱਬਵਾਲੀ:** ਪਿੰਡ ਚੌਟਾਲਾ ਨੇੜੇ ਪੰਜਾਬ ਦਾ ਇਨਾਮੀ ਗੈਂਗਸਟਰ ਜਗਸੀਰ ਸੀਰਾ ਹਰਿਆਣਾ ਪੁਲਿਸ ਨਾਲ ਹੋਏ ਮੁਕਾਬਲੇ 'ਚ ਮਾਰਿਆ ਗਿਆ। ਸਿਰਸਾ ਵਿਚ ਜਨਨਾਇਕ ਜਨਤਾ ਪਾਰਟੀ ਦੇ ਆਗੂ ਅਤੇ ਐਸ.ਐਸ. ਬੋਰਡ ਦੇ ਸਾਬਕਾ ਚੇਅਰਮੈਨ ਅਮੀਰ ਚਾਵਲਾ ਦੇ ਲੜਕੇ ਕਰਣ ਚਾਵਲਾ ਤੋਂ ਗੱਡੀ ਲੁੱਟਣ ਉਪਰੰਤ ਫਰਾਰੀ ਮੌਕੇ ਚੌਟਾਲਾ ਚੌਕੀ ਦੇ ਅਮਲੇ ਨਾਲ ਉਸ ਦਾ ਮੁਕਾਬਲਾ ਹੋਇਆ, ਜਿਸ ਦੌਰਾਨ ਪੁਲਿਸ ਦੀ ਗੋਲੀ ਸਿਰ 'ਚ ਲੱਗਣ ਕਰਕੇ ਜਗਸੀਰ ਸੀਰਾ ਨੇ ਅਗਰੋਹਾ ਦੇ ਮੈਡੀਕਲ ਕਾਲਜ 'ਚ ਦਮ ਤੋੜ ਦਿੱਤਾ।

ਹਰਿਆਣਾ ਪੁਲਿਸ ਅਨੁਸਾਰ ਮੁਕਾਬਲੇ 'ਚ ਮਾਰਿਆ ਗਿਆ ਗੈਂਗਸਟਰ ਜਗਸੀਰ ਸੀਰਾ ਵਾਸੀ ਭੇਖਾ (ਜ਼ਿਲ੍ਹਾ ਮੋਗਾ) ਦਾ ਰਹਿਣ ਵਾਲਾ ਹੈ, ਜਿਸ 'ਤੇ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਰਾਜਸਥਾਨ 'ਚ ਹੱਤਿਆ, ਲੁੱਟ-ਖੋਹ ਤੋਂ ਇਲਾਵਾ ਕਰੀਬ 33 ਮਾਮਲੇ ਦਰਜ ਹਨ। ਜ਼ਿਲ੍ਹਾ ਸਿਰਸਾ ਦੇ ਪੁਲਿਸ ਬੁਲਾਰੇ ਸੁਰਜੀਤ ਸਹਾਰਨ ਨੇ ਦੱਸਿਆ ਜਜਪਾ ਦੇ ਜ਼ਿਲ੍ਹਾ ਪ੍ਰਧਾਨ ਅਮੀਰ ਚਾਵਲਾ ਦਾ ਪੁੱਤਰ ਕਰਣ ਚਾਵਲਾ ਦੇਰ ਰਾਤ ਕਰੀਬ ਸਵਾ 11 ਵਜੇ ਆਪਣੀ ਫਾਰਚੂਨਰ ਗੱਡੀ 'ਤੇ ਘਰ ਜਾ ਰਿਹਾ ਸੀ। ਸਿਰਸਾ ਵਿਖੇ ਘਰ ਤੋਂ ਸਿਰਫ 500 ਮੀਟਰ ਪਹਿਲਾਂ ਬਰਨਾਲਾ ਰੋਡ 'ਤੇ ਪੀ.ਡਬਲਿਊ.ਡੀ. ਰੈਸਟ ਹਾਊਸ ਨੇੜੇ ਕੁਝ ਲੁਟੇਰਿਆਂ ਨੇ ਉਸ ਦਾ ਰਸਤਾ ਰੋਕਿਆ। ਲੁਟੇਰਿਆਂ ਨੇ ਕਰਣ ਚਾਵਲਾ ਤੋਂ ਪਿਸਤੌਲ ਦਿਖਾ ਕੇ ਗੱਡੀ ਖੋਹ ਲਈ ਅਤੇ ਫਰਾਰ ਹੋ ਗਏ। ਕਰਣ ਚਾਵਲਾ ਨੇ ਤੁਰੰਤ ਪੁਲਿਸ ਕੰਟਰੋਲ ਰੂਮ 'ਚ ਗੱਡੀ ਲੁੱਟਣ ਬਾਰੇ ਸੂਚਨਾ ਦਿੱਤੀ, ਜਿਸ 'ਤੇ ਤੁਰਤ ਹਰਕਤ 'ਚ ਆਈ ਪੁਲਿਸ ਨੇ ਖੇਤਰ 'ਚ ਨਾਕੇਬੰਦੀ ਕਰਵਾਈ। ਡੱਬਵਾਲੀ-ਸਿਰਸਾ ਕੌਮੀ ਸੜਕ 'ਤੇ ਪਿੰਡ ਔਢਾਂ ਨੇੜੇ ਪੁਲਿਸ ਦੀ ਘੇਰਾਬੰਦੀ ਵੇਖ ਕੇ ਬੌਖਲਾਏ ਲੁਟੇਰਿਆਂ ਦੀ ਗੱਡੀ ਇਕ ਮਕਾਨ 'ਚ ਜਾ ਵੱਜੀ।

ਪੁਲਿਸ ਨੇ ਇਸ ਗੱਡੀ 'ਚੋਂ ਸੰਗਰੀਆ ਦੇ ਰਹਿਣ ਵਾਲੇ ਸੰਦੇਸ਼ ਨਾਮਕ ਬਦਮਾਸ਼ ਨੂੰ ਕਾਬੂ ਕਰ ਲਿਆ। ਜਦੋਂ ਕਿ ਕਰਣ ਚਾਵਲਾ ਤੋਂ ਲੁੱਟੀ ਫਾਰਚੂਨਰ ਜਿਵੇਂ ਹੀ ਪਿੰਡ ਚੌਟਾਲਾ ਦੇ ਨੇੜੇ ਰਾਜਸਥਾਨ-ਹਰਿਆਣਾ ਹੱਦ 'ਤੇ ਪੁੱਜੀ ਤਾਂ ਚੌਟਾਲਾ ਚੌਕੀ ਪੁਲਿਸ ਨੇ ਗੱਡੀ ਨੂੰ ਰੁਕਵਾਉਣ ਦੀ ਕੋਸ਼ਿਸ਼ ਕੀਤੀ ਪਰ ਗੱਡੀ 'ਚ ਸਵਾਰ ਲੁਟੇਰਿਆਂ ਨੇ ਪੁਲਿਸ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਚੌਟਾਲਾ ਚੌਕੀ ਮੁਖੀ ਅਜੈ ਕੁਮਾਰ ਤੇ ਪੁਲਿਸ ਕਰਮਚਾਰੀਆਂ ਨੇ ਜਵਾਬੀ ਫਾਇਰਿੰਗ ਕੀਤੀ ਤਾਂ ਇਸੇ ਦੌਰਾਨ ਇਕ ਗੋਲੀ ਗੈਂਗਸਟਰ ਜਗਸੀਰ ਸੀਰਾ ਦੇ ਸਿਰ 'ਚ ਲੱਗੀ। ਇਸ ਦੇ ਬਾਅਦ ਫਾਰਚੂਨਰ ਬੇਕਾਬੂ ਹੋ ਕੇ ਦਰਖ਼ਤ 'ਚ ਜਾ ਵੱਜੀ। ਗੱਡੀ 'ਚ ਸਵਾਰ ਨੱਥੇਵਾਲ (ਬਾਘਾ ਪੁਰਾਣਾ) ਦਾ ਵਾਸੀ ਲਖਵਿੰਦਰ ਗੱਡੀ ਦਾ ਸ਼ੀਸ਼ਾ ਤੋੜ ਕੇ ਮੌਕੇ ਤੋਂ ਭੱਜਣ 'ਚ ਸਫਲ ਹੋ ਗਿਆ। ਜਦਕਿ ਗ੍ਰਿਫਤਾਰ ਕੀਤੇ ਸੰਦੇਸ਼ ਉਰਫ ਸੈਂਡੀ ਵਾਸੀ ਢਾਣੀ ਸੰਗਰੀਆ ਖਿਲਾਫ ਤਿੰਨ ਅਪਰਾਧਿਕ ਮਾਮਲੇ ਦਰਜ ਹਨ।

# ਪੁਲਿਸ ਅਫਸਰਾਂ ਦੀਆਂ ਵਧੀਆਂ ਮੁਸ਼ਕਿਲਾਂ

**ਬੇਅਦਬੀ ਕਾਂਡ**

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਗਰੋਂ ਵਾਪਰੇ ਗੋਲੀ ਕਾਂਡ ਵਿਚ ਘਿਰੇ ਪੁਲਿਸ ਅਫਸਰਾਂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਇਕ ਪਾਸੇ ਆਈ.ਜੀ. ਪਰਮਰਾਜ ਉਮਰਾਨੰਗਲ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ, ਉਥੇ ਹੀ ਬਹਿਬਲ ਕਲਾਂ ਗੋਲੀ ਕਾਂਡ ਵਿਚ ਗ੍ਰਿਫਤਾਰ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਨੂੰ ਅਦਾਲਤ ਤੋਂ ਵੱਡਾ ਝਟਕਾ ਲੱਗਾ ਹੈ।

ਫਰੀਦਕੋਟ ਦੇ ਸੈਸ਼ਨ ਜੱਜ ਹਰਪਾਲ ਸਿੰਘ ਨੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਵਿਸ਼ੇਸ਼ ਜਾਂਚ ਟੀਮ ਨੇ ਜ਼ਮਾਨਤ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਜੇਕਰ ਸਾਬਕਾ ਪੁਲਿਸ ਮੁਖੀ ਨੂੰ ਜ਼ਮਾਨਤ ਮਿਲਦੀ ਹੈ ਤਾਂ ਉਹ ਸਮੁੱਚੀ ਪੜਤਾਲ ਤੇ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਬਹਿਬਲ ਕਲਾਂ ਗੋਲੀ ਕਾਂਡ ਨੂੰ ਘਿਨਾਉਣਾ ਅਪਰਾਧ ਦੱਸਦਿਆਂ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਅਟਾਰਨੀ ਨੇ ਮੰਗ ਕੀਤੀ ਕਿ ਅਜਿਹੇ ਮਾਮਲੇ ਵਿਚ ਮੁਲਜ਼ਮ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ।

ਦੂਜੇ ਪਾਸੇ, ਸਾਬਕਾ ਪੁਲਿਸ ਮੁਖੀ ਦੇ ਵਕੀਲਾਂ ਨੇ ਕਿਹਾ ਕਿ ਚਰਨਜੀਤ ਸ਼ਰਮਾ ਦਿਲ ਦੇ ਮਰੀਜ਼ ਹਨ ਤੇ ਉਹ ਪੁਲਿਸ ਰਿਮਾਂਡ ਦੌਰਾਨ ਵੀ ਬਿਮਾਰ ਹੋ ਗਏ ਸਨ। ਉਨ੍ਹਾਂ ਮੰਗ ਕੀਤੀ ਕਿ ਚੱਲਦੇ ਮੁਕੱਦਮੇ ਤਕ ਚਰਨਜੀਤ ਸ਼ਰਮਾ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਜਾਵੇ। ਅਦਾਲਤ ਨੇ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਦੀ ਜ਼ਮਾਨਤ ਅਰਜ਼ੀ ਰੱਦ ਕਰਦਿਆਂ ਕਿਹਾ ਕਿ ਜੇਕਰ ਮੁਲਜ਼ਮ ਨੂੰ ਜ਼ਮਾਨਤ ਮਿਲਦੀ ਹੈ ਤਾਂ ਸਮੁੱਚੀ ਪੜਤਾਲ ਪ੍ਰਭਾਵਿਤ ਹੋ ਸਕਦੀ ਹੈ। ਅਦਾਲਤ ਨੇ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਦੀ ਜ਼ਮਾਨਤ ਅਰਜ਼ੀ ਰੱਦ ਕਰਦਿਆਂ ਕਿਹਾ ਕਿ ਜੇਕਰ ਮੁਲਜ਼ਮ ਨੂੰ ਜ਼ਮਾਨਤ ਮਿਲਦੀ ਹੈ ਤਾਂ ਸਮੁੱਚੀ ਪੜਤਾਲ ਪ੍ਰਭਾਵਿਤ ਹੋ ਸਕਦੀ ਹੈ। ਸਾਬਕਾ ਪੁਲਿਸ ਮੁਖੀ ਦੇ ਪਰਿਵਾਰਕ ਮੈਂਬਰਾਂ ਨੇ ਚਲਦੇ ਮੁਕੱਦਮੇ ਤੱਕ ਜ਼ਮਾਨਤ ਲੈਣ ਲਈ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਦੀ ਗੱਲ ਕਹੀ ਹੈ।

ਉਮਰਾਨੰਗਲ ਨੂੰ ਵਿਸ਼ੇਸ਼ ਜਾਂਚ ਟੀਮ ਨੇ 18 ਫਰਵਰੀ ਨੂੰ ਗ੍ਰਿਫਤਾਰ ਕੀਤਾ ਸੀ ਅਤੇ 26 ਫਰਵਰੀ ਤੱਕ ਉਹ ਪੁਲਿਸ ਰਿਮਾਂਡ 'ਤੇ ਰਹੇ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਮੁਅੱਤਲ ਕਰਨ ਦੇ ਨਾਲ-ਨਾਲ ਬਕਾਇਦਾ ਚਾਰਜਸ਼ੀਟ ਵੀ ਕੀਤਾ ਹੈ। ਇਸ ਤੋਂ ਇਲਾਵਾ ਵਿਭਾਗੀ ਪੜਤਾਲ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਉਮਰਾਨੰਗਲ ਉਹ ਪਹਿਲੇ ਅਧਿਕਾਰੀ ਹਨ ਜਿਨ੍ਹਾਂ ਨੂੰ ਬੇਅਦਬੀ ਤੇ ਗੋਲੀ ਕਾਂਡ ਨਾਲ ਜੁੜੇ ਮਾਮਲੇ ਵਿਚ ਮੁਅੱਤਲ ਕਰਕੇ ਵਿਭਾਗੀ ਜਾਂਚ ਦੇ ਹੁਕਮ ਦਿੱਤੇ ਗਏ ਹਨ।

## ਅਲਬਾਮਾ 'ਚ ਤੂਫਾਨ ਨਾਲ 23 ਮੌਤਾਂ

**ਸਾਊਥ ਬੌਰੇਗਾਰਡ, ਅਲਬਾਮਾ:** ਦੱਖਣ-ਪੂਰਬੀ ਅਲਬਾਮਾ ਵਿਚ ਆਏ ਤੂਫਾਨ ਨਾਲ 23 ਲੋਕ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ। ਇਸ ਤੂਫਾਨ ਨਾਲ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਹੈ। ਲੀ ਕਾਉਂਟੀ ਸ਼ੈਰਿਫ ਜੇਅ ਜੋਨਜ਼ ਨੇ ਦੱਸਿਆ ਕਿ ਤੂਫਾਨ ਨਾਲ 23 ਮੌਤਾਂ ਹੋਈਆਂ ਹਨ ਅਤੇ ਦੋ ਜਣੇ ਗੰਭੀਰ ਜ਼ਖ਼ਮੀ ਹੋਏ ਹਨ। ਭਾਰੀ ਤਬਾਹੀ ਵਾਲੇ ਖੇਤਰ ਨੂੰ ਡਰੋਨ ਰਾਹੀਂ ਸਕੈਨ ਕੀਤਾ ਜਾ ਰਿਹਾ ਹੈ ਤਾਂ ਜੋ ਫਸੇ ਲੋਕਾਂ ਨੂੰ ਲੱਭ ਕੇ ਕੱਢਿਆ ਜਾ ਸਕੇ।

# ਬਹਿਬਲ ਕਾਂਡ: ਸੁਖਬੀਰ ਨੂੰ ਵੀ ਗ੍ਰਿਫਤਾਰੀ ਦਾ ਡਰ ਸਤਾਉਣ ਲੱਗਾ

**ਚੰਡੀਗੜ੍ਹ:** ਪੰਜਾਬ ਵਿਚ ਅਕਾਲੀ ਭਾਜਪਾ ਸਰਕਾਰ ਦੇ ਸਮੇਂ ਵਾਪਰੀਆਂ ਬੇਅਦਬੀ ਅਤੇ ਪੁਲਿਸ ਗੋਲੀ ਕਾਂਡ ਦੀਆਂ ਘਟਨਾਵਾਂ ਦੀ ਪੰਜਾਬ ਪੁਲਿਸ ਦੇ ਅਧਿਕਾਰੀਆਂ 'ਤੇ ਆਧਾਰਿਤ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਕੀਤੀ ਜਾ ਰਹੀ ਤਫਤੀਸ਼ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਆਫਤ ਜਾਪਣ ਲੱਗੀ ਹੈ। ਅਕਾਲੀ ਦਲ ਦੇ ਸਾਬਕਾ ਮੁੱਖ ਸੰਸਦੀ ਸਕੱਤਰ ਤੇ ਸੀਨੀਅਰ ਆਗੂ ਮਨਤਾਰ ਸਿੰਘ ਬਰਾੜ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੀ ਪੁੱਛਗਿੱਛ ਤੋਂ ਬਾਅਦ ਅਕਾਲੀ ਦਲ ਨੇ ਸਿਟ ਦੇ ਖ਼ਿਲਾਫ ਮੋਰਚਾ ਖੋਲ੍ਹ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੇਅਦਬੀ ਅਤੇ ਗੋਲੀ ਕਾਂਡ ਦੀਆਂ ਘਟਨਾਵਾਂ ਦੀ ਜਾਂਚ ਸੁਪਰੀਮ ਕੋਰਟ ਦੇ ਜੱਜ ਜਾਂਚ ਨਿਰਪੱਖ ਏਜੰਸੀ ਤੋਂ ਕਰਾਉਣ ਦੀ ਮੰਗ ਕੀਤੀ ਹੈ। ਸ੍ਰੀ ਬਾਦਲ ਨੇ ਦੋਸ਼ ਲਾਇਆ ਕਿ ਸਿਟ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਵੱਲੋਂ ਅਕਾਲੀ ਆਗੂ ਮਨਤਾਰ ਸਿੰਘ ਬਰਾੜ ਨੂੰ ਪਰੇਸ਼ਾਨ ਕੀਤਾ ਗਿਆ। ਉਨ੍ਹਾਂ ਪੁਲਿਸ ਅਧਿਕਾਰੀਆਂ ਦੇ ਵਤੀਰੇ ਦੀ ਨਿਖੇਧੀ ਕੀਤੀ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਿਟ ਵੱਲੋਂ ਕੀਤੀ ਜਾ ਰਹੀ ਕਾਰਵਾਈ ਰਾਜਨੀਤੀ ਤੋਂ ਪ੍ਰੇਰਿਤ ਹੈ। ਹਰ ਕੋਈ ਜਾਣਦਾ ਹੈ ਕਿ ਉਸ ਸਮੇਂ ਮਨਤਾਰ ਬਰਾੜ ਸਿਰਫ ਇਕ ਵਿਧਾਇਕ ਸੀ। ਉਨ੍ਹਾਂ ਕਿਹਾ ਕਿ ਕੋਟਕਪੂਰਾ ਤੇ ਬਹਿਬਲ ਕਲਾਂ ਘਟਨਾਵਾਂ 'ਚ ਅਕਾਲੀ ਆਗੂਆਂ ਨੂੰ ਫਸਾਉਣ ਦੀ ਕਾਂਗਰਸ ਦੀ ਖੇਡ ਸ਼ੁਰੂ ਤੋਂ ਹੀ ਸਪੱਸ਼ਟ ਸੀ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਸੱਚਾਈ ਨੂੰ ਬਾਹਰ ਲਿਆਉਣ ਲਈ ਨਹੀਂ, ਸਗੋਂ ਸ਼੍ਰੋਮਣੀ ਅਕਾਲੀ ਦਲ ਸਣੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਕੀਤੀ ਜਾ ਰਹੀ ਹੈ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਨੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ 'ਤੇ ਅਧਾਰਿਤ ਜਾਂਚ ਕਮਿਸ਼ਨ ਨੂੰ ਇਸ ਲਈ ਸਹਿਯੋਗ ਨਹੀਂ ਸੀ ਦਿੱਤਾ, ਕਿਉਂਕਿ ਇਸ ਕਮਿਸ਼ਨ ਨੂੰ ਬਣਾਉਣ ਤੋਂ ਪਹਿਲਾਂ ਕੈਪਟਨ



ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਨੇ ਇਸ ਦੀ ਜਾਂਚ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਹੁਣ ਜਿਸ ਤਰੀਕੇ ਨਾਲ ਸਿਟ ਵੱਲੋਂ ਮਨਤਾਰ ਸਿੰਘ ਬਰਾੜ ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ, ਉਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਪੁਲਿਸ ਅਧਿਕਾਰੀਆਂ 'ਤੇ ਅਧਾਰਿਤ ਸਿਟ ਵੀ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਅਗਵਾਈ ਵਾਲੇ ਕਾਂਗਰਸੀ ਕਮਿਸ਼ਨ ਦੇ ਨਕਸ਼ੇ ਕਦਮਾਂ ਉਤੇ ਚੱਲ ਰਹੀ ਹੈ।

ਰਣਜੀਤ ਸਿੰਘ ਕਾਂਗਰਸੀ ਕਮਿਸ਼ਨ ਵਾਂਗ ਹੀ ਸਿਟ ਵੀ ਬਦਲੇਖੋਰੀ ਦੀ ਸਿਆਸਤ ਕਰਨ ਲਈ ਕਾਂਗਰਸ ਪਾਰਟੀ ਦਾ ਔਜ਼ਾਰ ਬਣ ਚੁਕਾ ਹੈ।

## ਨਾਂਦੇੜ-ਦਿੱਲੀ ਵਿਸ਼ੇਸ਼ ਰੇਲ ਗੱਡੀ ਹੁਣ ਜੂਨ ਤੱਕ ਚੱਲੇਗੀ

**ਫਗਵਾੜਾ:** ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਤੋਂ ਦਿੱਲੀ ਤੱਕ ਹਰ ਵੀਰਵਾਰ ਨੂੰ ਚਲਾਈ ਜਾ ਰਹੀ ਵਿਸ਼ੇਸ਼ ਰੇਲਗੱਡੀ ਹੁਣ ਜੂਨ 2019 ਦੇ ਅਖ਼ੀਰ ਤੱਕ ਚਲਾਉਣ ਦੀ ਰੇਲਵੇ ਨੇ ਮਨਜ਼ੂਰੀ ਦੇ ਦਿੱਤੀ ਹੈ। ਇਹ ਜਾਣਕਾਰੀ ਤਖ਼ਤ ਸਾਹਿਬ ਕਮੇਟੀ ਦੇ ਸਪੈਸ਼ਲ ਡਿਊਟੀ ਅਫਸਰ ਡੀਪੀ ਸਿੰਘ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਰੇਲਵੇ ਨੇ ਗੁਰਦੁਆਰਾ ਕਮੇਟੀ ਦੀ ਇਹ ਬੇਨਤੀ ਪ੍ਰਵਾਨ ਕੀਤੀ ਹੈ ਕਮੇਟੀ ਨੇ ਜੁਲਾਈ ਤੱਕ ਇਸ ਦੀ ਮੰਗ ਕੀਤੀ ਸੀ। ਇਹ ਰੇਲਗੱਡੀ ਵੀਰਵਾਰ ਰਾਤ ਨੂੰ 11 ਵਜੇ ਚੱਲਦੀ ਹੈ। ਉਨ੍ਹਾਂ ਦੱਸਿਆ ਕਿ ਬੱਚਿਆ ਦੀਆਂ ਛੁੱਟੀਆਂ ਦੌਰਾਨ ਸੰਗਤ ਨੂੰ ਇਸ ਦਾ ਵਿਸ਼ੇਸ਼ ਲਾਭ ਹੋਵੇਗਾ। ਇਹ ਰੇਲਗੱਡੀ 7, 14, 21, 28 ਮਾਰਚ, 4, 11, 18, 25 ਅਪਰੈਲ, 2, 9, 16, 23 ਮਈ ਅਤੇ 6, 13, 20, 27 ਜੂਨ ਨੂੰ ਨਾਂਦੇੜ ਸਾਹਿਬ ਤੋਂ ਚੱਲੇਗੀ।

# ਭਾਰਤ-ਪਾਕਿਸਤਾਨ ਤਣਾਅ ਦਾ ਕਰਤਾਰਪੁਰ ਲਾਂਘੇ 'ਤੇ ਸਾਇਆ

**ਚੰਡੀਗੜ੍ਹ:** ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਕਰ ਕੇ ਸਿੱਖਾਂ ਦੀਆਂ ਨਜ਼ਰਾਂ ਕਰਤਾਰਪੁਰ ਲਾਂਘੇ 'ਤੇ ਹਨ। ਸੋਸ਼ਲ ਮੀਡੀਆ ਉੱਪਰ ਚਰਚਾ ਹੈ ਕਿ ਕਰਤਾਰਪੁਰ ਲਾਂਘੇ ਦਾ ਕੰਮ ਰੋਕ ਦਿੱਤਾ ਗਿਆ ਹੈ ਪਰ ਸਰਕਾਰੀ ਸੂਤਰਾਂ ਨੇ ਸਪਸ਼ਟ ਕੀਤਾ ਹੈ ਕਿ ਅਜਿਹਾ ਕੁਝ ਨਹੀਂ। ਪ੍ਰਸ਼ਾਸਨ ਨੇ ਇਸ ਨੂੰ ਅਫਵਾਹ ਦੱਸਦਿਆਂ ਪੂਰੀ ਤਰ੍ਹਾਂ ਨਕਾਰਿਆ ਹੈ।

ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਵਿਪੁਲ ਉੱਜਵਲ ਨੇ ਕਿਹਾ ਕਿ ਲਾਂਘੇ ਦੇ ਉਸਾਰੀ ਕਾਰਜ ਜਾਰੀ ਹਨ। ਉਨ੍ਹਾਂ ਕਿਹਾ ਜ਼ਮੀਨ ਐਕੁਆਇਰ ਕਰਨ ਤੇ ਨਿਸ਼ਾਨਦੇਹੀ ਦਾ ਕੰਮ ਰੋਕਣ ਸਬੰਧੀ ਉਨ੍ਹਾਂ ਨੂੰ ਅਜੇ ਤੱਕ ਕਿਸੇ ਤਰ੍ਹਾਂ ਦੇ ਕੋਈ ਨਿਰਦੇਸ਼ ਨਹੀਂ ਮਿਲੇ। ਉਨ੍ਹਾਂ ਦੱਸਿਆ ਕਿ ਲਾਂਘੇ ਲਈ ਜ਼ਮੀਨ ਦੀ ਨਿਸ਼ਾਨਦੇਹੀ ਦਾ ਕੰਮ ਸ਼ੁਰੂ ਹੋਇਆ ਹੈ ਤੇ ਇਹ ਪ੍ਰਕਿਰਿਆ ਤੇਜ਼ੀ ਨਾਲ ਜਾਰੀ ਹੈ। ਉਨ੍ਹਾਂ ਦੱਸਿਆ ਕਿ ਨਿਸ਼ਾਨਦੇਹੀ ਦਾ ਕੰਮ ਪੂਰਾ ਹੋਣ ਮਗਰੋਂ ਅਸਲ ਜ਼ਮੀਨ ਐਕੁਆਇਰ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਕੈਬਨਿਟ ਮੰਤਰੀ ਤੇ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਉਹ ਸਿੱਧੇ ਤੌਰ 'ਤੇ ਲਾਂਘੇ ਦੇ ਕੰਮ ਦੀ ਨਿਗਰਾਨੀ ਕਰ ਰਹੇ ਹਨ। ਉਹ ਕੇਂਦਰ ਤੇ ਸੂਬਾ ਸਰਕਾਰ ਦੇ ਸਬੰਧਤ ਅਧਿਕਾਰੀਆਂ ਨਾਲ ਵੀ ਸੰਪਰਕ ਵਿਚ ਹਨ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀਆਂ ਵੱਲੋਂ ਗਲਤ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਸੂਤਰਾਂ ਅਨੁਸਾਰ ਪਾਕਿਸਤਾਨ ਵਾਲੇ ਪਾਸੇ ਲਾਂਘੇ ਦਾ ਉਸਾਰੀ ਕਾਰਜ 50% ਮੁਕੰਮਲ ਹੋ ਚੁਕਾ ਹੈ।

ਉਧਰ, ਭਾਰਤ ਨੇ ਸੰਕੇਤ ਦਿੱਤੇ ਕਿ ਉਹ ਪਾਕਿਸਤਾਨ ਨਾਲ ਕਰਤਾਰਪੁਰ ਲਾਂਘੇ ਬਾਰੇ ਗੱਲਬਾਤ ਕਰਨ ਲਈ ਤਿਆਰ ਹੈ। ਦੱਸਣਯੋਗ ਹੈ ਕਿ ਪੁਲਵਾਮਾ ਹਮਲੇ ਤੋਂ ਕਾਫੀ ਸਮਾਂ ਪਹਿਲਾਂ ਕਰਤਾਰਪੁਰ ਲਾਂਘੇ ਬਾਰੇ ਗੱਲਬਾਤ ਚੱਲ ਰਹੀ ਸੀ, ਜਿਸ ਦੀ ਕੜੀ ਵਜੋਂ ਦੋਹਾਂ ਮੁਲਕਾਂ ਵੱਲੋਂ 13 ਮਾਰਚ ਲਈ ਮੀਟਿੰਗ ਤੈਅ ਕੀਤੀ ਗਈ ਸੀ ਅਤੇ ਪਾਕਿਸਤਾਨੀ ਵਫਦ ਦਾ ਭਾਰਤ ਆਉਣਾ ਤੈਅ ਹੋਇਆ ਸੀ। ਸਰਕਾਰ ਦੇ ਸਿਖਰਲੇ ਸੂਤਰਾਂ ਨੇ ਦੱਸਿਆ ਕਿ ਇਹ ਮੁੱਦਾ ਦੇਸ਼ ਦੀ ਸਿੱਖ ਆਬਾਦੀ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ।

# ਕੈਪਟਨ ਵੱਲੋਂ ਚੀਫ ਖਾਲਸਾ ਦੀਵਾਨ ਦੀ ਨਵੀਂ ਟੀਮ ਨੂੰ ਸਹਿਯੋਗ ਦਾ ਭਰੋਸਾ

**ਅੰਮ੍ਰਿਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੀਫ ਖਾਲਸਾ ਦੀਵਾਨ ਦੀ ਪ੍ਰਧਾਨ ਨਿਰਮਲ ਸਿੰਘ ਠੇਕੇਦਾਰ ਦੀ ਅਗਵਾਈ ਵਾਲੀ ਨਵੀਂ ਟੀਮ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਵੱਲੋਂ ਦੀਵਾਨ ਦੇ ਵੱਕਾਰ ਨੂੰ ਉਚਾ ਚੁੱਕਣ ਲਈ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਦੀ ਅਗਵਾਈ 'ਚ ਦੀਵਾਨ ਦੇ ਵਫਦ, ਜਿਸ ਵਿਚ ਸਰਪ੍ਰਸਤ ਰਾਜਮਹਿੰਦਰ ਸਿੰਘ ਮਜੀਠਾ, ਭਾਗ ਸਿੰਘ ਅਣਖੀ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਸਵਿੰਦਰ ਸਿੰਘ ਰੁਮਾਲਿਆਂ ਵਾਲੇ, ਮੀਤ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਅਮਰਜੀਤ ਸਿੰਘ ਵਿਕਰਾਂਤ ਨੂੰ ਇਹ ਭਰੋਸਾ ਮੁਲਾਕਾਤ ਦੌਰਾਨ ਦਿੱਤਾ।

ਮੁੱਖ ਮੰਤਰੀ ਨੇ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਿੱਖ ਕੌਮ ਦੀ ਪੁਰਾਤਨ ਸੰਸਥਾ, ਚੀਫ ਖਾਲਸਾ ਦੀਵਾਨ ਦਾ ਇਤਿਹਾਸ ਬਹੁਤ ਸ਼ਾਨਾਮੱਤਾ ਹੈ, ਜੋ ਸਿੱਖ ਕੌਮ ਦੀ ਅਗਵਾਈ ਦੇ ਨਾਲ-ਨਾਲ ਵਿੱਦਿਆ ਅਤੇ ਸਿੱਖੀ ਪ੍ਰਚਾਰ ਪ੍ਰਸਾਰ ਵਿਚ ਵੀ ਵੱਡਾ ਰੋਲ ਅਦਾ ਕਰ ਰਹੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਭਵਿੱਖ ਵਿਚ ਵੀ ਦੀਵਾਨ ਆਪਣੇ ਮੂਲ ਸਿਧਾਂਤ ਸਿੱਖੀ ਅਤੇ ਸਿੱਖਿਆ ਅਨੁਸਾਰ ਵਿੱਦਿਆ ਦੇ ਨਾਲ-ਨਾਲ ਸਿੱਖੀ ਪ੍ਰਚਾਰ, ਸਿੱਖ ਸੱਭਿਆਚਾਰ, ਪੰਜਾਬੀ ਭਾਸ਼ਾ ਅਤੇ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਪੂਰਾ ਯਤਨਸ਼ੀਲ ਰਹੇਗਾ।

# ਨੌਂ ਮਹੀਨਿਆਂ ਵਿਚ ਸਟੇਟ ਬੈਂਕ ‘ਚ 7951 ਕਰੋੜ ਦੀ ਧੋਖਾਧੜੀ

**ਇੰਦੌਰ:** ਸੂਚਨਾ ਅਧਿਕਾਰ (ਆਰ. ਟੀ. ਆਈ.) ਤਹਿਤ ਪ੍ਰਾਪਤ ਸੂਚਨਾ ਮੁਤਾਬਕ ਦੇਸ਼ ਦੇ ਸਭ ਤੋਂ ਵੱਡੇ ਕਰਜ਼ਦਾਤਾ ਭਾਰਤੀ ਸਟੇਟ ਬੈਂਕ (ਐਸ.ਬੀ.ਆਈ.) ਵਿਚ ਮੌਜੂਦਾ ਵਿੱਤੀ ਵਰ੍ਹੇ ਦੇ ਸ਼ੁਰੂਆਤੀ ਨੌਂ ਮਹੀਨਿਆਂ (ਅਪਰੈਲ-ਦਸੰਬਰ 2018) ਦੌਰਾਨ ਕੁੱਲ 7,951.29 ਕਰੋੜ ਰੁਪਏ ਦੀ ਬੈਂਕਿੰਗ ਧੋਖਾਧੜੀ ਦੇ 1,885 ਮਾਮਲੇ ਸਾਹਮਣੇ ਆਏ ਹਨ।

ਮੱਧ ਪ੍ਰਦੇਸ਼ ਦੇ ਨੀਮਚ ਵਾਸੀ ਆਰ. ਟੀ. ਆਈ. ਕਾਰਕੁਨ ਚੰਦਰਸ਼ੇਖਰ ਗੌੜ ਵੱਲੋਂ ਪਾਈ ਆਰ.ਟੀ.ਆਈ. ਵਿਚ ਸਾਹਮਣੇ ਆਇਆ ਹੈ ਕਿ ਇਸ ਵਿੱਤੀ ਵਰ੍ਹੇ ਦੀ ਪਹਿਲੀ ਤਿਮਾਹੀ (ਅਪਰੈਲ-ਜੂਨ 2018) ’ਚ ਬੈਂਕ ‘ਚ ਕੁੱਲ 723.06 ਕਰੋੜ ਰੁਪਏ ਦੀ ਬੈਂਕਿੰਗ ਧੋਖਾਧੜੀ ਦੇ 669 ਮਾਮਲੇ ਸਾਹਮਣੇ ਆਏ ਹਨ। ਜੁਲਾਈ-ਸਤੰਬਰ 2018 ’ਚ ਕੁੱਲ 4832.42 ਕਰੋੜ ਰੁਪਏ ਦੀ ਧੋਖਾਧੜੀ ਨਾਲ ਸਬੰਧਤ 660 ਮਾਮਲੇ ਸਾਹਮਣੇ ਆਏ ਹਨ। ਆਰ.ਟੀ.ਆਈ. ਨਾਲ ਮਿਲੀ ਜਾਣਕਾਰੀ ਮੁਤਾਬਕ ਮੌਜੂਦਾ ਵਿੱਤੀ ਵਰ੍ਹੇ ਦੀ ਤੀਸਰੀ ਤਿਮਾਹੀ (ਅਕਤੂਬਰ ਦਸੰਬਰ 2018) ਦੌਰਾਨ ਐਸ.ਬੀ.ਆਈ. ਵਿਚ 2395.81 ਕਰੋੜ ਰੁਪਏ ਦੀ ਬੈਂਕਿੰਗ ਧੋਖਾਧੜੀ ਦੇ 556 ਮਾਮਲੇ ਸਾਹਮਣੇ ਆਏ ਹਨ। ਹਾਲਾਂਕਿ ਕਾਰਕੁਨ ਨੇ ਆਪਣੀ ਆਰ.ਟੀ.ਆਈ. ਅਰਜ਼ੀ ਵਿਚ ਬੈਂਕ ਤੋਂ ਖਾਸ ਤੌਰ ‘ਤੇ ਇਹ ਵੀ ਪੁੱਛਿਆ ਸੀ ਕਿ ਅਪਰੈਲ-ਦਸੰਬਰ 2018 ਵਿਚ ਉਸ ਦੇ ਕਿੰਨੇ ਗਾਹਕ ਬੈਂਕਿੰਗ ਧੋਖਾਧੜੀ ਦਾ ਸ਼ਿਕਾਰ ਹੋਏ ਤੇ ਇਸ ਵਜ੍ਹਾ ਨਾਲ ਉਨ੍ਹਾਂ ਨੂੰ ਕਿੰਨੀ ਰਕਮ ਦਾ ਨੁਕਸਾਨ ਹੋਵੇਗਾ। ਹਾਲਾਂਕਿ ਸਰਕਾਰੀ ਬੈਂਕ ਨੇ ਇਸ ਪ੍ਰਸ਼ਨ ‘ਤੇ ਆਰ.ਟੀ.ਆਈ. ਐਕਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਵਿਸ਼ੇ ‘ਤੇ ਮੰਗੀ ਗਈ ਸੂਚਨਾ ਦੇ ਖੁਲਾਸੇ ਨੂੰ ਛੋਟ ਪ੍ਰਾਪਤ ਹੈ।

# ਸਿੱਖ ਕੌਮ ਵਿਚ ਖਿੱਚੋਤਾਣ ‘ਤੇ ਚਿੰਤਾ ਦਾ ਪ੍ਰਗਟਾਵਾ

**ਨਿਊ ਯਾਰਕ (ਬਿਊਰੋ):** ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ ਦੀ ਇਥੇ ਸ. ਬਿੱਕਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਕ ਇਕੱਤਰਤਾ ਵਿਚ ਗੁਰੂ ਘਰਾਂ ਵਿਚ ਚਲ ਰਹੀ ਖਿਚੋਤਾਣ ਬਾਰੇ ਵਿਚਾਰ-ਚਰਚਾ ਕੀਤੀ ਗਈ ਕਿ ਗੁਰੂ ਘਰਾਂ ‘ਤੇ ਕਾਬਜ਼ ਕਮੇਟੀਆਂ ਆਪਣਾ ਕਬਜ਼ਾ ਜਮਾਈ ਰੱਖਣ ਲਈ ਕਿਸ ਤਰ੍ਹਾਂ ਪੈਂਤੜੇਬਾਜੀ ਕਰ ਰਹੀਆਂ ਹਨ। ਸੁਸਾਇਟੀ ਨੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸੌੜੇ ਹਿਤ ਛੱਡ ਕੇ ਸੰਗਤ ਤੇ ਵਿਰੋਧੀਆਂ ਦੀ ਸਹਿਮਤੀ ਨਾਲ ਚੱਲਣ।

ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਮਾਹੌਲ ਠੀਕ ਨਾ ਹੋਣ ਦੇ ਬਾਵਜੂਦ ਸੁਸਾਇਟੀ ਵਲੋਂ ਸ਼ਹੀਦ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ ਇਸ ਸਾਲ ਜੁਲਾਈ ਵਿਚ 222 ਗੁਰੂ ਘਰ ਕੁਈਨਜ਼ ਵਿਲੇਜ ਵਿਖੇ ਹੀ ਮਨਾਵੇਗੀ। ਮੀਟਿੰਗ ਵਿਚ ਵਿਸਾਖੀ ਪ੍ਰੋਗਰਾਮ ਬਾਰੇ ਸਾਰੇ ਖਰਚ ਕਰਨ ਦੇ ਹੱਕ ਪ੍ਰਧਾਨ ਸ. ਬਿੱਕਰ ਸਿੰਘ ਨੂੰ ਦਿੱਤੇ ਗਏ।



ਮੀਟਿੰਗ ਵਿਚ ਸ. ਬਿਕਰ ਸਿੰਘ, ਸ. ਸ਼ਮਸ਼ੇਰ ਸਿੰਘ, ਸ. ਮੰਗਲ ਸਿੰਘ ਉਪਲ, ਸ. ਪ੍ਰਵਿੰਦਰ ਸਿੰਘ ਢਿੱਲੋਂ ਤੇ ਸ. ਪ੍ਰਿਤਪਾਲ ਸਿੰਘ ਦਿਹਾਣਾ ਹਾਜ਼ਰ ਸਨ।

# ਮੰਗਾਂ ਮਨਵਾਉਣ ਲਈ ਕਿਸਾਨਾਂ ਨੇ ਕੈਪਟਨ ਸਰਕਾਰ ਨੂੰ ਪਾਇਆ ਘੇਰਾ

**ਚੰਡੀਗੜ੍ਹ:** ਕਿਸਾਨਾਂ-ਮਜ਼ਦੂਰਾਂ ਵੱਲੋਂ ਚਲਾਏ ਜਾ ਰਹੇ ‘ਜੇਲ੍ਹ ਭਰੋ’ ਮੋਰਚੇ ਪ੍ਰਤੀ ਪੰਜਾਬ ਸਰਕਾਰ ਦੀ ਬੇਰੁਖੀ ਖਿਲਾਫ ਕਿਸਾਨਾਂ ਨੇ ਅੰਮ੍ਰਿਤਸਰ-ਦਿੱਲੀ ਰੇਲ ਮਾਰਗ ’ਤੇ ਧਰਨਾ ਦੇ ਕੇ ਜਾਮ ਲਾ ਦਿੱਤਾ। ਧਰਨੇ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਕਰਜ਼ੇ ਦੇ ਝੰਬੇ ਅਤੇ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ, ਮਜ਼ਦੂਰਾਂ ਨੂੰ ਬੈਂਕਾਂ ਦੇ ਨੋਟਿਸ ਆਏ ਹੋਏ ਹਨ, ਜ਼ਮੀਨਾਂ ਕੁਰਕ ਕੀਤੀਆਂ ਜਾ ਰਹੀਆਂ ਹਨ ਅਤੇ ਕਿਸਾਨ ਗ੍ਰਿਫਤਾਰ ਕੀਤੇ ਜਾ ਰਹੇ ਹਨ। ਫਸਲਾਂ ਮੰਡੀਆਂ ’ਚ ਕੌਡੀਆਂ ਦੇ ਭਾਅ ਵਿਕ ਰਹੀਆਂ ਹਨ। ਗੰਨੇ ਦੀ ਫਸਲ ਦਾ ਬਕਾਇਆ ਮਿੱਲਾਂ ਵੱਲ 400 ਕਰੋੜ ਰੁਪਏ ਤੋਂ ਵੀ ਵੱਧ ਖੜ੍ਹਾ ਹੈ। ਅਜਿਹੇ ਹਾਲਾਤ ਵਿਚ ਕਿਸਾਨਾਂ ਤੇ ਮਜ਼ਦੂਰਾਂ ਵਲੋਂ ‘ਜੇਲ੍ਹ ਭਰੋ ਮੋਰਚੇ’ ਵਿਚ ਪਹੁੰਚ ਕੇ ਗ੍ਰਿਫਤਾਰੀਆਂ ਲਈ ਪੇਸ਼ ਹੋਣਾ ਅਤੇ ਪੰਜਾਬ ਤੇ ਕੇਂਦਰ ਦਾ ਕਿਸਾਨਾਂ, ਮਜ਼ਦੂਰਾਂ ਦੇ ਮਸਲੇ ਹੱਲ ਕਰਨ ਤੋਂ ਭੱਜਣਾ ਤ੍ਰਾਸਦੀ ਹੈ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ, ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਚੋਣ ਵਾਅਦੇ ਮੁਤਾਬਕ ਖਤਮ ਹੋਵੇ, ਕੁਰਕੀਆਂ ਤੇ ਗ੍ਰਿਫਤਾਰੀਆਂ ਬੰਦ ਕੀਤੀਆਂ ਜਾਣ, ਮੰਨੀ ਹੋਈ ਮੰਗ ਮੁਤਾਬਕ ਕਿਸਾਨਾਂ ਪਾਸੋਂ ਬੈਂਕਾਂ ਅਤੇ ਆੜ੍ਹਤੀਆਂ ਵੱਲੋਂ ਲਏ ਗੈਰਕਾਨੂੰਨੀ ਖਾਲੀ ਚੈੱਕ ਤੁਰੰਤ ਵਾਪਸ ਕੀਤੇ ਜਾਣ, ਗੰਨੇ ਦਾ ਬਕਾਇਆ 15% ਵਿਆਜ ਸਣੇ ਤੁਰੰਤ ਦਿੱਤਾ ਜਾਵੇ, ਗੰਨੇ ਦਾ ਰੇਟ 340 ਰੁਪਏ ਪ੍ਰਤੀ ਕੁਇੰਟਲ ਕੀਤਾ ਜਾਵੇ।

ਉਨ੍ਹਾਂ ਮੰਗ ਕੀਤੀ ਕਿ ਘਰੇਲੂ ਬਿਜਲੀ ਦਰ ਇੱਕ ਰੁਪਏ ਯੂਨਿਟ ਕੀਤੀ ਜਾਵੇ, ਮਜ਼ਦੂਰਾਂ ਦੇ ਬਿੱਲ ਬਕਾਏ ਤੁਰੰਤ ਖਤਮ ਕੀਤੇ ਜਾਣ ਅਤੇ 200 ਯੂਨਿਟ ਪ੍ਰਤੀ ਮਹੀਨਾ ਮੁਆਫੀ ਇੱਕ ਕਿਲੋਵਾਟ ਦੀ ਸ਼ਰਤ ਤੋਂ ਬਿਨਾ ਦਿੱਤੀ ਜਾਵੇ ਤੇ ਘਰੇਲੂ ਖਪਤਕਾਰਾਂ ਦੇ ਪ੍ਰੀਪੇਡ ਮੀਟਰ ਲਾਉਣ ਦੀ ਤਜਵੀਜ਼ ਰੱਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅੰਦੋਲਨਾਂ ਦੌਰਾਨ ਰੇਲਵੇ ਅਤੇ ਪੰਜਾਬ ਪੁਲੀਸ ਵੱਲੋਂ ਦਰਜ ਕੀਤੇ ਗਏ ਕੇਸ ਤੁਰੰਤ ਰੱਦ ਕੀਤੇ ਜਾਣ।

**Convenience Store For Sale**

*In Cleveland, Ohio*

Corner Location. Great Opportunity.
Own a business since 1996
Convenience store (Beer, Wine, Grocery) + Check Cashing+ Lottery+ Bill Payments.
Sale Price $95K plus inventory.
Motivated seller planning to retire.
*Call Sunny for inquiries:*
Ph: 216-799-5015 or 440-232-8917
9-12

## ਜਮਾਤ ਆਗੂਆਂ ਦੀਆਂ ਸੰਪਤੀਆਂ ਸੀਲ

**ਸ੍ਰੀਨਗਰ:** ਕਸ਼ਮੀਰ ਵਿਚ ਅਧਿਕਾਰੀਆਂ ਨੇ ਜਮਾਤ-ਏ-ਇਸਲਾਮੀ ਦੇ ਆਗੂਆਂ ਦੀਆਂ ਕਈ ਸੰਪਤੀਆਂ ਨੂੰ ਸੀਲ ਕਰ ਦਿੱਤਾ ਹੈ। ਪੁਲਿਸ ਨੇ ਦੱਸਿਆ ਕਿ ਇਨ੍ਹਾਂ ‘ਚੋਂ ਕੁਝ ਕਾਰਕੁਨਾਂ ਦੀਆਂ ਰਿਹਾਇਸ਼ਾਂ ਉਤੇ ਵੀ ਕਾਰਵਾਈ ਕੀਤੀ ਗਈ ਹੈ। ਕੇਂਦਰ ਨੇ ਜਮਾਤ ਦੇ ਕੁਝ ਆਗੂਆਂ ਦੇ ਦਹਿਸ਼ਤੀ ਗੁੱਟਾਂ ਦੇ ਸੰਪਰਕ ‘ਚ ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ‘ਤੇ ਪਾਬੰਦੀ ਲਗਾ ਦਿੱਤੀ ਸੀ। ਪੁਲਿਸ ਨੇ ਦੱਸਿਆ ਕਿ ਜਮਾਤ ਆਗੂਆਂ ਦੇ ਬੈਂਕ ਖਾਤੇ ਵੀ ਜਾਮ ਕਰ ਦਿੱਤੇ ਗਏ ਹਨ।

## ਖੇਡ ਮੇਲਿਆਂ ਵਾਲੇ ਨਰਿੰਦਰ ਪੰਡਿਤ ਨਹੀਂ ਰਹੇ

**ਨਿਊ ਯਾਰਕ (ਬਿਊਰੋ):** ਨਿਊ ਯਾਰਕ ਦੇ ਖੇਡ ਮੇਲਿਆਂ ‘ਚ ਰੌਣਕਾਂ ਲਾਉਣ ਵਾਲੇ ਨਰਿੰਦਰ ਪੰਡਿਤ ਪਿਛਲੇ ਹਫਤੇ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਆਪਣੀ ਜਿੰਦਾ-ਦਿਲ ਅਤੇ ਮਿਲਾਪੜੇ ਸੁਭਾਅ ਰਾਹੀਂ ਹਰ ਇਕ ਦੇ ਦਿਲ ਵਿਚ ਜਗ੍ਹਾ ਬਣਾ ਰੱਖੀ ਸੀ। ਉਹ ਜਿਥੇ ਵੀ ਬਹਿੰਦੇ, ਰੌਣਕਾਂ ਲਾ ਦਿੰਦੇ।

ਜ਼ਿਕਰਯੋਗ ਹੈ ਕਿ ਨਰਿੰਦਰ ਪੰਡਿਤ ਡੀ. ਏ. ਵੀ. ਕਾਲਜ ਵਿਚ ਭੰਗੜੇ ਦੇ ਮਾਸਟਰ ਹੁੰਦੇ ਸਨ ਤੇ ਦੋ ਹਿੰਦੀ ਫਿਲਮਾਂ ਵਿਚ ਭੰਗੜਾ ਵੀ ਪਾਇਆ। ਲੈਕਚਰ ਵੀ ਲੱਗੇ ਰਹੇ ਤੇ ਫਿਰ ਅਮਰੀਕਾ ਪਹੁੰਚ ਗਏ। ਪੰਜਾਬੀ ਭਾਈਚਾਰੇ ‘ਚ ਵਧੀਆ ਸੇਵਾਵਾਂ ਨਿਭਾਉਣ ਬਦਲੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਰੋਨਾਲਡ ਰੀਗਨ ਨੇ ਉਨ੍ਹਾਂ ਨੂੰ ਮਾਣ-ਸਨਮਾਨ ਬਖਸ਼ਿਆ ਸੀ। ਉਨ੍ਹਾਂ ਵਰਲਡ ਟਰੇਡ ਸੈਂਟਰ ਦੀ ਉਪਰਲੀ ਮੰਜ਼ਿਲ ‘ਤੇ ਕੰਮ ਵੀ ਕੀਤਾ ਤੇ ਖੇਡ ਮੇਲਿਆਂ ਵਿਚ ਵੀ ਪੂਰਾ ਯੋਗਦਾਨ ਪਾਇਆ।



ਨਰਿੰਦਰ ਪੰਡਿਤ ਕਈ ਸਾਲ ਨਿਊ ਯਾਰਕ ਰਹਿਣ ਪਿਛੋਂ ਕਈ ਸਾਲਾਂ ਤੋਂ ਨਿਊ ਜਰਸੀ ਦੇ ਬੇਓਨ ਇਲਾਕੇ ‘ਚ ਪਰਿਵਾਰ ਸਮੇਤ ਰਹਿੰਦੇ ਸਨ।

**ਵੇਟਰ ਅਤੇ ਹੈਲਪਰ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ’ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
*ਸੰਪਰਕ ਕਰੋ: ਸੰਨੀ*
ਫੋਨ: 608-630-0287
8-11

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
***National Truck Driving School***
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ




ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ ’ਤੇ ਲੈ ਸਕਦੇ ਹੋ

**Call For Special Price**
Kashmir S. Thandi
Office: (866) 933-3038
Balhar S. Ranu Cell:916-502-7733

# ਸ਼ਾਹ ਹੁਸੈਨ ਤੇ ਦੁੱਲਾ ਭੱਟੀ ਦੀ ਸਾਂਝ

ਸੂਫੀ ਸ਼ਾਇਰ ਸ਼ਾਹ ਹੁਸੈਨ ਦੀ ਜੀਵਨੀ 'ਹਕੀਕਤੁਲ ਫੁਕਰਾ' ਸਿਰਲੇਖ ਹੇਠ ਫਾਰਸੀ ਜ਼ੁਬਾਨ ਵਿਚ ਸ਼ੇਖ ਮੁਹੰਮਦ ਪੀਰ ਨੇ 1071 ਹਿਜਰੀ ਸੰਨ ਵਿਚ ਲਿਖੀ ਸੀ, ਭਾਵ ਹੁਸੈਨ ਦੀ ਮੌਤ ਤੋਂ ਮਹਿਜ 63 ਵਰ੍ਹੇ ਬਾਅਦ। ਇਸ ਤੋਂ ਨੌਂ ਸਾਲ ਪਹਿਲਾਂ ਦਾਰਾ ਸ਼ਿਕੋਹ ਨੇ ਆਪਣੀ ਕਿਤਾਬ 'ਹਸਨਾਤੁਲ ਆਰਿਫੀਨ' ਵਿਚ ਸ਼ਾਹ ਹੁਸੈਨ ਨੂੰ ਜ਼ਬਰਦਸਤ ਸ਼ਖਸ ਕਰਾਰ ਦਿੱਤਾ, ਜਿਸ ਨੂੰ ਸ਼ਰੀਅਤ ਤੋਂ ਲਾਂਭੇ ਰਹਿਣ ਤੋਂ ਕੋਈ ਨਾ ਰੋਕ ਸਕਿਆ।

ਸ਼ੇਖ ਮੁਹੰਮਦ ਪੀਰ ਕਹਿੰਦਾ ਹੈ ਕਿ ਜਦੋਂ ਅਕਬਰ ਅਤੇ ਉਸ ਦੇ ਸ਼ੇਖੁਲ ਇਸਲਾਮ, ਅਬਦੁੱਲਾ ਸੁਲਤਾਨਪੁਰੀ ਨੂੰ ਇਸ ਸੂਫੀ ਬਾਰੇ ਇਤਲਾਹ ਮਿਲੀ ਤਾਂ ਬਾਦਸ਼ਾਹ ਨੇ ਆਪਣੇ ਕੋਤਵਾਲ ਮਲਿਕ ਅਲੀ ਨੂੰ ਹੁਕਮ ਦਿੱਤਾ ਕਿ ਉਹ ਸ਼ਾਹ ਹੁਸੈਨ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਅੱਗੇ ਪੇਸ਼ ਕਰੇ, ਪਰ



**ਸ਼ਫਕਤ ਤਨਵੀਰ ਮਿਰਜ਼ਾ**

ਸ਼ਾਇਰ ਨੂੰ ਕੋਤਵਾਲ ਫੜ ਨਾ ਸਕਿਆ। ਉਨ੍ਹੀਂ ਦਿਨੀਂ ਸਾਂਦਲ ਬਾਰ ਇਲਾਕੇ ਦਾ ਬਾਗੀ ਦੁੱਲਾ ਭੱਟੀ ਜੇਲ੍ਹ ਵਿਚ ਸੀ। ਅਕਬਰ ਨੇ ਹੁਕਮ ਦਿੱਤਾ ਸੀ ਕਿ ਦੁੱਲੇ ਨੂੰ ਨਾਖਾਸ ਇਲਾਕੇ (ਜਿਸ ਨੂੰ ਹੁਣ ਲੰਡਾ ਬਾਜ਼ਾਰ ਕਹਿੰਦੇ ਹਨ) ਵਿਚ ਸ਼ੁਰੇਬਾਜ਼ਾਰ ਫਾਂਸੀ ਦੇ ਦਿੱਤੀ ਜਾਵੇ। ਇਸ ਹੁਕਮ ਨੂੰ ਅਲੀ ਮਲਿਕ ਨੇ ਅਮਲ ਵਿਚ ਲਿਆਉਣਾ ਸੀ। ਜਦੋਂ ਦੁੱਲੇ ਨੂੰ ਫਾਂਸੀ ਦਿੱਤੀ ਜਾ ਰਹੀ ਸੀ ਤਾਂ ਸ਼ਾਹ ਹੁਸੈਨ ਆਪਣੇ ਸਾਥੀ, ਨੱਚਦੇ ਦਰਵੇਸ਼ਾਂ ਨੂੰ ਨਾਲ ਲੈ ਕੇ ਉਥੇ ਪੁੱਜ ਗਿਆ।

ਕੋਤਵਾਲ ਅਲੀ ਅਸਲ 'ਚ ਸ਼ਾਹ ਹੁਸੈਨ ਦੀ ਤਲਾਸ਼ ਵਿਚ ਸੀ, ਜੋ ਕਿਤੇ ਵੀ ਨਹੀਂ ਸੀ ਮਿਲਿਆ। ਬਾਦਸ਼ਾਹ ਨੇ ਇਲਾਕੇ ਦੇ ਜ਼ਿਮੀਂਦਾਰ ਦੁੱਲਾ ਭੱਟੀ ਨੂੰ ਜਨਤਕ ਤੌਰ 'ਤੇ ਫਾਂਸੀ ਲਾਉਣ ਦਾ ਹੁਕਮ ਦਿੱਤਾ। ਉਹ ਬਾਗੀ ਸੀ। ਦੁੱਲੇ ਨੂੰ ਫਾਂਸੀ ਲਾਏ ਜਾਣ ਵਾਲੇ ਦਿਨ ਵੱਡੀ ਗਿਣਤੀ ਵਿਚ ਲਾਹੌਰੀਏ ਉਥੇ ਇਕੱਤਰ ਹੋਏ ਅਤੇ ਅਚਾਨਕ ਸ਼ਾਹ ਹੁਸੈਨ ਵੀ ਉਥੇ ਆ ਹਾਜ਼ਰ ਹੋਇਆ।

ਕਹਾਣੀ ਮੁਤਾਬਕ ਇਸ ਤਰ੍ਹਾਂ ਕੋਤਵਾਲ ਮਲਿਕ ਅਲੀ ਨੇ ਸ਼ਾਹ ਹੁਸੈਨ ਨੂੰ ਉਸ ਦੀ ਆਜ਼ਾਦ-ਖਿਆਲੀ ਕਾਰਨ ਗ੍ਰਿਫਤਾਰ ਕਰ ਲਿਆ। ਜਦੋਂ ਅਲੀ ਨੇ ਸ਼ਾਹ ਹੁਸੈਨ ਨਾਲ ਨਾ ਸਿਰਫ ਗਾਲੀ-ਗਲੋਚ ਕੀਤਾ, ਸਗੋਂ ਉਸ ਨੂੰ ਬੜੀ ਮਾੜੀ ਮੌਤ ਦੇਣ ਦੇ ਦਬਕੇ ਵੀ ਮਾਰੇ ਤਾਂ ਸ਼ਾਹ ਹੁਸੈਨ ਬਹੁਤ ਨਾਰਾਜ਼ ਹੋ ਗਏ। ਸ਼ਾਹ ਹੁਸੈਨ ਨੇ ਮਲਿਕ ਅਲੀ ਨੂੰ ਖਬਰਦਾਰ ਕੀਤਾ ਕਿ ਜੋ ਕੁਝ ਉਹ ਉਸ (ਹੁਸੈਨ) ਨਾਲ ਕਰਨਾ ਚਾਹੁੰਦਾ ਹੈ, ਉਹੋ ਕੁਝ ਅਲੀ ਨਾਲ ਵੀ ਹੋਵੇਗਾ।

ਹਾਲੇ ਤੱਕ ਕੋਈ ਇਹ ਨਹੀਂ ਸੀ ਜਾਣਦਾ ਕਿ ਸ਼ਾਹ ਹੁਸੈਨ ਉਥੇ ਕਿਉਂ ਪੁੱਜਾ? ਕੀ ਉਹ ਦੁੱਲਾ ਭੱਟੀ ਨੂੰ ਫਾਂਸੀ ਦਿੱਤੇ ਜਾਣ ਕਾਰਨ ਅਕਬਰ ਤੇ ਅਲੀ ਤੋਂ ਨਾਰਾਜ਼ ਸੀ ਜਾਂ ਉਹ ਮਲਿਕ ਅਲੀ ਵਲੋਂ ਕੀਤੀ ਬਦਸਲੂਕੀ ਤੋਂ ਖਫਾ ਸੀ? ਪਰ ਹੁਸੈਨ ਦੀ ਆਖੀ ਗੱਲ ਉਦੋਂ ਸੱਚ ਹੋ ਗਈ, ਜਦੋਂ ਦੁੱਲੇ ਨੂੰ ਫਾਂਸੀ ਦੇਣ ਪਿਛੋਂ ਮਲਿਕ ਅਲੀ ਤੋਂ ਅਕਬਰ ਦੀ ਸਵੱਲੀ ਨਜ਼ਰ ਜਾਂਦੀ ਰਹੀ। ਬਾਦਸ਼ਾਹ ਉਸ ਤੋਂ ਇੰਨਾ ਨਾਰਾਜ਼ ਹੋਇਆ ਕਿ ਅਲੀ ਨੂੰ ਉਸੇ ਤਰ੍ਹਾਂ ਫਾਹੇ ਟੰਗ ਦਿੱਤਾ ਗਿਆ, ਜਿਵੇਂ ਹੁਸੈਨ ਨੇ ਪੇਸ਼ੀਨਗੋਈ ਕੀਤੀ ਸੀ।

ਸ਼ਾਹ ਹੁਸੈਨ ਨੂੰ ਵੀ ਬਾਦਸ਼ਾਹ ਅੱਗੇ ਪੇਸ਼ ਕੀਤਾ ਗਿਆ ਪਰ ਉਸ ਨੇ ਇਸ ਸੂਫੀ ਫਕੀਰ ਨੂੰ ਰਿਹਾ ਕਰ ਦਿੱਤਾ। ਪਿਛੋਂ ਬਾਦਸ਼ਾਹ ਦੇ ਕਈ ਨਾਮੀ ਵਜ਼ੀਰ ਅਤੇ ਸਿਪਾਹਸਾਲਾਰ ਸ਼ਾਹ ਹੁਸੈਨ ਦੇ ਮੁਰੀਦ ਬਣ ਗਏ। ਉਹ ਵੱਖੋ-ਵੱਖ ਮੁਹਿੰਮਾਂ ਵਿਚ ਆਪਣੀ ਕਾਮਯਾਬੀ ਲਈ ਸ਼ਾਹ ਹੁਸੈਨ ਦੀਆਂ ਮਿਹਰਾਂ ਮੰਗਣ ਲੱਗ ਪਏ। ਸ਼ਾਹ ਹੁਸੈਨ ਸਥਾਪਤੀ ਵਿਰੋਧੀ ਸ਼ਖਸ ਸੀ ਅਤੇ ਉਹ ਸ਼ੇਖੁਲ ਇਸਲਾਮ ਦੀ ਕਾਰਗੁਜ਼ਾਰੀ ਕਾਰਨ ਹਕੂਮਤ ਤੋਂ ਨਾਖੁਸ਼ ਸੀ। ਇਸ ਕਾਰਨ ਸੰਭਵ ਹੈ ਕਿ ਉਸ ਦੇ ਦਿਲ ਵਿਚ ਦੁੱਲਾ ਭੱਟੀ ਵਰਗੇ ਬਾਗੀਆਂ ਪ੍ਰਤੀ ਮੋਹ ਦੀ ਭਾਵਨਾ ਹੋਵੇ, ਜਾਂ ਉਸ ਦੇ ਬਾਗੀਆਂ ਨਾਲ ਕਿਸੇ ਕਿਸਮ ਦੇ ਤਾਲੁਕਾਤ ਵੀ ਹੋਣ। ਜਾਪਦਾ ਹੈ ਕਿ ਹੁਸੈਨ ਅਤੇ ਭੱਟੀ ਵਿਚਾਲੇ ਕੋਈ ਅਸਿੱਧਾ ਰਾਬਤਾ ਜ਼ਰੂਰ ਸੀ।

ਕਾਦਰੀ ਸੂਫੀ ਪਰੰਪਰਾ ਦੇ ਮਸ਼ਹੂਰ ਸ਼ਖਸ ਸ਼ਾਹ ਬਹਿਲੋਲ ਨੇ ਇਰਾਨ, ਅਫਗਾਨਿਸਤਾਨ, ਇਰਾਕ ਅਤੇ ਅਰਬ ਵਿਚਲੀਆਂ ਸਾਰੀਆਂ ਪਾਕਿ-ਪਵਿਤਰ ਥਾਂਵਾਂ ਦੀ ਜ਼ਿਆਰਤ ਕੀਤੀ ਸੀ। ਵਾਪਸੀ ਉਤੇ ਉਹ ਲਾਹੌਰ ਆਇਆ ਅਤੇ ਉਸ ਨੇ ਇਕ ਮਦਰੱਸੇ ਦੇ ਬਾਹਰ ਹੁਸੈਨ ਨੂੰ ਦੇਖਿਆ। ਪਿਛੋਂ ਉਸ ਨੇ ਹੁਸੈਨ ਨੂੰ ਪੜ੍ਹਾਇਆ ਤੇ ਸਿਖਿਅਤ ਕੀਤਾ।



*ਲਾਹੌਰ ਵਿਚ ਦੁੱਲਾ ਭੱਟੀ ਦੀ ਮਜ਼ਾਰ।*

ਜਦੋਂ ਹੁਸੈਨ ਛੱਬੀ ਵਰ੍ਹਿਆਂ ਦਾ ਹੋਇਆ ਤਾਂ ਸ਼ਾਹ ਬਹਿਲੋਲ ਆਪਣੇ ਜੱਦੀ ਪਿੰਡ ਚਿਨਿਓਟ ਪਰਤ ਗਿਆ, ਜੋ ਦੁੱਲਾ ਭੱਟੀ ਦੇ ਪਿੰਡ ਪਿੰਡੀ ਭੱਟੀਆਂ ਦੇ ਨਾਲ ਲੱਗਦਾ ਸੀ। ਉਹ ਕਿਲ੍ਹਾ ਕਿੰਗਰਾਂ ਵਿਚ ਰਹਿੰਦਾ ਸੀ ਅਤੇ ਅਕਸਰ ਹੁਸੈਨ ਨੂੰ ਮਿਲਣ ਲਾਹੌਰ ਆਉਂਦਾ-ਜਾਂਦਾ। ਹਿਜਰੀ ਸੰਨ 983 ਵਿਚ ਸ਼ਾਹ ਬਹਿਲੋਲ ਦੀ ਮੌਤ ਹੋ ਗਈ। ਇਹੋ ਉਹ ਸਮਾਂ ਸੀ, ਜਦੋਂ ਦੁੱਲਾ ਭੱਟੀ ਨੂੰ ਫਾਂਸੀ ਲਾਈ ਗਈ। ਇਸ ਦੌਰਾਨ ਸ਼ਾਹ ਬਹਿਲੋਲ ਦਾ ਪੁੱਤਰ ਮੁਹੰਮਦ ਅਲੀ ਵੀ ਲਾਂਭੇ ਹੋ ਗਿਆ। ਉਸ ਨੇ ਦੱਖਣ ਵਿਚ ਹੈਦਰਾਬਾਦ ਜਾ ਕੇ ਪਨਾਹ ਲੈ ਲਈ, ਜੋ ਸਿੱਧੇ ਤੌਰ 'ਤੇ ਅਕਬਰ ਦੀ ਸਲਤਨਤ ਦਾ ਹਿੱਸਾ ਨਹੀਂ ਸੀ। ਮੈਸੂਰ ਦਾ ਹੈਦਰ ਅਲੀ ਇਸ ਮੁਹੰਮਦ ਅਲੀ ਦਾ ਹੀ ਪੁੱਤਰ ਸੀ, ਜੋ ਸਿਪਰਾ ਜੱਟ ਸੀ।

ਬਹਿਲੋਲ ਦੇ ਦੌਰੇ

ਜੀਵਨੀ 'ਹਕੀਕਤੁਲ ਫੁਕਰਾ' ਦਾ ਕਰੀਬ ਚੌਥਾ ਹਿੱਸਾ ਸ਼ਾਹ ਹੁਸੈਨ ਦੇ ਉਸਤਾਦ ਸ਼ਾਹ ਬਹਿਲੋਲ ਦੇ ਦੌਰਿਆਂ ਨੂੰ ਸਮਰਪਿਤ ਹੈ। ਯਕੀਨਨ ਉਸ ਦਾ ਸ਼ਾਹ ਹੁਸੈਨ ਉਤੇ ਕਾਫੀ ਅਸਰ ਰਿਹਾ ਹੋਵੇਗਾ। ਸ਼ਾਹ ਹੁਸੈਨ ਪਹਿਲਾ ਅਜਿਹਾ ਪੰਜਾਬੀ ਸ਼ਾਇਰ ਸੀ, ਜਿਸ ਨੇ ਹੀਰ-ਰਾਂਝੇ ਦੀ ਪ੍ਰੀਤ ਕਥਾ ਨੂੰ ਆਪਣੇ ਸ਼ਾਇਰਾਨਾ ਇਜ਼ਹਾਰ ਲਈ ਇਸਤੇਮਾਲ ਕੀਤਾ। ਇਸ ਤੋਂ ਪਹਿਲਾਂ ਸਿਰਫ ਇਕ ਫਾਰਸੀ ਸ਼ਾਇਰ ਬਾਕੀ ਕੋਲਾਬੀ (ਦੇਹਾਂਤ 1556 ਈਸਵੀ) ਨੇ ਹੀਰ-ਰਾਂਝੇ ਬਾਰੇ ਛੋਟੀ ਜਿਹੀ ਨਜ਼ਮ ਲਿਖੀ ਸੀ। ਉਸ ਤੋਂ ਪਹਿਲਾਂ ਇਸ ਪ੍ਰੇਮ ਕਹਾਣੀ ਦਾ ਪਹਿਲੋਂ-ਪਹਿਲੜਾ ਹਵਾਲਾ ਹਮਾਯੂੰ ਦੇ ਦੌਰ (1530-1556) ਵਿਚ ਲਿਖੀ ਗਈ 'ਮੁਕਾਮਤ-ਏ-ਦਾਊਦੀ' ਵਿਚ ਮਿਲਦਾ ਹੈ।

ਹੀਰ-ਰਾਂਝੇ ਦੀ ਪ੍ਰੀਤ ਕਥਾ ਦਾ ਸ਼ਾਹ ਹੁਸੈਨ ਉਤੇ ਭਾਰੀ ਅਸਰ ਸੀ ਅਤੇ ਉਸ ਦੀ ਸਾਰੀ ਸ਼ਾਇਰੀ ਵਿਚ ਹੀਰ-ਰਾਂਝੇ ਤੋਂ ਬਿਨਾ ਹੋਰ ਕਿਸੇ ਪ੍ਰੇਮ ਕਹਾਣੀ (ਇਰਾਨੀ, ਅਰਬੀ ਜਾਂ ਭਾਰਤੀ) ਦਾ ਜ਼ਿਕਰ ਨਹੀਂ ਆਉਂਦਾ। ਮਿਸਾਲ ਵਜੋਂ,

ਮਾਹੀ ਮਾਹੀ ਕੂਕਦੀ
ਮੈਂ ਆਪੇ ਰਾਂਝਣ ਹੋਈ।
ਰਾਂਝਣ ਰਾਂਝਣ ਸਭ ਕੋਈ ਆਖੋ
ਮੈਨੂੰ ਹੀਰ ਨਾ ਆਖੋ ਕੋਈ।

ਇੰਜ ਜਾਪਦਾ ਹੈ ਕਿ ਸ਼ਾਹ ਬਹਿਲੋਲ ਨਾ ਸਿਰਫ ਸ਼ਾਹ ਹੁਸੈਨ ਅਤੇ ਦੁੱਲਾ ਭੱਟੀ ਵਿਚਾਲੇ ਹੀ ਕੜੀ ਸੀ, ਸਗੋਂ ਉਹ ਹੀਰ-ਰਾਂਝੇ ਦੀ ਕਹਾਣੀ ਅਤੇ ਸ਼ਾਹ ਹੁਸੈਨ ਵਿਚਾਲੇ ਵੀ ਮਜ਼ਬੂਤ ਕੜੀ ਸੀ।

ਹੀਰ-ਰਾਂਝੇ ਦੀ ਕਹਾਣੀ ਸ਼ਾਹ ਬਹਿਲੋਲ ਦੇ ਇਲਾਕੇ ਨਾਲ ਸਬੰਧਤ ਸੀ। ਇਹ ਪਿਆਰ ਕਹਾਣੀ ਬਹਿਲੋਲ ਲੋਧੀ ਦੇ ਦੌਰ ਵਿਚ ਵਾਪਰੀ ਪਰ ਸ਼ਾਹ ਹੁਸੈਨ ਨੇ ਹੀ ਸ਼ਾਹ ਬਹਿਲੋਲ ਦੇ ਪ੍ਰਭਾਵ ਸਦਕਾ ਇਸ ਪੰਜਾਬੀ ਕਹਾਣੀ ਨੂੰ ਏਨੀ ਕਾਮਯਾਬੀ ਨਾਲ ਪੇਸ਼ ਕੀਤਾ।

ਜਿਥੋਂ ਤੱਕ ਦੁੱਲਾ ਭੱਟੀ ਦਾ ਸਰੋਕਾਰ ਹੈ, ਅਕਬਰ ਦੇ ਦੌਰ ਦੇ ਸਰਕਾਰੀ ਰਿਕਾਰਡ ਵਿਚ ਉਸ ਦਾ ਕਿਤੇ ਕੋਈ ਹਵਾਲਾ ਨਹੀਂ ਮਿਲਦਾ। ਨੂਰ ਅਹਿਮਦ ਚਿਸ਼ਤੀ ਆਪਣੀ ਕਿਤਾਬ 'ਤਹਿਕੀਕਾਤ ਚਿਸ਼ਤੀ' ਲਿਖਦਿਆਂ 1860 ਵਿਚ ਮਿਆਣੀ ਸਾਹਿਬ ਵਿਖੇ ਮਲਿਕ ਅਲੀ ਕੋਤਵਾਲ ਦੇ ਪਰਿਵਾਰ ਦੀ ਕਬਰਗਾਹ ਦੀ ਸੁਰੱਖਿਆ ਲਈ ਤਾਇਨਾਤ ਜਵਾਨਾਂ ਨੂੰ ਮਿਲਿਆ ਤਾਂ ਉਨ੍ਹਾਂ ਨੇ ਵੀ ਥੋੜ੍ਹੇ ਜਿਹੇ ਫਰਕ ਨਾਲ ਦੁੱਲਾ ਭੱਟੀ ਦੀ ਉਕਤ ਕਹਾਣੀ ਹੀ ਸੁਣਾਈ। ਉਨ੍ਹਾਂ ਚਿਸ਼ਤੀ ਨੂੰ ਦੱਸਿਆ ਕਿ ਦੁੱਲਾ ਭੱਟੀ ਦਰਬਾਰੀ ਮਸਖਰਾ ਸੀ ਅਤੇ ਉਹ ਆਪਣੀ ਜ਼ਿਦ ਕਾਰਨ ਅਕਬਰ ਨੂੰ ਨਾਰਾਜ਼ ਕਰ ਬੈਠਾ ਸੀ।

ਦੁੱਲਾ ਭੱਟੀ ਚਾਹੇ ਡਾਕੂ ਸੀ ਜਾਂ ਬਾਗੀ, ਪਰ ਅਕਬਰ ਦੇ ਜ਼ਮਾਨੇ ਤੋਂ ਹੀ ਸ਼ਾਇਰਾਂ ਨੇ ਉਸ ਨੂੰ ਵੱਡੇ ਦਲੇਰ ਸੂਰਮੇ ਵਾਂਗ ਵਡਿਆਇਆ ਹੈ। ਸਾਡੇ ਸਮਿਆਂ ਦੌਰਾਨ ਨਜਮ ਹੁਸੈਨ ਸੱਯਦ ਨੇ ਆਪਣੇ ਨਾਟਕ 'ਤਖਤ ਲਾਹੌਰ' ਵਿਚ ਦੁੱਲੇ ਤੇ ਸ਼ਾਹ ਹੁਸੈਨ-ਦੋਹਾਂ ਨੂੰ ਨਾਇਕਾਂ ਵਜੋਂ ਦਿਖਾਇਆ ਹੈ, ਜੋ ਮੁਗਲ ਹਕੂਮਤ ਦੇ ਜ਼ੁਲਮਾਂ ਖਿਲਾਫ ਜਿਸਮਾਨੀ ਤੇ ਬੌਧਿਕ ਮੁਹਾਜ਼ਾਂ 'ਤੇ ਲੜ ਰਹੇ ਸਨ। ਮੇਜਰ ਇਸਹਾਕ ਮੁਹੰਮਦ ਨੇ ਵੀ ਦੁੱਲਾ ਭੱਟੀ 'ਤੇ 'ਕੁਕਨਸ' ਨਾਂ ਦਾ ਪੰਜਾਬੀ ਨਾਟਕ ਲਿਖਿਆ।

ਦੁੱਲਾ ਭੱਟੀ ਬਾਰੇ ਇਕ ਲੋਕ ਵਾਰ ਵਿਚ ਇੰਜ ਬਿਆਨ ਕੀਤਾ ਗਿਆ ਹੈ:

ਵਲ ਵਲ ਮਾਰਾਂ ਮੁਗਲਾਂ ਦੀਆਂ ਢਾਣੀਆਂ
ਦੇਵਾਂ ਪੂਰ ਦੇ ਪੂਰ ਉਥੱਲ।
ਮੈਂ ਬੱਦਲ ਬਣਾ ਦੇਵਾਂ ਧੂੜ ਦੇ
ਤੇ ਕੋਟੀ ਉਮਰ ਤਰਥੱਲ।
ਮੈਂ ਮਾਰ ਦਿਆਂ ਬੱਗੇ ਸ਼ੇਰ ਨੂੰ
ਓਹਦੀ ਹੇਠ ਵਿਛਾਵਾਂ ਖੱਲ।
ਮੈਂ ਚੜ੍ਹ ਕੇ ਘੋੜਾ ਫੇਰ ਲਾਂ
ਮੇਰੀ ਜੱਗ 'ਤੇ ਰਹਿ ਜਾਊ ਗੱਲ।
ਕੌਣ, ਕਮੀਨਾ ਬਾਦਸ਼ਾਹ
ਆਵੇ ਦੁੱਲੇ ਜਵਾਨ 'ਤੇ ਚੱਲ।

ਭੱਟੀਆਂ ਬਾਰੇ ਫਾਰਸੀ ਅਖਾਣ ਬਣਿਆ ਸੀ, ਜੋ ਇਲਾਕੇ ਵਿਚ ਅੰਗਰੇਜ਼ਾਂ ਦੇ ਆਉਣ ਤੱਕ ਚੱਲਦਾ ਰਿਹਾ। ਮਿਸਟਰ ਐਚ. ਏ. ਰੋਜ਼ ਆਪਣੀ ਕਿਤਾਬ 'ਗਲੋਸਰੀ ਆਫ ਦਿ ਟਰਾਈਬਜ਼ ਐਂਡ ਕਾਸਟਸ ਆਫ ਦਿ ਪੰਜਾਬ ਐਂਡ ਫਰੰਟੀਅਰ' (ਪੰਜਾਬ ਅਤੇ ਸਰਹੱਦੀ ਸੂਬੇ ਦੇ ਕਬੀਲਿਆਂ ਤੇ ਜਾਤਾਂ ਦੀ ਸ਼ਬਦਾਵਲੀ) ਵਿਚ ਲਿਖਦਾ ਹੈ, "ਫਾਰਸੀ ਅਖੌਤ ਕਹਿੰਦੀ ਹੈ ਕਿ ਡੋਗਰ, ਭੱਟੀ ਅਤੇ ਖਰਲ-ਸਾਰੇ ਬਾਗੀ ਲੋਕ ਹਨ ਤੇ ਇਨ੍ਹਾਂ ਨੂੰ ਮਾਰ ਦਿੱਤਾ ਜਾਣਾ ਚਾਹੀਦਾ ਹੈ।"

# ਪੰਜੇ ਵਾਲਾ ਅੱਲਾਹ ਤਾਅਲਾ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੈਂ ਪਿਛਲੇ ਹਫਤੇ ਲਾਹੌਰ ਤੋਂ ਪਰਤਿਆਂ ਹਾਂ। 8-10 ਦਿਨ ਲਈ ਪਾਕਿਸਤਾਨ ਜਾਣ ਦਾ ਸਬੱਬ ਬਣ ਗਿਆ ਸੀ। ਨਨਕਾਣਾ ਸਾਹਿਬ ਮੇਰੇ ਲਈ ਨਵਾਂ ਨਹੀਂ ਸੀ। ਮੈਂ 1998 ਦੀ ਵਿਸਾਖੀ ਸਮੇਂ ਦਰਸ਼ਨ ਕਰ ਚੁਕਾ ਸਾਂ। ਨਵੀਂ ਗੱਲ ਇਹ ਕਿ ਇੱਕੀ ਸਾਲਾਂ ਵਿਚ ਗੁਰਦੁਆਰਾ ਜਨਮ ਅਸਥਾਨ ਹੀ ਨਹੀਂ, ਗੁਰਦੁਆਰਾ ਬਾਲ ਲੀਲ੍ਹਾ, ਪੱਟੀ ਸਾਹਿਬ, ਤੰਬੂ ਸਾਹਿਬ ਤੇ ਕਿਆਰਾ ਸਾਹਿਬ ਵੀ ਪਹਿਲਾਂ ਨਾਲੋਂ ਕਿਤੇ ਵਧ ਵਿਕਾਸ ਕਰ ਚੁਕੇ ਹਨ। ਸਾਰੀ ਦਿੱਖ ਬਦਲ ਚੁਕੀ ਹੈ। ਬਾਜ਼ਾਰ ਵਿਚ ਪੂਰੀ ਗਹਿਮਾ ਗਹਿਮੀ ਹੈ। ਫੁੱਟ ਪਾਥ ਉਤੇ ਬੱਚਿਆਂ ਲਈ ਖਿਡੌਣੇ ਤੇ ਵੱਡਿਆਂ ਲਈ ਵੰਨ ਸਵੰਨੀਆਂ ਪੱਖੀਆਂ ਵੇਚਣ ਵਾਲੇ ਬੈਠੇ ਹੁੰਦੇ ਹਨ।



ਬਰਤਾਨੀਆ ਸਰਕਾਰ ਵਲੋਂ ਵਿਛਾਈ ਰੇਲਵੇ ਲਾਈਨ ਦੇ ਆਦਰ ਮਾਣ ਵਿਚ ਕਈ ਤਰ੍ਹਾਂ ਦੇ ਪੰਛੀ ਉਡਾਰੀਆਂ ਭਰਦੇ ਹਨ। ਉਨ੍ਹਾਂ ਦੇ ਖਾਣ ਲਈ ਦਾਣੇ ਤੇ ਹੋਰ ਵਸਤਾਂ ਦਾ ਕੋਈ ਅੰਤ ਨਹੀਂ। ਹਰ ਗੁਰਦੁਆਰੇ ਦੇ ਨਾਂ ਕਈ ਕਈ ਮੁਰੱਬੇ ਜਮੀਨ ਹੈ। ਕੇਵਲ ਗੁਰਦੁਆਰਾ ਜਨਮ ਅਸਥਾਨ ਦੇ ਨਾਂ ਅਠਾਰਾਂ ਹਜ਼ਾਰ ਏਕੜ ਜਮੀਨ ਹੈ। ਹਰ ਕੋਈ ਬਾਬੇ ਨਾਨਕ ਦਾ ਸ਼ਰਧਾਲੂ ਹੈ। ਸਿੱਖ ਸੇਵਾਦਾਰ ਜਮੀਨਾਂ ਦੇ ਮਾਲਕ ਹਨ। ਸਾਡੀ ਸ਼ਾਮ ਦੀ ਚਾਹ ਸਤਿੰਦਰ ਸਿੰਘ ਨਾਂ ਦੇ ਸੇਵਾਦਾਰ ਦੇ ਘਰ ਸੀ, ਜਾ ਕੇ ਵੇਖਿਆ ਉਹ 25 ਏਕੜ ਜਮੀਨ ਦਾ ਮਾਲਕ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਆਖਰੀ 15-18 ਸਾਲ ਕਰਤਾਰਪੁਰ ਦੇ ਬੰਜਰ ਇਲਾਕੇ ਵਿਚ ਆਪਣੇ ਹੱਥੀਂ ਖੇਤੀ ਕਰਕੇ ਇਸ ਨੂੰ ਆਬਾਦ ਕਰਨ ਵਿਚ ਲਾਏ ਅਤੇ ਲੋਕਾਈ ਨੂੰ ਮਿਹਨਤ ਕਰਕੇ ਖਾਣ ਦਾ ਸਬਕ ਦਿੱਤਾ। ਇਸੇ ਥਾਂ 70 ਸਾਲ ਚਾਰ ਮਹੀਨੇ ਤਿੰਨ ਦਿਨ ਦੀ ਵਧੀਆ ਉਮਰ ਭੋਗ ਕੇ ਜੋਤੀ ਜੋਤਿ ਸਮਾ ਗਏ। ਉਨ੍ਹਾਂ ਦੇ ਅਕਾਲ ਚਲਾਣੇ ਸਮੇਂ ਉਹ ਸਾਰੇ ਧਰਮਾਂ ਵਿਚ ਏਨੇ ਪ੍ਰਵਾਨ ਹੋ ਚੁਕੇ ਸਨ ਕਿ ਹਿੰਦੂ-ਸਿੱਖ ਉਨ੍ਹਾਂ ਦਾ ਸਸਕਾਰ ਕਰਨਾ ਚਾਹੁੰਦੇ ਸਨ ਤੇ ਮੁਸਲਮਾਨ ਉਨ੍ਹਾਂ ਦੀ ਮਜਾਰ ਬਣਾਉਣ ਲਈ ਉਤਾਵਲੇ ਸਨ। ਅੰਤ ਗੁਰੂ ਸਾਹਿਬ ਦੀ ਚਾਦਰ ਦੇ ਦੋ ਟੁਕੜੇ ਕਰਕੇ ਹਿੰਦੂ-ਸਿੱਖਾਂ ਨੇ ਸਸਕਾਰ ਕੀਤਾ ਤੇ ਮੁਸਲਮਾਨਾਂ ਨੇ ਕਬਰ ਬਣਾਈ, ਜਿਸ ਨੂੰ ਰਾਵੀ ਨਦੀ ਹੜ੍ਹਾ ਕੇ ਲੈ ਗਈ। ਅਜੋਕੀ ਮੜ੍ਹੀ ਤੇ ਕਬਰ ਉਸ ਦਾ ਸੰਕੇਤ ਮਾਤਰ ਹੈ।

ਸਨ ਸੰਤਾਲੀ ਦੀ ਦੇਸ਼ ਵੰਡ ਸਮੇਂ ਕਰਤਾਰਪੁਰ ਸਾਹਿਬ ਦਾ ਸਥਾਨ ਭਾਰਤ-ਪਾਕਿਸਤਾਨ ਬਾਰਡਰ ਉਤੇ ਆ ਜਾਣ ਕਾਰਨ ਇਸ ਦੀ ਮਾਨਤਾ ਉਨੀ ਨਾ ਹੋ ਸਕੀ, ਜਿੰਨੀ ਹੋਣੀ ਚਾਹੀਦੀ ਸੀ। ਹੁਣ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਦੇ ਯਤਨਾਂ ਨੂੰ ਬੂਰ ਪੈ ਰਿਹਾ ਹੈ। ਸਾਡੇ ਉਥੇ ਪਹੁੰਚਣ ਸਮੇਂ ਦਰਜਨਾਂ ਟਰੱਕ ਤੇ ਬੁਲਡੋਜ਼ਰ ਉਸ ਸਥਾਨ ਨੂੰ ਇਕਸਾਰ ਕਰ ਰਹੇ ਸਨ। ਸਾਰੇ ਚੌਗਿਰਦੇ ਵਿਚ ਗੁਰੂ ਸਾਹਿਬ ਦੇ ਵਾਕ ਲਿਖ ਕੇ ਉਨ੍ਹਾਂ ਦਾ ਉਰਦੂ ਅਨੁਵਾਦ ਗੁਰਮੁਖੀ ਅੱਖਰਾਂ ਵਿਚ ਲਿਖਿਆ ਹੋਇਆ ਹੈ। ਸਥਾਨਕ ਮਰਿਆਦਾ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਸਾਡੀ ਫੇਰੀ ਵਾਲੀ ਦਿਨ 18 ਫਰਵਰੀ 2019 ਦਾ ਮੁਖ ਵਾਕ ਸੀ,

ਮਿਲ ਸਤਿ ਸੰਗਤ ਗੁਰਾਹਾ॥
ਪੂੰਜੀ ਨਾਲ ਗੁਰਮੁਖਿ ਵੇਸਾਹਾ॥
ਹਰਿ ਰਹਿ ਕਿਰਪਾ ਧਾਰਿ ਮਧੂਸੂਦਨ
ਮਿਲਿ ਸਤਿ ਸੰਗ ਉਮਾਹਾ ਰਾਮ॥

ਪਾਕਿਸਤਾਨ ਵਿਚ ਪੰਜਾ ਸਾਹਿਬ ਦੀ ਮਹੱਤਤਾ ਵੀ ਇਸ ਫੇਰੀ ਸਮੇਂ ਹੀ ਉਜਾਗਰ ਹੋਈ। ਅਸੀਂ ਲਾਹੌਰ ਵਿਖੇ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰਾ ਦੇਹਰਾ ਸਾਹਿਬ ਵਿਚ ਰਹਿ ਰਹੇ ਸਾਂ, ਜਿਥੇ ਆਉਣ-ਜਾਣ ਵਾਲਿਆਂ ਲਈ ਵਾਸ਼ਰੂਮ ਵਾਲੇ ਕਮਰੇ ਹਨ। ਸਾਡੇ ਰਹਿਣ ਸਮੇਂ ਭਾਵਨਾ ਨਾਂ ਦੀ ਇਕ ਮਹਿਲਾ ਆਪਣੇ ਪਤੀ ਬਲਦੇਵ ਸਿੰਘ ਸਮੇਤ ਉਥੇ ਠਹਿਰੀ ਹੋਈ ਸੀ। ਪਤਨੀ ਖੰਨਾ ਮੰਡੀ ਦੀ ਜੰਮਪਲ ਹੈ ਤੇ ਸਵਾਤ (ਫਰੰਟੀਅਰ) ਇਲਾਕੇ ਦੇ ਬਲਦੇਵ ਸਿੰਘ ਨੂੰ ਵਿਆਹੀ ਹੋਈ ਹੈ। ਦੋਹਾਂ ਦਾ ਇੱਕ ਬੇਟਾ ਤੇ ਇੱਕ ਬੇਟੀ ਵੀ ਉਨ੍ਹਾਂ ਦੇ ਨਾਲ ਸਨ। ਭਾਵਨਾ ਨੂੰ ਖੰਨਾ ਮੰਡੀ ਗਿਆਂ ਅੱਠ ਸਾਲ ਹੋ ਚੁਕੇ ਸਨ। ਉਨ੍ਹਾਂ ਦੇ ਵੀਜੇ ਲੱਗਣ ਵਿਚ ਕੋਈ ਅੜਚਣ ਸੀ। ਅਸੀਂ ਉਨ੍ਹਾਂ ਨਾਲ ਹਮਦਰਦੀ ਜਤਾਈ ਤਾਂ ਉਹ ਬਿਲਕੁਲ ਨਿਸ਼ਚਿੰਤ ਨਜ਼ਰ ਆਏ। ਪਤੀ-ਪਤਨੀ ਉਤਰ ਵਿਚ ਕੇਵਲ ਦੋ ਹੀ ਸ਼ਬਦ ਬੋਲਦੇ, 'ਪੰਜੇ ਵਾਲਾ ਕਰਸੀ।' ਉਹ ਪੰਜੇ ਵਾਲਾ ਗੁਰੂ ਨਾਨਕ ਦੇਵ ਲਈ ਵਰਤਦੇ ਸਨ। ਉਨ੍ਹਾਂ ਦਾ 'ਪੰਜੇ ਵਾਲੇ' ਉਤੇ ਉਨਾ ਹੀ ਭਰੋਸਾ ਸੀ, ਜਿੰਨਾ ਪਾਕਿਸਤਾਨ ਦੀ ਮੁਸਲਿਮ ਵੱਸੋਂ ਦਾ ਅੱਲਾਹ ਤਾਅਲਾ ਉਤੇ। ਥੋੜ੍ਹਾ ਵਧ ਹੀ ਹੋਵੇਗਾ, ਘੱਟ ਨਹੀਂ।


**ਖਾਲਸਾ ਕਾਲਜ ਪਟਿਆਲਾ ਦੀ ਗਲੋਬਲ ਕਾਨਫਰੰਸ:** ਪਿਛਲੇ ਵਰ੍ਹੇ ਤੋਂ ਖਾਲਸਾ ਕਾਲਜ, ਪਟਿਆਲਾ ਨੇ ਹਰ ਸਾਲ ਗਲੋਬਲ ਪੰਜਾਬੀ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਹੈ। 2019 ਵਾਲਾ ਇਕੱਠ 7 ਮਾਰਚ ਨੂੰ ਹੋ ਰਿਹਾ ਹੈ। ਹੋਰਨਾਂ ਪ੍ਰੋਗਰਾਮਾਂ ਤੋਂ ਬਿਨਾ ਇਸ ਵਾਰ ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਪੰਜ ਮਹਾਰਥੀਆਂ ਦਾ ਸਨਮਾਨ ਕਰਨਾ ਨਿਸ਼ਚਿਤ ਹੈ। ਸਾਰੇ ਆਪੋ ਆਪਣੇ ਕਸਬ ਦੇ ਧਨੀ ਹਨ। 1. ਪ੍ਰਿੰਸੀਪਲ ਸਰਵਣ ਸਿੰਘ (ਰੇਖਾ ਚਿੱਤਰ), 2. ਗੁਰਭਜਨ ਗਿੱਲ (ਸਾਹਿਤਕ ਪ੍ਰਬੰਧਨ), 3. ਸਤੀਸ਼ ਕੁਮਾਰ ਵਰਮਾ (ਮੰਚ ਸੰਚਾਲਨ), 4. ਵਨੀਤਾ (ਨੈਸ਼ਨਲ ਸਾਹਿਤ ਅਕਾਡਮੀ ਕਨਵੀਨਰ) ਅਤੇ ਡਾ. ਗੁਰਨਾਮ ਸਿੰਘ (ਗਾਇਕੀ)। ਸਭਨਾਂ ਨੂੰ ਮਾਣ ਪੱਤਰ, ਦੁਸ਼ਾਲਾ ਤੇ ਰਾਸ਼ੀ ਭੇਟ ਕੀਤੀ ਜਾਵੇਗੀ। ਮੁਬਾਰਕਾਂ!

ਅੰਤਿਕਾ: ਧਨੀ ਰਾਮ ਚਾਤ੍ਰਿਕ

ਤੁਰਨ ਲੱਗਿਆਂ ਨਾਲ ਨ ਤੁਰੇ ਦੌਲਤ,
ਸਾਰੇ ਭਰੇ ਖਜਾਨੜੇ ਧਰੇ ਰਹਿੰਦੇ।
ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ,
ਸੀਨੇ ਉਨ੍ਹਾਂ ਦੇ ਅੰਦਰੋਂ ਠਰੇ ਰਹਿੰਦੇ।
ਜਿਨ੍ਹਾਂ ਬੀਜਿਆ ਬਦੀ ਦਾ ਬੀਜ ਖੋਟਾ,
ਨਾਗ ਦੁੱਖ ਦੇ ਉਨ੍ਹਾਂ ਨੂੰ ਲੜੇ ਰਹਿੰਦੇ।
ਚਾਤ੍ਰਿਕ ਨੇਕੀਆਂ ਜਿਨ੍ਹਾਂ ਨੇ ਕੀਤੀਆਂ ਨੇ,
ਲੋਕੀਂ ਪੂਜਦੇ ਉਨ੍ਹਾਂ ਦੇ ਥੜ੍ਹੇ ਰਹਿੰਦੇ।

# ਇਮਰਾਨ ਖਾਨ, ਫੌਜ ਅਤੇ ਪਾਕਿਸਤਾਨ ਦੇ ਮਸਲੇ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਕੌਮਾਂ ਦੀ ਲੀਡਰਸ਼ਿਪ ਦੇ ਕੋਲ ਕਈ ਵਾਰ ਅਜਿਹੇ ਮੌਕੇ ਆ ਜਾਂਦੇ ਹਨ, ਜਦੋਂ ਉਨ੍ਹਾਂ ਦੇ ਸਿਰ ਇਤਿਹਾਸਕ ਭੁੱਲਾਂ ਅਤੇ ਕੁਰਾਹਿਆਂ ਨੂੰ ਸੁਧਾਰਨ ਦੀ ਜਿੰਮੇਵਾਰੀ ਸਮਝੀ ਜਾਂਦੀ ਹੈ। ਅਜਿਹੇ ਆਗੂ ਬੜੇ ਥੋੜ੍ਹੇ ਹੁੰਦੇ ਹਨ, ਜੋ ਇਸ ਜਿੰਮੇਵਾਰੀ ਦਾ ਅਹਿਸਾਸ ਕਰਦੇ ਤੇ ਕੁਝ ਕਰਨ ਲਈ ਹੌਸਲਾ ਵਿਖਾਉਂਦੇ ਹਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਿਰ ਵੀ ਏਦਾਂ ਦੀ ਜਿੰਮੇਵਾਰੀ ਆਣ ਪਈ ਹੈ। ਉਹ ਕ੍ਰਿਕਟ ਦਾ ਖਿਡਾਰੀ ਰਿਹਾ ਹੈ ਤੇ ਉਸ ਦੀ ਖੇਡ ਦੀ ਧੁੰਮ ਸੰਸਾਰ ਭਰ ਵਿਚ ਪੈਂਦੀ ਹੁੰਦੀ ਸੀ, ਪਰ ਰਾਜਨੀਤੀ ਕ੍ਰਿਕਟ ਨਹੀਂ। ਉਹ ਹਾਲੇ ਤੱਕ ਇਸ ਦੀਆਂ ਬਾਰੀਕੀਆਂ ਨੂੰ ਸਮਝਣ ਅਤੇ ਆਪਣੇ ਆਪ ਸੋਚ ਕੇ ਰਾਜਨੀਤੀ ਦੀ ਪਿੱਚ 'ਤੇ ਬੈਟਿੰਗ ਕਰਨ ਦੇ ਲਾਇਕ ਹੋਣ ਦੀ ਕੋਈ ਝਲਕ ਨਹੀਂ ਵਿਖਾ ਸਕਿਆ। ਸਾਫ ਨਜ਼ਰ ਆਉਂਦਾ ਹੈ ਕਿ ਸਾਰੀ ਖੇਡ ਦੀ ਕਮਾਂਡ ਅੱਜ ਵੀ ਫੌਜੀ ਕਮਾਂਡਰਾਂ ਦੇ ਕੋਲ ਹੈ। ਇਹ ਗੱਲ ਉਹੋ ਤੈਅ ਕਰਦੇ ਹਨ ਕਿ ਪ੍ਰਧਾਨ ਮੰਤਰੀ ਅਗਲਾ ਕਦਮ ਫਲਾਣਾ ਚੁੱਕੇਗਾ ਤੇ ਫਲਾਣਾ ਕਦਮ ਨਹੀਂ ਚੁੱਕੇਗਾ।

ਪਾਕਿਸਤਾਨ ਨਾਂ ਦਾ ਵੱਖਰਾ ਦੇਸ਼ ਬਣਨ ਦੀ ਘੜੀ ਤੋਂ ਹੀ ਇਸ ਦੀ ਗੱਡੀ ਗਲਤ ਲੀਹ 'ਤੇ ਚੱਲ ਪਈ ਸੀ ਤੇ ਫਿਰ ਕਦੀ ਸਿੱਧੇ ਰਾਹ ਨਹੀਂ ਆ ਸਕੀ। ਚੁਣੇ ਹੋਏ ਆਗੂ ਉਥੋਂ ਦੀ ਫੌਜ ਨੂੰ ਚੰਗੇ ਨਹੀਂ ਲੱਗਦੇ ਅਤੇ ਉਹ ਤਖਤੇ ਪਲਟ ਕੇ ਆਪ ਖੁਦ ਰਾਜ ਕਰਨ ਦਾ ਚਸਕਾ ਲਾ ਚੁਕੀ ਹੈ। ਜਦੋਂ ਕਦੀ ਚੁਣੀ ਹੋਈ ਸਰਕਾਰ ਚੱਲਦੀ ਵੀ ਹੈ ਤਾਂ ਉਹ ਓਨੇ ਕਦਮ ਹੀ ਚੱਲ ਸਕਦੀ ਹੈ, ਜਿੰਨੇ ਫੌਜਾਂ ਦੇ ਕਮਾਂਡਰ ਤੈਅ ਕਰਦੇ ਹਨ ਤੇ ਜਦੋਂ ਇਸ ਬੇਹੂਦਾ ਰਵਾਇਤ ਨੂੰ ਤੋੜਨ ਦਾ ਕਿਸੇ ਨੇ ਵੀ ਯਤਨ ਕੀਤਾ, ਉਹ ਜ਼ੁਲਫਕਾਰ ਅਲੀ ਭੁੱਟੋ ਜਾਂ ਨਵਾਜ਼ ਸ਼ਰੀਫ ਜਾਂ ਕੋਈ ਵੀ ਹੋਵੇ, ਉਸ ਨੂੰ ਕੁਰਸੀ ਤੋਂ ਉਠਾ ਕੇ ਜੇਲ੍ਹ ਵੱਲ ਤੋਰਨ 'ਚ ਫੌਜ ਨੇ ਢਿੱਲ੍ਹ ਨਹੀਂ ਵਿਖਾਈ।

ਕਾਰਗਿਲ ਦੀ ਜੰਗ ਪਿੱਛੋਂ ਜੋ ਹੋਇਆ, ਉਸ ਦੀ ਚਰਚਾ ਕਈ ਦਿਨ ਅਗੇਤੀ ਚੱਲ ਪਈ ਸੀ, ਪਰ ਨਵਾਜ਼ ਸ਼ਰੀਫ ਇਸ ਵਹਿਮ ਵਿਚ ਸੀ ਕਿ ਫੌਜ ਦੇ ਕੁਝ ਅਫਸਰ ਸਰਕਾਰ ਦੀ ਵਫਾ ਪਾਲਣ ਨੂੰ ਤਿਆਰ ਸਨ। ਸ੍ਰੀਲੰਕਾ ਦੌਰੇ 'ਤੇ ਗਏ ਹੋਏ ਜਨਰਲ ਮੁਸ਼ੱਰਫ ਨੂੰ ਬਰਖਾਸਤ ਕਰ ਕੇ ਜਦੋਂ ਉਨ੍ਹਾਂ ਵਫਾਦਾਰ ਜਰਨੈਲਾਂ ਵਿਚੋਂ ਇੱਕ ਨੂੰ ਕਮਾਂਡ ਦਿੱਤੀ ਗਈ ਤਾਂ ਸਾਰੀ ਫੌਜੀ ਕਮਾਂਡ ਉਨ੍ਹਾਂ ਵਫਾਦਾਰਾਂ ਦੀ ਥਾਂ ਜਨਰਲ ਮੁਸ਼ੱਰਫ ਨਾਲ ਸਿਰਫ ਇਸ ਲਈ ਲਾਮਬੰਦ ਹੋ ਗਈ ਸੀ ਕਿ ਗੱਲ ਮੁਸ਼ੱਰਫ ਦੀ ਨਹੀਂ, ਸਿਆਸੀ ਲੀਡਰਸ਼ਿਪ ਅਤੇ ਫੌਜ ਵਿਚੋਂ ਕਿਸੇ ਇੱਕ ਦੀ ਸਰਦਾਰੀ ਰੱਖਣ ਤੇ ਦੂਸਰੇ ਨੂੰ ਅਧੀਨਗੀ ਮਨਾਉਣ ਦੀ ਹੈ। ਫਿਰ ਨਵਾਜ਼ ਸ਼ਰੀਫ ਨੂੰ ਕੁਰਸੀ ਤੋਂ ਉਠਾ ਕੇ ਪਹਿਲਾਂ ਜੇਲ੍ਹ ਵਿਚ ਤਾੜਿਆ ਤੇ ਉਸ ਦੇ ਬਾਅਦ ਦਸ ਸਾਲਾਂ ਦੀ ਲੰਮੀ ਜਲਾਵਤਨੀ ਲਈ ਖਾੜੀ ਦੇ ਇੱਕ ਦੇਸ਼ ਵਿਚ ਪੁਚਾ ਦਿੱਤਾ ਗਿਆ ਸੀ।

ਨਵਾਜ਼ ਸ਼ਰੀਫ ਭ੍ਰਿਸ਼ਟ ਹੈ, ਫਿਰ ਵੀ ਸਿਰੜੀ ਹੈ ਤੇ ਇੱਕ ਵਾਰ ਫਿਰ ਉਸ ਦੇਸ਼ ਦਾ ਪ੍ਰਧਾਨ ਮੰਤਰੀ ਬਣ ਕੇ ਸਾਹਮਣੇ ਆ ਗਿਆ ਸੀ। ਦੋਬਾਰਾ ਉਹ ਅੱਗੇ ਆਇਆ ਤਾਂ ਉਸ ਦੇ ਖਿਲਾਫ ਫੌਜੀ ਇਸ਼ਾਰੇ 'ਤੇ ਦੋ ਵੱਡੇ ਮੋਰਚੇ ਲਾਉਣ ਦਾ ਕੰਮ ਇੱਕੋ ਵੇਲੇ ਇੱਕ ਪਾਸਿਓਂ ਇਮਰਾਨ ਖਾਨ ਨੇ ਅਰੰਭ ਕੀਤਾ ਤੇ ਦੂਜੇ ਪਾਸੇ ਕੈਨੇਡਾ ਦਾ ਸਿਟੀਜ਼ਨ ਬਣ ਚੁਕੇ ਪਾਕਿਸਤਾਨੀ ਮੂਲ ਦੇ ਧਾਰਮਕ ਆਗੂ ਤਾਹਿਰ ਉਲ ਕਾਦਰੀ ਨੇ ਏਥੇ ਆ ਕੇ ਭੀੜ ਜੋੜੀ ਤੇ ਧਰਨਾ ਲਾ ਬੈਠਾ। ਕਈ ਦਿਨ ਅਜਿਹਾ ਤਮਾਸ਼ਾ ਹੁੰਦਾ ਰਿਹਾ ਤੇ ਉਦੋਂ ਹੀ ਖਤਮ ਹੋ ਸਕਿਆ ਸੀ, ਜਦੋਂ ਨਵਾਜ਼ ਸ਼ਰੀਫ ਸਰਕਾਰ ਦੀ ਸ਼ਿਕਾਇਤ ਉਤੇ ਕੈਨੇਡਾ ਦੀ ਸਰਕਾਰ ਨੇ ਤਾਹਿਰ ਉਲ ਕਾਦਰੀ ਨੂੰ ਨਾਗਰਿਕਤਾ ਖਤਮ ਕਰਨ ਦਾ ਦਬਕਾ ਮਾਰਿਆ ਤੇ ਉਸ ਦੇ ਅਗਲੇ ਦਿਨ ਸੁਪਰੀਮ ਕੋਰਟ ਨੇ ਇਮਰਾਨ ਖਾਨ ਦੀਆਂ ਦੌੜਾਂ ਲਵਾ ਦਿੱਤੀਆਂ।

ਹੈਰਾਨੀ ਦੀ ਗੱਲ ਸੀ ਕਿ ਉਦੋਂ ਦੇਸ਼ ਦੇ ਬਾਕੀ ਆਗੂਆਂ ਵਿਚੋਂ ਕੋਈ ਵੀ ਚੁਣੀ ਹੋਈ ਸਰਕਾਰ ਦੇ ਪੱਖ ਵਿਚ ਬੋਲਣ ਦੀ ਜੁਰਅੱਤ ਨਾ ਕਰ ਸਕਿਆ। ਕਹਿੰਦੇ, ਨਵਾਜ਼ ਸ਼ਰੀਫ ਦੀ ਸਰਕਾਰ ਭ੍ਰਿਸ਼ਟਾਚਾਰ ਕਰਦੀ ਹੈ। ਭ੍ਰਿਸ਼ਟਾਚਾਰ ਤਾਂ ਬੇਨਜ਼ੀਰ ਭੁੱਟੋ ਤੇ ਉਸ ਦਾ ਪਤੀ ਵੀ ਕਰਦੇ ਸਨ। ਇਮਰਾਨ ਖਾਨ ਦੇ ਅਹੁਦਾ ਸੰਭਾਲਦੇ ਸਾਰ ਉਸ ਦੀ ਭੈਣ ਅਲੀਮਾ ਖਾਨਮ ਦੇ ਭ੍ਰਿਸ਼ਟਾਚਾਰ ਦੇ ਕਿੱਸੇ ਵੀ ਨਿਕਲ ਆਏ ਹਨ। ਇਮਰਾਨ ਖਾਨ ਨੇ ਆਪਣੀ ਭੈਣ ਦੇ ਭ੍ਰਿਸ਼ਟਾਚਾਰ, ਜਿਸ ਦੀ ਹਰ ਗੱਲ ਨਵਾਜ਼ ਸ਼ਰੀਫ ਵਾਲੇ ਕੇਸ ਨਾਲ ਮੇਲ ਖਾਂਦੀ ਹੈ, ਨੂੰ ਢੱਕਣ ਲਈ ਸੰਵਿਧਾਨ ਵਿਚ ਸੋਧ ਕਰਨ ਦਾ ਦਾਅ ਖੇਡਣ ਦੀ ਕੋਸ਼ਿਸ਼ ਕੀਤੀ ਤੇ ਬਦਨਾਮੀ ਵੀ ਪੱਲੇ ਪੁਆਈ ਹੈ। ਏਦਾਂ ਦੇ ਭ੍ਰਿਸ਼ਟਾਚਾਰੀ ਮਾਹੌਲ ਵਿਚ ਨਵਾਜ਼ ਸ਼ਰੀਫ ਨੂੰ ਭ੍ਰਿਸ਼ਟਾਚਾਰ ਦਾ ਮਿਹਣਾ ਦੇ ਕੇ ਉਦੋਂ ਉਸ ਦੇ ਨਾਲ ਖੜੋਣ ਤੋਂ ਜਿਨ੍ਹਾਂ ਸਿਆਸੀ ਆਗੂਆਂ ਨੇ ਨਾਂਹ ਕੀਤੀ, ਉਹ ਫੌਜੀ ਕਮਾਂਡਰਾਂ ਨੇ ਉਨ੍ਹਾਂ ਤੋਂ ਕਰਵਾਈ ਸੀ।

ਸਿਰਫ ਇੱਕ ਮੌਕਾ ਅਜਿਹਾ ਆਇਆ ਸੀ, ਜਦੋਂ ਫੌਜ ਦੀ ਬਗਾਵਤ ਦਾ ਅਗੇਤਾ ਪਤਾ ਲੱਗਣ ਕਾਰਨ ਮੌਕੇ ਦੀ ਸਰਕਾਰ ਨੇ ਇਸ ਨੂੰ ਰੋਕਣ ਦਾ ਹੌਸਲਾ ਕੀਤਾ ਤੇ ਕਾਮਯਾਬ ਰਹੀ ਸੀ। ਉਹ ਸਰਕਾਰ ਭ੍ਰਿਸ਼ਟਾਚਾਰ ਲਈ ਬਹੁਤ ਬਦਨਾਮ ਹੋ ਚੁਕੇ ਉਦੋਂ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦੀ ਸੀ, ਪਰ ਬਗਾਵਤ ਦੇ ਵਿਰੋਧ ਦੀ ਅਗਵਾਈ ਜ਼ਰਦਾਰੀ ਨੇ ਨਹੀਂ ਸੀ ਕੀਤੀ, ਉਸ ਵਕਤ ਦਾ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਕਰ ਰਿਹਾ ਸੀ। ਉਸ ਨੇ ਪਾਰਲੀਮੈਂਟ ਵਿਚ ਉਠ ਕੇ ਕਿਹਾ ਸੀ ਕਿ ਕਾਂਵਾਂ 'ਤੇ ਵੀ ਭੀੜ ਬਣੇ ਤਾਂ ਸਾਰੇ ਇਕੱਠੇ ਹੋ ਜਾਂਦੇ ਨੇ, ਸਾਡੇ ਦੇਸ਼ ਦੇ ਲੋਕ-ਰਾਜ ਨੂੰ ਇਸ ਵੇਲੇ ਜੋ ਖਤਰਾ ਹੈ, ਫੌਜ ਰਾਜ ਪਲਟਾ ਕਰਨ ਦਾ ਮਨ ਬਣਾਈ ਬੈਠੀ ਹੈ, ਉਹ ਖਤਰਾ ਸਿਰਫ ਮੇਰੀ ਸਰਕਾਰ ਨੂੰ ਨਹੀਂ, ਸਾਰੀ ਸਿਆਸੀ ਲੀਡਰਸ਼ਿਪ ਲਈ ਹੈ, ਅੱਜ ਅਸੀਂ ਮਰਾਂਗੇ ਤਾਂ ਕੱਲ੍ਹ ਤੁਸੀਂ ਮਰੋਗੇ। ਉਸ ਦੀ ਇਸ ਅਪੀਲ ਤੇ ਇਸ ਦੇ ਨਾਲ-ਨਾਲ ਸੁਪਰੀਮ ਕੋਰਟ ਵਿਚ ਇੱਕ ਨਾਗਰਿਕ ਵੱਲੋਂ ਅਰਜ਼ੀ ਕਿ ਫੌਜ ਨੂੰ ਬਗਾਵਤ ਕਰਨੋਂ ਰੋਕਿਆ ਜਾਵੇ, ਦਾ ਅਸਰ ਸੀ ਕਿ ਫੌਜ ਬਗਾਵਤ ਕਰਨ ਤੋਂ ਝਿਜਕ ਗਈ ਸੀ।

ਗਿਲਾਨੀ ਬਾਅਦ ਵਿਚ ਆਪਣੀ ਪਾਰਟੀ ਦੇ ਬਹੁਤ ਬਦਨਾਮ ਹੋ ਚੁਕੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਬਚਾਉਣ ਦੇ ਚੱਕਰ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਵਾਲੀ ਕੁਰਸੀ ਗਵਾ ਬੈਠਾ, ਪਰ ਉਹ ਅਗਲੀਆਂ ਸਰਕਾਰਾਂ ਉਲਟਾਏ ਜਾਣ ਤੋਂ ਰੋਕਣ ਦਾ ਪ੍ਰਬੰਧ ਕਰ ਗਿਆ ਸੀ। ਉਸ ਦੀ ਸਰਕਾਰ ਬਚਾਉਣ ਲਈ ਜੋ ਕੇਸ ਉਦੋਂ ਸੁਪਰੀਮ ਕੋਰਟ ਵਿਚ ਦਾਇਰ ਹੋਇਆ ਸੀ, ਉਸ ਦਾ ਫੈਸਲਾ ਇਸ ਫਰਵਰੀ ਵਿਚ ਹੋਇਆ ਤੇ ਸੁਪਰੀਮ ਕੋਰਟ ਨੇ ਫੌਜ ਨੂੰ ਕਹਿ ਦਿੱਤਾ ਹੈ ਕਿ ਉਹ ਸਰਕਾਰਾਂ 'ਤੇ ਕਬਜ਼ੇ ਕਰਨ ਲਈ ਸੋਚਣਾ ਭਵਿੱਖ ਵਿਚ ਬੰਦ ਕਰ ਦੇਵੇ। ਫੌਜ ਦੇ ਕਮਾਂਡਰ ਏਨੇ ਕੱਚੇ-ਕੂਲੇ ਨਹੀਂ ਕਿ ਸੁਪਰੀਮ ਕੋਰਟ ਦਾ ਕਹਿਣਾ ਮੰਨ ਲੈਣ ਤੇ ਇਸ ਪਾਸੇ ਝਾਕਣਾ ਛੱਡ ਦੇਣ, ਜਿਸ ਸੁਪਰੀਮ ਕੋਰਟ ਦੇ ਜੱਜਾਂ ਨੂੰ ਉਹ ਕਈ ਵਾਰ ਫੌਜੀ ਹਕੂਮਤ ਦੀ ਵਫਾਦਾਰੀ ਦੀ ਸਹੁੰ ਚੁਕਾ ਚੁਕੇ ਹਨ, ਉਸ ਅਦਾਲਤ ਦਾ ਇਹ ਤਾਜ਼ਾ ਫੈਸਲਾ ਸੁਣ ਕੇ ਉਹ ਹੱਸਦੇ ਹੋਣਗੇ ਤੇ ਅਦਾਲਤ ਨੂੰ ਪਤਾ ਹੀ ਨਹੀਂ।

ਭਾਰਤ ਖਿਲਾਫ ਪਿਛਲੇ ਹਫਤੇ ਦੌਰਾਨ ਜੋ ਹਾਲਾਤ ਬੜਾ ਖਤਰਨਾਕ ਮੋੜਾ ਕੱਟਣ ਵਾਲੇ ਸਾਬਤ ਹੋਏ, ਇਨ੍ਹਾਂ ਦੇ ਪਿੱਛੇ ਉਥੋਂ ਦੀ ਸੁਪਰੀਮ ਕੋਰਟ ਦਾ ਫੌਜ ਨੂੰ ਰਾਜ ਸੱਤਾ ਤੋਂ ਲਾਂਭੇ ਰਹਿਣ ਦਾ ਹੁਕਮ ਹੋਵੇ ਜਾਂ ਨਾ, ਏਨਾ ਯਕੀਨੀ ਹੈ ਕਿ ਫੌਜ ਇਸ ਸਥਿਤੀ ਵਿਚੋਂ ਸਰਕਾਰ ਨੂੰ ਸੰਸਾਰ ਸਾਹਮਣੇ ਕਮਜ਼ੋਰ ਪੈਂਦੀ ਸਾਬਤ ਕਰਨ ਵਿਚ ਕਾਮਯਾਬ ਰਹੀ ਹੈ। ਉਸ ਦੀ ਪਕੜ ਵਿਚ ਆਇਆ ਭਾਰਤੀ ਪਾਇਲਟ ਜਿਵੇਂ ਸੰਸਾਰ ਦੀ ਰਾਏ ਪਾਕਿਸਤਾਨ ਦੇ ਖਿਲਾਫ ਹੋਣ ਪਿੱਛੋਂ ਸਿਰਫ ਦੋ ਦਿਨ ਬਾਅਦ ਛੱਡਣਾ ਪਿਆ ਹੈ, ਫੌਜੀ ਕਮਾਂਡ ਇਸ ਨੂੰ ਸਰਕਾਰ ਦੀ ਕਮਜ਼ੋਰੀ ਦੇ ਤੌਰ 'ਤੇ ਪੇਸ਼ ਕਰ ਕੇ ਅਗਲਾ ਕਦਮ ਚੁੱਕੇ ਜਾਣ ਦੀ ਲਾਮਬੰਦੀ ਕਰੇਗੀ। ਜਨਰਲ ਮੁਸ਼ੱਰਫ ਨੇ ਨਵਾਜ਼ ਸ਼ਰੀਫ ਸਰਕਾਰ ਦੇ ਖਿਲਾਫ ਇਹੋ ਪੱਤਾ ਖੇਡਿਆ ਸੀ। ਉਥੋਂ ਦੀ ਰਾਜਨੀਤੀ ਅਤੇ ਫੌਜ ਦੇ ਸਬੰਧਾਂ ਵਿਚ ਲੁਕਮਾਨੀ ਨੁਸਖਾ ਬਣ ਚੁਕਾ ਇਹ ਦਾਅ ਜਿੰਨੀ ਵਾਰੀ ਫੌਜ ਨੇ ਖੇਡਿਆ ਤੇ ਉਥੋਂ ਦੀ ਸਰਕਾਰ ਬਦਲਣੀ ਚਾਹੀ ਹੈ, ਉਸ ਨੂੰ ਕਾਮਯਾਬੀ ਮਿਲਦੀ ਰਹੀ ਹੈ। ਇਹ ਇੱਕ ਵਾਰ ਫਿਰ ਹੋ ਸਕਦਾ ਹੈ।

ਪਾਕਿਸਤਾਨ ਦੇ ਲੋਕਾਂ ਤੇ ਉਥੋਂ ਦੀ ਸਿਆਸੀ ਲੀਡਰਸ਼ਿਪ ਨੂੰ ਪਿਛਲੇ ਦਿਨੀਂ ਭਾਰਤ ਨਾਲ ਜੰਗ ਵਾਲੇ ਹਾਲਾਤ ਬਾਰੇ ਸੋਚਣ ਦੀ ਥਾਂ ਆਪਣੇ ਦੇਸ਼ ਦੇ ਅੰਦਰੂਨੀ ਹਾਲਾਤ ਅਤੇ ਫੌਜ ਦੀ ਨੀਤ ਬਾਰੇ ਸੋਚਣਾ ਚਾਹੀਦਾ ਹੈ। ਉਥੋਂ ਦੀ ਫੌਜ ਕਦੇ ਵੀ ਏਨਾ ਸਮਾਂ ਰਾਜ ਸੱਤਾ ਤੋਂ ਲਾਂਭੇ ਰਹਿਣ ਦੀ ਆਦੀ ਨਹੀਂ। ਜਿਨ੍ਹਾਂ ਹਾਲਾਤ ਵਿਚ ਸੰਸਾਰ ਭਰ ਦੇ ਦਬਾਅ ਹੇਠ ਉਥੋਂ ਦੀ ਸਰਕਾਰ ਨੂੰ ਕੁਝ ਮਾਮਲਿਆਂ ਵਿਚ ਭਾਰਤ ਅੱਗੇ ਝੁਕਣਾ ਪਿਆ ਹੈ, ਪਾਕਿਸਤਾਨੀ ਫੌਜ ਇਸ ਨੂੰ ਆਪਣੀ ਸਰਕਾਰ ਦੀ ਕਮਜ਼ੋਰੀ ਦੇ ਰੂਪ 'ਚ ਪੇਸ਼ ਕਰ ਕੇ ਉਥੋਂ ਦੇ ਲੋਕਾਂ ਨੂੰ ਸਰਕਾਰ ਵਿਰੁਧ ਭੜਕਾਉਣ ਤੇ ਫਿਰ ਹਾਲਾਤ ਵਿਗਾੜਦੇ ਜਾਣ ਦਾ ਬਹਾਨਾ ਬਣਾ ਕੇ ਪੁਰਾਣਾ ਤਜਰਬਾ ਦੁਹਰਾਉਣ ਬਾਰੇ ਸੋਚ ਸਕਦੀ ਹੈ।

ਅਸੀਂ ਇਹ ਗੱਲ ਇਥੋਂ ਅਰੰਭੀ ਸੀ ਕਿ ਇਤਿਹਾਸ ਵਿਚ ਕਈ ਵਾਰੀ ਕੌਮਾਂ ਦੀ ਲੀਡਰਸ਼ਿਪ ਸਾਹਮਣੇ ਏਦਾਂ ਦੇ ਮੌਕੇ ਪੇਸ਼ ਹੋ ਜਾਂਦੇ ਹਨ, ਜਿੱਥੇ ਉਨ੍ਹਾਂ ਨੂੰ ਆਪਣੇ ਤੋਂ ਪਹਿਲੇ ਆਗੂਆਂ ਦੀਆਂ ਭੁੱਲਾਂ ਤੇ ਕੁਰਾਹਿਆਂ ਨੂੰ ਸੁਧਾਰਨ ਦੀ ਜਿੰਮੇਵਾਰੀ ਨਿਭਾਉਣੀ ਪੈ ਸਕਦੀ ਹੈ। ਇਹ ਮੌਕਾ ਇਤਿਹਾਸ ਨੇ ਇਸ ਵੇਲੇ ਇਮਰਾਨ ਖਾਨ ਦੇ ਸਾਹਮਣੇ ਪੇਸ਼ ਕੀਤਾ ਜਾਪਦਾ ਹੈ। ਉਸ ਨੂੰ ਹਰ ਰੰਗ ਦੀ ਸਿਆਸੀ ਲੀਡਰਸ਼ਿਪ ਨੂੰ ਇਸ ਗੱਲ ਲਈ ਲਾਮਬੰਦ ਕਰਨਾ ਚਾਹੀਦਾ ਹੈ ਕਿ ਲੋਕ-ਰਾਜ ਵਿਚ ਫੌਜ ਨੂੰ ਮਨ-ਆਈਆਂ ਕਰਨ ਤੋਂ ਰੋਕਣਾ ਚਾਹੀਦਾ ਹੈ, ਨਹੀਂ ਤਾਂ ਇਹ ਇਸੇ ਤਰ੍ਹਾਂ ਕਿਸੇ ਦਾ ਵੀ ਤਖਤਾ ਪਲਟਦੀ ਰਹੇਗੀ ਤੇ ਲੋਕਤੰਤਰ ਵਿਖਾਵੇ ਦਾ ਬਣ ਕੇ ਰਹਿ ਜਾਵੇਗਾ। ਭ੍ਰਿਸ਼ਟਾਚਾਰ ਤੇ ਹੋਰ ਮੁੱਦੇ ਇਸ ਵੇਲੇ ਓਨੇ ਵੱਡੇ ਨਹੀਂ, ਜਿੰਨਾ ਵੱਡਾ ਮੁੱਦਾ ਫੌਜ ਨੂੰ ਲਗਾਮ ਦੇਣ ਦਾ ਹੈ। ਜੇ ਇਮਰਾਨ ਖਾਨ ਬਾਕੀ ਲੀਡਰਾਂ ਨੂੰ ਇਸ ਲਈ ਲਾਮਬੰਦ ਨਾ ਕਰ ਸਕਿਆ, ਜੇ ਉਹ ਨਿੱਜੀ ਕਾਰਨਾਂ ਕਰ ਕੇ ਲਾਮਬੰਦ ਹੋਣ ਤੋਂ ਇਨਕਾਰੀ ਹੋ ਗਏ ਤਾਂ ਉਨ੍ਹਾਂ ਨੂੰ ਇੱਕ ਵਾਰ ਫਿਰ ਉਹ ਲੰਮਾ ਦੌਰ ਹੰਢਾਉਣਾ ਪੈ ਸਕਦਾ ਹੈ, ਜਿਸ ਨੂੰ ਕਈ ਵਾਰ ਹੰਢਾ ਚੁਕੇ ਹਨ। ਪਾਕਿਸਤਾਨ ਦੀ ਰਾਜਨੀਤੀ ਵਿਚ ਬਾਕੀਆਂ ਨਾਲੋਂ ਛੋਟੇ ਸਿਆਸੀ ਕੱਦ ਵਾਲੇ ਇਮਰਾਨ ਖਾਨ ਦੇ ਸਿਰ ਵੱਡੀ ਜਿੰਮੇਵਾਰੀ ਹੈ, ਉਹ ਇਸ ਮੋੜ 'ਤੇ ਇਹ ਜਿੰਮੇਵਾਰੀ ਨਿਭਾ ਸਕਦਾ ਹੈ ਕਿ ਨਹੀਂ, ਉਥੋਂ ਦੇ ਲੋਕਾਂ ਦਾ ਭਵਿੱਖ ਇਸ 'ਤੇ ਨਿਰਭਰ ਕਰੇਗਾ।

# ਚੰਨ ਤਾਰਿਆਂ ਦੀ ਲੋਅ...

**ਮੂੰਹ ਆਈ ਬਾਤ**



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਉਹ ਦੋਵੇਂ ਮੈਨੂੰ ਬਹੁਤ ਵਾਰੀ ਇਕੱਠੇ ਮਿਲੇ ਹੋਣਗੇ, ਮੈਂ ਦੋਹਾਂ ਨੂੰ ਦੇਖ ਕੇ ਦਿਲ ਵਿਚ ਅੰਦਾਜ਼ਾ ਲਾਉਂਦਾ, ਦੋਵੇਂ ਜੋੜੇ ਭਰਾ ਹੋਣਗੇ। ਇਕੋ ਜਿੰਨੇ ਕੱਦ, ਛਾਂਟਵੇਂ ਸਰੀਰ, ਹਲਕੀ-ਹਲਕੀ ਕੱਟੀ ਦਾੜ੍ਹੀ ਤੇ ਸੋਹਣੀ ਪੱਗ। ਬਹੁਤ ਵਾਰੀ ਸੋਚਿਆ, ਇਨ੍ਹਾਂ ਨਾਲ ਗੱਲ ਕਰਾਂ ਕਿ ਦੋਵਾਂ ਭਰਾਵਾਂ ਦੀ ਐਨੀ ਪੱਕੀ ਦੋਸਤੀ ਕਿਵੇਂ ਹੈ। ਇਕ ਦਿਨ ਇੰਡੀਅਨ ਗਰੋਸਰੀ ਸਟੋਰ 'ਤੇ ਦੋਵੇਂ ਮਿਲ ਪਏ। ਮੈਂ ਅਗਾਂਹ ਹੋ ਕੇ ਜਾ ਫਤਿਹ ਬੁਲਾਈ, "ਬਾਈ ਜੀ ਸਤਿ ਸ੍ਰੀ ਅਕਾਲ।" "ਸਤਿ ਸ੍ਰੀ ਅਕਾਲ।" ਦੋਹਾਂ ਨੇ ਵੀ ਹੱਥ ਜੋੜਦਿਆਂ ਨਿੱਘਾ ਉਤਰ ਦਿੱਤਾ।

"ਬਾਈ ਜੀ, ਪੰਜਾਬ ਤੋਂ ਕਿੱਥੋਂ?" ਮੈਂ ਅਗਾਂਹ ਗੱਲ ਤੋਰੀ।

"ਬਾਈ ਜੀ, ਮੈਂ ਤਾਂ ਤੇਰਾ ਮਲਵਈ ਭਰਾ ਹੀ ਹਾਂ ਪਰ ਆਹ ਮਝੈਲ ਐ।" ਇਕ ਨੇ ਕਿਹਾ।

ਮੈਨੂੰ ਹੈਰਾਨੀ ਹੋਈ, ਮੈਂ ਤਾਂ ਸੋਚਦਾ ਸੀ ਸਕੇ ਭਰਾ ਹੋਣਗੇ ਪਰ ਇਹ ਤਾਂ ਮਾਲਵਾ ਤੇ ਮਾਝਾ ਬਣ ਗਏ। ਖੈਰ! ਇਸ ਮਿੱਤਰਤਾ ਦੀ ਕਹਾਣੀ ਜਾਨਣ ਲਈ ਮੈਂ ਹੋਰ ਕਾਹਲਾ ਪੈ ਗਿਆ।

ਇਕ ਦੱਸਣ ਲੱਗਾ: "ਮੈਂ ਦਰਸ਼ਨ ਸਿੰਘ ਸਿੱਧੂ ਹਾਂ ਤੇ ਬਠਿੰਡਾ ਜਿਲੇ ਤੋਂ ਹਾਂ, ਤੇ ਇਸ ਭਾਊ ਦਾ ਨਾਂ ਸੁਖਨੈਬ ਸਿੰਘ ਭੁੱਲਰ ਹੈ। ਸਾਡੀ ਦੋਸਤੀ ਜੰਮੂ ਕਸ਼ਮੀਰ ਦੇ ਉਚੇ ਪਹਾੜਾਂ 'ਚ ਹੋਈ ਸੀ। ਇਹ ਰਾਮਗੜ੍ਹ ਟਰੇਨਿੰਗ ਸੈਂਟਰ ਤੋਂ ਫੌਜ ਦੀ ਰੰਗਰੂਟੀ ਕੱਟ ਕੇ ਸਿੱਧਾ ਜੰਮੂ ਤਾਇਨਾਤ ਹੋ ਗਿਆ। ਮੈਂ ਹੈਦਰਾਬਾਦ ਤੋਂ ਟਰੇਨਿੰਗ ਲੈ ਕੇ ਜੰਮੂ ਆਇਆ। ਅਜੇ ਦਸ ਦਿਨ ਹੋਏ ਸਨ ਕਿ ਭੁੱਲਰ ਦੀ ਗਸ਼ਤ-ਟੁਕੜੀ 'ਤੇ ਅਤਿਵਾਦੀਆਂ ਨੇ ਗੋਲੀ ਚਲਾ ਦਿੱਤੀ ਤੇ ਇਹ ਜ਼ਖਮੀ ਹੋ ਗਿਆ। ਇਸ ਨੂੰ ਆਰਮੀ ਹਸਪਤਾਲ ਭਰਤੀ ਕਰਵਾ ਦਿੱਤਾ ਗਿਆ। ਮੈਨੂੰ ਸਾਡਾ ਕਰਨਲ ਕਹਿੰਦਾ ਕਿ ਤੇਰੀ ਮੈਡੀਕਲ ਰਿਪੋਰਟ ਦੁਬਾਰਾ ਚਾਹੀਦੀ ਹੈ। ਮੈਂ ਮੈਡੀਕਲ ਕਰਵਾਇਆ। ਉਥੇ ਨਾਲ ਦਾ ਫੌਜੀ ਕਹਿੰਦਾ, ਇਕ ਬੰਦੇ ਦਾ ਹਾਲ-ਚਾਲ ਪਤਾ ਕਰਨਾ ਹੈ। ਅਸੀਂ ਦੋਵੇਂ ਵਾਰਡ 'ਚ ਚਲੇ ਗਏ। ਅਗਾਂਹ ਭੁੱਲਰ ਪਿਆ ਸੀ।

ਅਸੀਂ ਜਿਵੇਂ ਜਨਮ-ਜਨਮ ਦੇ ਵਿਛੜਿਆਂ ਨੇ ਮਿਲਣਾ ਹੋਵੇ! ਪਹਿਲੀ ਮਿਲਣੀ ਵਿਚ ਮੈਂ ਤੇ ਭੁੱਲਰ ਇਕ ਦੂਜੇ ਦੇ ਦਿਲ ਵਿਚ ਵੜ ਗਏ। ਫਿਰ ਰੋਜ਼ ਹੀ ਭੁੱਲਰ ਦਾ ਪਤਾ ਲੈਣ ਜਾਂਦਾ, ਇਸ ਦੀ ਬਹੁਤ ਸੇਵਾ ਕੀਤੀ। ਇਹ ਛੁੱਟੀ ਮਿਲਣ ਪਿਛੋਂ ਮਹੀਨੇ ਦੀ ਛੁੱਟੀ ਪਿੰਡ ਚਲਾ ਗਿਆ। ਪਿਛੋਂ ਮੇਰਾ ਦਿਲ ਨਾ ਲੱਗੇ। ਮੈਂ ਲੰਮੀ ਚਿੱਠੀ ਲਿਖ ਕੇ ਪਾਈ। ਇਸ ਤੋਂ ਪਹਿਲਾਂ ਕਿ ਇਸ ਦਾ ਜਵਾਬ ਆਉਂਦਾ, ਇਹ ਮਹੀਨਾ ਕੱਟ ਕੇ ਆਪ ਹੀ ਮੁੜ ਆਇਆ। ਭੁੱਲਰ ਦੀ ਮਾਤਾ ਨੇ ਮੇਰੇ ਲਈ ਵੱਖਰੀ ਪੰਜੀਰੀ ਭੇਜੀ। ਭੁੱਲਰ ਦੀ ਭੈਣ ਨੇ ਹੱਥੀਂ ਸਵੈਟਰ ਬੁਣ ਕੇ ਭੇਜਿਆ। ਸਾਡੀ ਦੋਸਤੀ ਗੂੜ੍ਹੀ ਹੁੰਦੀ ਗਈ। ਭੁੱਲਰ ਸਿੱਖ ਰੈਜੀਮੈਂਟ 'ਚ ਸੀ ਤੇ ਮੈਂ ਆਰਟਿਲਰੀ ਵਿਚ, ਪਰ ਅਸੀਂ ਸਮਾਂ ਕੱਢ ਕੇ ਮਿਲ ਹੀ ਲੈਂਦੇ। ਫਿਰ ਮੈਂ ਛੁੱਟੀ ਚਲਾ ਗਿਆ। ਇਹ ਮੈਨੂੰ ਸਟੇਸ਼ਨ 'ਤੇ ਚਾੜ੍ਹਨ ਗਿਆ, ਤੀਵੀਆਂ ਵਾਂਗ ਰੋਣ ਲੱਗ ਪਿਆ। ਅਸੀਂ ਹਾਸਾ-ਠੱਠਾ ਕਰਦੇ ਇਕ-ਦੂਜੇ ਤੋਂ ਵਿਛੜੇ।

ਮੈਂ ਪਿੰਡ ਪਹੁੰਚਿਆ ਤੇ ਮਾਪਿਆਂ ਨੂੰ ਭੁੱਲਰ ਦੀ ਦੋਸਤੀ ਦੀਆਂ ਗੱਲਾਂ ਦੱਸੀਆਂ। ਗਰਮੀਆਂ ਹੋਣ ਕਰਕੇ ਨਾ ਪੰਜੀਰੀ ਬਣ ਸਕਦੀ ਸੀ ਤੇ ਨਾ ਸਵੈਟਰ। ਮਾਂ ਨੇ ਇਕੋ ਥਾਨ ਵਿਚੋਂ ਚਿੱਟੇ ਕੁੜਤੇ-ਪਜਾਮੇ ਸੰਵਾ ਦਿੱਤੇ। ਮੈਂ ਮਾਂ ਨਾਲ ਸਾਰਾ ਦਿਨ ਭੁੱਲਰ ਦੀਆਂ ਗੱਲਾਂ ਕਰੀ ਜਾਂਦਾ। ਅਸੀਂ ਦੋਵੇਂ ਇੰਜ ਸੀ, ਜਿਵੇਂ ਇਕੋ ਮਾਂ ਦੇ ਪੇਟੋਂ ਜੰਮੇ ਹੋਈਏ ਤੇ ਬਚਪਨ ਵਿਚ ਵਿਛੜ ਗਏ ਹੋਈਏ। ਛੁੱਟੀ ਕੱਟ ਕੇ ਮੈਂ ਵਾਪਸ ਆ ਗਿਆ। ਦੋਵੇਂ ਮਿਲੇ, ਕੁੜਤੇ-ਪਜਾਮੇ ਪਾ ਕੇ ਚਿੱਟੇ ਕਬੂਤਰ ਬਣ ਗਏ। ਦੋ-ਦੋ ਪੈਗ ਲਾ ਕੇ ਦੇਰ ਰਾਤ ਤੱਕ ਗੱਲਾਂ ਕਰਦੇ ਰਹੇ।

ਦੋਹਾਂ ਯੂਨਿਟਾਂ 'ਚ ਸਾਡੀ ਦੋਸਤੀ ਦੇ ਚਰਚੇ ਹੋਣ ਲੱਗੇ। ਅਸੀਂ ਕੋਈ ਤਿੰਨ ਸਾਲ ਪਹਾੜਾਂ ਦੀ ਰਾਖੀ ਕਰਦੇ ਰਹੇ। ਕਦੇ ਮੈਂ ਛੁੱਟੀ ਚਲਾ ਜਾਂਦਾ, ਕਦੇ ਇਹ। ਦੋਹਾਂ ਦੀਆਂ ਮਾਂਵਾਂ ਸਾਨੂੰ ਰੱਜਵਾਂ ਪਿਆਰ ਭੇਜਦੀਆਂ। ਜੰਮੂ ਰਹਿੰਦਿਆਂ ਹੀ ਭੁੱਲਰ ਦਾ ਮੰਗਣਾ ਸਾਡੇ ਜਿਲੇ ਦੇ ਇਕ ਪਿੰਡ ਹੋ ਗਿਆ। ਮੈਨੂੰ ਵੀ ਛੁੱਟੀ ਮਿਲ ਗਈ। ਮੈਂ ਵੀ ਇਹਦੇ ਵਿਆਹ ਵਿਚ ਭੰਗੜਾ ਪਾਇਆ। ਪਹਿਲੀ ਵਾਰੀ ਸਾਡੇ ਦੋਹਾਂ ਦੇ ਪਰਿਵਾਰ ਮਿਲੇ। ਉਸ ਪਿਛੋਂ ਤਾਂ ਰਿਸ਼ਤੇਦਾਰ ਵਾਂਗ ਵਰਤਣ ਲੱਗੇ। ਛੇ ਮਹੀਨੇ ਲੰਘੇ, ਮੇਰਾ ਵਿਆਹ ਵੀ ਧਰਿਆ ਗਿਆ। ਇਤਫਾਕ ਦੇਖੋ, ਮੇਰੇ ਸਹੁਰੇ ਭੁੱਲਰ ਦੇ ਲਾਗਲੇ ਪਿੰਡ ਸਨ। ਬੜੀ ਕੋਸ਼ਿਸ਼ ਕੀਤੀ ਪਰ ਇਹਨੂੰ ਮੇਰੇ ਵਿਆਹ ਵੇਲੇ ਛੁੱਟੀ ਨਾ ਮਿਲੀ, ਮੈਂ ਵੀ ਵਿਆਹ ਅੱਗੇ ਪਾ ਦਿੱਤਾ। ਜਦੋਂ ਇਹਨੂੰ ਛੁੱਟੀ ਮਿਲੀ, ਫਿਰ ਵਿਆਹ ਕਰਵਾਇਆ। ਵਿਆਹਾਂ ਪਿਛੋਂ ਅਸੀਂ ਦੋਵੇਂ ਵਿਛੜ ਗਏ। ਇਹ ਆਸਾਮ ਚਲਾ ਗਿਆ ਤੇ ਮੈਂ ਪਠਾਨਕੋਟ। ਚਿੱਠੀਆਂ ਰਾਹੀਂ ਮਿਲਦੇ ਰਹੇ, ਕਦੇ ਇਕੋ ਸਮੇਂ ਛੁੱਟੀਆਂ ਕੱਟ ਜਾਂਦੇ। ਮੈਨੂੰ ਪੁੱਤ ਤੇ ਭੁੱਲਰ ਨੂੰ ਧੀ ਦੀ ਦਾਤ ਮਿਲੀ। ਮੈਂ ਤੇ ਭੁੱਲਰ ਪੁੱਤ ਦੀ ਲੋਹੜੀ 'ਤੇ ਇਕੱਠੇ ਹੋਏ। ਸਾਡੀਆਂ ਮਾਂਵਾਂ ਤੇ ਘਰਵਾਲੀਆਂ ਤੇ ਹੋਰ ਭੈਣ-ਭਾਈ ਵੀ ਬੈਠੇ ਸਨ। ਸਾਡੇ ਦੋਵਾਂ ਦੇ ਦੋ-ਦੋ ਪੈਗ ਲੱਗੇ ਹੋਏ ਸਨ। ਮੈਂ ਸਭ ਨੂੰ ਚੁੱਪ ਕਰਾ ਕੇ ਕਿਹਾ, "ਅੱਜ ਮੈਂ ਆਪਣੀ ਦੋਸਤੀ ਨੂੰ ਰਿਸ਼ਤੇਦਾਰੀ ਵਿਚ ਬਦਲਣ ਲੱਗਾਂ। ਮੈਂ ਆਪਣੇ ਪੁੱਤ ਮਨਵੀਰ ਦਾ ਰਿਸ਼ਤਾ ਬਾਈ ਭੁੱਲਰ ਦੀ ਧੀ ਰਵਨੀਤ ਨਾਲ ਤੈਅ ਕਰਦਾ ਹਾਂ। ਜੇ ਦੇਸ਼ ਦੀ ਸੇਵਾ ਵਿਚ ਸ਼ਹੀਦ ਹੋ ਗਏ ਤਾਂ ਤੁਸੀਂ ਇਸ ਰਿਸ਼ਤੇ ਨੂੰ ਪੂਰੇ ਸ਼ਗਨਾਂ ਨਾਲ ਸਿਰੇ ਚਾੜ੍ਹਨਾ। ਕਿਉਂ ਬਾਈ ਭੁੱਲਰਾ ਮਨਜ਼ੂਰ ਹੈ?"

ਬਾਈ ਭੁੱਲਰ ਨੇ ਮੈਨੂੰ ਜੱਫੀ ਪਾ ਲਈ ਤੇ ਮੇਰੀ ਗੱਲ 'ਤੇ ਫੁੱਲ ਚੜ੍ਹਾ ਦਿੱਤੇ। ਪੁੱਤਰ ਦੀ ਲੋਹੜੀ 'ਤੇ ਹੀ ਉਸ ਦਾ ਵਿਆਹ ਕਰ ਦਿੱਤਾ। ਦੋਵੇਂ ਪਰਿਵਾਰ ਰਾਜ਼ੀ ਸਨ।

ਮੈਂ ਪਠਾਨਕੋਟ ਹੋਣ ਕਰਕੇ ਛੇਤੀ ਹੀ ਆਪਣੇ ਸਹੁਰੀਂ ਜਾ ਵੜਦਾ, ਨਾਲੇ ਭੁੱਲਰ ਦੇ ਪਿੰਡ ਜਾ ਆਉਂਦਾ। ਸਮਾਂ ਲੰਘਿਆ ਤਾਂ ਭੁੱਲਰ ਦੇ ਘਰ ਫਿਰ ਪਰੀਆਂ ਵਰਗੀ ਧੀ ਆਈ। ਨੌਂ ਮਹੀਨਿਆਂ ਬਾਅਦ ਮੇਰੇ ਘਰ ਫਿਰ ਪੁੱਤਰ ਆਇਆ।

ਅਸੀਂ ਫਿਰ ਲੋਹੜੀ 'ਤੇ ਇਕੱਠੇ ਛੁੱਟੀ ਆਏ। ਭੁੱਲਰ ਨੇ ਮੇਰੇ ਪੁੱਤਰ ਦੀ ਲੋਹੜੀ ਆਪਣੇ ਘਰ ਮਨਾਈ। ਲੋਕ ਹੈਰਾਨ ਕਿ ਯਾਰੀ-ਦੋਸਤੀ ਤਾਂ ਦੇਖੀ ਹੈ ਪਰ ਆਹ ਤਾਂ ਸਿਰੇ ਹੀ ਲੱਗੀ ਪਈ ਹੈ। ਭੁੱਲਰ ਨੇ ਲੋਹੜੀ 'ਤੇ ਬੜਾ ਖਰਚਾ ਕੀਤਾ ਤੇ ਮੇਰਾ ਇਕ ਪੈਸਾ ਨਾ ਲੱਗਣ ਦਿੱਤਾ। ਕਹਿੰਦਾ, "ਬਾਈ ਕਿਤੇ ਦੋਸਤੀ ਨੂੰ ਬੁਰੀ ਨਜ਼ਰ ਨਾ ਲੱਗ ਜਾਵੇ।" ਮੈਂ ਕਹਿਣਾ, "ਚਿੰਤਾ ਨਾ ਕਰ।" ਕਈ ਵਾਰੀ ਸਾਡੀਆਂ ਯੂਨਿਟਾਂ ਇਕੱਠੀਆਂ ਹੋਈਆਂ। ਇਉਂ ਅਸੀਂ ਮਿਲਦੇ-ਵਿਛੜਦੇ ਰਹੇ। ਬੱਚੇ ਵੱਡੇ ਹੋਣ ਲੱਗੇ। ਮੇਰੇ ਦੋਵੇਂ ਪੁੱਤਰ ਵੀ ਪੜ੍ਹਨ ਲੱਗ ਪਏ, ਉਧਰ ਭੁੱਲਰ ਦੀਆਂ ਧੀਆਂ ਵੀ ਪੜ੍ਹਦੀਆਂ ਗਈਆਂ।

"ਅਗਾਂਹ ਬਾਈ ਮੈਂ ਦਸਦਾਂ।" ਭੁੱਲਰ ਨੇ ਅੱਗੇ ਹੋ ਕੇ ਕਿਹਾ, "ਮੈਂ 15 ਸਾਲ ਪਿਛੋਂ ਪੈਨਸ਼ਨ ਲੈ ਕੇ ਪੱਕਾ ਹੀ ਪਿੰਡ ਆ ਗਿਆ। ਦੋ ਕੁ ਸਾਲ ਪਿਛੋਂ ਮੇਰੇ ਪਿੰਡ ਦਾ ਇਕ ਬੰਦਾ ਏਜੰਟੀ ਕਰਨ ਲੱਗਾ। ਪਹਿਲੇ ਗਰੁੱਪ ਵਿਚ ਮੈਨੂੰ ਅਮਰੀਕਾ ਚਾੜ੍ਹ ਦਿੱਤਾ। ਬਾਈ ਨੇ ਮੈਨੂੰ ਬੜਾ ਰੋਕਿਆ ਪਰ ਮੈਂ ਨਾ ਮੰਨਿਆ। ਹੋਰ ਮੁੰਡਿਆਂ ਵਾਂਗ ਧੱਕੇ ਖਾ ਕੇ ਪੱਕਾ ਹੋ ਗਿਆ। ਘਰਵਾਲੀ ਤੇ ਦੋਵੇਂ ਧੀਆਂ ਆ ਗਈਆਂ।"

"ਬਾਈ ਜੀ! ਇਥੇ ਆ ਕੇ ਯਾਰੀ 'ਚ ਕੋਈ ਫਰਕ ਪਿਆ?" ਮੈਂ ਵਿਚੋਂ ਗੱਲ ਕੱਟਦਿਆਂ ਪੁੱਛਿਆ।

"ਨਹੀਂ ਬਾਈ ਜੀ, ਸਗੋਂ ਪਿਆਰ ਦੀ ਡੋਰ ਹੋਰ ਪੱਕੀ ਹੁੰਦੀ ਗਈ। ਧੀਆਂ ਹਾਈ ਸਕੂਲ ਵਿਚ ਪੜ੍ਹਨ ਲਗੀਆਂ। ਮੈਂ ਤੇ ਘਰਵਾਲੀ ਕੰਮ 'ਤੇ ਲੱਗੇ ਹੋਏ ਸੀ। ਫਿਰ ਸਾਨੂੰ ਸਿਟੀਜ਼ਨਸ਼ਿਪ ਮਿਲ ਗਈ। ਅਸੀਂ ਵੱਡੀ ਧੀ ਦਾ ਵਿਆਹ ਕਰਨ ਇੰਡੀਆ ਨੂੰ ਜਹਾਜ਼ ਚੜ੍ਹ ਗਏ। ਰਿਸ਼ਤੇਦਾਰਾਂ ਨੇ ਬਹੁਤ ਕਿਹਾ ਕਿ ਚੰਗੇ ਘਰਾਂ ਦੇ ਮੁੰਡੇ ਲੱਭ ਕੇ ਧੀਆਂ ਦਾ ਵਿਆਹ ਕਰ, ਪਹਿਲੀਆਂ ਗੱਲਾਂ ਭੁੱਲ ਜਾ ਪਰ ਮੈਂ ਦੂਜੇ ਦਿਨ ਹੀ ਬਾਈ ਦੇ ਪਿੰਡ ਚਲਾ ਗਿਆ। ਮੇਰੇ ਕਰਕੇ ਇਹ ਪਹਿਲਾਂ ਹੀ ਛੁੱਟੀ ਲੈ ਆਇਆ ਸੀ। ਕਈ ਸਾਲਾਂ ਦੇ ਵਿਛੜੇ ਯਾਰ ਮਿਲੇ ਤਾਂ ਸਭ ਦੀਆਂ ਅੱਖਾਂ ਨਮ ਹੋਈਆਂ। ਮੈਂ ਬਾਈ ਨੂੰ ਰਵਨੀਤ ਤੇ ਮਨਵੀਰ ਦੇ ਵਿਆਹ ਦਾ ਵਾਅਦਾ ਚੇਤੇ ਕਰਾਇਆ। ਬਾਈ ਨੇ ਅੱਖਾਂ ਗਿੱਲੀਆਂ ਕਰ ਕੇ ਜੱਫੀ ਪਾ ਲਈ। ਅਸੀਂ ਸਾਦਾ ਜਿਹਾ ਵਿਆਹ ਕਰਕੇ ਮੁੜ ਆਏ। ਦੋਹਾਂ ਦੇ ਪੇਪਰ ਅਪਲਾਈ ਕਰ ਦਿੱਤੇ।

ਇਕ ਦਿਨ ਮੈਂ ਘਰਵਾਲੀ ਨੂੰ ਕਿਹਾ, ਆਪਾਂ ਛੋਟੀ ਧੀ ਮਨਦੀਪ ਦਾ ਰਿਸ਼ਤਾ ਬਾਈ ਦੇ ਛੋਟੇ ਪੁੱਤਰ ਸਤਵੀਰ ਨਾਲ ਕਰ ਦੇਈਏ। ਇਕ ਜੋੜੀ ਨਾਲ ਬਾਈ ਹੋਰੀਂ ਰਹੀ ਜਾਣਗੇ, ਇਕ ਨਾਲ ਆਪਾਂ ਰਹਿ ਲਵਾਂਗੇ। ਧੀਆਂ ਰਾਜ ਕਰਨਗੀਆਂ। ਘਰਵਾਲੀ ਨੇ ਵੀ ਹੁੰਗਾਰਾ ਭਰ ਦਿੱਤਾ। ਮੈਂ ਫੋਨ ਲਾ ਕੇ ਬਾਈ ਨੂੰ ਕਿਹਾ, ਹੁਣ ਪੈਨਸ਼ਨ ਆ ਜਾ, ਬਥੇਰੀ ਦੇਸ਼ ਸੇਵਾ ਕਰ ਲਈ। ਬਾਈ 28 ਸਾਲ ਪਿਛੋਂ ਪੈਨਸ਼ਨ ਆ ਗਿਆ। ਇਸ ਦੌਰਾਨ ਮਨਵੀਰ ਵੀ ਸਾਲ ਪਿਛੋਂ ਸਾਡੇ ਕੋਲ ਆ ਗਿਆ। ਉਹ ਚੰਗੀ ਨੌਕਰੀ 'ਤੇ ਲੱਗ ਗਿਆ। ਸਾਡੀ ਧੀ ਰਵਨੀਤ ਬਹੁਤ ਖੁਸ਼ ਸੀ।

ਫਿਰ ਅਸੀਂ ਸਾਰਾ ਪਰਿਵਾਰ ਮਨਦੀਪ ਦਾ ਵਿਆਹ ਕਰਨ ਪਿੰਡ ਗਏ। ਮੇਰੇ ਰਿਸ਼ਤੇਦਾਰ ਫਿਰ ਕੰਧ ਬਣ ਕੇ ਖੜ੍ਹ ਗਏ; ਕਹਿੰਦੇ, ਫੌਜੀ ਕਮਲਾ ਹੋ ਗਿਆ। ਮੈਂ ਕਿਸੇ ਦੀ ਨਾ ਮੰਨੀ, ਦੂਜੀ ਧੀ ਦਾ ਰਿਸ਼ਤਾ ਵੀ ਬਾਈ ਦੇ ਮੁੰਡੇ ਨੂੰ ਕਰ ਦਿੱਤਾ। ਸਾਦਾ ਵਿਆਹ ਕਰਕੇ ਅਸੀਂ ਫਿਰ ਮੁੜ ਆਏ। ਮਨਦੀਪ ਨੇ ਸਤਵੀਰ ਦੇ ਪੇਪਰ ਭਰ ਦਿੱਤੇ, ਉਹ ਵੀ ਆ ਗਿਆ। ਚਾਰੇ ਬੱਚਿਆਂ ਨੇ ਆਪ ਹੀ ਪੇਪਰ ਤਿਆਰ ਕਰਵਾ ਕੇ ਬਾਈ ਤੇ ਇਨ੍ਹਾਂ ਦੀ ਪਤਨੀ ਦਾ ਟੂਰਿਸਟ ਵੀਜ਼ਾ ਲਵਾ ਲਿਆ। ਹੁਣ ਅਸੀਂ ਇਕੱਠਿਆਂ ਪੰਜ ਬੈਡਰੂਮ ਵਾਲਾ ਘਰ ਲਿਆ ਹੋਇਐ। ਸਾਰੇ ਬੱਚੇ ਖੁਸ਼। ਧੀਆਂ ਵੀ ਕੰਮ 'ਤੇ ਜਾਂਦੀਆਂ ਤੇ ਪੁੱਤ ਵੀ। ਅਸੀਂ ਚਾਰੇ ਘਰ ਹੁੰਦੇ ਹਾਂ। ਜੰਮੂ ਦੀਆਂ ਪਹਾੜੀਆਂ ਦੀ ਦੋਸਤੀ ਅੱਜ ਅਮਰੀਕਾ ਦੀ ਪਾਰਕਾਂ ਵਿਚ ਖੁਸ਼ੀਆਂ ਦੇ ਸੋਹਲੇ ਗਾਉਂਦੀ ਹੈ। ਮੈਨੂੰ ਕਦੇ ਪੁੱਤਰ ਦੀ ਘਾਟ ਮਹਿਸੂਸ ਨਹੀਂ ਹੋਈ।" ਭੁੱਲਰ ਬਾਈ ਨੇ ਆਪਣੀ ਦੋਸਤੀ ਦੀ ਕਹਾਣੀ ਸੁਣਾਈ।

ਪੰਜਾਬ ਟਾਈਮਜ਼

*ਸਨਿਚਰਵਾਰ, 9 ਮਾਰਚ 2019*

# ਜੰਗ ਦਾ ਲਲਕਾਰਾ ਜਾਂ ਅਮਨ ਦਾ ਹੋਕਾ

ਇਹ ਗੱਲ ਹੁਣ ਸਭ ਨੂੰ ਤਸਲੀਮ ਕਰਨੀ ਪਵੇਗੀ ਕਿ ਭਾਰਤ ਅਤੇ ਪਾਕਿਸਤਾਨ ਤੋਂ ਜੰਗ ਦੇ ਬੱਦਲ ਇਕ ਵਾਰ ਤਾਂ ਛਟ ਗਏ ਹਨ ਤੇ ਇਸ ਕਾਰਵਾਈ ਵਿਚ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਇਮਰਾਨ ਖਾਨ ਬਿਨਾ ਸ਼ੱਕ ਵਾਹ-ਵਾਹ ਖੱਟ ਗਿਆ ਹੈ; ਨਹੀਂ ਤਾਂ ਭਾਰਤ ਦੀ ਸੱਜੇ ਪੱਖੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਮਾਰਖੋਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੰਗ ਭੜਕਾਉਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਜਿਵੇਂ ਉਘੇ ਸ਼ਾਇਰ ਸਾਹਿਰ ਲਧਿਆਣਵੀ ਨੇ ਜੰਗ ਬਾਰੇ ਆਪਣੀ ਇਕ ਮਸ਼ਹੂਰ ਨਜ਼ਮ ਵਿਚ ਲਿਖਿਆ ਹੈ, 'ਜੰਗ ਤੋ ਖੁਦ ਹੀ ਏਕ ਮਸਲਾ ਹੈ, ਜੰਗ ਕਿਆ ਮਸਲੋਂ ਕਾ ਹੱਲ ਦੇਗੀ...ਇਸ ਲੀਏ ਐ ਸ਼ਰੀਫ ਇਨਸਾਨੋਂ, ਜੰਗ ਟਲਤੀ ਰਹੇ ਤੋ ਬਿਹਤਰ ਹੈ।' ਜੰਗ ਕਿਸੇ ਮਸਲੇ ਦਾ ਕੋਈ ਹੱਲ ਨਹੀਂ ਹੈ। ਇਸ ਦੀਆਂ ਸਭ ਤੋਂ ਵੱਡੀਆਂ ਮਿਸਾਲਾਂ ਪਿਛਲੀ ਸਦੀ ਦੌਰਾਨ ਹੋਈਆਂ ਦੋ ਸੰਸਾਰ ਜੰਗਾਂ ਹਨ। ਇੰਨੀ ਵੱਡੀ ਪੱਧਰ 'ਤੇ ਤਬਾਹੀ ਪਿਛੋਂ ਗੱਲ ਆਖਰਕਾਰ ਗੱਲਬਾਤ 'ਤੇ ਹੀ ਮੁੱਕੀ ਸੀ। ਹਾਲੀਆ ਮਿਸਾਲ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਤਰੀ ਕੋਰੀਆ ਦੇ ਆਗੂ ਕਿਮ ਜੌਂਗ ਉਨ ਵਿਚਕਾਰ ਚੱਲ ਰਹੀ ਵਾਰਤਾ ਦੀ ਹੈ। ਟਰੰਪ ਦੇ ਆਉਣ ਪਿਛੋਂ ਕਿਸੇ ਵੇਲੇ ਤਾਂ ਇਹੀ ਲੱਗਦਾ ਸੀ ਕਿ ਕੋਰੀਆ ਖਿੱਤੇ ਵਿਚ ਜੰਗ ਲੱਗੀ ਕਿ ਲੱਗੀ; ਪਰ ਇਕ-ਦੂਜੇ ਦੇ ਸਿਰੇ ਦੇ ਵਿਰੋਧੀ ਇਹ ਮੁਲਕ ਅਤੇ ਇਸ ਦੇ ਨੇਤਾ ਅੱਜ ਵਾਰਤਾ ਰਚਾ ਰਹੇ ਹਨ। ਦੋਹਾਂ ਲੀਡਰਾਂ ਵਿਚਕਾਰ ਦੋ ਮੁਲਾਕਾਤਾਂ ਹੋ ਚੁਕੀਆਂ ਹਨ, ਇਹ ਮੁਲਾਕਾਤਾਂ ਭਾਵੇਂ ਅਸਫਲ ਹੀ ਰਹੀਆਂ ਹਨ, ਪਰ ਖਿੱਤੇ ਉਤੇ ਜੰਗ ਦੇ ਬੱਦਲ ਤਾਂ ਲਹਿ ਹੀ ਗਏ ਹਨ। ਜਦੋਂ ਇਹ ਕੱਟੜ ਵਿਰੋਧੀ ਮੁਲਕ ਗੱਲਬਾਤ ਲਈ ਮੇਜ 'ਤੇ ਆ ਸਕਦੇ ਹਨ ਤਾਂ 'ਹਮਸਾਏ ਮਾਂ ਪਿਉ ਜਾਏ' ਭਾਰਤ ਅਤੇ ਪਾਕਿਸਤਾਨ ਕਿਉਂ ਨਹੀਂ?

ਭਾਰਤ ਅਤੇ ਪਾਕਿਸਤਾਨ ਵਿਚਾਲੇ ਰੱਫੜ ਦਾ ਵੱਡਾ ਮਸਲਾ ਦਰਅਸਲ ਕਸ਼ਮੀਰ ਦਾ ਹੈ। ਹੁਣ ਵੀ ਜੰਗ ਵਾਲਾ ਮਾਹੌਲ ਬਣਨ ਦਾ ਕਾਰਨ ਕਸ਼ਮੀਰ ਹੀ ਬਣਿਆ, ਜਦੋਂ ਦਹਿਸ਼ਤਗਰਦਾਂ ਨੇ ਫਿਦਾਈਨ ਹਮਲੇ ਵਿਚ 40 ਤੋਂ ਵੱਧ ਸੁਰੱਖਿਆ ਮੁਲਾਜ਼ਮਾਂ ਨੂੰ ਮਾਰ-ਮੁਕਾਇਆ। ਜਦੋਂ ਤੋਂ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਇਹ ਕਸ਼ਮੀਰ ਵਿਚ ਚੱਲ ਰਹੇ ਸੰਕਟ ਨੂੰ ਸਖਤੀ ਨਾਲ ਦਬਾਉਣ ਦੀ ਨੀਤੀ 'ਤੇ ਚੱਲ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਭਾਵੇਂ ਕਸ਼ਮੀਰ ਵਿਚ 'ਗੋਲੀ ਦੀ ਥਾਂ ਗੱਲ' ਬਾਰੇ ਇਕ ਵਾਰ ਬਿਆਨ ਵੀ ਦਾਗਿਆ ਅਤੇ ਪੀ. ਡੀ. ਪੀ. ਨਾਲ ਰਲ ਕੇ ਇਸ ਪਾਰਟੀ ਨੇ ਰਿਆਸਤ ਵਿਚ ਚਾਰ ਸਾਲ ਸਰਕਾਰ ਵੀ ਚਲਾਈ, ਪਰ ਜਿਉਂ ਜਿਉਂ ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਗਈਆਂ, ਇਸ ਨੇ ਪੀ. ਡੀ. ਪੀ. ਨਾਲ ਆਪਣੀ ਬਣਾਈ ਸਰਕਾਰ ਹੀ ਨਹੀਂ ਤੋੜੀ, ਸਗੋਂ ਮੁਲਕ ਨੂੰ ਜੰਗ ਦੇ ਮੁਹਾਣ ਤੱਕ ਪਹੁੰਚਾ ਕੇ ਹੀ ਦਮ ਲਿਆ। ਮੀਡੀਆ ਅਤੇ ਬੌਧਿਕ ਹਲਕਿਆਂ 'ਚ ਹੁਣ ਤੱਕ ਜੋ ਚਰਚਾ ਸਾਹਮਣੇ ਆਈ ਹੈ, ਉਸ ਤੋਂ ਸਾਫ ਪਤਾ ਲੱਗ ਰਿਹਾ ਹੈ ਕਿ ਪ੍ਰਧਾਨ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੀ ਇਸ ਸਾਰੀ ਕਵਾਇਦ ਦਾ ਮਤਲਬ ਲੋਕ ਸਭਾ ਚੋਣਾਂ ਵਿਚ ਜਿੱਤ ਲਈ ਆਧਾਰ ਤਿਆਰ ਕਰਨਾ ਹੀ ਸੀ। ਇਕ ਪਾਸੇ ਜੰਗ ਦਾ ਮਾਹੌਲ ਬਣਿਆ ਹੋਵੇ ਅਤੇ ਮੁਲਕ ਦੇ ਲੜਾਕੂ ਹਵਾਈ ਜਹਾਜ ਦਾ ਪਾਇਲਟ 'ਦੁਸ਼ਮਣ' ਦੇ ਕਬਜ਼ੇ ਵਿਚ ਹੋਵੇ, ਦੂਜੇ ਪਾਸੇ ਪ੍ਰਧਾਨ ਮੰਤਰੀ ਆਪਣੀ ਪਾਰਟੀ ਦੀਆਂ ਰੈਲੀਆਂ ਨੂੰ ਸੰਬੋਧਨ ਕਰ ਰਹੇ ਹੋਣ; ਜਾਹਰ ਹੈ ਕਿ ਜੰਗ ਦੇ ਇਸ ਮਾਹੌਲ ਤੋਂ ਸਿਆਸੀ ਲਾਹਾ ਲੈਣ ਲਈ ਸੱਤਾਧਾਰੀਆਂ ਨੇ ਪੂਰਾ ਟਿੱਲ ਲਾਇਆ ਹੋਇਆ ਸੀ।

ਇਸ ਵਿਚ ਹੁਣ ਕੋਈ ਸ਼ੱਕ ਨਹੀਂ ਕਿ ਪਾਕਿਸਤਾਨ ਪਿਛਲੇ ਕੁਝ ਦਹਾਕਿਆਂ ਤੋਂ ਦਹਿਸ਼ਤਵਾਦ ਨੂੰ ਹਵਾ ਦੇ ਰਿਹਾ ਹੈ। ਪਾਕਿਸਤਾਨ ਅੰਦਰ ਸਰਗਰਮ ਦਹਿਸ਼ਤੀ ਜਥੇਬੰਦੀਆਂ ਅਤੇ ਇਸ ਦੇ ਲੀਡਰਾਂ ਉਤੇ ਕੋਈ ਰੋਕ-ਟੋਕ ਨਹੀਂ ਹੈ, ਸਗੋਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਪਾਕਿਸਤਾਨ ਵਿਚ ਭਾਵੇਂ ਜਮਹੂਰੀਅਤ ਹੋਣ ਬਾਰੇ ਅਕਸਰ ਕਹਿ ਲਿਆ ਜਾਂਦਾ ਹੈ, ਪਰ ਉਥੇ ਅਸਲ ਤਾਕਤ ਫੌਜ, ਖੁਫੀਆ ਏਜੰਸੀ ਅਤੇ ਕੱਟੜਪੰਥੀ ਆਗੂਆਂ ਦੀ ਤਿੱਕੜੀ ਦੇ ਹੱਥ ਹੀ ਹੈ। ਸਾਬਕਾ ਕ੍ਰਿਕਟ ਖਿਡਾਰੀ ਇਮਰਾਨ ਖਾਨ ਪਾਕਿਸਤਾਨ ਦੀ ਫੌਜ ਦੀ ਮਿਹਰਬਾਨੀ ਨਾਲ ਹੀ ਇਸ ਅਹੁਦੇ ਉਤੇ ਬਿਰਾਜਮਾਨ ਹੋ ਸਕੇ ਹਨ ਅਤੇ ਤੱਥ ਇਹ ਵੀ ਹੈ ਕਿ ਉਹ ਫੌਜ ਤੋਂ ਨਾਬਰ ਹੋ ਕੇ ਕੋਈ ਵੀ ਫੈਸਲਾ ਕਰਨ ਦੀ ਹਾਲਤ ਵਿਚ ਨਹੀਂ ਹਨ। ਇਸ ਦੇ ਬਾਵਜੂਦ ਜੇ ਉਸ ਨੇ ਜੰਗ ਟਾਲਣ ਵਾਲਾ ਪੈਂਤੜਾ ਮੱਲਿਆ ਹੈ ਤਾਂ ਇਸ ਬਾਰੇ ਪੂਰੀ ਸੰਜੀਦਗੀ ਨਾਲ ਵਿਚਾਰ ਹੋਣੀ ਚਾਹੀਦੀ ਹੈ। ਇਸ ਪ੍ਰਸੰਗ ਵਿਚ ਇਕ ਤੱਥ ਹੋਰ ਵੀ ਵਿਚਾਰਨ ਵਾਲਾ ਹੈ ਕਿ ਇਸ ਵੇਲੇ ਪਾਕਿਸਤਾਨ ਦੀ ਮਾਲੀ ਹਾਲਤ ਬਹੁਤੀ ਠੀਕ ਨਹੀਂ, ਸਗੋਂ ਇਸ ਦੀ ਹਾਲਤ ਸਮਝੋ ਢਹਿ-ਢੇਰੀ ਹੋਣ ਵਾਲੀ ਕਗਾਰ 'ਤੇ ਅੱਪੜੀ ਹੋਈ ਹੈ। ਇਸ ਸੂਰਤ ਵਿਚ ਇਹ ਜੰਗ ਨਹੀਂ ਚਾਹੇਗਾ। ਉਂਜ, ਇਸ ਨੇ ਭਾਰਤੀ ਕਾਰਵਾਈ ਦੇ ਜਵਾਬ ਵਿਚ ਹਵਾਈ ਫੌਜ ਦੀ ਤਾਕਤ ਦਾ ਜੋ ਮੁਜਾਹਰਾ ਕੀਤਾ ਹੈ, ਉਸ ਤੋਂ ਸਾਫ ਹੋ ਗਿਆ ਹੈ ਕਿ ਪਾਕਿਸਤਾਨ ਕੋਈ ਜੰਗ ਜਿੱਤੇ ਭਾਵੇਂ ਨਾ, ਪਰ ਇਸ ਦੀ ਫੌਜੀ ਤਾਕਤ ਕਿਸੇ ਵੀ ਲਿਹਾਜ ਭਾਰਤ ਤੋਂ ਘੱਟ ਨਹੀਂ ਹੈ। ਹਕੀਕਤ ਇਹ ਹੈ ਕਿ ਭਾਰਤ ਅਤੇ ਪਾਕਿਸਤਾਨ ਸੰਸਾਰ ਦੀਆਂ ਵੱਡੀਆਂ ਤਾਕਤਾਂ ਲਈ ਹਥਿਆਰਾਂ ਦੀ ਵੱਡੀ ਮੰਡੀ ਰਹੇ ਹਨ ਅਤੇ ਦੋਹਾਂ ਕੋਲ ਹੀ ਪਰਮਾਣੂ ਹਥਿਆਰਾਂ ਦੇ ਨਾਲ-ਨਾਲ ਤਬਾਹੀ ਵਾਲੇ ਸਭ ਹਥਿਆਰ ਮੌਜੂਦ ਹਨ। ਇਸੇ ਕਰਕੇ ਦੋਹਾਂ ਮੁਲਕਾਂ ਦਾ ਜੰਗ ਵੱਲ ਵਧਣਾ ਕਿਸੇ ਦੇ ਵੀ ਹੱਕ ਵਿਚ ਨਹੀਂ ਹੈ। ਇਸ ਵੇਲੇ ਭਾਰਤ ਦਾ ਪਾਕਿਸਤਾਨ ਬਾਰੇ ਸਭ ਤੋਂ ਵੱਡਾ ਇਤਰਾਜ਼ ਇਹੀ ਹੈ ਕਿ ਇਹ ਦਹਿਸ਼ਤਵਾਦ ਨੂੰ ਹਵਾ ਦੇ ਰਿਹਾ ਹੈ, ਪਰ ਜੰਗ ਇਸ ਦਾ ਹੱਲ ਨਹੀਂ। ਦਹਿਸ਼ਤਵਾਦ ਨੂੰ ਡੱਕਣ ਲਈ ਭਾਰਤ ਨੂੰ ਆਪਣੇ ਹੋਰ ਚੈਨਲ ਵਰਤਣੇ ਪੈਣਗੇ। ਹਾਲੀਆ ਖਬਰਾਂ ਇਹ ਹੈ ਕਿ ਪਾਕਿਸਤਾਨ ਨੇ ਦਹਿਸ਼ਤਪਸੰਦਾਂ 'ਤੇ ਸਖਤੀ ਦੇ ਸੰਕੇਤ ਦਿੱਤੇ ਹਨ। ਭਾਰਤ ਨੂੰ ਆਪਣੀ ਕੂਟਨੀਤੀ ਨੂੰ ਹੁਣ ਇਸ ਪਾਸੇ ਲਾਉਣਾ ਚਾਹੀਦਾ ਹੈ, ਕਿਉਂਕਿ ਦੋਹਾਂ ਮੁਲਕਾਂ ਦੇ ਆਵਾਮ ਦੀ ਭਲਾਈ ਅਮਨ-ਅਮਾਨ ਵਿਚ ਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਲਦੀ ਉਤੇ ਤੇਲ?*

ਜਬਰ ਨਾਲ ਸਮਾਜ ਵਿਚ ਉਗਦੀ ਏ, ਆਗੂ ਲੋਕਾਂ ਲਈ ਵੋਟਾਂ ਦੀ ਵੇਲ ਦੇਖੋ।
ਸਹਿਚਾਰ ਨਾਲ ਵਸਦੇ ਫਿਰਕਿਆਂ ਨੂੰ, ਰਹੇ ਨਫਰਤ ਦੇ ਭਾਂਬੜ ਵਿਚ ਠੇਲ੍ਹ ਦੇਖੋ।
ਕਾਰੇ ਬਹੁਤ ਬੇਕਿਰਕ ਨੇ ਹਾਕਮਾਂ ਦੇ, ਇਹ ਤਾਂ ਚਾਹੀਦੇ ਬੈਠੇ ਵਿਚ ਜੇਲ੍ਹ ਦੇਖੋ।
ਅਤਿਵਾਦ ਦੀ ਭੱਠੀ ਵਿਚ ਸੜਨ ਲੋਕ, ਸਿਆਸਤਦਾਨਾਂ ਲਈ ਨਿਰਾ ਐ ਖੇਲ੍ਹ ਦੇਖੋ।
ਮੂੰਹ ਮੋੜ ਕੇ ਧਰਮ-ਨਿਰਪੱਖਤਾ ਤੋਂ, ਲੋਕ ਰਾਜ ਨੂੰ ਕਰਨ ਡਹੇ ਫੇਲ੍ਹ ਦੇਖੋ।
ਦਾਅਵੇ ਕਰਦੇ ਨੇ ਅੱਗ ਬੁਝਾਉਣ ਵਾਲੇ, ਐਪਰ ਬਲਦੀ 'ਤੇ ਸੁੱਟ ਰਹੇ ਤੇਲ ਦੇਖੋ!

# ਮੋਦੀ, ਮੀਡੀਆ ਅਤੇ ਜਮਹੂਰੀਅਤ

## 'ਮਨ ਕੀ ਬਾਤ' ਕਰਨ ਵਾਲਾ ਮੀਡੀਏ ਤੋਂ ਖੌਫਜ਼ਦਾ ਕਿਉਂ?

***ਨਰਿੰਦਰ ਮੋਦੀ ਅਤੇ ਮੀਡੀਆ ਬਾਰੇ ਅਕਸਰ ਚਰਚਾ ਚੱਲਦੀ ਰਹਿੰਦੀ ਹੈ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਉਤੇ ਇਹ ਦੋਸ਼ ਹੁਣ ਆਮ ਲੱਗਦਾ ਹੈ ਕਿ ਇਸ ਨੇ ਮੀਡੀਆ ਦੇ ਇਕ ਵੱਡੇ ਹਿੱਸੇ ਨੂੰ ਆਪਣੇ ਨਾਲ ਰਲਾ ਲਿਆ ਹੈ ਅਤੇ ਇਹ ਮੀਡੀਆ ਪੂਰੀ ਤਰ੍ਹਾਂ ਇਸ ਦੀ ਝੋਲੀ ਵਿਚ ਪੈ ਚੁਕਾ ਹੈ, ਫਿਰ ਵੀ ਪ੍ਰਧਾਨ ਮੰਤਰੀ ਮੀਡੀਆ ਤੋਂ ਦੂਰ ਹੀ ਰਹਿੰਦੇ ਹਨ। ਇਸ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕੀਤੀ ਹੈ। -ਸੰਪਾਦਕ***

ਜਦ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ ਤਾਂ ਨਰਿੰਦਰ ਮੋਦੀ ਉਨ੍ਹਾਂ ਨੂੰ ਮੋਨ ਮਨਮੋਹਨ ਸਿੰਘ ਕਹਿੰਦੇ ਹੁੰਦੇ ਸਨ, ਕਿਉਂਕਿ ਉਹ ਬਹੁਤ ਘੱਟ ਬਿਆਨਬਾਜ਼ੀ ਕਰਦੇ ਸਨ। ਉਂਜ, ਉਹ ਭਾਵੇਂ ਘੱਟ ਬੋਲਦੇ ਸਨ ਪਰ ਉਹ ਸਾਲ ਵਿਚ ਦੋ ਪ੍ਰੈਸ ਕਾਨਫਰੰਸਾਂ ਜ਼ਰੂਰ ਕਰਦੇ ਸਨ ਤੇ ਜਦ ਵਿਦੇਸ਼ ਜਾਂਦੇ ਸਨ ਤਾਂ ਉਹ ਉਥੇ ਵੀ ਮੀਡੀਆ ਕਰਮੀਆਂ ਦਾ ਸਾਹਮਣਾ ਕਰਦੇ ਸਨ ਤੇ ਵਾਪਿਸ ਆ ਕੇ ਫਿਰ ਪ੍ਰੈਸ ਕਾਨਫਰੰਸ ਕਰਦੇ ਸਨ। ਹੈਰਾਨੀ ਇਸ

ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: +91-94175-33060

ਗੱਲ ਦੀ ਹੈ ਕਿ ਮੋਦੀ ਮੁਲਕ ਦੇ ਪਹਿਲੇ ਅਜਿਹੇ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਨੇ ਅਜੇ ਤੱਕ ਕੋਈ ਵੀ ਪ੍ਰੈਸ ਕਾਨਫਰੰਸ ਨਹੀਂ ਕਰਵਾਈ। ਜੇ ਉਨ੍ਹਾਂ ਦੀ ਮੀਡੀਆ ਪ੍ਰਤੀ ਇਹੋ ਪਹੁੰਚ ਰਹੀ ਤਾਂ ਉਨ੍ਹਾਂ ਦਾ ਨਾਂ ਗਿਨੀ ਬੁੱਕਸ ਵਿਚ ਲਿਖਿਆ ਜਾਵੇਗਾ।

ਹਰ ਪ੍ਰਧਾਨ ਮੰਤਰੀ ਨੇ ਮੀਡੀਆ ਸਲਾਹਕਾਰ ਰੱਖਿਆ ਹੁੰਦਾ ਹੈ, ਪਰ ਮੋਦੀ ਨੇ ਅਜਿਹਾ ਨਹੀਂ ਕੀਤਾ। ਬਤੌਰ ਪ੍ਰਧਾਨ ਮੰਤਰੀ ਜਦੋਂ ਡਾ. ਮਨਮੋਹਨ ਸਿੰਘ ਵਿਦੇਸ਼ ਦੌਰੇ ਉਤੇ ਜਾਂਦੇ ਸਨ ਤਾਂ ਆਪਣੇ ਨਾਲ 40 ਤੋਂ ਵੀ ਵੱਧ ਮੀਡੀਆ ਕਰਮੀ ਲਿਜਾਂਦੇ ਹੁੰਦੇ ਸਨ ਤੇ ਜਹਾਜ ਵਿਚ ਵੀ ਪ੍ਰੈਸ ਕਾਨਫਰੰਸ ਕਰਦੇ ਸਨ। ਪ੍ਰੈਸ ਰਿਪੋਰਟਰਾਂ ਨੂੰ ਵਿਦੇਸ਼ ਵਿਚ ਨਾਲ ਲਿਜਾਣ ਦੀ ਪਰੰਪਰਾ ਵੀ ਮੋਦੀ ਨੇ ਤੋੜੀ।



ਡਾ. ਮਨਮੋਹਨ ਸਿੰਘ ਦੀ 18 ਦਸੰਬਰ 2018 ਨੂੰ 6 ਜਿਲਦਾਂ ਵਿਚ 'ਚੇਂਜਿੰਗ ਇੰਡੀਆ' (ਬਦਲ ਰਿਹਾ ਭਾਰਤ) ਪੁਸਤਕ ਲੜੀ ਪ੍ਰਕਾਸ਼ਿਤ ਹੋਈ ਹੈ, ਜਿਨ੍ਹਾਂ ਵਿਚੋਂ ਇਕ ਪੁਸਤਕ ਵਿਚ ਉਨ੍ਹਾਂ ਨੇ ਮੀਡੀਆ ਦੇ ਆਪਣੇ ਸਬੰਧਾਂ ਬਾਰੇ ਵਿਸਥਾਰ ਨਾਲ ਜ਼ਿਕਰ ਕੀਤਾ ਹੈ। ਉਨ੍ਹਾਂ ਪੁਸਤਕ ਰਿਲੀਜ਼ ਕਰਦੇ ਸਮੇਂ ਕਿਹਾ ਕਿ ਉਹ ਕਦੇ ਵੀ ਮੀਡੀਆ ਤੋਂ ਡਰੇ ਨਹੀਂ। ਵਿਦੇਸ਼ ਜਾਣ ਸਮੇਂ ਜਹਾਜ ਵਿਚ, ਵਿਦੇਸ਼ ਵਿਚ ਅਤੇ ਵਾਪਿਸ ਮੁਲਕ ਪਰਤ ਕੇ ਬਾਕਾਇਦਾ ਪ੍ਰੈਸ ਕਾਨਫਰੰਸਾਂ ਕੀਤੀਆਂ।

ਅਗਾਂਹਵਧੂ ਮੁਲਕਾਂ ਦੀ ਇਹ ਪਰੰਪਰਾ ਰਹੀ ਹੈ ਕਿ ਸਰਕਾਰੀ ਕੰਮਕਾਜ ਵਿਚ ਪਾਰਦਰਸ਼ਤਾ ਦਰਸਾਉਣ ਤੇ ਪ੍ਰਸ਼ਾਸਨ ਨੂੰ ਜੁਆਬਦੇਹ ਬਣਾਉਣ ਲਈ ਪ੍ਰੈਸ ਕਾਨਫਰੰਸਾਂ ਆਮ ਕੀਤੀਆਂ ਜਾਂਦੀਆਂ ਹਨ। ਅਮਰੀਕਾ ਦੀ ਮਿਸਾਲ ਸਾਡੇ ਸਾਹਮਣੇ ਹੈ। ਰਾਸ਼ਟਰਪਤੀ ਟਰੰਪ ਵਿਵਾਦ ਵਾਲੇ ਬਿਆਨਾਂ ਕਰਕੇ ਅਕਸਰ ਮੀਡੀਆ ਵਿਚ ਰਹਿੰਦੇ ਹਨ। ਵ੍ਹਾਈਟ ਹਾਊਸ ਵਲੋਂ ਵੀ ਰੋਜ਼ਾਨਾ ਕੋਈ ਨਾ ਕੋਈ ਬਿਆਨ ਜਾਰੀ ਕੀਤਾ ਜਾਂਦਾ ਹੈ। ਮੋਦੀ ਸਰਕਾਰ ਵਲੋਂ ਵਿਸ਼ੇਸ਼ ਮੀਡੀਆ ਨੂੰ ਪਹਿਲ ਦਿੱਤੀ ਜਾਂਦੀ ਹੈ ਤੇ ਦੋ ਟੀ. ਵੀ. ਚੈਨਲ ਅਜਿਹੇ ਹਨ, ਜੋ ਉਸ ਦੀਆਂ ਮੁਲਾਕਾਤਾਂ ਨਸ਼ਰ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਇਸ਼ਤਿਹਾਰ ਕਥਿਤ ਤੌਰ 'ਤੇ ਸਰਕਾਰ ਵਲੋਂ ਦਿੱਤੇ ਜਾਂਦੇ ਹਨ। ਇਨ੍ਹਾਂ ਪ੍ਰੈਸ ਕਾਨਫਰੰਸਾਂ ਵਿਚ ਵਿਵਾਦ ਵਾਲੇ ਸੁਆਲ ਪੁੱਛੇ ਹੀ ਨਹੀਂ ਜਾਂਦੇ।

ਡਾ. ਮਨਮੋਹਨ ਸਿੰਘ ਨਾਮਜ਼ਦ ਪ੍ਰਧਾਨ ਮੰਤਰੀ ਸਨ, ਕਿਉਂਕਿ ਉਹ ਰਾਜ ਸਭਾ ਦੇ ਮੈਂਬਰ ਸਨ ਪਰ ਮੌਜੂਦਾ ਪ੍ਰਧਾਨ ਮੰਤਰੀ ਤਾਂ ਲੋਕ ਸਭਾ ਦੇ ਮੈਂਬਰ ਹਨ, ਜਿਨ੍ਹਾਂ ਨੂੰ ਲੋਕਾਂ ਪ੍ਰਤੀ ਜ਼ਿਆਦਾ ਜੁਆਬਦੇਹ ਹੋਣਾ ਚਾਹੀਦਾ ਹੈ। ਉਹ 'ਮਨ ਕੀ ਬਾਤ' ਪ੍ਰੋਗਰਾਮ ਅਧੀਨ ਆਪਣੀ ਗੱਲ ਤਾਂ ਲੋਕਾਂ ਤੀਕ ਪਹੁੰਚਾ ਦਿੰਦੇ ਹਨ, ਪਰ ਪ੍ਰੈਸ ਜਿਸ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ, ਦਾ ਸਾਹਮਣਾ ਕਰਨ ਨੂੰ ਤਿਆਰ ਨਹੀਂ। ਅਜਿਹਾ ਕਰਕੇ ਉਹ ਚੰਗੀ ਪਰੰਪਰਾ ਨਹੀਂ ਪਾ ਰਹੇ।

ਮੀਡੀਆ ਕਰਮੀਆਂ ਦਾ ਸਰਕਾਰਾਂ ਨਾਲ ਹਮੇਸ਼ਾ ਗੂੜ੍ਹਾ ਸਬੰਧ ਰਿਹਾ ਹੈ, ਪਰ ਮੋਦੀ ਸਰਕਾਰ ਨੇ ਇਸ ਪਰੰਪਰਾ ਨੂੰ ਵੀ ਬਹੁਤ ਬੁਰੀ ਤਰ੍ਹਾਂ ਢਾਹ ਲਾਈ ਹੈ। ਅਟਲ ਬਿਹਾਰੀ ਵਾਜਪਾਈ ਸਮੇਤ ਸਾਰੇ ਪ੍ਰਧਾਨ ਮੰਤਰੀਆਂ ਨੇ ਪ੍ਰੈਸ ਸਲਾਹਕਾਰ ਰੱਖਿਆ, ਜੋ ਮੀਡੀਆ ਕਰਮੀਆਂ ਨਾਲ ਜੁੜਿਆ ਹੁੰਦਾ ਸੀ। ਹੁਣ ਮੀਡੀਆ ਨੂੰ ਇਹ ਨਹੀਂ ਪਤਾ ਕਿ ਪ੍ਰਧਾਨ ਮੰਤਰੀ ਦਫਤਰ ਵਿਚ ਕਿਸ ਨਾਲ ਸੰਪਰਕ ਕੀਤਾ ਜਾਵੇ। ਭਾਰਤ ਸਰਕਾਰ ਦਾ ਪ੍ਰੈਸ ਸੂਚਨਾ ਬਿਓਰੋ (ਪਬਲਿਕ ਇਨਫਰਮੇਸ਼ਨ ਬਿਊਰੋ) ਵਲੋਂ ਪਹਿਲਾਂ ਮਾਨਤਾ ਪ੍ਰਾਪਤ ਪ੍ਰੈਸ ਰਿਪੋਟਰਾਂ ਨੂੰ ਵੱਖ ਵੱਖ ਮਹਿਕਮਿਆਂ, ਮੰਤਰੀਆਂ ਪਾਸ ਆਮ ਜਾਣ ਦੀ ਖੁੱਲ੍ਹ ਸੀ, ਜੋ ਇਨ੍ਹਾਂ ਨੇ ਬੰਦ ਕਰ ਦਿੱਤੀ ਹੈ। ਕੇਂਦਰੀ ਸੂਚਨਾ ਬਿਊਰੋ ਦਾ ਪਛਾਣ ਪੱਤਰ ਹੋਣ ਦੇ ਬਾਵਜੂਦ ਕਈ ਤਰ੍ਹਾਂ ਸੁਆਲ ਪੁੱਛੇ ਜਾਂਦੇ ਹਨ। ਜਿਸ ਅਫਸਰ ਨੂੰ ਮਿਲਣਾ ਵੀ ਹੁੰਦਾ ਹੈ, ਉਹ ਵੀ ਕਈ ਤਰ੍ਹਾਂ ਦੇ ਉਲਟ-ਪੁਲਟ ਸੁਆਲ ਪੁੱਛਦਾ ਹੈ। ਇਉਂ ਮੀਡੀਆ ਕਰਮੀਆਂ ਨੂੰ ਜੋ ਸੂਚਨਾਵਾਂ ਪਹਿਲਾਂ ਸੌਖਿਆਂ ਹੀ ਮਿਲ ਜਾਂਦੀਆਂ ਸਨ, ਹੁਣ ਮਿਲਣੀਆਂ ਬਹੁਤ ਮੁਸ਼ਕਿਲ ਹੋ ਗਈਆਂ ਹਨ। ਵਿਦੇਸ਼ੀ ਪੱਤਰਕਾਰਾਂ ਦਾ ਵੀ ਗਿਲਾ ਹੈ ਕਿ ਇਸ ਸਮੇਂ ਵਿਵਾਦ ਵਾਲੇ ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ ਬਾਰੇ ਉਹ ਜਾਣਨਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ।

2005 ਵਿਚ ਸੂਚਨਾ ਅਧਿਕਾਰ ਐਕਟ (ਆਰ. ਟੀ. ਆਈ.) ਅਧੀਨ ਨਾਗਰਿਕਾਂ ਨੂੰ ਜਾਣਕਾਰੀ ਲੈਣ ਦਾ ਅਧਿਕਾਰ ਦਿੱਤਾ ਗਿਆ ਹੈ, ਪਰ ਪ੍ਰਧਾਨ ਮੰਤਰੀ ਦਫਤਰ ਬਿਨਾ ਕੋਈ ਕਾਰਨ ਦੱਸੇ, ਬਹੁਤ ਸਾਰੇ ਕੇਸਾਂ ਵਿਚ ਸੂਚਨਾ ਦੇਣ ਤੋਂ ਇਨਕਾਰ ਕਰ ਦਿੰਦਾ ਹੈ। ਪਾਰਲੀਮੈਂਟ ਦੇ ਕੇਂਦਰੀ ਹਾਲ, ਜਿਥੇ ਪਹਿਲਾਂ ਪੱਤਰਕਾਰ ਇਕੱਠੇ ਹੋ ਕੇ ਮੰਤਰੀਆਂ ਅਤੇ ਸੰਸਦ ਮੈਂਬਰਾਂ ਨੂੰ ਮਿਲਦੇ ਹੁੰਦੇ ਸਨ, ਵਿਚ ਹੁਣ ਪ੍ਰਧਾਨ ਮੰਤਰੀ ਦੇ ਵਿਸ਼ਵਾਸਪਾਤਰ ਦੀ ਡਿਊਟੀ ਲਾਈ ਗਈ ਹੈ, ਜੋ ਭਾਜਪਾ ਦੇ ਮੈਂਬਰਾਂ ਅਤੇ ਮੰਤਰੀਆਂ ਦੀ ਸੂਚੀ ਤਿਆਰ ਕਰਕੇ ਦਿੰਦਾ ਹੈ, ਜਿਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਨੀ ਹੁੰਦੀ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਮੀਡੀਆ ਬਾਰੇ ਪ੍ਰਧਾਨ ਮੰਤਰੀ ਦੀ ਅਜਿਹੀ ਪਹੁੰਚ ਕਿਉਂ ਹੈ? ਗੁਜਰਾਤ ਦੇ ਪੱਤਰਕਾਰਾਂ, ਜੋ ਮੋਦੀ ਨੂੰ ਗੁਜਰਾਤ ਦੇ ਮੁੱਖ ਮੰਤਰੀ ਸਮੇਂ ਤੋਂ ਜਾਣਦੇ ਹਨ, ਦਾ ਕਹਿਣਾ ਹੈ ਕਿ ਮੀਡੀਆ ਪ੍ਰਤੀ ਇਹ ਪਹੁੰਚ ਉਸ ਸਮੇਂ ਤੋਂ ਹੀ ਹੈ, ਜਦ 2002 ਵਿਚ ਗੁਜਰਾਤ ਦੇ ਦੰਗਿਆਂ ਵਿਚ ਵੱਡੀ ਪੱਧਰ ਉਤੇ ਮੁਲਕ ਦੀ ਵੱਡੀ ਘੱਟ ਗਿਣਤੀ ਨਾਲ ਸਬੰਧਤ ਲੋਕਾਂ ਦਾ ਕਤਲ ਕੀਤਾ ਗਿਆ ਸੀ ਅਤੇ ਭਾਰਤੀ ਤੇ ਵਿਦੇਸ਼ੀ ਪੱਤਰਕਾਰਾਂ ਨੇ ਗੁਜਰਾਤ ਸਰਕਾਰ ਨੂੰ ਬੁਰੀ ਤਰ੍ਹਾਂ ਘੇਰਿਆ ਸੀ। ਗੁਜਰਾਤ ਮਾਡਲ ਹੀ ਦਿੱਲੀ ਵਿਚ ਲਾਗੂ ਕੀਤਾ ਗਿਆ ਹੈ।

ਕਾਂਗਰਸ ਪਾਰਟੀ ਦਾ ਦੋਸ਼ ਹੈ ਕਿ ਡਾ. ਮਨਮੋਹਨ ਸਿੰਘ ਸਰਕਾਰ ਸਮੇਂ ਮੰਤਰੀ ਵੱਖ ਵੱਖ ਵਿਸ਼ਿਆਂ ਉਤੇ ਅਕਸਰ ਪ੍ਰੈਸ ਕਾਨਫਰੰਸਾਂ ਕਰਦੇ ਹੁੰਦੇ ਸਨ ਅਤੇ ਪੱਤਰਕਾਰਾਂ ਨੂੰ ਉਨ੍ਹਾਂ ਦੇ ਸੁਆਲਾਂ ਦੇ ਜੁਆਬ ਦਿੰਦੇ ਸਨ ਪਰ ਮੋਦੀ ਸਰਕਾਰ ਨੇ ਕੇਵਲ ਦੋ ਮੰਤਰੀਆਂ- ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਅਤੇ ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੂੰ ਸਰਕਾਰ ਵਲੋਂ ਬੋਲਣ ਦਾ ਅਧਿਕਾਰ ਦਿੱਤਾ ਹੈ। ਕਿਸੇ ਮੰਤਰੀ ਨੇ ਆਪਣੇ ਮਹਿਕਮੇ ਬਾਰੇ ਕਦੀ ਕੋਈ ਪ੍ਰੈਸ ਕਾਨਫਰੰਸ ਨਹੀਂ ਕੀਤੀ। ਵੱਖ ਵੱਖ ਮਸਲਿਆਂ ਬਾਰੇ ਬਿਆਨਾਂ ਬਾਬਤ ਵੀ ਇਹੀ ਸੱਚ ਹੈ।

ਗੁਜਰਾਤ ਦੰਗਿਆਂ ਤੋਂ ਬਾਅਦ ਅਮਰੀਕਾ ਨੇ ਨਰਿੰਦਰ ਮੋਦੀ ਨੂੰ ਵੀਜ਼ਾ ਦੇਣ 'ਤੇ ਪਾਬੰਦੀ ਲਾ ਦਿੱਤੀ ਸੀ ਅਤੇ ਉਹ ਮੁਲਕ ਦੇ ਪ੍ਰਧਾਨ ਮੰਤਰੀ ਬਣਨ ਪਿਛੋਂ ਹੀ ਅਮਰੀਕਾ ਵਿਚ ਪੈਰ ਪਾ ਸਕੇ ਸਨ। ਇਸ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜੀਵਨ ਬੜੇ ਵਿਵਾਦਾਂ ਵਿਚ ਘਿਰਿਆ ਹੋਇਆ ਹੈ। ਜੇ ਹੁਣ ਵੀ ਦੇਖਿਆ ਜਾਵੇ ਤਾਂ ਮੋਦੀ ਵੱਲੋਂ 'ਅੱਛੇ ਦਿਨ' ਲਿਆਉਣ ਲਈ ਜਿਹੜੇ ਵਾਅਦੇ ਚੋਣ ਮੈਨੀਫੈਸਟੋ ਵਿਚ ਕੀਤੇ ਗਏ, ਉਨ੍ਹਾਂ ਵਿਚ ਕੋਈ ਵੀ ਪੂਰਾ ਨਹੀਂ ਕੀਤਾ ਗਿਆ। ਇਸ ਬਾਰੇ ਮੀਡੀਆ ਵਿਚ ਗਾਹੇ-ਬਗਾਹੇ ਚਰਚਾ ਹੁੰਦੀ ਰਹਿੰਦੀ ਹੈ। ਇਕ ਤੱਥ ਹੋਰ ਵੀ ਹੈ, ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਨੇ ਪਿਛਲੀ ਸਰਕਾਰ ਦੀਆਂ ਨੀਤੀਆਂ ਨੂੰ ਹੀ ਲਾਗੂ ਕੀਤਾ ਹੈ, ਜਦਕਿ ਭਾਜਪਾ ਜਦੋਂ ਵਿਰੋਧੀ ਪਾਰਟੀ ਵਜੋਂ ਵਿਚਰਦੀ ਸੀ ਤਾਂ ਇਨ੍ਹਾਂ ਹੀ ਨੀਤੀਆਂ ਦੀ ਮੁਖਾਲਫਤ ਕਰਦੀ ਹੁੰਦੀ ਸੀ।

ਭਾਜਪਾ ਕੋਲ ਚੋਣਾਂ ਸਮੇਂ ਕੀਤੇ ਵਾਅਦਿਆਂ ਜਿਵੇਂ ਵਿਦੇਸ਼ਾਂ ਵਿਚ ਪਿਆ ਕਾਲਾ ਧਨ ਲਿਆ ਕੇ ਹਰ ਨਾਗਰਿਕ ਦੇ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾਂ ਕਰਾਉਣਾ, ਹਰ ਸਾਲ ਦੋ ਕਰੋੜ ਨੌਕਰੀਆਂ ਪੈਦਾ ਕਰਨਾ, ਕਿਸਾਨਾਂ ਨੂੰ ਫਸਲਾਂ ਦੀਆਂ ਕੀਮਤਾਂ ਲਾਗਤ ਕੀਮਤ ਨਾਲੋਂ ਡੇਢ ਗੁਣਾ ਦੇਣਾ, ਰਾਮ ਮੰਦਿਰ ਬਣਾਉਣਾ ਵਗੈਰਾ ਵਗੈਰਾ ਕੋਈ ਵੀ ਪੂਰਾ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਕੋਲ ਇਨ੍ਹਾਂ ਮਸਲਿਆਂ ਦੇ ਕੋਈ ਢੁਕਵੇਂ ਜੁਆਬ ਹਨ। ਉਨ੍ਹਾਂ 'ਇਕ ਚੁੱਪ ਸੌ ਸੁੱਖ' ਵਾਲੀ ਨੀਤੀ ਧਾਰਨ ਕੀਤੀ ਹੋਈ ਹੈ। ਵੋਟਾਂ ਬਟੋਰਨ ਲਈ ਅਖਬਾਰਾਂ ਅਤੇ ਟੀ. ਵੀ. ਚੈਨਲਾਂ ਉਤੇ ਸਰਕਾਰ ਦੀਆਂ ਪ੍ਰਾਪਤੀਆਂ ਦੇ ਗੁਣ-ਗਾਇਨ ਕਰਕੇ ਟੈਕਸਾਂ ਰਾਹੀਂ ਇਕੱਠੇ ਹੋਏ ਕੋਈ 2400 ਕਰੋੜ ਰੁਪਏ ਖਰਚੇ ਜਾ ਚੁਕੇ ਹਨ। ਮੁਲਕ ਦੀਆਂ ਸਮੱਸਿਆਵਾਂ ਘਟਣ ਦੀ ਥਾਂ ਨਾ ਕੇਵਲ ਵਧੀਆਂ ਹਨ, ਸਗੋਂ ਗੁੰਝਲਦਾਰ ਹੋਈਆਂ ਹਨ।

ਇਸ ਸਰਕਾਰ 'ਤੇ ਤਾਨਾਸ਼ਾਹ ਸਰਕਾਰ ਹੋਣ ਦਾ ਦੋਸ਼ ਵੀ ਲਗਦਾ ਹੈ। ਸਰਕਾਰ ਖਿਲਾਫ ਪ੍ਰਚਾਰ ਕਰਨ ਵਾਲੇ ਚੈਨਲਾਂ ਦੀ ਆਵਾਜ਼ ਦਬਾਉਣ ਲਈ ਕਈ ਹੱਥਕੰਡੇ ਵਰਤੇ ਜਾਂਦੇ ਹਨ। ਉਘੇ ਟੀ. ਵੀ. ਚੈਨਲ ਐਨ. ਡੀ. ਟੀ. ਵੀ., ਜੋ ਸਰਕਾਰ ਦੀ ਸਖਤ ਨੁਕਤਾਚੀਨੀ ਕਰਦਾ ਹੈ, ਦੇ ਦਫਤਰ ਅਤੇ ਇਸ ਚੈਨਲ ਨੂੰ ਚਲਾਉਣ ਵਾਲਿਆਂ ਦੇ ਘਰ ਸੀ. ਬੀ. ਆਈ. ਦੇ ਛਾਪੇ ਮਾਰੇ ਗਏ। ਸਰਕਾਰ ਖਿਲਾਫ ਲਿਖਣ ਵਾਲੇ ਲੇਖਕਾਂ 'ਤੇ ਦੇਸ਼ ਧ੍ਰੋਹ ਦੇ ਕੇਸ ਦਰਜ ਕੀਤੇ ਗਏ। ਹੋਰ ਤਾਂ ਹੋਰ, ਸਰਕਾਰ ਨਾਲ ਜੁੜੀਆਂ ਕਈ ਜਥੇਬੰਦੀਆਂ ਉਤੇ ਲੇਖਕਾਂ ਦੇ ਕਤਲ ਕਰਨ ਦੇ ਦੋਸ਼ ਤੱਕ ਲੱਗ ਰਹੇ ਹਨ। ਵੰਨ-ਸੁਵੰਨਤਾ ਪ੍ਰਫੁਲਿਤ ਕਰਨ ਦੀ ਥਾਂ ਵਿਸ਼ੇਸ਼ ਵਿਚਾਰਧਾਰਾ ਥੋਪੀ ਜਾ ਰਹੀ ਹੈ। ਇਉਂ ਲੋਕਤੰਤਰ ਦੀ ਥਾਂ ਤਾਨਾਸ਼ਾਹੀ ਭਾਰੂ ਹੋ ਰਹੀ ਹੈ।

ਇਸ ਲਈ ਲੋੜ ਹੈ ਕਿ ਆਉਂਦੀਆਂ ਚੋਣਾਂ ਵਿਚ ਅਜਿਹੀ ਪਾਰਟੀ ਨੂੰ ਅੱਗੇ ਲਿਆਂਦਾ ਜਾਵੇ ਜੋ ਬੋਲਣ, ਲਿਖਣ ਦੀ ਆਜ਼ਾਦੀ ਨੂੰ ਬਹਾਲ ਕਰੇ; ਪ੍ਰਧਾਨ ਮੰਤਰੀ ਦੇ ਮੀਡੀਆ ਨਾਲ ਸੁਖਾਵੇਂ ਸਬੰਧ ਹੋਣ ਅਤੇ ਉਹ ਸਮੇਂ ਸਮੇਂ ਪ੍ਰੈਸ ਕਾਨਫਰੰਸਾਂ ਕਰਨ ਤਾਂ ਜੋ ਉਨ੍ਹਾਂ ਨੂੰ ਲੋਕਾਂ ਦੇ ਮਸਲਿਆਂ ਬਾਰੇ ਸਹੀ ਜਾਣਕਾਰੀ ਮਿਲ ਸਕੇ।

# ਭਾਰਤੀ ਜਮਹੂਰੀਅਤ, ਮੋਦੀ ਅਤੇ ਟੀ. ਵੀ. ਚੈਨਲ

*ਪੁਲਵਾਮਾ (ਜੰਮੂ ਕਸ਼ਮੀਰ) ਵਿਚ ਸੁਰੱਖਿਆ ਦਸਤਿਆਂ 'ਤੇ ਹੋਏ ਦਹਿਸ਼ਤੀ ਹਮਲੇ ਪਿਛੋਂ ਸੰਘ ਪਰਿਵਾਰ ਵਲੋਂ ਰਾਸ਼ਟਰਵਾਦੀ ਜਨੂੰਨ ਦਾ ਜੋ ਮਾਹੌਲ ਭੜਕਾਇਆ ਗਿਆ, ਉਸ ਅੰਦਰ ਕਾਰਪੋਰੇਟ ਕੰਟਰੋਲ ਵਾਲੇ ਟੀ. ਵੀ. ਚੈਨਲ ਅਤੇ ਹਿੰਦੀ ਅਖਬਾਰ ਭਾਜਪਾ ਦੇ ਲੋਕ ਸੰਪਰਕ ਵਿਭਾਗ ਦੀ ਭੂਮਿਕਾ ਨਿਭਾ ਰਹੇ ਹਨ। ਬੇਬਾਕ ਟੀ. ਵੀ. ਪੱਤਰਕਾਰ ਰਵੀਸ਼ ਕੁਮਾਰ ਨੇ ਇਨ੍ਹਾਂ ਹਾਲਾਤ ਉਪਰ ਗੰਭੀਰ ਤਬਸਰਾ ਕੀਤਾ ਹੈ, ਜੋ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

ਜੇ ਤੁਸੀਂ ਆਪਣੀ ਨਾਗਰਿਕਤਾ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਨਿਊਜ਼ ਚੈਨਲ ਦੇਖਣੇ ਬੰਦ ਕਰ ਦਿਓ। ਜੇ ਤੁਸੀਂ ਲੋਕਤੰਤਰ ਵਿਚ ਜ਼ਿੰਮੇਵਾਰ ਨਾਗਰਿਕ ਦੇ ਰੂਪ ਵਿਚ ਭੂਮਿਕਾ ਨਿਭਾਉਣੀ ਚਾਹੁੰਦੇ ਹੋ ਤਾਂ ਨਿਊਜ਼ ਚੈਨਲ ਦੇਖਣੇ ਬੰਦ ਕਰ ਦਿਓ। ਜੇ ਤੁਸੀਂ ਆਪਣੇ ਬੱਚਿਆਂ ਨੂੰ ਫਿਰਕਾਪ੍ਰਸਤੀ ਤੋਂ ਬਚਾਉਣਾ ਚਾਹੁੰਦੇ ਹੋ ਤਾਂ ਨਿਊਜ਼ ਚੈਨਲ ਦੇਖਣੇ ਬੰਦ ਕਰ ਦਿਓ। ਜੇ ਤੁਸੀਂ ਭਾਰਤ ਵਿਚ ਪੱਤਰਕਾਰੀ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਨਿਊਜ਼ ਚੈਨਲ ਦੇਖਣੇ ਬੰਦ ਕਰ ਦਿਓ। ਨਿਊਜ਼ ਚੈਨਲਾਂ ਨੂੰ ਦੇਖਣਾ



**ਰਵੀਸ਼ ਕੁਮਾਰ**
**ਅਨੁਵਾਦ: ਬੂਟਾ ਸਿੰਘ**

ਆਪਣੇ ਪਤਨ ਨੂੰ ਦੇਖਣਾ ਹੈ। ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਤੁਸੀਂ ਕੋਈ ਵੀ ਨਿਊਜ਼ ਚੈਨਲ ਨਾ ਦੇਖੋ। ਨਾ ਟੀ.ਵੀ. ਸੈੱਟ ਉਪਰ ਦੇਖੋ ਅਤੇ ਨਾ ਹੀ ਮੋਬਾਈਲ ਉਪਰ। ਆਪਣੇ ਨਿੱਤਨੇਮ ਵਿਚੋਂ ਚੈਨਲਾਂ ਨੂੰ ਦੇਖਣਾ ਹਟਾ ਦਿਓ। ਮੈਨੂੰ ਵੀ ਦੇਖਣਾ ਬੰਦ ਕਰ ਦਿਓ। ਪਰ ਸਾਰੇ ਨਿਊਜ਼ ਚੈਨਲ ਦੇਖਣੇ ਬੰਦ ਕਰ ਦਿਓ।

ਮੈਂ ਇਹ ਗੱਲ ਪਹਿਲਾਂ ਵੀ ਕਰਦਾ ਰਿਹਾ ਹਾਂ। ਮੈਂ ਜਾਣਦਾ ਹਾਂ ਕਿ ਤੁਸੀਂ ਏਨੀ ਆਸਾਨੀ ਨਾਲ ਮੂਰਖਤਾ ਦੇ ਇਸ ਨਸ਼ੇ ਵਿਚੋਂ ਬਾਹਰ ਨਹੀਂ ਆ ਸਕਦੇ ਲੇਕਿਨ ਇਕ ਵਾਰ ਫਿਰ ਅਪੀਲ ਕਰਦਾ ਹਾਂ ਕਿ ਬਸ ਇਨ੍ਹਾਂ ਢਾਈ ਮਹੀਨਿਆਂ ਲਈ ਨਿਊਜ਼ ਚੈਨਲ ਦੇਖਣੇ ਬੰਦ ਕਰ ਦਿਓ। ਇਸ ਵਕਤ ਜੋ ਤੁਸੀਂ ਚੈਨਲਾਂ ਉਪਰ ਦੇਖ ਰਹੇ ਹੋ, ਉਹ ਸਨਕ ਦਾ ਸੰਸਾਰ ਹੈ। ਪਾਗਲਪਣ ਦਾ ਸੰਸਾਰ ਹੈ। ਇਨ੍ਹਾਂ ਦੀ ਇਹੀ ਫਿਤਰਤ ਹੋ ਗਈ ਹੈ। ਪਹਿਲੀ ਦਫਾ ਐਸਾ ਨਹੀਂ ਹੋ ਰਿਹਾ। ਜਦੋਂ ਪਾਕਿਸਤਾਨ ਨਾਲ ਤਣਾਓ ਨਹੀਂ ਹੁੰਦਾ ਤਾਂ ਇਹ ਚੈਨਲ ਮੰਦਰ ਨੂੰ ਲੈ ਕੇ ਤਣਾਓ ਪੈਦਾ ਕਰਦੇ ਹਨ; ਜਦੋਂ ਮੰਦਰ ਦਾ ਤਣਾਓ ਨਹੀਂ ਹੁੰਦਾ ਤਾਂ ਇਹ ਚੈਨਲ 'ਪਦਮਾਵਤੀ' ਫਿਲਮ ਨੂੰ ਲੈ ਕੇ ਤਣਾਓ ਪੈਦਾ ਕਰਦੇ ਹਨ; ਜਦੋਂ ਫਿਲਮ ਦਾ ਤਣਾਓ ਨਹੀਂ ਹੁੰਦਾ ਤਾ ਇਹ ਚੈਨਲ ਕੈਰਾਨਾ ਦੇ ਝੂਠ (ਯੂ.ਪੀ. ਦਾ ਕੈਰਾਨਾ ਹਲਕਾ, ਜਿਥੇ ਸੰਘ ਬ੍ਰਿਗੇਡ ਨੇ ਇਹ ਅਫਵਾਹ ਫੈਲਾ ਕੇ ਮੁਸਲਿਮ ਭਾਈਚਾਰੇ ਵਿਰੁਧ ਨਫਰਤ ਭੜਕਾਈ ਗਈ ਕਿ ਇਥੇ ਮੁਸਲਮਾਨਾਂ ਨੇ ਕਸ਼ਮੀਰ ਵਰਗੀ ਦਹਿਸ਼ਤ ਫੈਲਾਈ ਹੋਈ ਹੈ ਜਿਸ ਤੋਂ ਭੈਭੀਤ ਹੋ ਕੇ ਇਥੋਂ 346 ਹਿੰਦੂ ਪਰਿਵਾਰ ਹਿਜਰਤ ਕਰ ਗਏ ਹਨ) ਨੂੰ ਲੈ ਕੇ ਹਿੰਦੂ-ਮੁਸਲਮਾਨ ਵਿਚ ਤਣਾਓ ਪੈਦਾ ਕਰਦੇ ਹਨ। ਜਦੋਂ ਕੁਝ ਵੀ ਨਹੀਂ ਹੁੰਦਾ ਤਾਂ ਇਹ ਫਰਜ਼ੀ ਸਰਵੇਖਣਾਂ ਉਪਰ ਘੰਟਿਆਂ ਤਕ ਪ੍ਰੋਗਰਾਮ ਕਰਦੇ ਰਹਿੰਦੇ ਹਨ ਜਿਨ੍ਹਾਂ ਦਾ ਕੋਈ ਮਤਲਬ ਨਹੀਂ ਹੁੰਦਾ।

ਕੀ ਤੁਸੀਂ ਸਮਝ ਸਕਦੇ ਹੋ ਕਿ ਇਹ ਸਭ ਕਿਉਂ ਹੋ ਰਿਹਾ ਹੈ? ਕੀ ਤੁਸੀਂ ਪਬਲਿਕ ਦੇ ਤੌਰ 'ਤੇ ਇਨ੍ਹਾਂ ਚੈਨਲਾਂ ਵਿਚ ਪਬਲਿਕ ਨੂੰ ਦੇਖ ਸਕਦੇ ਹੋ? ਇਨ੍ਹਾਂ ਚੈਨਲਾਂ ਨੇ ਤੁਹਾਨੂੰ ਪਬਲਿਕ ਨੂੰ ਪਾਸੇ ਹਟਾ ਦਿਤਾ ਹੈ, ਕੁਚਲ ਦਿੱਤਾ ਹੈ। ਪਬਲਿਕ ਦੇ ਸਵਾਲ ਨਹੀਂ ਹਨ। ਚੈਨਲਾਂ ਦੇ ਸਵਾਲ ਪਬਲਿਕ ਦੇ ਸਵਾਲ ਬਣਾਏ ਜਾ ਰਹੇ ਹਨ। ਉਂਜ, ਇਹ ਏਡੀ ਵੀ ਬਾਰੀਕੀ ਵਾਲੀ ਗੱਲ ਨਹੀਂ ਹੈ ਕਿ ਤੁਸੀਂ ਸਮਝ ਨਹੀਂ ਸਕਦੇ। ਲੋਕ ਪ੍ਰੇਸ਼ਾਨ ਹਨ। ਉਹ ਚੈਨਲ-ਚੈਨਲ ਘੁੰਮ ਕੇ ਪਰਤ ਜਾਂਦੇ ਹਨ ਪਰ ਉਥੇ ਉਨ੍ਹਾਂ ਲਈ ਕੋਈ ਜਗ੍ਹਾ ਨਹੀਂ ਹੁੰਦੀ। ਨੌਜਵਾਨਾਂ ਦੇ ਤਮਾਮ ਸਵਾਲਾਂ ਲਈ ਜਗ੍ਹਾ ਨਹੀਂ ਹੁੰਦੀ ਲੇਕਿਨ ਚੈਨਲ ਆਪਣਾ ਸਵਾਲ ਫੜਾ ਕੇ ਉਨ੍ਹਾਂ ਨੂੰ ਮੂਰਖ ਬਣਾ ਰਹੇ ਹਨ। ਚੈਨਲਾਂ ਨੂੰ ਇਹ ਸਵਾਲ ਕਿਥੋਂ ਆਉਂਦੇ ਹਨ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਇਹ ਹੁਣ ਜਦੋਂ ਵੀ ਕਰਦੇ ਹਨ, ਜੋ ਕੁਝ ਵੀ ਕਰਦੇ ਹਨ, ਉਸੇ ਤਣਾਓ ਲਈ ਕਰਦੇ ਹਨ ਜੋ ਇਕ ਨੇਤਾ ਦੇ ਲਈ ਰਾਹ ਬਣਾਉਂਦਾ ਹੈ ਜਿਸ ਦਾ ਨਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੈ।

ਨਿਊਜ਼ ਚੈਨਲਾਂ, ਸਰਕਾਰ, ਭਾਜਪਾ ਅਤੇ ਮੋਦੀ, ਇਨ੍ਹਾਂ ਸਭ ਦਾ ਰਲੇਵਾਂ ਹੋ ਚੁੱਕਾ ਹੈ। ਇਹ ਰਲੇਵਾਂ ਏਨਾ ਬਿਹਤਰੀਨ ਹੈ ਕਿ ਤੁਸੀਂ ਫਰਕ ਨਹੀਂ ਕਰ ਸਕੋਗੇ ਕਿ ਪੱਤਰਕਾਰੀ ਹੈ ਜਾਂ ਪ੍ਰਾਪੇਗੰਡਾ ਹੈ। ਤੁਸੀਂ ਇਕ ਨੇਤਾ ਨੂੰ ਪਸੰਦ ਕਰਦੇ ਹੋ। ਇਹ ਸੁਭਾਵਿਕ ਹੈ ਅਤੇ ਬਹੁਤ ਹੱਦ ਤਕ ਜ਼ਰੂਰੀ ਵੀ। ਲੇਕਿਨ ਉਸ ਪਸੰਦ ਦਾ ਲਾਭ ਉਠਾ ਕੇ ਇਨ੍ਹਾਂ ਚੈਨਲਾਂ ਵਲੋਂ ਜੋ ਕੀਤਾ ਜਾ ਰਿਹਾ ਹੈ, ਉਹ ਖਤਰਨਾਕ ਹੈ। ਭਾਜਪਾ ਦੇ ਜ਼ਿੰਮੇਵਾਰ ਹਮਾਇਤੀਆਂ ਨੂੰ ਵੀ ਸਹੀ ਸੂਚਨਾ ਦੀ ਜ਼ਰੂਰਤ ਹੁੰਦੀ ਹੈ। ਸਰਕਾਰ ਅਤੇ ਮੋਦੀ ਦੀ ਭਗਤੀ ਵਿਚ ਪ੍ਰਾਪੇਗੰਡੇ ਨੂੰ ਪਰੋਸਣਾ ਉਸ ਹਮਾਇਤੀ ਦਾ ਵੀ ਅਪਮਾਨ ਹੈ। ਉਸ ਨੂੰ ਮੂਰਖ ਸਮਝਣਾ ਹੈ ਜਦਕਿ ਉਹ ਆਪਣੇ ਸਾਹਮਣੇ ਮੌਜੂਦ ਬਦਲਾਂ ਦੀਆਂ ਸੂਚਨਾਵਾਂ ਦੇ ਆਧਾਰ 'ਤੇ ਕਿਸੇ ਦੀ ਹਮਾਇਤ ਕਰਦਾ ਹੈ। ਅੱਜ ਦੇ ਨਿਊਜ਼ ਚੈਨਲ ਨਾ ਸਿਰਫ ਆਮ ਨਾਗਰਿਕ ਦਾ ਅਪਮਾਨ ਕਰਦੇ ਹਨ ਬਲਕਿ ਉਸ ਨਾਲ ਭਾਜਪਾ ਦੇ ਹਮਾਇਤੀਆਂ ਦਾ ਵੀ ਅਪਮਾਨ ਕਰ ਰਹੇ ਹਨ।

ਮੈਂ ਭਾਜਪਾ ਹਮਾਇਤੀਆਂ ਨੂੰ ਵੀ ਅਪੀਲ ਕਰਦਾ ਹਾਂ ਕਿ ਤੁਸੀਂ ਇਨ੍ਹਾਂ ਚੈਨਲਾਂ ਨੂੰ ਨਾ ਦੇਖੋ। ਤੁਸੀਂ ਭਾਰਤ ਦੇ ਲੋਕਤੰਤਰ ਦੀ ਬਰਬਾਦੀ ਵਿਚ ਸ਼ਾਮਲ ਨਾ ਹੋਵੋ। ਕੀ ਤੁਸੀਂ ਇਨ੍ਹਾਂ ਬੇਹੂਦਾ ਚੈਨਲਾਂ ਬਗੈਰ ਮੋਦੀ ਦੀ ਹਮਾਇਤ ਨਹੀਂ ਕਰ ਸਕਦੇ? ਕੀ ਇਹ ਜ਼ਰੂਰੀ ਹੈ ਕਿ ਨਰਿੰਦਰ ਮੋਦੀ ਦੀ ਹਮਾਇਤ ਕਰਨ ਲਈ ਪੱਤਰਕਾਰੀ ਦੇ ਪਤਨ ਦੀ ਵੀ ਹਮਾਇਤ ਕੀਤੀ ਜਾਵੇ? ਫਿਰ ਤੁਸੀਂ ਇਕ ਇਮਾਨਦਾਰ ਰਾਜਨੀਤਕ ਹਮਾਇਤੀ ਨਹੀਂ ਹੋ। ਕੀ ਸ੍ਰੇਸ਼ਟ ਪੱਤਰਕਾਰੀ ਦੇ ਮਿਆਰਾਂ ਤਹਿਤ ਮੋਦੀ ਦੀ ਹਮਾਇਤ ਕਰਨਾ ਅਸੰਭਵ ਹੋ ਚੁੱਕਾ ਹੈ? ਭਾਜਪਾ ਹਮਾਇਤੀਓ, ਤੁਸੀਂ ਭਾਜਪਾ ਨੂੰ ਚੁਣਿਆ ਸੀ, ਇਨ੍ਹਾਂ ਚੈਨਲਾਂ ਨੂੰ ਨਹੀਂ। ਮੀਡੀਆ ਦਾ ਪਤਨ ਰਾਜਨੀਤੀ ਦਾ ਪਤਨ ਹੈ। ਇਕ ਚੰਗੇ ਹਮਾਇਤੀ ਦਾ ਵੀ ਪਤਨ ਹੈ।

ਚੈਨਲ ਤੁਹਾਡੀ ਨਾਗਰਿਕਤਾ ਉਪਰ ਹਮਲਾ ਕਰ ਰਹੇ ਹਨ। ਲੋਕਤੰਤਰ ਵਿਚ ਨਾਗਰਿਕ ਹਵਾ ਵਿਚ ਨਹੀਂ ਬਣਦਾ। ਸਿਰਫ ਕਿਸੇ ਭੂਗੋਲਿਕ ਪ੍ਰਦੇਸ਼ ਵਿਚ ਜੰਮਣ ਨਾਲ ਤੁਸੀਂ ਨਾਗਰਿਕ ਨਹੀਂ ਹੋ ਜਾਂਦੇ। ਸਹੀ ਸੂਚਨਾ ਅਤੇ ਸਹੀ ਸਵਾਲ ਤੁਹਾਡੀ ਨਾਗਰਿਕਤਾ ਲਈ ਜ਼ਰੂਰੀ ਹਨ। ਇਨ੍ਹਾਂ ਨਿਊਜ਼ ਚੈਨਲਾਂ ਕੋਲ ਦੋਨੋਂ ਹੀ ਨਹੀਂ ਹਨ। ਪ੍ਰਧਾਨ ਮੰਤਰੀ ਮੋਦੀ ਪੱਤਰਕਾਰੀ ਦੇ ਇਸ ਪਤਨ ਦਾ ਰਖਵਾਲਾ ਹੈ। ਇਸ ਦਾ ਪਾਲਣਹਾਰ ਹੈ। ਉਸ ਦੀ ਭਗਤੀ 'ਚ ਚੈਨਲਾਂ ਨੇ ਖੁਦ ਨੂੰ ਮਸਖਰੇ ਬਣਾ ਲਿਆ ਹੈ। ਉਹ ਪਹਿਲਾਂ ਵੀ ਮਸਖਰੇ ਸਨ ਲੇਕਿਨ ਹੁਣ ਉਹ ਤੁਹਾਨੂੰ ਮਸਖਰੇ ਬਣਾ ਰਹੇ ਹਨ। ਤੁਹਾਡਾ ਮਸਖਰੇ ਬਣ ਜਾਣਾ ਲੋਕਤੰਤਰ ਦਾ ਮਿਟ ਜਾਣਾ ਹੋਵੇਗਾ।

ਭਾਰਤ ਪਾਕਿਸਤਾਨ ਤਣਾਓ ਦੇ ਬਹਾਨੇ ਇਨ੍ਹਾਂ ਨੂੰ ਰਾਸ਼ਟਰ ਭਗਤ ਬਣਨ ਦਾ ਮੌਕਾ ਮਿਲ ਗਿਆ ਹੈ। ਇਨ੍ਹਾਂ ਕੋਲ ਰਾਸ਼ਟਰ ਨੂੰ ਲੈ ਕੇ ਕੋਈ ਭਗਤੀ ਨਹੀਂ ਹੈ। ਭਗਤੀ ਹੁੰਦੀ ਤਾਂ ਲੋਕਤੰਤਰ ਦੇ ਜ਼ਰੂਰੀ ਥੰਮ੍ਹ, ਪੱਤਰਕਾਰੀ ਦੇ ਉਚ ਮਿਆਰ ਘੜਦੇ। ਚੈਨਲਾਂ ਉਪਰ ਜਿਸ ਤਰ੍ਹਾਂ ਦਾ ਹਿੰਦੁਸਤਾਨ ਘੜਿਆ ਜਾ ਚੁੱਕਾ ਹੈ, ਉਸ ਦੇ ਜ਼ਰੀਏ ਤੁਹਾਡੇ ਅੰਦਰ ਜਿਸ ਤਰ੍ਹਾਂ ਦਾ ਹਿੰਦੁਸਤਾਨ ਘੜਿਆ ਜਾ ਰਿਹਾ ਹੈ, ਉਹ ਸਾਡਾ ਹਿੰਦੁਸਤਾਨ ਨਹੀਂ ਹੈ। ਉਹ ਨਕਲੀ ਹਿੰਦੁਸਤਾਨ ਹੈ। ਦੇਸ਼ ਨਾਲ ਪ੍ਰੇਮ ਦਾ ਮਤਲਬ ਹੁੰਦਾ ਹੈ ਕਿ ਅਸੀਂ ਸਾਰੇ ਆਪੋ-ਆਪਣਾ ਕੰਮ ਉਚ ਆਦਰਸ਼ਾਂ ਅਤੇ ਮਿਆਰਾਂ ਦੇ ਹਿਸਾਬ ਨਾਲ ਕਰੀਏ। ਜ਼ਰਾ ਹਿੰਮਤ ਦੇਖੋ ਕਿ ਝੂਠੀਆਂ ਸੂਚਨਾਵਾਂ ਅਤੇ ਬੇਹੂਦਾ ਨਾਅਰਿਆਂ ਅਤੇ ਵਿਸ਼ਲੇਸ਼ਣਾਂ ਨਾਲ ਤੁਹਾਡੀ ਦੇਸ਼ ਭਗਤੀ ਘੜੀ ਜਾ ਰਹੀ ਹੈ। ਤੁਹਾਡੇ ਅੰਦਰ ਦੇਸ਼ ਭਗਤੀ ਦੇ ਕੁਦਰਤੀ ਚੈਨਲ ਨੂੰ ਖਤਮ ਕਰਕੇ ਇਹ ਨਿਊਜ਼ ਚੈਨਲ ਬਨਾਉਟੀ ਚੈਨਲ ਬਣਾਉਣਾ ਚਾਹੁੰਦੇ ਹਨ ਤਾਂ ਜੋ ਤੁਸੀਂ ਮੁਰਦਾ ਰੋਬੋਟ ਬਣ ਕੇ ਰਹਿ ਜਾਓ।

ਇਸ ਸਮੇਂ ਦੇ ਅਖਬਾਰ ਅਤੇ ਚੈਨਲ ਤੁਹਾਡੀ ਨਾਗਰਿਕਤਾ ਅਤੇ ਨਾਗਰਿਕ ਅਧਿਕਾਰਾਂ ਦੇ ਖਾਤਮੇ ਦਾ ਐਲਾਨ ਕਰ ਰਹੇ ਹਨ। ਤੁਹਾਨੂੰ ਸਾਹਮਣੇ ਨਜ਼ਰ ਆ ਜਾਣਾ ਚਾਹੀਦਾ ਹੈ ਕਿ ਇਹ ਹੋਣ ਨਹੀਂ ਜਾ ਰਿਹਾ ਬਲਕਿ ਹੋ ਚੁੱਕਾ ਹੈ। ਅਖਬਾਰਾਂ ਦਾ ਹਾਲ ਵੀ ਉਹੀ ਹੈ। ਹਿੰਦੀ ਦੇ ਅਖਬਾਰਾਂ ਨੇ ਤਾਂ ਪਾਠਕਾਂ ਦੀ ਹੱਤਿਆ ਦੀ ਸੁਪਾਰੀ ਲਈ ਹੋਈ ਹੈ। ਗ਼ਲਤ ਅਤੇ ਕਮਜ਼ੋਰ ਸੂਚਨਾਵਾਂ ਦੇ ਆਧਾਰ 'ਤੇ ਪਾਠਕਾਂ ਦੀ ਹੱਤਿਆ ਹੋ ਰਹੀ ਹੈ। ਅਖਬਾਰਾਂ ਦੇ ਪੰਨੇ ਵੀ ਗ਼ੌਰ ਨਾਲ ਦੇਖੋ। ਹਿੰਦੀ ਅਖਬਾਰਾਂ ਚੁੱਕ ਕੇ ਘਰੋਂ ਬਾਹਰ ਸੁੱਟ ਦਿਓ। ਇਕ ਦਿਨ ਅਲਾਰਮ ਲਗਾ ਕੇ ਸੌਂ ਜਾਓ। ਉਠ ਕੇ ਹਾਕਰ ਨੂੰ ਕਹਿ ਦਿਓ ਕਿ ਭਾਈ ਚੋਣਾਂ ਤੋਂ ਬਾਅਦ ਅਖਬਾਰ ਦੇ ਜਾਣਾ।

ਇਹ ਸਰਕਾਰ ਨਹੀਂ ਚਾਹੁੰਦੀ ਕਿ ਤੁਸੀਂ ਸਹੀ ਸੂਚਨਾਵਾਂ ਨਾਲ ਲੈਸ ਸਮਰੱਥ ਨਾਗਰਿਕ ਬਣੋ। ਚੈਨਲਾਂ ਨੇ ਵਿਰੋਧੀ ਬਣਨ ਦੀ ਹਰ ਸੰਭਾਵਨਾ ਖਤਮ ਕਰ ਦਿੱਤੀ ਹੈ। ਤੁਹਾਡੇ ਅੰਦਰ ਜੇ ਸਰਕਾਰ ਦਾ ਵਿਰੋਧੀ ਨਾ ਬਣੇ ਤਾਂ ਤੁਸੀਂ ਸਰਕਾਰ ਦੇ ਹਮਾਇਤੀ ਵੀ ਨਹੀਂ ਬਣ ਸਕਦੇ। ਹੋਸ਼ ਨਾਲ ਸਪਰੋਟ ਕਰਨਾ ਅਤੇ ਨਸ਼ੇ ਦਾ ਟੀਕਾ ਲਗਾ ਕੇ ਸਪੋਰਟ ਕਰਵਾਉਣਾ, ਦੋਨੋਂ ਵੱਖ-ਵੱਖ ਗੱਲਾਂ ਹਨ। ਪਹਿਲੀ ਵਿਚ ਤੁਹਾਡਾ ਆਤਮ-ਸਨਮਾਨ ਝਲਕਦਾ ਹੈ। ਦੂਸਰੀ ਵਿਚ ਤੁਹਾਡਾ ਅਪਮਾਨ। ਕੀ ਤੁਸੀਂ ਅਪਮਾਨਿਤ ਹੋ ਕੇ ਇਨ੍ਹਾਂ ਨਿਊਜ਼ ਚੈਨਲਾਂ ਨੂੰ ਦੇਖਣਾ ਚਾਹੁੰਦੇ ਹੋ, ਇਨ੍ਹਾਂ ਦੇ ਜ਼ਰੀਏ ਸਰਕਾਰ ਦੀ ਹਮਾਇਤ ਕਰਨਾ ਚਾਹੁੰਦੇ ਹੋ?

ਮੈਂ ਜਾਣਦਾ ਹਾਂ ਕਿ ਮੇਰੀ ਇਹ ਗੱਲ ਨਾ ਕਰੋੜਾਂ ਲੋਕਾਂ ਤਕ ਪਹੁੰਚੇਗੀ ਅਤੇ ਨਾ ਕਰੋੜਾਂ ਲੋਕ ਨਿਊਜ਼ ਚੈਨਲ ਦੇਖਣੇ ਛੱਡਣਗੇ; ਲੇਕਿਨ ਮੈਂ ਤੁਹਾਨੂੰ ਸੁਚੇਤ ਕਰਦਾ ਹਾਂ ਕਿ ਜੇ ਇਹੀ ਚੈਨਲ ਪੱਤਰਕਾਰੀ ਹੈ ਤਾਂ ਭਾਰਤ ਵਿਚ ਲੋਕਤੰਤਰ ਦਾ ਭਵਿਖ ਸੁੰਦਰ ਨਹੀਂ ਹੈ। ਨਿਊਜ਼ ਚੈਨਲਾਂ ਨੇ ਅਜਿਹੀ ਪਬਲਿਕ ਘੜ ਲਈ ਹੈ ਜੋ ਗ਼ਲਤ ਸੂਚਨਾਵਾਂ ਅਤੇ ਸੀਮਤ ਸੂਚਨਾਵਾਂ ਉਪਰ ਆਧਾਰਿਤ ਹੋਵੇਗੀ। ਚੈਨਲ ਤੁਹਾਡੀ ਬਣਾਈ ਹੋਈ ਇਸ ਪਬਲਿਕ ਤੋਂ ਉਸ ਪੁਲਿਸ ਨੂੰ ਹਰਾ ਦੇਣਗੇ ਜਿਸ ਨੂੰ ਸੂਚਨਾਵਾਂ ਦੀ ਜ਼ਰੂਰਤ ਹੁੰਦੀ ਹੈ, ਜਿਸ ਦੇ ਕੋਲ ਸਵਾਲ ਹੁੰਦੇ ਹਨ। ਸਵਾਲ ਅਤੇ ਸੂਚਨਾ ਦੇ ਬਗ਼ੈਰ ਲੋਕਤੰਤਰ ਨਹੀਂ ਹੁੰਦਾ। ਲੋਕਤੰਤਰ 'ਚ ਨਾਗਰਿਕ ਨਹੀਂ ਹੁੰਦਾ।

ਸੱਚ ਅਤੇ ਤੱਥ ਦੀ ਹਰ ਸੰਭਾਵਨਾ ਸਮਾਪਤ ਕਰ ਦਿੱਤੀ ਗਈ ਹੈ। ਮੈਂ ਹਰ ਰੋਜ਼ ਪਬਲਿਕ ਨੂੰ ਧੱਕੇ ਜਾਂਦੇ ਦੇਖਦਾ ਹਾਂ। ਚੈਨਲ ਪਬਲਿਕ ਨੂੰ ਮੰਝਧਾਰ ਵਿਚ ਧੱਕ ਕੇ ਰੱਖਣਾ ਚਾਹੁੰਦੇ ਹਨ। ਜਿਥੇ ਰਾਜਨੀਤੀ ਆਪਣਾ ਤੂਫਾਨ ਰਚ ਰਹੀ ਹੈ। ਸਿਆਸੀ ਪਾਰਟੀਆਂ ਤੋਂ ਬਾਹਰ ਦੇ ਮਾਮਲਿਆਂ ਦੀ ਜਗ੍ਹਾ ਨਹੀਂ ਬਚੀ ਹੈ। ਨਾ ਜਾਣੇ, ਕਿੰਨੇ ਮਸਲੇ ਇੰਤਜ਼ਾਰ ਕਰ ਰਹੇ ਹਨ। ਚੈਨਲਾਂ ਨੇ ਆਪਣੇ ਸੰਪਰਕ ਵਿਚ ਆਏ ਲੋਕਾਂ ਨੂੰ ਲੋਕਾਂ ਦੇ ਖਿਲਾਫ ਤਿਆਰ ਕਰ ਦਿੱਤਾ ਹੈ। ਇਨ੍ਹਾਂ ਚੈਨਲਾਂ ਦੀ ਬਾਦਸ਼ਾਹਤ ਤੁਹਾਡੀ ਹਾਰ ਦਾ ਐਲਾਨ ਹੈ। ਇਨ੍ਹਾਂ ਦੀ ਜਿੱਤ ਤੁਹਾਡੀ ਗ਼ੁਲਾਮੀ ਹੈ। ਇਨ੍ਹਾਂ ਦੇ ਅਸਰ ਹੇਠੋਂ ਕੋਈ ਸੌਖਿਆਂ ਨਹੀਂ ਨਿਕਲ ਸਕਦਾ। ਤੁਸੀਂ ਦਰਸ਼ਕ ਹੋ। ਤੁਸੀਂ ਇਕ ਨੇਤਾ ਦੀ ਹਮਾਇਤ ਕਰਨ ਲਈ ਪੱਤਰਕਾਰੀ ਦੇ ਪਤਨ ਦੀ ਹਮਾਇਤ ਹਰਗਿਜ਼ ਨਾ ਕਰੋ। ਸਿਰਫ ਢਾਈ ਮਹੀਨੇ ਦੀ ਗੱਲ ਹੈ। ਚੈਨਲ ਦੇਖਣੇ ਬੰਦ ਕਰ ਦਿਓ।

# ਭਾਰਤ ਵਿਚ ਇਸਲਾਮੀ ਦਹਿਸ਼ਤਵਾਦ ਦਾ ਸਰਕਾਰੀ ਸ਼ਗੂਫਾ

*ਹਿਮਾਂਸ਼ੂ ਕੁਮਾਰ ਗਾਂਧੀਵਾਦੀ ਕਾਰਕੁਨ ਹਨ। 2009 ਵਿਚ ਆਦਿਵਾਸੀਆਂ ਨੂੰ ਜੰਗਲਾਂ ਵਿਚੋਂ ਉਜਾੜਨ ਲਈ ਵਿੱਢੇ ਆਪਰੇਸ਼ਨ ਗ੍ਰੀਨ ਹੰਟ ਦਾ ਡਟਵਾਂ ਵਿਰੋਧ ਕਰਨ ਬਦਲੇ ਉਨ੍ਹਾਂ ਦਾ ਛੱਤੀਸਗੜ੍ਹ ਵਿਚਲਾ ਆਸ਼ਰਮ ਢਾਹ ਦਿੱਤਾ ਗਿਆ। ਉਨ੍ਹਾਂ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਕਾਰਨ ਉਸ ਨੂੰ ਛੱਤੀਸਗੜ੍ਹ ਛੱਡਣਾ ਪਿਆ। ਅੱਜ ਕੱਲ੍ਹ ਉਹ ਹਿਮਾਚਲ ਪ੍ਰਦੇਸ਼ ਵਿਚ ਰਹਿੰਦੇ ਹਨ। ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੀ ਘਟ ਗਿਣਤੀਆਂ ਪ੍ਰਤੀ ਨਫਰਤ ਦੀ ਰਾਜਨੀਤੀ ਬਾਰੇ ਉਨ੍ਹਾਂ ਦੀ ਇਹ ਸੰਖੇਪ ਟਿੱਪਣੀ ਬਹੁਤ ਅਰਥਪੂਰਨ ਹੈ, ਜਿਸ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ। ਇਸ ਦਾ ਅਨੁਵਾਦ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

ਭਾਰਤ ਵਿਚ ਜੋ ਜਾਬਰ ਕਾਨੂੰਨ ਬਣਾਏ ਗਏ, ਉਨ੍ਹਾਂ ਵਿਚ 95 ਫੀਸਦੀ ਤਕ ਨਿਰਦੋਸ਼ ਮੁਸਲਮਾਨਾਂ ਨੂੰ ਜੇਲ੍ਹਾਂ ਵਿਚ ਤੁੰਨ ਦਿਤਾ ਗਿਆ। ਇਨ੍ਹਾਂ ਜੇਲ੍ਹਾਂ ਵਿਚ ਸੁੱਟੇ ਗਏ ਮੁਸਲਮਾਨਾਂ ਵਿਚੋਂ 98 ਫੀਸਦੀ ਨਿਰਦੋਸ਼ ਪਾਏ ਗਏ। ਕੋਈ ਅੱਠ ਸਾਲ, ਕੋਈ ਸੋਲਾਂ ਸਾਲ, ਕੋਈ ਤੇਈ ਸਾਲ ਬਾਅਦ ਜੇਲ੍ਹ ਵਿਚੋਂ ਨਿਰਦੋਸ਼ ਸਾਬਤ ਹੋ ਕੇ ਨਿਕਲੇ। ਇੰਡੀਅਨ ਮੁਜਾਹਿਦੀਨ ਨਾਂ ਦੀ ਜਥੇਬੰਦੀ ਸਰਕਾਰੀ ਸ਼ਗੂਫਾ ਸਾਬਤ ਹੋ ਚੁੱਕੀ ਹੈ।



ਮੈਂ ਯੂ.ਪੀ. ਦੇ ਆਜ਼ਮਗੜ੍ਹ, ਸੰਜਰਪੁਰ ਅਤੇ ਅਨੇਕਾਂ ਇਲਾਕਿਆਂ ਦਾ ਦੌਰਾ ਕੀਤਾ। ਮੈਂ ਉਨ੍ਹਾਂ ਲੋਕਾਂ ਨੂੰ

**ਹਿਮਾਂਸ਼ੂ ਕੁਮਾਰ**

ਮਿਲਿਆ ਹਾਂ ਜਿਨ੍ਹਾਂ ਨੂੰ ਦਹਿਸ਼ਤਗਰਦ ਮਾਮਲਿਆਂ ਵਿਚ ਫਸਾਇਆ ਗਿਆ। ਅਮਰੀਕਾ ਵਿਚ ਕਾਲੇ ਅਤੇ ਅਪਰਵਾਸੀ ਗ਼ਰੀਬਾਂ ਨੂੰ ਜੇਲ੍ਹਾਂ ਵਿਚ ਤੁੰਨਿਆ ਜਾਂਦਾ ਹੈ। ਭਾਰਤ 'ਚ ਜੇਲ੍ਹਾਂ ਆਦਿਵਾਸੀਆਂ, ਦਲਿਤਾਂ ਤੇ ਮੁਸਲਮਾਨਾਂ ਨਾਲ ਭਰੀਆਂ ਹੋਈਆਂ ਹਨ।

ਅੱਜ ਤੱਕ ਤੁਸੀਂ ਕੋਈ ਐਸਾ ਅਮੀਰ ਜੇਲ੍ਹ ਵਿਚ ਨਹੀਂ ਦੇਖਿਆ ਹੋਵੇਗਾ ਜੋ ਆਪਣੇ ਮਜ਼ਦੂਰਾਂ ਨੂੰ ਕਾਨੂੰਨ ਤੋਂ ਵੀ ਘੱਟ ਮਜ਼ਦੂਰੀ ਦਿੰਦਾ ਹੋਵੇ। ਨਾ ਤੁਸੀਂ ਐਸਾ ਕੋਈ ਪੂੰਜੀਪਤੀ ਜੇਲ੍ਹ ਵਿਚ ਦੇਖਿਆ ਹੋਵੇਗਾ ਜਿਸ ਨੂੰ ਮੁੱਖ ਮੰਤਰੀ ਅਤੇ ਕੁਲੈਕਟਰ ਨੂੰ ਰਿਸ਼ਵਤ ਦੇ ਕੇ ਕਿਸਾਨਾਂ ਦੀ ਜ਼ਮੀਨ ਹੜੱਪ ਕੇ ਆਪਣਾ ਕਾਰਖਾਨਾ ਬਣਾ ਲਿਆ ਹੋਵੇ। ਜਦੋਂ ਪੂੰਜੀਵਾਦ ਦਾ ਨਵਾਂ ਦੌਰ ਆਇਆ ਅਤੇ ਸਰਕਾਰਾਂ ਨੇ ਲੋਕ ਕਲਿਆਣਕਾਰੀ ਰਾਜ ਤੋਂ ਮੂੰਹ ਮੋੜ ਕੇ ਪੂੰਜੀਵਾਦ ਦੀ ਸੇਵਾ ਕਰਨ ਨੂੰ ਆਪਣਾ ਮਨੋਰਥ ਬਣਾ ਲਿਆ, ਤਾਂ ਸਵਾਲ ਉਠਿਆ ਕਿ ਹੁਣ ਸਰਕਾਰ ਨੂੰ ਜਨਤਾ ਕਿਉਂ ਚੁਣੇਗੀ? ਫਿਰ ਸੋਚਿਆ ਗਿਆ ਕਿ ਜਨਤਾ ਨੂੰ ਵਰਗਲਾਓ ਕਿ ਤੁਸੀਂ ਖਤਰੇ ਵਿਚ ਹੋ ਅਤੇ ਸਰਕਾਰ ਤੁਹਾਡੀ ਰੱਖਿਆ ਕਰ ਰਹੀ ਹੈ। ਅਮਰੀਕਾ ਇਸ ਪ੍ਰੋਜੈਕਟ ਦਾ ਜਨਮਦਾਤਾ ਸੀ, ਭਾਰਤ ਵੀ ਉਸ ਪ੍ਰੋਜੈਕਟ ਦਾ ਹਿੱਸਾ ਬਣਿਆ। ਅਮਰੀਕਾ ਦੀ ਸੀ.ਆਈ.ਏ. ਨੇ ਦਹਿਸ਼ਤਗਰਦ ਖੜ੍ਹੇ ਕੀਤੇ। ਨਸ਼ੇ ਦਾ ਕਾਰੋਬਾਰ ਫੈਲਾਇਆ ਜਿਸ ਨੂੰ ਨਾਰਕੋ ਟੈਰਰਿਜ਼ਮ ਕਿਹਾ ਜਾਂਦਾ ਹੈ। ਉਸ ਤੋਂ ਬਾਅਦ ਅਮਰੀਕਾ ਨੇ ਇਸ ਦਹਿਸ਼ਤਗਰਦੀ ਨੂੰ ਖਤਮ ਕਰਨ ਦੇ ਨਾਂ 'ਤੇ ਭਾਰੂ ਮੁਸਲਿਮ ਖੇਤਰਾਂ ਉਪਰ ਹਮਲੇ ਸ਼ੁਰੂ ਕਰ ਦਿੱਤੇ।

ਭਾਰਤ ਵਿਚ ਵੀ ਉਸੇ ਦੌਰ ਵਿਚ ਟਾਡਾ, ਪੋਟਾ, ਮਕੋਕਾ ਦੇ ਤਹਿਤ ਹਜ਼ਾਰਾਂ ਮੁਸਲਮਾਨ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ। ਬਹੁਤ ਸਾਰੇ ਮਾਮਲਿਆਂ ਵਿਚ ਸਰਕਾਰੀ ਏਜੰਟਾਂ ਵਲੋਂ ਨੌਜਵਾਨਾਂ ਨੂੰ ਭੜਕਾਉਣ ਦੇ ਮਾਮਲੇ ਸਾਹਮਣੇ ਆਏ। ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਹਜ਼ਾਰਾਂ ਮੁਸਲਮਾਨ ਨੌਜਵਾਨਾਂ ਨੂੰ ਇਸ ਲਈ ਜੇਲ੍ਹਾਂ ਵਿਚ ਸੁੱਟਿਆ ਗਿਆ ਕਿ ਇਹ ਲੋਕ ਬਦਲਾ ਲੈ ਸਕਦੇ ਹਨ। ਹਾਲਾਂਕਿ ਅੱਜ ਤਕ ਕਿਸੇ ਨੇ ਬਦਲਾ ਨਹੀਂ ਲਿਆ। ਨਾ ਬਾਬਰੀ ਮਸਜਿਦ ਦਾ, ਨਾ ਗੁਜਰਾਤ ਦੰਗਿਆਂ ਦਾ, ਨਾ ਮੁਜ਼ੱਫਰਨਗਰ ਦੰਗਿਆਂ ਦਾ; ਲੇਕਿਨ ਭਾਰਤੀ ਮੁਸਲਮਾਨਾਂ ਨੂੰ ਹਮੇਸ਼ਾ ਸ਼ੱਕ ਦੇ ਦਾਇਰੇ ਵਿਚ ਰੱਖਣ ਦਾ ਕੰਮ ਭਾਰਤ ਦੀ ਰਾਜਨੀਤੀ ਨੇ ਕੀਤਾ।

ਭਾਰਤ ਦੇ ਮੁਸਲਮਾਨਾਂ ਨੇ ਹਮੇਸ਼ਾ ਧਰਮਨਿਰਪੱਖਤਾ ਦੇ ਨਾਂ 'ਤੇ ਵੋਟ ਪਾਈ। ਭਾਰਤ ਵਿਚ ਮੁਸਲਮਾਨਾਂ ਦੇ ਨਾਂ 'ਤੇ ਕਈ ਪਾਰਟੀਆਂ ਬਣੀਆਂ; ਲੇਕਿਨ ਭਾਰਤ ਦੇ ਮੁਸਲਮਾਨਾਂ ਨੇ ਉਨ੍ਹਾਂ ਪਾਰਟੀਆਂ ਨੂੰ ਹਮੇਸ਼ਾ ਠੁਕਰਾ ਦਿੱਤਾ। ਅੱਜ ਵੀ ਮੁਸਲਮਾਨ ਧਰਮਨਿਰਪੱਖਤਾ ਦੀ ਰੱਖਿਆ ਦੇ ਲਈ ਕਦੇ ਮਾਇਆਵਤੀ, ਕਦੇ ਅਖਿਲੇਸ਼ ਯਾਦਵ ਅਤੇ ਕਦੇ ਕਾਂਗਰਸ ਨੂੰ ਵੋਟ ਦਿੰਦੇ ਹਨ।

ਆਜ਼ਾਦੀ ਦੀ ਪਹਿਲੀ ਲੜਾਈ ਵਿਚ ਸਭ ਤੋਂ ਜ਼ਿਆਦਾ ਕੁਰਬਾਨੀ ਮੁਸਲਮਾਨਾਂ ਨੇ ਦਿਤੀ ਸੀ। ਅਠਾਰਾਂ ਸੌ ਸਤਵੰਜਾ ਦੇ ਗ਼ਦਰ ਵਿਚ ਫਾਂਸੀ ਉਪਰ ਚੜ੍ਹਨ ਵਾਲਿਆਂ ਦੀ ਸੂਚੀ ਚੈੱਕ ਕਰ ਲਓ। ਤੁਹਾਨੂੰ ਜ਼ਿਆਦਾ ਨਾਮ ਮੁਸਲਮਾਨ ਮਿਲਣਗੇ।

ਭਾਰਤ ਦੀ ਵੰਡ ਦਾ ਪਹਿਲਾ ਮਤਾ ਹਿੰਦੂ ਮਹਾਂਸਭਾ ਨੇ 1933 ਵਿਚ ਪਾਸ ਕੀਤਾ ਸੀ। ਸਾਲ ਪਿਛੋਂ ਮੁਸਲਿਮ ਲੀਗ ਨੇ ਕਿਹਾ ਕਿ ਠੀਕ ਹੈ, ਜੇ ਤੁਸੀਂ ਸਾਡੇ ਨਾਲ ਨਹੀਂ ਰਹਿਣਾ ਤਾਂ ਅਸੀਂ ਆਪਣਾ ਵੱਖਰਾ ਦੇਸ਼ ਮੰਗ ਲੈਂਦੇ ਹਾਂ। ਇਸ ਲਈ ਜੇ ਭਾਰਤ ਦੀ ਵੰਡ ਦੇ ਲਈ ਕੋਈ ਜ਼ਿੰਮੇਵਾਰ ਹੈ ਤਾਂ ਇਹੀ ਹਿੰਦੁਤਵ ਦੀ ਰਾਜਨੀਤੀ ਕਰਨ ਵਾਲੇ ਹਿੰਦੂ ਮਹਾਂਸਭਾ ਅਤੇ ਰਾਸ਼ਟਰੀ ਸਵੈਮਸੇਵਕ ਸੰਘ ਹਨ।

ਯਾਦ ਰੱਖੋ, ਮੁਸਲਿਮ ਲੀਗ ਦੀ ਸਥਾਪਨਾ ਹਿੰਦੂਆਂ ਦੇ ਖਿਲਾਫ ਨਹੀਂ ਹੋਈ ਸੀ; ਲੇਕਿਨ ਸੰਘ ਨੇ ਸ਼ੁਰੂ ਵਿਚ ਹੀ ਐਲਾਨ ਕਰ ਦਿੱਤਾ ਸੀ ਕਿ ਸਾਡੇ ਦੁਸ਼ਮਣ ਅੰਗਰੇਜ਼ ਨਹੀਂ ਬਲਕਿ ਮੁਸਲਮਾਨ ਤੇ ਕਮਿਊਨਿਸਟ ਹਨ। ਇਨ੍ਹਾਂ ਦੀ ਚਲਾਕੀ ਦੇਖੋ ਕਿ ਇਹ ਲੋਕ ਵੰਡ ਦੀ ਸਾਰੀ ਜ਼ਿੰਮੇਵਾਰੀ ਗਾਂਧੀ ਦੇ ਸਿਰ ਸੁੱਟ ਦਿੰਦੇ ਹਨ। ਫਿਰਕੂ ਏਕਤਾ ਦੀ ਗੱਲ ਕਰਨ ਵਾਲਿਆਂ ਨੂੰ ਪਾਕਿਸਤਾਨ ਪ੍ਰਸਤ ਕਹਿ ਕੇ ਉਨ੍ਹਾਂ ਉਪਰ ਹਮਲਾ ਸੰਘ ਦੀ ਪੁਰਾਣੀ ਰਣਨੀਤੀ ਹੈ। ਜ਼ਰਾ ਯਾਦ ਕਰੋ, ਗਾਂਧੀ ਨੂੰ ਇਨ੍ਹਾਂ ਨੇ ਪਾਕਿਸਤਾਨ ਦਾ ਹਮਾਇਤੀ ਕਹਿ ਕੇ ਮਾਰਿਆ ਸੀ।

ਭਾਰਤ ਦੇ ਮੁਸਲਮਾਨਾਂ ਨੇ ਆਜ਼ਾਦੀ ਤੋਂ ਪਹਿਲਾਂ ਭਾਰਤ ਵਿਚ ਰਹਿਣ ਦੀ ਚੋਣ ਕੀਤੀ। ਦੰਗਿਆਂ ਵਿਚ ਮੁਸਲਿਮ ਲੀਗ ਨੇ ਵੱਡੀ ਤਾਦਾਦ ਵਿਚ ਉਦਾਰ ਮੁਸਲਮਾਨਾਂ ਨੂੰ ਮਾਰਿਆ ਸੀ। ਆਜ਼ਾਦੀ ਤੋਂ ਬਾਅਦ ਤੋਂ ਲੈ ਕੇ ਹੁਣ ਤਕ ਪਾਕਿਸਤਾਨ ਦੇ ਲਈ ਜਾਸੂਸੀ ਦੇ ਮਾਮਲਿਆਂ ਵਿਚ ਫੜੇ ਗਏ ਲੋਕਾਂ ਵਿਚੋਂ ਜ਼ਿਆਦਾਤਰ ਹਿੰਦੂ ਹਨ। ਫਿਰ ਵੀ ਸੰਘ ਆਪਣੇ ਨੈੱਟਵਰਕ ਜ਼ਰੀਏ ਲਗਾਤਾਰ ਮੁਸਲਮਾਨਾਂ ਨੂੰ ਦੇਸ਼ਧ੍ਰੋਹੀ ਸਾਬਤ ਕਰਨ ਦਾ ਪ੍ਰਚਾਰ ਕਰਦਾ ਰਹਿੰਦਾ ਹੈ। ਸੰਘ ਦੇ ਨਿਸ਼ਾਨੇ ਉਪਰ ਉਹ ਉਦਾਰਵਾਦੀ ਹਿੰਦੂ ਹਨ ਜੋ ਸੰਘ ਦੇ ਇਸ ਝੂਠੇ ਪ੍ਰਚਾਰ ਦਾ ਭਾਂਡਾ ਭੰਨਦੇ ਰਹਿੰਦੇ ਹਨ। ਸੰਘ ਖੁਦ ਨੂੰ ਭਾਰਤ ਦੇ ਸਾਰੇ ਹਿੰਦੂਆਂ ਦਾ ਨੁਮਾਇੰਦਾ ਸਾਬਤ ਕਰਨਾ ਚਾਹੁੰਦਾ ਹੈ ਲੇਕਿਨ ਜਦੋਂ ਉਦਾਰਵਾਦੀ ਹਿੰਦੂ ਹੀ ਸੰਘ ਦੇ ਖਿਲਾਫ ਬੋਲਦੇ ਹਨ ਤਾਂ ਸੰਘ ਦੀ ਹੋਂਦ ਦੀ ਬੁਨਿਆਦ ਹੀ ਹਿੱਲ ਜਾਂਦੀ ਹੈ।

ਉਦਾਰਵਾਦੀ ਹਿੰਦੂ ਅਤੇ ਉਦਾਰਵਾਦੀ ਮੁਸਲਮਾਨ ਹੀ ਭਾਰਤ ਵਿਚ ਫਿਰਕੂ ਜਥੇਬੰਦੀਆਂ ਦਾ ਖਾਤਮਾ ਕਰਕੇ ਸੰਵਿਧਾਨ ਦੇ ਰਾਜ ਨੂੰ ਲਾਗੂ ਕਰਨਗੇ।

# ਹਰਿਮੰਦਰ ਸਾਹਿਬ ਸਮੂਹ ਨੂੰ ਪ੍ਰਦੂਸ਼ਣ ਮੁਕਤ ਕਰੇਗਾ 'ਵਰਟੀਕਲ ਗਾਰਡਨ'

**ਅੰਮ੍ਰਿਤਸਰ:** ਰੂਹਾਨੀਅਤ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਨੂੰ ਪ੍ਰਦੂਸ਼ਣ ਮੁਕਤ ਰੱਖਣ ਲਈ ਹਰਿਆ-ਭਰਿਆ ਬਣਾਉਣ ਅਤੇ ਸਮਾਜ ਨੂੰ ਮਨੁੱਖ ਲਈ ਘਾਤਕ ਪਲਾਸਟਿਕ ਤੋਂ ਨਿਜਾਤ ਦਿਵਾਉਣ ਲਈ ਸ੍ਰੀ ਗੁਰੂ ਰਾਮਦਾਸ



ਸਰਾਂ ਵਾਲੇ ਮਾਰਗ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਵਾਤਾਵਰਨ ਪ੍ਰੇਮੀ ਤੇ ਆਈ.ਆਰ.ਐਸ. ਅਧਿਕਾਰੀ ਰੋਹਿਤ ਮਹਿਰਾ ਦੇ ਸਹਿਯੋਗ ਨਾਲ ਸਥਾਪਤ ਕੀਤੇ ਜਾ ਰਹੇ ਨਿਵੇਕਲੀ ਕਿਸਮ ਦੇ 'ਵਰਟੀਕਲ ਗਾਰਡਨ' ਦਾ ਪਹਿਲਾ ਪੜਾਅ ਪੂਰਾ ਹੋਣ ਜਾ ਰਿਹਾ ਹੈ।

ਇਹ ਪਹਿਲੇ ਪੜਾਅ ਦੌਰਾਨ ਸ਼੍ਰੋਮਣੀ ਕਮੇਟੀ ਦਫਤਰ ਨੂੰ ਜਾਂਦੇ ਸਰਾਂ ਵਾਲੇ ਮਾਰਗ ਦੀਆਂ ਦੀਵਾਰਾਂ 'ਤੇ ਪਲਾਸਟਿਕ ਦੀਆਂ ਖਾਲੀ ਬੋਤਲਾਂ 'ਚ 35 ਹਜ਼ਾਰ ਰੰਗ ਬਿਰੰਗੇ ਬੂਟੇ ਲਗਾਏ ਗਏ ਹਨ, ਜੋ ਹਰਿਆਵਲ ਬਿਖੇਰਦਿਆਂ ਹੋਇਆਂ ਸੰਗਤਾਂ ਦਾ ਧਿਆਨ ਮੱਲੋਮੱਲੀ ਖਿੱਚਦੇ ਹਨ। ਵਰਟੀਕਲ ਗਾਰਡਨ ਦੇ ਸੁਪਨਸਾਜ਼ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਤੇ ਆਮਦਨ ਕਰ ਵਧੀਕ ਕਮਿਸ਼ਨਰ ਰੋਹਿਤ ਮਹਿਰਾ ਨੇ ਉਕਤ ਪ੍ਰੋਜੈਕਟ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਨੂੰ ਗਰਮੀਆਂ 'ਚ ਧੁੱਪ ਦੀ ਚਮਕ ਤੋਂ ਬਚਾਅ ਕੇ ਤਾਪਮਾਨ ਨੂੰ ਠੰਢਾ ਰੱਖਣ ਅਤੇ ਹਰਿਆ ਭਰਿਆ ਬਣਾ ਕੇ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ 15 ਸਤੰਬਰ 2018 'ਚ ਵਰਟੀਕਲ ਗਾਰਡਨ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਕੀਤੀ ਗਈ ਸੀ। ਹੁਣ ਪਹਿਲਾ ਪੜਾਅ ਮੁਕੰਮਲ ਹੋਣ ਜਾ ਰਿਹਾ ਹੈ ਤੇ ਹੁਣ ਤੱਕ ਵੱਖ-ਵੱਖ ਕਿਸਮਾਂ ਦੇ 35 ਹਜ਼ਾਰ ਮੌਸਮੀ ਰੰਗ ਬਿਰੰਗੇ ਬੂਟੇ ਪਲਾਸਟਿਕ ਦੀਆਂ ਖਾਲੀ ਬੋਤਲਾਂ 'ਚ ਲਗਾ ਕੇ ਦੀਵਾਰਾਂ 'ਤੇ ਟੰਗੇ ਜਾ ਚੁੱਕੇ ਹਨ ਜੋ ਖੂਬਸੂਰਤੀ ਦੇ ਨਾਲ-ਨਾਲ ਸਮੂਹ 'ਚ ਹਰਿਆਵਲ ਵਿਚ ਵੀ ਵਾਧਾ ਕਰਦੇ ਹਨ।

ਉਨ੍ਹਾਂ ਕਿਹਾ, ਦੀਵਾਰਾਂ ਤੋਂ ਇਲਾਵਾ ਇਹ ਵਰਟੀਕਲ ਗਾਰਡਨ ਸਰਾਂ ਵਾਲੇ ਮੁੱਖ ਦਰਵਾਜ਼ੇ ਲੰਗਰ ਹਾਲ ਦੇ ਬਾਹਰ ਦੀਆਂ ਦੀਵਾਰਾਂ ਤੇ ਇਥੋਂ ਤੱਕ ਕਿ ਬੈਰੀਕੇਟਾਂ 'ਤੇ ਵੀ ਲਗਾਏ ਜਾ ਰਹੇ ਹਨ। ਇਨ੍ਹਾਂ ਬੂਟਿਆਂ ਨੂੰ ਪਾਣੀ ਦੇਣ ਲਈ ਵਾਟਰ ਸਪਲਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ, ਜਿਸ ਨਾਲ ਪਾਣੀ ਦੀ ਦੁਰਵਰਤੋਂ ਨਹੀਂ ਹੁੰਦੀ। ਇਸ ਤੋਂ ਇਲਾਵਾ ਇਨ੍ਹਾਂ ਵਰਟੀਕਲ ਗਾਰਡਨ ਦੇ ਬੂਟਿਆਂ ਵਾਲੀਆਂ ਦੀਵਾਰਾਂ ਦੇ ਹੇਠਾਂ 60 ਦੇ ਕਰੀਬ ਰੰਗ ਬਿਰੰਗੀਆਂ ਰੌਸ਼ਨੀਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਜੋ ਰਾਤ ਸਮੇਂ ਸੁੰਦਰ ਨਜ਼ਾਰਾ ਸਿਰਜਦੀਆਂ ਹਨ। ਡਾ. ਰੂਪ ਸਿੰਘ ਨੇ ਦੱਸਿਆ ਕਿ ਪਹਿਲਾ ਪੜਾਅ ਮੁਕੰਮਲ ਹੋਣ ਬਾਅਦ ਦੂਜੇ ਪੜਾਅ 'ਹਾਗਿੰਗ ਗਾਰਡਨ ਤੇ ਰੂਫ ਟੌਪ ਗਾਰਡਨ' ਦੀ ਵੀ ਯੋਜਨਾ ਬਣਾਈ ਜਾ ਰਹੀ ਹੈ। ਇਸ ਸਾਰੇ ਪ੍ਰੋਜੈਕਟ ਦਾ ਖਰਚਾ ਵਾਤਾਵਰਨ ਪ੍ਰੇਮੀ ਰੋਹਿਤ ਮਹਿਰਾ ਤੇ ਉਨ੍ਹਾਂ ਦੇ ਸਾਥੀ ਪ੍ਰੇਮੀਆਂ ਵੱਲੋਂ ਹੀ ਕੀਤਾ ਜਾ ਰਿਹਾ ਹੈ।

# ਬੋਰਡ ਤੇ ਕੌਂਸਲਾਂ ਤੋਂ ਮੁਆਵਜ਼ਾ ਵਸੂਲੇਗਾ ਐਨ. ਜੀ. ਟੀ.

**ਜਲੰਧਰ:** ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਪੰਜਾਬ ਦੇ ਦਰਿਆਵਾਂ ਸਤਲੁਜ ਤੇ ਬਿਆਸ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਸਖਤ ਫੈਸਲਾ ਸੁਣਾਉਂਦਿਆਂ ਕਿਹਾ ਕਿ ਦਰਿਆਵਾਂ ਵਿਚ ਪੈ ਰਹੇ ਦੂਸ਼ਿਤ ਪਾਣੀ ਨੂੰ ਨਾ ਰੋਕਣ ਦੇ ਜ਼ਿੰਮੇਵਾਰ ਸਰਕਾਰੀ ਧਿਰਾਂ ਦੇ ਅਧਿਕਾਰੀਆਂ ਕੋਲੋਂ ਮੁਆਵਜ਼ਾ ਵਸੂਲਿਆ ਜਾਵੇਗਾ। ਇਹ ਸਰਕਾਰੀ ਧਿਰਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਨਗਰ ਕੌਂਸਲ ਹਨ।

ਐਨ.ਜੀ.ਟੀ. ਨੇ ਪੰਜਾਬ ਸਰਕਾਰ ਤੋਂ ਉਮੀਦ ਕੀਤੀ ਹੈ ਕਿ ਜਿਹੜੇ ਅਧਿਕਾਰੀ ਦਰਿਆਵਾਂ




ਵਿਚ ਪੈ ਰਹੇ ਦੂਸ਼ਿਤ ਪਾਣੀ ਰੋਕਣ ਵਿਚ ਫੇਲ੍ਹ ਰਹਿਣਗੇ, ਉਨ੍ਹਾਂ ਅਧਿਕਾਰੀਆਂ ਦੀ ਏ.ਸੀ.ਆਰ. ਵਿਚ ਵੀ ਇਹ ਗੱਲ ਦਰਜ ਹੋਵੇਗੀ। ਇਸ ਫੈਸਲੇ ਅਨੁਸਾਰ ਐਨ.ਜੀ.ਟੀ. ਨੇ ਇਕ ਅਥਾਰਟੀ ਕਮੇਟੀ ਵੀ ਬਣਾਈ ਹੈ। ਐਨ.ਜੀ.ਟੀ. ਵੱਲੋਂ ਬਣਾਈ ਗਈ ਅਥਾਰਟੀ ਕਮੇਟੀ ਲੋੜ ਪੈਣ 'ਤੇ ਹੋਰ ਸਬ ਕਮੇਟੀਆਂ ਬਣਾ ਸਕਦੀ ਹੈ।

ਨਵੀਂ ਕਮੇਟੀ ਦੇ ਮੁਖੀ ਹਾਈ ਕੋਰਟ ਦੇ ਸੇਵਾ ਮੁਕਤ ਜਸਟਿਸ ਪ੍ਰੀਤਮ ਪਾਲ ਹੋਣਗੇ ਅਤੇ ਸੁਪਰੀਮ ਕੋਰਟ ਦੇ ਸੇਵਾ ਮੁਕਤ ਜਸਟਿਸ ਕੁਲਦੀਪ ਸਿੰਘ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ। ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਪਹਿਲਾਂ ਹੀ ਇਸ ਕਮੇਟੀ ਵਿਚ ਸ਼ਾਮਲ ਹਨ। ਉਨ੍ਹਾਂ ਤੋਂ ਬਿਨਾ ਸਾਬਕਾ ਚੀਫ ਸੈਕਟਰੀ ਸੁਬੋਧ ਅਗਰਵਾਲ, ਪੰਜਾਬ ਦੇ ਸੀਨੀਅਰ ਅਧਿਕਾਰੀ ਸਤੀਸ਼ ਚੰਦਰਾ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਾਬਕਾ ਮੈਂਬਰ ਸਕੱਤਰ ਬਾਬੂ ਰਾਮ ਨੂੰ ਵੀ ਇਸ ਕਮੇਟੀ 'ਚ ਲਿਆ ਗਿਆ।

ਐਨ.ਜੀ.ਟੀ. ਦੇ ਆਏ ਇਸ ਫੈਸਲੇ ਦਾ ਸਵਾਗਤ ਕਰਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਉਹ 28 ਫਰਵਰੀ ਨੂੰ ਐਨ.ਜੀ.ਟੀ. ਦੇ ਚਾਰ ਮੈਂਬਰੀ ਬੈਂਚ ਅੱਗੇ ਪੇਸ਼ ਹੋਏ ਸਨ। ਉਨ੍ਹਾਂ ਨੇ ਪੰਜਾਬ ਦੇ ਦਰਿਆਵਾਂ ਵਿਚ ਪੈ ਰਹੇ ਦੂਸ਼ਿਤ ਪਾਣੀਆਂ ਬਾਰੇ ਅਤੇ ਉਥੇ ਫੈਲੇ ਹਵਾ ਵਿਚਲੇ ਪ੍ਰਦੂਸ਼ਣ ਬਾਰੇ ਵਿਸਥਾਰ ਨਾਲ ਦੱਸਿਆ ਸੀ। ਇਹ ਗੱਲ ਵੀ ਐਨ.ਜੀ.ਟੀ. ਦੇ ਧਿਆਨ ਵਿਚ ਲਿਆਂਦੀ ਸੀ ਕਿ ਜਿਹੜੇ ਅਧਿਕਾਰੀਆਂ ਨੇ ਇਸ ਪ੍ਰਦੂਸ਼ਣ ਨੂੰ ਰੋਕਣਾ ਸੀ, ਉਹ ਕਿਵੇਂ ਇਸ ਬਾਰੇ ਰਿਪੋਰਟ ਤਿਆਰ ਕਰਕੇ ਦੇ ਸਕਦੇ ਹਨ, ਜਿਹੜੇ ਕਥਿਤ ਤੌਰ 'ਤੇ ਦੋਸ਼ੀ ਹਨ। ਜ਼ਿਕਰਯੋਗ ਹੈ ਕਿ ਸਾਲ 2014 ਵਿਚ ਰਾਜਸਥਾਨ ਦੀ ਸੰਸਥਾ ਸਵੇਰਾ ਵੱਲੋਂ ਸ੍ਰੀਮਤੀ ਸ਼ੋਭਾ ਸਿੰਘ ਨੇ ਪੰਜਾਬ ਤੋਂ ਰਾਜਸਥਾਨ ਨੂੰ ਨਹਿਰ ਰਾਹੀਂ ਆ ਰਹੇ ਦੂਸ਼ਿਤ ਪਾਣੀ ਰੋਕਣ ਲਈ ਐਨ.ਜੀ.ਟੀ. ਵਿਚ ਰਿੱਟ ਪਾਈ ਸੀ।

# ਅਧਿਆਪਕਾਂ ਦੀਆਂ ਮੰਗਾਂ 'ਤੇ ਨਰਮ ਪਈ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਲੋਕ ਸਭਾ ਚੋਣਾਂ ਲਈ ਚੋਣ ਜ਼ਾਬਤੇ ਤੋਂ ਪਹਿਲਾਂ ਅਧਿਆਪਕਾਂ, ਠੇਕਾ ਮੁਲਾਜ਼ਮਾਂ ਅਤੇ ਰੈਗੂਲਰ ਮੁਲਾਜ਼ਮਾਂ ਦੇ ਮਸਲਿਆਂ ਨੂੰ ਇਕ ਪਾਸੇ ਲਾਉਣ ਦੀ ਤਿਆਰੀ ਕਸ ਲਈ ਹੈ। ਸਰਕਾਰ ਅਧਿਆਪਕਾਂ ਦੇ ਸੰਘਰਸ਼




ਉਪਰ ਕੁਝ ਨਰਮ ਪਈ ਹੈ ਤੇ ਇਸ ਵਰਗ ਨਾਲ ਟੱਕਰ ਲੈਣ ਵਾਲੇ ਅਧਿਕਾਰੀਆਂ ਦੀ ਸੁਰ ਵੀ ਠੰਢੀ ਪਈ ਜਾਪਦੀ ਹੈ।

ਦੱਸਣਯੋਗ ਹੈ ਕਿ ਕਈ ਸਾਲਾਂ ਬਾਅਦ ਸਮੂਹ ਅਧਿਆਪਕ ਜਥੇਬੰਦੀਆਂ ਇਕ ਮੰਚ 'ਤੇ ਆਈਆਂ ਹਨ ਅਤੇ ਸਰਕਾਰ ਉਪਰ ਸੰਘਰਸ਼ ਦਾ ਭਾਰੀ ਦਬਾਅ ਹੈ। ਸਰਕਾਰ ਵੱਲੋਂ ਪਹਿਲਾਂ ਮਨਿਸਟੀਰੀਅਲ ਯੂਨੀਅਨ ਅਤੇ ਮੁਲਾਜ਼ਮ ਮੰਚ ਪੰਜਾਬ ਨਾਲ ਮੀਟਿੰਗ ਕਰਕੇ ਸੱਤ ਫੀਸਦੀ ਡੀ.ਏ. ਦੀਆਂ ਦੋ ਕਿਸ਼ਤਾਂ ਦੇਣ ਸਮੇਤ ਹੋਰ ਕੀਤੇ ਫੈਸਲਿਆਂ ਦੇ ਨੋਟੀਫਿਕੇਸ਼ਨ ਕਿਸੇ ਵੇਲੇ ਵੀ ਜਾਰੀ ਹੋ ਸਕਦੇ ਹਨ। ਸੂਤਰਾਂ ਅਨੁਸਾਰ ਸਰਕਾਰ 8886 ਐਸ.ਐਸ.ਏ., ਰਮਸਾ ਆਦਿ ਅਧਿਆਪਕਾਂ ਦੀ ਤਨਖਾਹ ਪ੍ਰੋਟੈਕਟ ਕਰਨ ਉਪਰ ਵਿਚਾਰ ਕਰ ਰਹੀ ਹੈ।

ਦੱਸਣਯੋਗ ਹੈ ਕਿ ਸਰਕਾਰ ਨੇ 8886 ਵਿਚੋਂ 6800 ਦੇ ਕਰੀਬ ਐਸ.ਐਸ.ਏ. ਤੇ ਰਮਸਾ ਅਧਿਆਪਕਾਂ ਨੂੰ ਮਿਲਦੀ 42,300 ਰੁਪਏ ਤਨਖਾਹ ਘਟਾ ਕੇ ਤਿੰਨ ਸਾਲ 15,300 ਰੁਪਏ ਤਨਖਾਹ ਦੇ ਕੇ ਸਿੱਖਿਆ ਵਿਭਾਗ ਵਿਚ ਰੈਗੂਲਰ ਕੀਤਾ ਸੀ ਜਦਕਿ 2100 ਅਧਿਆਪਕਾਂ ਨੇ ਇਸ ਸ਼ਰਤ ਅਧੀਨ ਰੈਗੂਲਰ ਕਰਨ ਦੀ ਆਪਸ਼ਨ ਭਰਨ ਤੋਂ ਇਨਕਾਰ ਕਰ ਦਿੱਤਾ ਸੀ। ਸਰਕਾਰ ਠੇਕੇ ਦੇ ਆਧਾਰ 'ਤੇ ਕੰਮ ਕਰਦੇ ਸਾਰੇ ਅਧਿਆਪਕਾਂ ਤੇ ਮੁਲਾਜ਼ਮਾਂ ਨੂੰ ਇਕਸਾਰ ਨਿਯਮ ਬਣਾ ਕੇ ਰੈਗੂਲਰ ਕਰਨਾ ਚਾਹੁੰਦੀ ਹੈ, ਜਿਸ ਤਹਿਤ ਪਹਿਲਾਂ ਸਰਕਾਰ ਨੇ ਸਾਰੇ ਵਿਭਾਗਾਂ ਦੇ 10 ਸਾਲ ਦੀ ਨੌਕਰੀ ਵਾਲੇ ਠੇਕਾ, ਐਡਹਾਕ, ਦਿਹਾੜੀਦਾਰ, ਕੱਚੇ ਅਤੇ ਵਰਕਚਾਰਜ ਮੁਲਾਜ਼ਮਾਂ ਦੀ ਸੂਚਨਾ ਮੰਗੀ ਸੀ ਅਤੇ ਹੁਣ ਅਜਿਹੇ 3 ਸਾਲ, 5 ਸਾਲ ਅਤੇ 10 ਸਾਲ ਦੀ ਨੌਕਰੀ ਵਾਲੇ ਅਧਿਆਪਕਾਂ ਦੀ ਸੂਚਨਾ ਮੰਗੀ ਹੈ।

ਸੂਤਰਾਂ ਅਨੁਸਾਰ ਕੁਝ ਸੀਨੀਅਰ ਅਧਿਕਾਰੀ 10 ਸਾਲਾਂ ਦੀ ਨੌਕਰੀ ਵਾਲੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਨੀਤੀ ਬਣਾਉਣ ਉਪਰ ਜ਼ੋਰ ਦੇ ਰਹੇ ਹਨ, ਜਿਸ ਵਿਚ ਇਹ ਸ਼ਰਤ ਵੀ ਲਾਈ ਜਾਵੇਗੀ ਕਿ ਰੈਗੂਲਰ ਕਰਨ ਤੋਂ ਬਾਅਦ ਇਨ੍ਹਾਂ ਮੁਲਾਜ਼ਮਾਂ ਤੇ ਅਧਿਆਪਕਾਂ ਨੂੰ ਤਿੰਨ ਸਾਲ ਰੈਗੂਲਰ ਸਕੇਲਾਂ ਦੀ ਕੇਵਲ ਮੁੱਢਲੀ ਤਨਖਾਹ ਹੀ ਦਿੱਤੀ ਜਾਵੇਗੀ। ਇਸ ਤਜਵੀਜ਼ ਤਹਿਤ ਇਨ੍ਹਾਂ ਵਿਚੋਂ ਜਿਹੜੇ ਮੁਲਾਜ਼ਮਾਂ ਦੀ ਤਨਖਾਹ ਮੁੱਢਲੀ ਤਨਖਾਹ ਤੋਂ ਵੱਧ ਹੋਵੇਗੀ, ਉਨ੍ਹਾਂ ਦੀਆਂ ਤਨਖਾਹਾਂ ਪ੍ਰੋਟੈਕਟ ਕਰਨ ਅਤੇ ਜਿਹੜੇ ਮੁਲਾਜ਼ਮਾਂ ਦੀ ਤਨਖਾਹ ਮੁੱਢਲੀ ਤਨਖਾਹ ਤੋਂ ਘੱਟ ਹੋਵੇਗੀ, ਉਨ੍ਹਾਂ ਦੀਆਂ ਤਨਖਾਹਾਂ ਵਧਾ ਕੇ ਮੁੱਢਲੀ ਤਨਖਾਹ ਦੇ ਬਰਾਬਰ ਕੀਤੀਆਂ ਜਾਣਗੀਆਂ।

## ਸ਼ਰਾਬ ਦੀ ਕਮਾਈ ਨਾਲ ਖਜਾਨਾ ਭਰੇਗੀ ਸਰਕਾਰ

**ਚੰਡੀਗੜ੍ਹ:** ਕੈਬਨਿਟ ਮੀਟਿੰਗ 'ਚ ਸੂਬੇ ਦੀ ਨਵੀਂ ਆਬਕਾਰੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਗਈ। ਇਸ ਨੀਤੀ ਦੇ ਲਾਗੂ ਹੋਣ ਮਗਰੋਂ ਸੂਬੇ 'ਚ ਸ਼ਰਾਬ ਦੇ ਭਾਅ ਵਧਣੇ ਵੀ ਤੈਅ ਹਨ। 2019-20 ਲਈ ਬਣਾਈ ਗਈ ਨਵੀਂ ਆਬਕਾਰੀ ਨੀਤੀ ਅਨੁਸਾਰ ਸਰਕਾਰ ਵੱਲੋਂ ਨਵੇਂ ਵਿੱਤ ਸਾਲ 'ਚ 739 ਕਰੋੜ ਰੁਪਏ ਜ਼ਿਆਦਾ ਮਾਲੀਆ ਇਕੱਤਰ ਕਰਨ ਦਾ ਟੀਚਾ ਮਿਥਿਆ ਗਿਆ ਹੈ, ਜਿਸ ਦੇ ਨਾਲ ਇਹ ਸਾਫ ਹੋ ਗਿਆ ਹੈ ਕਿ ਸੂਬੇ 'ਚ ਸ਼ਰਾਬ ਦੀ ਕੀਮਤ 'ਚ ਵਾਧਾ ਹੋਵੇਗਾ।

ਸਰਕਾਰ ਨੇ ਉੱਤਰ ਪ੍ਰਦੇਸ਼ ਦੀ ਤਰਜ਼ 'ਤੇ ਸੂਬੇ ਤੋਂ ਬਾਹਰ ਸਥਿਤ ਬੋਟਲਿੰਗ ਪਲਾਂਟ, ਜਿਨ੍ਹਾਂ 'ਚ ਵੱਖ-ਵੱਖ ਬਰਾਂਡ ਦੀ ਸ਼ਰਾਬ ਤਿਆਰ ਹੁੰਦੀ ਹੈ, ਨੂੰ ਪੰਜਾਬ 'ਚ ਰਜਿਸਟਰਡ ਕਰਨ ਦਾ ਵੀ ਫੈਸਲਾ ਲਿਆ ਹੈ। ਹਾਲਾਂਕਿ ਅਜਿਹੇ ਪਲਾਂਟਾਂ ਦੀ ਵਪਾਰਕ ਕਮਾਈ 100 ਕਰੋੜ ਰੁਪਏ ਸਾਲਾਨਾ ਤੋਂ ਘੱਟ ਨਹੀਂ ਹੋਣੀ ਚਾਹੀਦੀ ਹੈ ਅਤੇ ਅਜਿਹੇ ਬੋਟਲਿੰਗ ਪਲਾਂਟਾਂ ਦੀ ਉਤਪਾਦਨ ਸਮਰੱਥਾ 5 ਲੱਖ ਡੱਬਿਆਂ ਤੋਂ ਘੱਟ ਨਾ ਹੋਵੇ ਅਤੇ ਅਜਿਹੇ ਬੋਟਲਿੰਗ ਪਲਾਂਟ ਇਕ ਕਰੋੜ ਦੀ ਆਬਾਦੀ ਵਾਲੇ ਘੱਟ ਤੋਂ ਘੱਟ ਤਿੰਨ ਸੂਬਿਆਂ 'ਚ ਵਪਾਰ ਕਰਦੇ ਹੋਣ।

# ਪੰਜਾਬ ਦੇ ਨੌਜਵਾਨ ਵਿਦੇਸ਼ ਉਡਾਰੀ ਨੂੰ ਹੀ ਮੰਨਦੇ ਹਨ ਸੁਨਹਿਰੀ ਭਵਿੱਖ

**ਚੰਡੀਗੜ੍ਹ:** ਦੋਆਬੇ ਤੋਂ ਬਾਅਦ ਹੁਣ ਮਾਝੇ ਖਿੱਤੇ ਵਿਚ ਵਿਦੇਸ਼ ਜਾਣ ਦਾ ਰੁਝਾਨ ਵਧ ਗਿਆ ਹੈ, ਖਾਸ ਕਰ ਕੇ ਨੌਜਵਾਨ ਵਰਗ ਪੜ੍ਹਾਈ ਲਈ ਵਿਦੇਸ਼ ਜਾ ਰਿਹਾ ਹੈ ਤੇ ਉਥੇ ਹੀ ਵਸਣ ਨੂੰ ਤਰਜੀਹ ਦੇ ਰਿਹਾ ਹੈ। ਇਹ ਨੌਜਵਾਨ ਵਿਦੇਸ਼ ਜਾ ਕੇ ਵਸਣ ਮਗਰੋਂ ਆਪਣੇ ਪਰਿਵਾਰਾਂ ਨੂੰ ਵੀ ਉਥੇ ਪੱਕੇ ਤੌਰ 'ਤੇ ਵਸਾ ਲੈਂਦੇ ਹਨ। ਕੈਨੇਡਾ, ਆਸਟਰੇਲੀਆ ਤੇ ਨਿਊਜ਼ੀਲੈਂਡ ਆਦਿ ਮੁਲਕਾਂ ਵਿਚ ਸਟੱਡੀ ਵੀਜ਼ੇ 'ਤੇ ਜਾਣ ਲਈ ਆਈਲੈਟਸ ਲਾਜ਼ਮੀ ਹੈ ਤੇ ਇਹੀ ਕਾਰਨ ਹੈ ਕਿ ਵਧੇਰੇ ਨੌਜਵਾਨ ਬਾਰ੍ਹਵੀਂ ਜਮਾਤ ਪਾਸ ਕਰਦਿਆਂ ਹੀ ਆਈਲੈਟਸ ਦੇ ਕੋਚਿੰਗ ਸੈਂਟਰਾਂ ਵਿਚ ਕੋਚਿੰਗ ਲੈਣ ਲੱਗ ਜਾਂਦੇ ਹਨ।

ਸੈਂਟਰ ਫਾਰ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ (ਕ੍ਰਿਡ) ਵੱਲੋਂ ਸਾਲ 2015 ਵਿਚ ਕੀਤੇ ਗਏ ਸਰਵੇਖਣ ਅਨੁਸਾਰ ਸਾਹਮਣੇ ਆਇਆ ਕਿ 133 ਪਿੰਡਾਂ ਵਿਚੋਂ ਸਿਰਫ ਇਕ ਪਿੰਡ ਵਿਚੋਂ ਕੋਈ ਵਿਦੇਸ਼ ਨਹੀਂ ਗਿਆ ਸੀ। ਪੰਜਾਬ ਦੇ ਸਾਰੇ 55 ਲੱਖ ਪਰਿਵਾਰਾਂ ਵਿਚੋਂ 11 ਫੀਸਦੀ ਪਰਿਵਾਰਾਂ ਦੇ ਇੱਕ ਜਾਂ ਇਕ ਤੋਂ ਵੱਧ ਮੈਂਬਰ ਵਿਦੇਸ਼ ਵਿਚ ਹਨ। ਦੋਆਬੇ ਵਿਚ 23.7 ਫੀਸਦੀ ਪਰਿਵਾਰਾਂ ਵਿਚੋਂ, ਮਾਝੇ ਵਿਚੋਂ 11.5 ਫੀਸਦੀ ਅਤੇ ਮਾਲਵਾ ਦੇ 5 ਫੀਸਦੀ ਘਰਾਂ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਵਿਅਕਤੀ ਵਿਦੇਸ਼ਾਂ ਵਿਚ ਹਨ। ਪੇਂਡੂ ਵਸੋਂ ਦੇ 13 ਫੀਸਦੀ ਅਤੇ ਸ਼ਹਿਰੀ ਵਸੋਂ ਦੇ 6 ਫੀਸਦੀ ਪਰਿਵਾਰਾਂ ਦੇ ਇੱਕ ਜਾਂ ਇਸ ਤੋਂ ਵੱਧ ਵਿਅਕਤੀ 60 ਫੀਸਦੀ ਵਿਕਸਿਤ ਦੇਸ਼ਾਂ ਜਿਵੇਂ ਕੈਨੇਡਾ, ਇਟਲੀ, ਅਮਰੀਕਾ, ਆਸਟਰੇਲੀਆ, ਯੂ.ਕੇ. ਅਤੇ ਹੋਰਾਂ ਦੇਸ਼ਾਂ ਵਿਚ ਹਨ, ਜਦਕਿ 40 ਫੀਸਦੀ ਦੇ ਕਰੀਬ ਮੱਧ ਪੂਰਬੀ ਦੇਸ਼ਾਂ ਵਿਚ ਹਨ। ਪ੍ਰਾਜੈਕਟ ਡਾਇਰੈਕਟਰ ਅਸ਼ਵਨੀ ਕੁਮਾਰ ਨੰਦਾ ਅਨੁਸਾਰ ਹੁਣ ਇਹ ਰੁਝਾਨ ਤੇਜ਼ ਹੋਇਆ ਹੈ। ਇਸ ਦਾ ਕਾਰਨ ਕੇਵਲ ਬੇਰੁਜ਼ਗਾਰੀ ਹੀ ਨਹੀਂ ਹੈ ਬਲਕਿ ਬਹੁਤ ਸਾਰੇ ਚੰਗੀਆਂ ਨੌਕਰੀਆਂ ਵਾਲੇ ਜਾਂ ਆਰਥਿਕ ਪੱਖੋਂ ਮਜ਼ਬੂਤ ਲੋਕ ਵੀ ਵਿਦੇਸ਼ ਜਾ ਰਹੇ ਹਨ। ਪੰਜਾਬੀਆਂ ਲਈ ਕਿਸੇ ਮੈਂਬਰ ਨੂੰ ਬਾਹਰ ਭੇਜਣਾ ਸਟੇਟਸ ਸਿੰਬਲ ਬਣਿਆ ਹੋਇਆ ਹੈ। ਇਸ ਲਈ ਖਾਸ ਸਮਾਗਮ ਰਚਾ ਕੇ ਖੁਸ਼ੀ ਮਨਾਈ ਜਾਂਦੀ ਹੈ। ਇਸ ਵੇਲੇ ਬਾਹਰ ਜਾਣ ਵਾਲਿਆਂ ਵਿਚੋਂ 93 ਫੀਸਦੀ ਗਰੀਬ ਨਹੀਂ ਹਨ ਤੇ ਗਰੀਬ ਲੋਕ ਖਾੜੀ ਦੇਸ਼ਾਂ ਵੱਲ ਰੁਖ਼ ਕਰ ਰਹੇ ਹਨ।

ਇਕ ਅਨੁਮਾਨ ਅਨੁਸਾਰ 2018 ਵਿਚ ਪੰਜਾਬ ਦੇ ਲਗਭਗ 5.36 ਲੱਖ ਵਿਦਿਆਰਥੀਆਂ ਨੇ ਆਈਲੈਟਸ ਦੀ ਪ੍ਰੀਖਿਆ ਦਿੱਤੀ। ਸਾਲ 2017 ਦੌਰਾਨ ਡੇਢ ਲੱਖ ਪੰਜਾਬੀ ਵਿਦਿਆਰਥੀ ਵੀਜ਼ੇ 'ਤੇ ਵਿਦੇਸ਼ ਗਏ। ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋ. ਸ਼ਿੰਦਰ ਸਿੰਘ ਥਾਂਦੀ ਦਾ ਕਹਿਣਾ ਹੈ ਕਿ ਪੰਜਾਬੀ ਮੁੱਖ ਤੌਰ ਉੱਤੇ ਸਿੱਖ 2.5 ਕਰੋੜ ਦੇ ਲਗਭਗ ਪਰਵਾਸੀ ਭਾਰਤੀਆਂ ਵਿਚੋਂ 20 ਲੱਖ ਭਾਵ ਅੱਠ ਫੀਸਦੀ ਦੇ ਕਰੀਬ ਹਨ। ਇਹ ਪੰਜਾਬ ਸਰਕਾਰ ਅਤੇ ਪੰਜਾਬ ਲਈ ਬਹੁਤ ਵੱਡੀ ਚੁਣੌਤੀ ਹੈ। ਇਸ ਵੇਲੇ ਪੰਜਾਬ ਸਰਕਾਰ ਅਤੇ ਪਰਵਾਸੀ ਸਿੱਖਾਂ ਦਰਮਿਆਨ ਬੇਭਰੋਸਗੀ ਦਾ ਮਾਹੌਲ ਬਣਿਆ ਹੋਇਆ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਮਾਜ ਵਿਗਿਆਨ ਵਿਭਾਗ ਵੱਲੋਂ ਕੁਝ ਸਮਾਂ ਪਹਿਲਾਂ ਇਸ ਵਿਸ਼ੇ 'ਤੇ ਇਕ ਖੋਜ ਕਾਰਜ ਵੀ ਕੀਤਾ ਗਿਆ ਸੀ, ਜੋ ਏਸ਼ੀਆ ਪੈਸੇਫਿਕ ਜਨਰਲ ਆਫ ਰਿਸਰਚ ਵਿਚ ਪ੍ਰਕਾਸ਼ਿਤ ਵੀ ਹੋਇਆ ਸੀ। ਯੂਨੀਵਰਸਿਟੀ ਦੇ ਖੋਜ ਵਿਦਿਆਰਥੀਆਂ ਵੱਲੋਂ ਇਹ ਖੋਜ ਅੰਮ੍ਰਿਤਸਰ ਜ਼ਿਲ੍ਹੇ ਨੂੰ ਆਧਾਰ ਬਣਾ ਕੇ ਹੀ ਕੀਤੀ ਗਈ ਸੀ। ਇਸ ਖੋਜ ਕਾਰਜ ਵਿਚ ਦੱਸਿਆ ਗਿਆ ਕਿ 16 ਤੋਂ 25 ਵਰ੍ਹੇ ਤੱਕ ਦੀ ਉਮਰ ਦੇ ਨੌਜਵਾਨ ਹੀ ਵਧੇਰੇ ਵਿਦੇਸ਼ ਗਏ ਹਨ। ਵਿਦੇਸ਼ ਜਾਣ ਵਾਲਿਆਂ ਵਿਚ ਵਧੇਰੇ ਜਨਰਲ ਸ਼੍ਰੇਣੀ ਨਾਲ ਸਬੰਧਤ ਹਨ ਅਤੇ 90 ਫੀਸਦੀ ਸਿੱਖ ਪਰਿਵਾਰਾਂ ਨਾਲ ਸਬੰਧਤ ਹਨ। ਵਿਦੇਸ਼ ਗਏ ਬੱਚਿਆਂ ਵਿਚੋਂ ਵਧੇਰੇ ਲਗਭਗ 57 ਫੀਸਦੀ ਖੇਤੀਬਾੜੀ ਕਿੱਤੇ ਤੇ ਨੌਕਰੀ ਕਰਦੇ ਪਰਿਵਾਰਾਂ ਨਾਲ ਸਬੰਧਤ ਹਨ। ਵਧੇਰੇ ਬੱਚੇ 12ਵੀਂ ਜਮਾਤ ਪਾਸ ਕਰਨ ਮਗਰੋਂ ਵਿਦੇਸ਼ ਗਏ ਹਨ ਅਤੇ ਇਨ੍ਹਾਂ ਦੀ ਗਿਣਤੀ ਲਗਭਗ 45 ਫੀਸਦੀ ਹੈ। ਗ੍ਰੈਜੂਏਸ਼ਨ ਕਰਨ ਮਗਰੋਂ ਲਗਭਗ 16 ਫੀਸਦੀ ਅਤੇ 10ਵੀਂ ਮਗਰੋਂ ਵਿਦੇਸ਼ ਜਾਣ ਵਾਲਿਆਂ ਵਿਚ 30 ਫੀਸਦੀ ਬੱਚੇ ਸ਼ਾਮਲ ਹਨ। ਇਨ੍ਹਾਂ ਵਿਚੋਂ ਲਗਭਗ 57 ਫੀਸਦੀ ਬੱਚਿਆਂ ਦੇ ਪਰਿਵਾਰ ਦਿਹਾਤ ਨਾਲ ਸਬੰਧਤ ਹਨ।

# ਮੁਫਤ ਬਿਜਲੀ ਦਾ ਅਨੰਦ ਮਾਨਣ ਵਾਲਿਆਂ ਨੂੰ ਕੈਪਟਨ ਸਰਕਾਰ ਦਾ ਝਟਕਾ

**ਚੰਡੀਗੜ੍ਹ:** ਪੰਜਾਬ ਸਰਕਾਰ ਮੁਫਤ ਬਿਜਲੀ ਦਾ ਅਨੰਦ ਮਾਣ ਰਹੇ ਕੁਝ ਖਪਤਕਾਰਾਂ ਨੂੰ ਝਟਕਾ ਦੇਣ ਜਾ ਰਹੀ ਹੈ। ਜਿਹੜੇ ਲੋਕ ਆਮਦਨ ਕਰ ਅਦਾ ਕਰਦੇ ਹਨ, ਉਨ੍ਹਾਂ ਨੂੰ ਹੁਣ ਮੁਫਤ ਬਿਜਲੀ ਦੀ ਸਬਸਿਡੀ ਨਹੀਂ ਮਿਲੇਗੀ। ਸੂਤਰਾਂ ਦਾ ਕਹਿਣਾ ਹੈ ਕਿ ਆਮਦਨ ਕਰ ਦੀ ਸ਼ਰਤ ਨਾਲ ਵੱਡੀ ਗਿਣਤੀ ਸਬੰਧਤ ਕੈਟਾਗਰੀ ਦੇ ਖਪਤਕਾਰ ਬਿਜਲੀ ਦੀ ਛੋਟ ਦੀ ਸਹੂਲਤ ਤੋਂ ਵਾਂਝੇ ਹੋ ਜਾਣਗੇ।

ਪੰਜਾਬ ਸਰਕਾਰ ਵੱਲੋਂ ਲਏ ਗਏ ਅਹਿਮ ਫੈਸਲੇ 'ਚ ਪੀ.ਐਸ.ਪੀ.ਸੀ.ਐਲ. (ਪਾਵਰਕੌਮ) ਉਨ੍ਹਾਂ ਐਸ.ਸੀ., ਨਾਨ ਐਸ.ਸੀ. ਬੀ.ਪੀ.ਐਲ. ਤੇ ਬੀ.ਸੀ. ਕੈਟਾਗਰੀ ਦੇ ਘਰੇਲੂ ਖਪਤਕਾਰਾਂ ਨੂੰ ਹੁਣ ਮੁਫਤ ਬਿਜਲੀ ਦੀ ਸਬਸਿਡੀ ਨਹੀਂ ਦੇਵੇਗਾ ਜਿਹੜੇ ਖਪਤਕਾਰ ਆਮਦਨ ਕਰ ਅਦਾ ਕਰਦੇ ਹੋਣਗੇ। ਅਜਿਹੀ ਸਹੂਲਤ ਲਈ ਖਪਤਕਾਰਾਂ ਨੂੰ ਆਮਦਨ ਕਰ ਸਬੰਧੀ ਸਵੈ ਘੋਸ਼ਣਾ ਪੱਤਰ ਦੇਣਾ ਜ਼ਰੂਰੀ ਕਰਾਰ ਦਿੱਤਾ ਗਿਆ ਹੈ। ਇਸ ਫੈਸਲੇ ਤਹਿਤ ਜਿਨ੍ਹਾਂ ਖਪਤਕਾਰਾਂ ਦਾ ਮਨਜ਼ੂਰਸ਼ੁਦਾ ਲੋਡ 1 ਕਿਲੋਵਾਟ ਤੱਕ ਹੈ ਤੇ ਸਾਲਾਨਾ ਬਿਜਲੀ ਦੀ ਖਪਤ ਭਾਵੇਂ ਤਿੰਨ ਹਜ਼ਾਰ ਯੂਨਿਟਾਂ ਤੋਂ ਵੀ ਵੱਧ ਹੈ, ਨੂੰ ਵੀ 200 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਮਿਲੇਗੀ।

# ਸਮੇਂ ਸਿਰ ਹੀ ਹੋਣਗੀਆਂ ਆਮ ਚੋਣਾਂ

**ਲਖਨਊ:** ਭਾਰਤ-ਪਾਕਿ ਵਿਚਾਲੇ ਬਣੇ ਤਣਾਅ ਦੇ ਮੱਦੇਨਜ਼ਰ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਕਿਹਾ ਹੈ ਕਿ ਦੇਸ਼ ਵਿਚ ਆਮ ਚੋਣਾਂ ਸਮੇਂ ਸਿਰ ਹੀ ਹੋਣਗੀਆਂ। ਉਨ੍ਹਾਂ ਕਿਹਾ ਕਿ ਕਮਿਸ਼ਨ ਦੇ ਨਵੇਂ ਨੋਟੀਫਿਕੇਸ਼ਨ ਮੁਤਾਬਕ ਉਮੀਦਵਾਰਾਂ ਨੂੰ ਆਪਣੀਆਂ ਦੇਸ਼ ਵਿਚਲੀਆਂ ਜਾਇਦਾਦਾਂ ਦੇ ਨਾਲ ਹੀ ਵਿਦੇਸ਼ੀ ਸੰਪਤੀ ਬਾਰੇ ਵੀ ਵਿਸਤਾਰ ਵਿਚ ਦੱਸਣਾ ਪਏਗਾ। ਉਨ੍ਹਾਂ ਕਿਹਾ ਕਿ ਸੂਚਨਾ-ਤਕਨੀਕ ਵਿਭਾਗ ਮਿਲੀ ਜਾਣਕਾਰੀ ਦੀ ਜਾਂਚ ਕਰੇਗਾ ਤੇ ਜੇ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਸੂਚਨਾ ਨਾਲ ਇਹ ਮੇਲ ਨਾ ਖਾਂਦੀ ਹੋਈ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।

ਭੜਕਾਊ ਭਾਸ਼ਣਾਂ ਬਾਰੇ ਪੁੱਛੇ ਜਾਣ 'ਤੇ ਅਰੋੜਾ ਨੇ ਕਿਹਾ ਕਿ ਉਨ੍ਹਾਂ ਪਿਛਲੀਆਂ ਚੋਣਾਂ ਵਿਚ ਅਜਿਹੇ ਮਾਮਲਿਆਂ ਦੀ ਤਾਜ਼ਾ ਸਥਿਤੀ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਚੋਣ ਕਮਿਸ਼ਨਰ ਨੇ ਕਿਹਾ ਕਿ ਜੋ ਵੀ ਸਾਹਮਣੇ ਆਇਆ ਹੈ, ਉਸ ਬਾਰੇ ਰਾਜਾਂ ਦੇ ਮੁੱਖ ਸਕੱਤਰਾਂ ਤੇ ਪੁਲਿਸ ਮੁਖੀਆਂ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ। ਸੂਬਾ ਅਧਿਕਾਰੀਆਂ ਨੇ ਅਜਿਹੇ ਮਾਮਲਿਆਂ ਸਬੰਧੀ ਸਖਤ ਕਾਰਵਾਈ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਆਜ਼ਾਦ ਤੇ ਪਾਰਦਰਸ਼ੀ ਚੋਣਾਂ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਸਬੰਧੀ ਮਿਲਣ ਵਾਲੀ ਕਿਸੇ ਵੀ ਸ਼ਿਕਾਇਤ 'ਤੇ ਤੁਰਤ ਕਾਰਵਾਈ ਕਰੇਗਾ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ 'ਸੀ-ਵਿਜਿਲ' ਐਪ ਜਲਦੀ ਲਾਂਚ ਕਰੇਗਾ। ਇਸ 'ਤੇ ਚੋਣਾਂ ਸਬੰਧੀ ਸ਼ਿਕਾਇਤ ਦਰਜ ਕਰਵਾਈ ਜਾ ਸਕੇਗੀ ਤੇ ਸ਼ਿਕਾਇਤਕਰਤਾ ਦਾ ਨਾਂ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਨਜ਼ਰ ਰੱਖਣ ਲਈ ਵੀ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਕਮਿਸ਼ਨਰ ਨੇ ਕਿਹਾ ਕਿ ਈ.ਵੀ.ਐਮਜ਼. ਬਣਾਉਣ ਵੇਲੇ ਬੇਹੱਦ ਇਹਤਿਆਤ ਵਰਤੀ ਜਾਂਦੀ ਹੈ ਤੇ ਰੱਖਿਆ ਉਪਕਰਨ ਬਣਾਉਣ ਵਾਲੀਆਂ ਸਰਕਾਰੀ ਫਰਮਾਂ ਇਨ੍ਹਾਂ ਦਾ ਨਿਰਮਾਣ ਕਰਦੀਆਂ ਹਨ। ਕਮਿਸ਼ਨ ਕੁੱਲ 1,63,331 ਚੋਣ ਕੇਂਦਰਾਂ 'ਤੇ ਵੀਵੀਪੈਟ ਮਸ਼ੀਨਾਂ ਵਰਤੇਗਾ।

## ਐਸ.ਸੀ. ਕੋਟੇ ਲਈ ਧਾਰਾ 370 ਦੀ ਮੱਦ 'ਚ ਸੋਧ ਨੂੰ ਪ੍ਰਵਾਨਗੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ 'ਚ ਐਸ.ਸੀ. ਅਤੇ ਐਸ.ਟੀ. ਸ਼੍ਰੇਣੀਆਂ ਨੂੰ ਰਾਖਵੇਂਕਰਨ ਦਾ ਲਾਹਾ ਦੇਣ ਲਈ ਧਾਰਾ 370 ਦੀ ਮੱਦ 'ਚ ਸੋਧ ਕਰਨ ਦੇ ਆਰਡੀਨੈਂਸ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਕੇਂਦਰੀ ਵਜ਼ਾਰਤ ਦੀ ਬੈਠਕ ਦੌਰਾਨ ਇਹ ਫੈਸਲਾ ਲਿਆ ਗਿਆ। ਵਿੱਤ ਮੰਤਰੀ ਅਰੁਣ ਜੇਤਲੀ ਨੇ ਦੱਸਿਆ ਕਿ ਕੈਬਨਿਟ ਨੇ ਆਧਾਰ ਦੀ ਇੱਛੁਕ ਵਰਤੋਂ ਸਬੰਧੀ ਆਰਡੀਨੈਂਸ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਇਸ ਤਹਿਤ ਬੈਂਕ ਖਾਤਿਆਂ ਅਤੇ ਸਿਮ ਕੁਨੈਕਸ਼ਨਾਂ ਲਈ ਆਧਾਰ ਦੀ ਸ਼ਨਾਖਤੀ ਪੱਤਰ ਵਜੋਂ ਵਰਤੋਂ ਕੀਤੀ ਜਾ ਸਕੇਗੀ। ਕੇਂਦਰੀ ਮੰਤਰੀ ਮੰਡਲ ਨੇ ਇਲੈਕਟ੍ਰਿਕ ਅਤੇ ਹਾਈਬ੍ਰਿਡ ਵਾਹਨਾਂ ਨੂੰ ਤੇਜ਼ੀ ਨਾਲ ਹੁਲਾਰਾ ਦੇਣ ਦੀ ਯੋਜਨਾ 'ਫੇਮ' ਦੇ ਦੂਜੇ ਗੇੜ ਲਈ 10 ਹਜ਼ਾਰ ਕਰੋੜ ਰੁਪਏ ਦੇ ਪ੍ਰੋਗਰਾਮ ਨੂੰ ਮਨਜ਼ੂਰੀ ਦਿੱਤੀ ਹੈ। ਫਾਸਟਰ ਅਡਾਪਸ਼ਨ ਐਂਡ ਮੈਨੂਫੈਕਚਰਿੰਗ ਆਫ ਹਾਈਬ੍ਰਿਡ ਐਂਡ ਇਲੈਕਟ੍ਰਿਕ ਵਹੀਕਲਜ਼ (ਫੇਮ-2) ਪ੍ਰੋਗਰਾਮ ਤਿੰਨ ਸਾਲਾਂ ਦਾ ਹੋਵੇਗਾ ਅਤੇ ਇਹ ਪਹਿਲੀ ਅਪਰੈਲ 2019 ਤੋਂ ਲਾਗੂ ਹੋਵੇਗੀ। ਵਿੱਤ ਮੰਤਰੀ ਨੇ ਦੱਸਿਆ ਕਿ ਏਅਰ ਇੰਡੀਆ ਦੇ 29464 ਕਰੋੜ ਰੁਪਏ ਦੇ ਕਰਜ਼ੇ ਅਤੇ ਉਸ ਦੀਆਂ ਚਾਰ ਸਬਸਿਡਰੀਆਂ ਨੂੰ ਵੱਖਰੀ ਕੰਪਨੀ ਹਵਾਲੇ ਕਰਨ ਲਈ ਵਿਸ਼ੇਸ਼ ਮੰਤਵੀ ਕੰਪਨੀ (ਐਸ.ਪੀ.ਵੀ.) 'ਏਅਰ ਇੰਡੀਆ ਅਸੈਟਸ ਹੋਲਡਿੰਗ ਬਣਾਉਣ ਨੂੰ ਮਨਜ਼ੂਰੀ ਦਿੱਤੀ ਹੈ।

## ਏਅਰ ਇੰਡੀਆ ਸਟਾਫ ਨੂੰ 'ਜੈ ਹਿੰਦ' ਕਹਿਣ ਦੀ ਹਦਾਇਤ

**ਨਵੀਂ ਦਿੱਲੀ:** ਕੌਮੀ ਕਰੀਅਰ ਏਅਰ ਇੰਡੀਆ ਨੇ ਜਹਾਜ਼ ਵਿਚਲੇ ਅਮਲੇ ਦੇ ਮੈਂਬਰਾਂ ਨੂੰ ਅਧਿਕਾਰਤ ਐਡਵਾਇਜ਼ਰੀ ਜਾਰੀ ਕਰਦਿਆਂ ਉਡਾਣ ਦੌਰਾਨ ਕਿਸੇ ਵੀ ਅਨਾਊਂਸਮੈਂਟ ਮਗਰੋਂ 'ਜੈ ਹਿੰਦ' ਕਹਿਣ ਦੀ ਤਾਕੀਦ ਕੀਤੀ ਹੈ। ਇਹ ਐਡਵਾਇਜ਼ਰੀ ਏਅਰ ਇੰਡੀਆ ਦੇ ਡਾਇਰੈਕਟਰ (ਅਪਰੇਸ਼ਨਜ਼) ਅਮਿਤਾਭ ਸਿੰਘ ਨੇ ਜਾਰੀ ਕੀਤੀ ਹੈ। ਅਧਿਕਾਰੀਆਂ ਮੁਤਾਬਕ ਮੌਜੂਦਾ ਐਡਵਾਇਜ਼ਰੀ 'ਰਾਸ਼ਟਰ ਦੇ ਮਿਜ਼ਾਜ ਮੁਤਾਬਕ' ਸਟਾਫ ਨੂੰ ਯਾਦ ਪੱਤਰ ਵਜੋਂ ਜਾਰੀ ਕੀਤੀ ਗਈ ਹੈ।

## ਪਿਸ਼ਾਵਰ ਹਾਈ ਕੋਰਟ ਦੇ ਜੱਜ 'ਤੇ ਹਮਲਾ

**ਪਿਸ਼ਾਵਰ:** ਪਾਕਿਸਤਾਨ ਦੀ ਹਾਈ ਕੋਰਟ ਦੇ ਇਕ ਸੀਨੀਅਰ ਜੱਜ 'ਤੇ ਬਾਈਕ ਸਵਾਰ ਬੰਦੂਕਧਾਰੀਆਂ ਨੇ ਘਾਤ ਲਗਾ ਕੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਹਯਾਤਾਬਾਦ ਇਲਾਕੇ ਵਿਚ ਜਸਟਿਸ ਮੁਹੰਮਦ ਅਯੂਬ ਮਾਰਵਤ ਦੇ ਵਾਹਨ 'ਤੇ ਅੰਨ੍ਹੇਵਾਹ ਫਾਇਰਿੰਗ ਕੀਤੀ। ਜੱਜ ਅਤੇ ਉਸ ਦੇ ਡਰਾਈਵਰ ਨੂੰ ਹਸਪਤਾਲ ਵਿਚ ਦਾਖਲ ਕਰਾਇਆ ਗਿਆ।





# ਸਮੂਹ ਸਿੱਖ ਜਗਤ ਨੂੰ ਸਿੱਖਾਂ ਦੇ ਨਵੇਂ 551ਵੇਂ ਸਾਲ ਦੀ

# ਲੱਖ ਲੱਖ ਵਧਾਈ

1999 ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਵਾਣਿਤ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 551ਵਾਂ ਨਵਾਂ ਸਾਲ ਪਹਿਲੀ ਚੇਤਰ, ਦਿਨ ਵੀਰਵਾਰ (14 ਮਾਰਚ 2019) ਨੂੰ ਆ ਰਿਹਾ ਹੈ। ਇਸੇ ਦਿਨ ਸੱਤਵੇਂ ਗੁਰੂ ਹਰਿ ਰਾਏ ਸਾਹਿਬ ਨੂੰ ਗੁਰਗੱਦੀ ਪ੍ਰਾਪਤੀ ਹੋਈ ਸੀ। ਇਸੇ ਨੂੰ ਮੁੱਖ ਰੱਖਦਿਆਂ ਦੁਨੀਆਂ ਭਰ ਵਿਚ ਸਿੱਖ ਇਨਵਾਇਰਮੈਂਟ ਡੇ ਮਨਾਇਆ ਜਾਂਦਾ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਮਹੱਤਤਾ ਨੂੰ ਮੁੱਖ ਰੱਖਦਿਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਸ਼ੁਰੂ ਕੀਤਾ ਸੀ।

**ਗੁਰਦੁਆਰਾ ਪੈਲਾਟਾਈਨ ਵਿਖੇ ਨਵੇਂ ਸਾਲ ਸਬੰਧੀ ਸਮਾਗਮ 14 ਮਾਰਚ 2019, ਵੀਰਵਾਰ ਸ਼ਾਮ 6 ਤੋਂ 8:30 ਵਜੇ ਤੱਕ ਅਤੇ ਐਤਵਾਰ, 17 ਮਾਰਚ ਨੂੰ ਸਵੇਰੇ 9 ਵਜੇ ਤੋਂ ਦੁਪਹਿਰ ਇਕ ਵਜੇ ਤੱਕ ਵਿਸ਼ੇਸ਼ ਦੀਵਾਨ ਸਜਣਗੇ**

ਬੇਨਤੀ ਕਰਤਾ: ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ

SIKH Religious Society PALATINE GURDWARA

Sikh Religious Society

1280 Winnetka St., Palatine IL 60067 Phone: (847) 358-1117

www.srschicago.org e-mail:contactus@srschicago.org

# ਧਰਤੀ ਲਈ ਵੱਡਾ ਖਤਰਾ ਬਣ ਰਹੀ ਹੈ ਵਧ ਰਹੀ ਆਲਮੀ ਤਪਸ਼

**ਨਵੀਂ ਦਿੱਲੀ:** ਧਰਤੀ ਉਤੇ ਵਧ ਰਹੇ ਤਾਪਮਾਨ ਨਾਲ ਖਤਰਾ ਲਗਾਤਾਰ ਵਧ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਮੌਸਮ ਵਿਗਿਆਨ ਸੰਸਥਾ ਨੇ ਅਮਰੀਕਾ, ਜਪਾਨ, ਬਰਤਾਨੀਆ ਅਤੇ ਯੂਰਪ ਦੀਆਂ ਮੌਸਮ ਏਜੰਸੀਆਂ ਦੇ ਅੰਕੜਿਆਂ ਤੋਂ ਤਿਆਰ ਰਿਪੋਰਟ ਦੇ ਆਧਾਰ ਉਤੇ ਖੁਲਾਸਾ ਕੀਤਾ ਹੈ ਕਿ ਸਾਲ 2016, 2015 ਅਤੇ 2017 ਤੋਂ ਬਾਅਦ 2018 ਦੁਨੀਆਂ ਦਾ ਸਭ ਤੋਂ ਗਰਮ ਸਾਲ ਰਿਹਾ ਹੈ। 2018 ਵਿਚ ਤਾਪਮਾਨ ਵਿਚ ਉਦਯੋਗਿਕ ਦੌਰ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ ਇਕ ਡਿਗਰੀ ਸੈਲਸੀਅਸ ਵਧ ਤਾਪਮਾਨ ਅੰਕਿਆ ਗਿਆ ਹੈ।

2016 ਵਿਚ ਇਹ ਵਾਧਾ 1.28, 2015 ਵਿਚ 1.1 ਅਤੇ 2017 ਵਿਚ 1.05 ਡਿਗਰੀ ਸੈਲਸੀਅਸ ਆਂਕਿਆ ਗਿਆ ਸੀ। 2015 ਤੋਂ 2018 ਤੱਕ ਚਾਰ ਸਾਲਾਂ ਵਿਚ ਧਰਤੀ ਅਤੇ ਸਮੁੰਦਰ ਦਾ ਤਾਪਮਾਨ 1880 ਤੋਂ ਲੈ ਕੇ 2018 ਤੱਕ ਦੇ ਰਿਕਾਰਡ ਅਨੁਸਾਰ, ਸਭ ਸਾਲਾਂ ਤੋਂ ਜ਼ਿਆਦਾ ਰਿਹਾ ਹੈ। ਮੌਸਮ ਵਿਗਿਆਨ ਸੰਸਥਾ ਦੇ ਸਕੱਤਰ ਪੈਟਰੀ ਤਲਾਸ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਪਿਛਲੇ 22 ਸਾਲਾਂ ਵਿਚੋਂ 20 ਸਾਲਾਂ ਦਾ ਤਾਪਮਾਨ ਔਸਤ ਨਾਲੋਂ ਜ਼ਿਆਦਾ ਰਿਹਾ ਹੈ। ਇਉਂ ਹਰ ਸਾਲ ਔਸਤ ਤਾਪਮਾਨ ਵਿਚ ਵਾਧਾ ਹੋਣ ਕਾਰਨ ਧਰਤੀ ਉਤਲੇ ਮੌਸਮ ਵਿਚ ਤੇਜ਼ੀ ਨਾਲ ਤਬਦੀਲੀਆਂ ਆ ਰਹੀਆਂ ਹਨ ਜਿਸ ਨਾਲ ਕੁਦਰਤੀ ਆਫਤਾਂ ਦੀ ਮਾਰ ਦੀ ਗਹਿਰਾਈ ਅਤੇ ਉਨ੍ਹਾਂ ਦੀ ਗਿਣਤੀ ਵਿਚ ਵੀ ਬੇਸ਼ੁਮਾਰ ਵਾਧਾ ਹੋ ਰਿਹਾ ਹੈ।

ਇਸੇ ਕਾਰਨ 2018 ਵਿਚ ਦੁਨੀਆਂ ਦੇ ਬਹੁਤ ਸਾਰੇ ਮੁਲਕ ਕਿਸੇ ਨਾ ਕਿਸੇ ਕੁਦਰਤੀ ਆਫਤ ਦੀ ਲਪੇਟ ਵਿਚ ਆਏ ਰਹੇ ਹਨ। ਅਮਰੀਕਾ, ਕੈਨੇਡਾ, ਜਾਪਾਨ ਅਤੇ ਯੂਰਪ ਦੇ ਕਈ ਮੁਲਕ ਗਰਮੀ ਦੀ ਲਪੇਟ ਵਿਚ ਆਏ ਹਨ। ਯੂਰਪ ਦੇ ਕਈ ਸ਼ਹਿਰਾਂ ਵਿਚ ਤਾਪਮਾਨ ਔਸਤ ਤੋਂ 3 ਤੋਂ 6 ਡਿਗਰੀ ਸੈਲਸੀਅਸ ਵਧ ਗਿਆ ਸੀ।

ਤਾਪਮਾਨ ਵਿਚ ਜ਼ਿਆਦਾ ਵਾਧੇ ਕਾਰਨ ਕੈਨੇਡਾ ਦੇ ਕਿਊਬਿਕ ਰਾਜ ਵਿਚ 90 ਅਤੇ ਜਾਪਾਨ ਵਿਚ 80 ਜਣਿਆਂ ਦੀ ਮੌਤ ਹੋ ਗਈ ਸੀ। ਅਫਰੀਕੀ ਮੁਲਕ ਅਲਜੀਰੀਆ ਦੇ ਔਆਰਗਲਾ ਸ਼ਹਿਰ ਵਿਚ 5 ਜੁਲਾਈ 2018 ਨੂੰ ਤਾਪਮਾਨ 51.3 ਡਿਗਰੀ ਸੈਲਸੀਅਸ ਰਿਕਾਰਡ ਹੋਇਆ ਜੋ ਉਥੋਂ ਦਾ ਹੁਣ ਤੱਕ ਸਭ ਤੋਂ ਵਧ ਤਾਪਮਾਨ ਹੈ।

2018 ਵਿਚ ਜਾਪਾਨ ਅਤੇ ਭਾਰਤ ਵਰਗੇ ਮੁਲਕਾਂ ਨੇ ਹੜ੍ਹਾਂ ਦੀ ਮਾਰ ਝੱਲੀ। ਦੁਨੀਆਂ ਦੇ ਵੱਖ ਵੱਖ ਮੁਲਕਾਂ ਨੇ ਇੰਨੀਆਂ ਸਾਰੀਆਂ ਕੁਦਰਤੀ ਆਫਤਾਂ ਦੀ ਮਾਰ ਸਿਰਫ ਇਸ ਕਾਰਨ ਝੱਲੀ ਕਿ ਧਰਤੀ ਦਾ ਤਾਪਮਾਨ ਉਦਯੋਗੀਕਰਨ ਦੇ ਦੌਰ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ ਇਕ ਡਿਗਰੀ ਸੈਲਸੀਅਸ ਵਧ ਗਿਆ ਹੈ। ਇਸ ਵਾਧੇ ਦਾ ਮੁੱਖ ਕਾਰਨ ਗਰੀਨ



ਦੋਵੇਂ ਧਰੁਵਾਂ ਆਰਕਟਿਕ ਅਤੇ ਅਨਟਾਰਟਿਕ ਉਤੇ ਇਸ ਸਾਲ ਬਰਫੀਲਾ ਖੇਤਰ ਹੁਣ ਤੱਕ ਦੇ ਸਾਲਾਂ ਵਿਚ ਸਭ ਤੋਂ ਘੱਟ ਰਿਕਾਰਡ ਕੀਤਾ ਗਿਆ।

ਤਾਪਮਾਨ ਦੇ ਵਾਧੇ ਕਾਰਨ ਅਮਰੀਕਾ ਦੇ ਕੈਲੀਫੋਰਨੀਆ ਰਾਜ ਅਤੇ ਯੂਰਪ ਦੇ ਮੁਲਕ ਗਰੀਸ ਦੇ ਜੰਗਲਾਂ ਵਿਚ ਭਿਆਨਕ ਅੱਗ ਵੀ ਲੱਗੀ ਰਹੀ। ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਵਾਧੇ ਕਾਰਨ ਅੰਧ ਮਹਾਂਸਾਗਰ, ਹਿੰਦ ਮਹਾਂਸਾਗਰ ਅਤੇ ਉੱਤਰੀ ਪੂਰਬੀ ਸ਼ਾਂਤ ਮਹਾਂਸਾਗਰ ਵਿਚ ਸਮੁੰਦਰੀ ਤੂਫਾਨਾਂ ਦੀ ਆਮਦ ਔਸਤ ਨਾਲੋਂ ਕਾਫੀ ਜ਼ਿਆਦਾ ਰਹੀ। ਅਮਰੀਕਾ ਵਿਚ ਇਸ ਸਾਲ ਮਾਈਕਲ ਅਤੇ ਫਲੋਰੈਂਸ, ਜਾਪਾਨ ਵਿਚ ਤਰਾਮੀ, ਜੇਬੀ ਅਤੇ ਮਨਗਖੁਟ, ਸੋਮਾਲੀਆ ਵਿਚ ਮੇਕੋਕੋ ਆਦਿ ਸਮੁੰਦਰੀ ਤੂਫਾਨਾਂ ਨੇ ਭਾਰੀ ਤਬਾਹੀ ਮਚਾਈ ਸੀ।

ਹਾਊਸ ਗੈਸਾਂ ਦੀ ਵਧਦੀ ਮਾਤਰਾ ਹੈ। ਵਿਗਿਆਨੀਆਂ ਅਨੁਸਾਰ ਜੇ ਵਾਤਾਵਰਨ ਵਿਚ ਗਰੀਨ ਹਾਊਸ ਗੈਸਾਂ ਦਾ ਨਿਕਾਸ ਮੌਜੂਦਾ ਦਰ ਨਾਲ ਹੁੰਦਾ ਰਿਹਾ ਤਾਂ ਸਦੀ ਦੇ ਆਖੀਰ ਤੱਕ ਧਰਤੀ ਦਾ ਔਸਤ ਤਾਪਮਾਨ ਉਦਯੋਗੀਕਰਨ ਦੇ ਦੌਰ ਤੋਂ ਪਹਿਲਾਂ ਦੇ ਤਾਪਮਾਨ ਤੋਂ 3 ਤੋਂ 4 ਡਿਗਰੀ ਸੈਲਸੀਅਸ ਤੱਕ ਵਧ ਜਾਵੇਗਾ ਜੋ ਮਨੁੱਖਾਂ ਸਮੇਤ ਹਰ ਤਰ੍ਹਾਂ ਦੇ ਜੀਵ-ਜੰਤੂਆਂ ਲਈ ਬੇਹੱਦ ਖਤਰਨਾਕ ਹੋਵੇਗਾ।

2014 ਵਿਚ ਸੰਯੁਕਤ ਰਾਸ਼ਟਰ ਦੁਆਰਾ ਮੌਸਮੀ ਬਦਲਾਅ ਬਾਰੇ ਬਣਾਏ ਕੌਮਾਂਤਰੀ ਪੈਨਲ ਨੇ ਰਿਪੋਰਟ ਜਾਰੀ ਕੀਤੀ ਸੀ ਜਿਸ ਵਿਚ ਪਹਿਲੀ ਵਾਰ ਖੁਲਾਸਾ ਕੀਤਾ ਸੀ ਕਿ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨਾਲ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਅਤੇ ਤਾਪਮਾਨ ਦੇ ਇਸ ਵਾਧੇ ਨਾਲ ਧਰਤੀ ਉਤੇ ਕੁਦਰਤੀ ਆਫਤਾਂ ਦੀ ਗਿਣਤੀ ਅਤੇ ਨੁਕਸਾਨ ਕਰਨ ਦੀ ਤੀਬਰਤਾ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਹ ਵੀ ਕਿਹਾ ਸੀ ਕਿ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੀ ਮਾਰ ਤੋਂ ਦੁਨੀਆਂ ਦਾ ਕੋਈ ਵੀ ਮੁਲਕ ਬਚ ਨਹੀਂ ਸਕੇਗਾ। ਇਸ ਰਿਪੋਰਟ ਦੀ ਚਿਤਾਵਨੀ ਨੂੰ ਭਾਵੇਂ ਉਸ ਸਮੇਂ ਦੁਨੀਆਂ ਦੇ ਸਾਰੇ ਮੁਲਕਾਂ ਨੇ ਗੰਭੀਰਤਾ ਨਾਲ ਲਿਆ ਅਤੇ ਬਚਾਅ ਲਈ 2015 ਵਿਚ ਪੈਰਿਸ ਮੌਸਮੀ ਸੰਧੀ ਵਿਚ ਆਪੋ-ਆਪਣੇ ਮੁਲਕ ਵਿਚ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕਰਨ ਲਈ ਹਾਮੀ ਭਰੀ ਸੀ ਪਰ ਉਸ ਦੀ ਰੂਪ-ਰੇਖਾ ਉਲੀਕਣ ਲਈ ਤਿੰਨ ਸਾਲ ਦਾ ਸਮਾਂ ਲਗਾ ਦਿੱਤਾ, ਕਿਉਂਕਿ ਪੈਰਿਸ ਮੌਸਮੀ ਸੰਧੀ ਵੇਲੇ ਦੁਨੀਆਂ ਦੇ ਸਾਰੇ ਮੁਲਕਾਂ ਦੀ ਧਰਤੀ ਉਤੇ ਤਾਪਮਾਨ ਦੇ ਵਾਧੇ ਦੀ ਸੁਰੱਖਿਅਤ ਸੀਮਾ ਨਿਰਧਾਰਤ ਕਰਨ ਬਾਰੇ ਇਕ ਰਾਇ ਨਹੀਂ ਬਣੀ ਸੀ।

ਵਿਕਸਿਤ ਮੁਲਕ ਤਾਪਮਾਨ ਦੇ 2 ਡਿਗਰੀ ਸੈਲਸੀਅਸ ਅਤੇ ਛੋਟੇ ਛੋਟੇ ਟਾਪੂਆਂ ਉੱਤੇ ਵੱਸੇ ਤੇ ਗਰੀਬ ਦੇਸ਼ 1.5 ਡਿਗਰੀ ਸੈਲਸੀਅਸ ਵਾਧੇ ਨੂੰ ਸੁਰੱਖਿਅਤ ਸੀਮਾ ਨਿਰਧਾਰਤ ਕਰਨ ਦੀ ਮੰਗ ਕਰ ਰਹੇ ਸਨ। ਇਸ ਸਮੱਸਿਆ ਦੇ ਹੱਲ ਲਈ ਇਸ ਬਾਬਤ ਹੋਣ ਵਾਲੀ ਅਗਲੀ ਕਾਨਫਰੰਸ ਤੋਂ ਪਹਿਲਾਂ ਆਈ.ਪੀ.ਸੀ.ਸੀ. ਨੇ ਦੋਹਾਂ ਤਰ੍ਹਾਂ ਦੇ ਵਾਧੇ ਦਾ ਤੁਲਨਾਤਮਕ ਅਧਿਐਨ ਕਰਵਾ ਕੇ ਵਿਸ਼ੇਸ਼ ਰਿਪੋਰਟ ਤਿਆਰ ਕਰਵਾਈ। ਇਹ ਰਿਪੋਰਟ 2 ਅਕਤੂਬਰ 2018 ਨੂੰ ਰਿਲੀਜ਼ ਹੋਈ ਜਿਸ ਵਿਚ ਕਿਹਾ ਗਿਆ ਕਿ ਤਾਪਮਾਨ ਵਿਚ ਥੋੜ੍ਹਾ ਜਿਹਾ ਵਾਧਾ ਵੀ ਧਰਤੀ ਉਤੇ ਆਉਣ ਵਾਲੀਆਂ ਕੁਦਰਤੀ ਆਫਤਾਂ ਵਿਚ ਬੇਸ਼ੁਮਾਰ ਵਾਧਾ ਕਰਦਾ ਹੈ। ਇਸ ਰਿਪੋਰਟ ਅਨੁਸਾਰ ਤਾਪਮਾਨ ਦੇ 0.5 ਡਿਗਰੀ ਵਾਧੇ ਨਾਲ ਧਰੁਵਾਂ ਉਤੇ ਜੰਮੀ ਪੂਰੀ ਤਰ੍ਹਾਂ ਪਿਘਲ ਜਾਵੇਗੀ। 1.5 ਡਿਗਰੀ ਦੇ ਵਾਧੇ ਨਾਲ 35 ਕਰੋੜ ਸ਼ਹਿਰੀ ਆਬਾਦੀ ਪਾਣੀ ਦੀ ਕਮੀ ਦੀ ਮਾਰ ਝੱਲੇਗੀ ਅਤੇ 6 ਫੀਸਦ ਕੀੜੇ ਮਕੌੜੇ, 8 ਫੀਸਦੀ ਬਨਸਪਤੀ ਅਤੇ 4 ਫੀਸਦੀ ਚਾਰ ਪੈਰਾਂ ਵਾਲੇ ਜਾਨਵਰ ਧਰਤੀ ਤੋਂ ਆਪਣਾ ਵਜੂਦ ਗੁਆ ਦੇਣਗੇ, ਜਦਕਿ 2 ਡਿਗਰੀ ਸੈਲਸੀਅਸ ਵਾਧੇ ਨਾਲ 41 ਕਰੋੜ ਸ਼ਹਿਰੀ ਆਬਾਦੀ ਲਈ ਪਾਣੀ ਦੀ ਕਮੀ ਹੋਵੇਗੀ ਅਤੇ 18 ਫ਼ੀਸਦੀ ਕੀੜੇ ਮਕੌੜੇ, 16 ਫ਼ੀਸਦੀ ਬਸਪਤੀ ਅਤੇ 8 ਫ਼ੀਸਦੀ ਚਾਰ ਪੈਰਾਂ ਵਾਲੇ ਜਾਨਵਰ ਧਰਤੀ ਤੋਂ ਸਦਾ ਲਈ ਲੋਪ ਹੋ ਜਾਣਗੇ।

ਆਈ.ਪੀ.ਸੀ.ਸੀ. ਦੀ ਇਸ ਵਿਸ਼ੇਸ਼ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਤਾਪਮਾਨ ਵਿਚ 0.5 ਡਿਗਰੀ ਦੇ ਵਾਧੇ ਨਾਲ ਸਮੁੰਦਰ ਦੇ ਜਲ ਪੱਧਰ ਵਿਚ 8 ਫੁੱਟ ਤੱਕ ਵਾਧਾ ਹੋ ਸਕਦਾ ਹੈ ਜਿਸ ਨਾਲ 3 ਤੋਂ 8 ਕਰੋੜ ਤੱਕ ਮਨੁੱਖੀ ਆਬਾਦੀ ਨੂੰ ਨੁਕਸਾਨ ਹੋ ਸਕਦਾ ਹੈ। ਇਸ ਤੋਂ ਇਲਾਵਾ ਸਮੁੰਦਰੀ ਪਾਣੀ ਦੇ ਤਾਪਮਾਨ ਵਿਚ ਇਕ ਡਿਗਰੀ ਸੈਲਸੀਅਸ ਦੇ ਵਾਧੇ ਨਾਲ ਸਮੁੰਦਰੀ ਤੂਫਾਨ ਵਿਚਲੀ ਹਵਾ ਦੀ ਗਤੀ ਵਿਚ 5 ਫੀਸਦੀ ਵਾਧਾ ਹੋ ਜਾਂਦਾ ਹੈ, ਵੱਧ ਗਤੀ ਵਾਲਾ ਸਮੁੰਦਰੀ ਤੂਫਾਨ ਜ਼ਿਆਦਾ ਤਬਾਹੀ ਮਚਾਉਂਦਾ ਹੈ ਜਿਸ ਦੀਆਂ ਪੁਖਤਾ ਉਦਾਹਰਣਾਂ ਅਮਰੀਕਾ ਵਿਚ ਆਏ ਮਾਰੀਆ, ਇਰਮਾ, ਹਾਰਵੇ, ਫ਼ਲੋਰੈਂਸ, ਚੀਨ ਅਤੇ ਫਿਲਪੀਨਜ਼ ਵਿਚ ਆਏ ਮਨਗਖੁਟ ਅਤੇ ਮਾਈਕਲ ਤੂਫਾਨ ਹਨ। ਤਾਪਮਾਨ ਦੇ ਵਾਧੇ ਨਾਲ ਜਲ ਪੱਧਰ ਦੇ ਉੱਚਾ ਹੋ ਜਾਣ ਨਾਲ ਸੁਨਾਮੀ ਦੇ ਖਤਰਿਆਂ ਵਿਚ ਵੀ ਕਈ ਗੁਣਾ ਵਾਧਾ ਹੋ ਸਕਦਾ ਹੈ ਜਿਸ ਦਾ ਭਾਵ ਹੈ ਕਿ ਛੋਟੀ ਸੁਨਾਮੀ ਦਾ ਵੀ ਵੱਡਾ ਪ੍ਰਭਾਵ ਹੋ ਸਕਦਾ ਹੈ ਜਿਸ ਤਰ੍ਹਾਂ ਪਿਛਲੇ ਸਾਲ 2018 ਵਿਚ ਇੰਡੋਨੇਸ਼ੀਆ ਵਿਚ ਦਸੰਬਰ ਆਈ ਸੁਨਾਮੀ ਨਾਲ ਹੋਇਆ ਹੈ। ਇਸ ਨਾਲ 1500 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਸਿੰਗਾਪੁਰ ਦੀ ਨਨਯਾਂਗ ਟੈਕਨੋਲੋਜੀਕਲ ਯੂਨੀਵਰਸਿਟੀ ਦੀ ਖੋਜ ਅਨੁਸਾਰ, ਸਮੁੰਦਰ ਜਲ ਪੱਧਰ ਵਿਚ 0.5 ਮੀਟਰ ਦੇ ਵਾਧੇ ਨਾਲ ਸੁਨਾਮੀ ਦੇ ਖਤਰਿਆਂ ਵਿਚ 2.4 ਗੁਣਾ ਅਤੇ ਇਕ ਮੀਟਰ ਨਾਲ 4.7 ਗੁਣਾ ਵਾਧਾ ਹੋ ਸਕਦਾ ਹੈ।

## ਤੀਜੀ ਤਿਮਾਹੀ ਦੌਰਾਨ ਵਿਕਾਸ ਦਰ ਘਟ ਕੇ 6.6 ਫੀਸਦੀ 'ਤੇ ਆਈ

**ਨਵੀਂ ਦਿੱਲੀ:** ਸਾਲ 2018-19 ਦੀ ਅਕਤੂਬਰ ਦਸੰਬਰ ਤਿਮਾਹੀ ਵਿਚ ਭਾਰਤ ਦੀ ਆਰਥਿਕ ਵਿਕਾਸ ਦਰ ਘਟ ਕੇ 6.6 ਫੀਸਦੀ ਰਹਿ ਗਈ ਸੀ ਜਿਸ ਲਈ ਖੇਤੀਬਾੜੀ, ਖਣਨ




ਅਤੇ ਨਿਰਮਾਣ ਖੇਤਰਾਂ ਵਿਚ ਆਈ ਕਮਜ਼ੋਰੀ ਮੁੱਖ ਵਜ੍ਹਾ ਸਮਝੀ ਜਾ ਰਹੀ ਹੈ। ਉਂਜ, ਭਾਰਤ ਨੇ ਸਭ ਤੋਂ ਤੇਜ਼ੀ ਨਾਲ ਉਭਰਦੇ ਅਰਥਚਾਰੇ ਦੀ ਝੰਡੀ ਬਰਕਰਾਰ ਰੱਖੀ ਹੈ ਕਿਉਂਕਿ ਇਸ ਅਰਸੇ ਦੌਰਾਨ ਚੀਨ ਦੀ ਵਿਕਾਸ ਦਰ 6.4 ਫੀਸਦੀ ਰਹੀ ਸੀ। ਪਿਛਲੇ ਮਾਲੀ ਸਾਲ ਦੌਰਾਨ ਅਕਤੂਬਰ ਦਸੰਬਰ ਤਿਮਾਹੀ ਵਿਚ ਦੇਸ਼ ਦੀ ਜੀ.ਡੀ.ਪੀ. ਦੀ ਦਰ 7.7 ਫੀਸਦੀ ਰਹੀ ਸੀ।

ਸੀ.ਐਸ.ਓ. ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਵਿਚ ਕਿਹਾ ਗਿਆ ਹੈ ਕਿ 2018-19 ਦੀ ਤੀਜੀ ਤਿਮਾਹੀ ਵਿਚ ਨਿਰੰਤਰ ਕੀਮਤਾਂ ਮੁਤਾਬਕ ਜੀ.ਡੀ.ਪੀ. 35 ਲੱਖ ਕਰੋੜ ਰੁਪਏ ਰਹਿਣ ਦਾ ਅਨੁਮਾਨ ਹੈ ਜੋ ਕਿ 2017-18 ਦੌਰਾਨ ਤੀਜੀ ਤਿਮਾਹੀ ਵਿਚ 32.85 ਲੱਖ ਕਰੋੜ ਰੁਪਏ ਸੀ। ਇਸ ਲਿਹਾਜ਼ ਨਾਲ 6.6 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਸੀ.ਐਸ.ਓ. ਨੇ ਚਾਲੂ ਮਾਲੀ ਸਾਲ ਦੀਆਂ ਅਪਰੈਲ-ਜੂਨ ਅਤੇ ਜੁਲਾਈ-ਸਤੰਬਰ ਤਿਮਾਹੀਆਂ ਵਿਚ ਵਿਕਾਸ ਦਰ ਦੇ ਅੰਕੜਿਆਂ ਵਿਚ ਵੀ ਸੋਧ ਕੀਤੀ ਹੈ ਜੋ ਕ੍ਰਮਵਾਰ 5.6 ਫੀਸਦੀ ਅਤੇ 6.3 ਫੀਸਦੀ ਤੋਂ 6 ਫੀਸਦੀ ਅਤੇ 6.8 ਫੀਸਦੀ ਕਰ ਦਿੱਤੇ ਗਏ ਹਨ। ਚਾਲੂ ਮਾਲੀ ਸਾਲ ਦੀ ਤੀਜੀ ਤਿਮਾਹੀ ਦੌਰਾਨ ਖੇਤੀਬਾੜੀ ਸੈਕਟਰ ਵਿਚ 2.7 ਫੀਸਦੀ ਵਾਧਾ ਦਰਜ ਕੀਤਾ ਗਿਆ ਜੋ ਸਾਲ ਪਹਿਲਾਂ ਇਸੇ ਅਰਸੇ ਦੌਰਾਨ 4.6 ਫੀਸਦੀ ਸੀ। ਇਸੇ ਤਰ੍ਹਾਂ, ਖਣਨ ਵਿਚ 1.3 ਫੀਸਦੀ ਅਤੇ ਨਿਰਮਾਣ ਸੈਕਟਰ ਵਿਚ 6.7 ਫੀਸਦੀ ਵਾਧਾ ਦਰਜ ਕੀਤਾ ਗਿਆ।

## ਪਾਕਿਸਤਾਨ ਵੱਲੋਂ ਸਮਝੌਤਾ ਐਕਸਪ੍ਰੈੱਸ ਦੀਆਂ ਸੇਵਾਵਾਂ ਬਹਾਲ

**ਅਟਾਰੀ:** ਪਾਕਿਸਤਾਨ ਨੇ ਲਾਹੌਰ ਤੋਂ ਦਿੱਲੀ ਜਾਂਦੀ ਸਮਝੌਤਾ ਐਕਸਪ੍ਰੈੱਸ ਦੀਆਂ ਸੇਵਾਵਾਂ ਨੂੰ ਬਹਾਲ ਕਰ ਦਿੱਤਾ। ਪੁਲਵਾਮਾ ਦਹਿਸ਼ਤੀ ਹਮਲੇ ਕਰਕੇ ਭਾਰਤ ਤੇ ਪਾਕਿਸਤਾਨ ਦੇ ਦੁਵੱਲੇ ਰਿਸ਼ਤਿਆਂ ਵਿੱਚ ਆਈ ਤਲਖੀ ਅਤੇ ਮਗਰੋਂ ਦੋਵਾਂ ਮੁਲਕਾਂ ਦੀਆਂ ਹਵਾਈ ਫੌਜਾਂ ਵਿਚਲੇ ਟਕਰਾਅ ਦੇ ਚਲਦਿਆਂ ਸਮਝੌਤਾ ਐਕਸਪ੍ਰੈੱਸ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ।

1971 ਦੀ ਜੰਗ ਮਗਰੋਂ ਦੋਵਾਂ ਮੁਲਕਾਂ ਵਿੱਚ ਹੋਏ ਸ਼ਿਮਲਾ ਸਮਝੌਤੇ ਤਹਿਤ 22 ਜੁਲਾਈ 1976 ਨੂੰ ਇਸ ਰੇਲ ਸੇਵਾ ਦੀ ਸ਼ੁਰੂਆਤ ਹੋਈ ਸੀ। ਇਹ ਰੇਲਗੱਡੀ ਹਰ ਸੋਮਵਾਰ ਤੇ ਵੀਰਵਾਰ ਨੂੰ ਲਾਹੌਰ ਤੋਂ ਦਿੱਲੀ ਲਈ ਰਵਾਨਾ ਹੁੰਦੀ ਸਮਝੌਤਾ ਐਕਸਪ੍ਰੈਸ ਰੇਲ ਗੱਡੀ ਲਾਹੌਰ ਤੋਂ 174 ਮੁਸਾਫਰ ਜਿਨ੍ਹਾਂ ਵਿੱਚ 160 ਭਾਰਤੀ ਸਨ, ਲੈ ਕੇ 1:37 ਵਜੇ ਭਾਰਤ ਦੇ ਕੌਮਾਂਤਰੀ ਰੇਲਵੇ ਸਟੇਸ਼ਨ ਅਟਾਰੀ ਪੁੱਜੀ। ਸਮਝੌਤਾ ਐਕਸਪ੍ਰੈੱਸ ਵਿੱਚ ਛੇ ਸਲਿਪਰ ਕੋਚ ਤੇ ਇਕ ਏਸੀ (3-ਟੀਅਰ) ਕੋਚ ਹੁੰਦਾ ਹੈ। ਭਾਰਤ ਵਾਲੇ ਪਾਸੇ ਇਹ ਗੱਡੀ ਦਿੱਲੀ ਤੋਂ ਅਟਾਰੀ ਤਕ ਜਾਂਦੀ ਹੈ ਜਦੋਂਕਿ ਸਰਹੱਦ ਦੇ ਦੂਜੇ ਪਾਸੇ ਇਹ ਲਾਹੌਰ ਤੋਂ ਵਾਹਗਾ ਤਕ ਆਉਂਦੀ ਹੈ।

## ਮਹਾਰਾਜਾ ਰਣਜੀਤ ਸਿੰਘ ਐਵਾਰਡ ਦੀ ਸੂਚੀ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਦੀ ਸੂਚੀ ਜਾਰੀ ਕਰ ਦਿੱਤੀ ਹੈ। ਓਲੰਪੀਅਨ ਮਨਦੀਪ ਕੌਰ ਤੇ ਕੌਮਾਂਤਰੀ ਸਾਈਕਲਿਸਟ ਜਗਦੀਪ ਸਿੰਘ ਕਾਹਲੋਂ ਸਮੇਤ ਕੁੱਲ 94 ਖਿਡਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਇਹ ਐਵਾਰਡ ਦਿੱਤਾ ਜਾਵੇਗਾ। ਲੰਮੇ ਸਮੇਂ ਤੋਂ ਖਿਡਾਰੀ ਇਸ ਐਵਾਰਡ ਦੀ ਉਡੀਕ ਕਰ ਰਹੇ ਸਨ।

ਜਾਣਕਾਰੀ ਮੁਤਾਬਕ ਵੋਟਾਂ ਤੋਂ ਬਾਅਦ ਐਵਾਰਡ ਮਿਲਣ ਦੀ ਸੰਭਾਵਨਾ ਹੈ। ਇਸ ਸੂਚੀ ਵਿਚ ਭਾਰਤੀ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ, ਸਾਬਕਾ ਭਾਰਤੀ ਹਾਕੀ ਟੀਮ ਦੇ ਕਪਤਾਨ ਰਾਜਪਾਲ ਸਿੰਘ, ਅਥਲੀਟ ਨਵਜੀਤ ਢਿੱਲੋਂ, ਰੋਅਰ ਸਵਰਨ ਸਿੰਘ ਵਿਰਕ, ਅਥਲੀਟ ਅਰਪਿੰਦਰ ਸਿੰਘ, ਸ਼ੂਟਰ ਹੀਨਾ ਸਿੱਧੂ ਅਤੇ ਹਾਕੀ ਖਿਡਾਰਨ ਗੁਰਜੀਤ ਕੌਰ ਦਾ ਨਾਂ ਸ਼ਾਮਲ ਹੈ। ਪੰਜਾਬ ਨਾਲ ਸਬੰਧਤ 2011 ਤੋਂ ਲੈ ਕੇ 2018 ਤੱਕ ਖੇਡਾਂ ਵਿਚ ਪ੍ਰਾਪਤੀਆਂ ਕਰਨ ਵਾਲੇ ਖਿਡਾਰੀ ਅਤੇ ਜਿਨ੍ਹਾਂ ਖਿਡਾਰੀਆਂ ਨੂੰ ਇਸ ਦੌਰਾਨ ਪਦਮ ਸ੍ਰੀ, ਅਰਜੁਨਾ ਐਵਾਰਡ ਤੇ ਰਾਜੀਵ ਗਾਂਧੀ ਖੇਲ ਰਤਨ ਐਵਾਰਡ ਮਿਲਿਆ ਹੈ, ਉਹ ਮਹਾਰਾਜਾ ਰਣਜੀਤ ਸਿੰਘ ਐਵਾਰਡ ਪ੍ਰਾਪਤ ਕਰਨ ਲਈ ਸਿੱਧੇ ਤੌਰ 'ਤੇ ਯੋਗ ਹਨ। ਪੰਜਾਬ ਨੂੰ ਖੇਡ ਅਖਾੜੇ ਵਿਚ ਮੁੜ ਨੰਬਰ ਇਕ ਸੂਬਾ ਬਣਾਉਣ ਨਾਲ ਖਿਡਾਰੀਆਂ ਲਈ ਚੰਗਾ ਮਾਹੌਲ ਸਿਰਜਣ ਦੇ ਟੀਚੇ ਦੀ ਪ੍ਰਾਪਤੀ ਲਈ ਪੰਜਾਬ ਸਰਕਾਰ ਸੂਬੇ ਵਿਚ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਵਿਕਸਤ ਕਰ ਰਹੀ ਹੈ। ਇਸ ਨੂੰ ਧਿਆਨ ਵਿਚ ਰੱਖਦਿਆਂ ਨਵੀਂ ਖੇਡ



ਨੀਤੀ ਲਾਗੂ ਕੀਤੀ ਗਈ ਅਤੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਸ਼ੁਰੂ ਕੀਤੇ ਗਏ।

## ਜਦੋਂ ਕੁੱਤਾ ਖਾ ਗਿਆ ਹੀਰੇ ਦੀਆਂ ਵਾਲੀਆਂ...

**ਜਲੰਧਰ:** ਸਥਾਨਕ ਗੁਰੂ ਰਾਮਦਾਸ ਕਲੋਨੀ ਵਿੱਚ ਰਹਿਣ ਵਾਲੇ ਪਰਿਵਾਰ ਦੇ ਪਾਲਤੂ ਕੁੱਤੇ ਨੇ ਬੈਡਰੂਮ ਵਿੱਚ ਰੱਖੇ ਹੀਰੇ ਦੀਆਂ ਵਾਲੀਆਂ ਨਿਗਲ ਲਈਆਂ। ਵਾਲੀਆਂ ਗਾਇਬ ਹੋਣ 'ਤੇ ਪਹਿਲਾਂ ਪਰਿਵਾਰ ਨੇ ਤਲਾਸ਼ ਕੀਤੀ ਪਰ ਕਿਤੇ ਵੀ ਕੋਈ ਸੁਰਾਗ ਨਹੀਂ ਮਿਲਿਆ। ਘਰ ਵਿੱਚ ਕੁੱਤੇ ਤੋਂ ਇਲਾਵਾ ਕੋਈ ਹੋਰ ਮੌਜੂਦ ਨਹੀਂ ਸੀ। ਇਸ ਲਈ ਘਰ ਵਾਲਿਆਂ ਨੂੰ ਸ਼ੱਕ ਹੋਇਆ ਕਿ ਕਿਤੇ ਕੁੱਤੇ ਨੇ ਹੀ ਨਾ ਹੀਰੇ ਦੀਆਂ ਵਾਲੀਆਂ ਨਿਗਲ ਲਈਆਂ ਹੋਣ।

ਇਸ ਪਿੱਛੋਂ ਸ਼ੱਕ ਦੇ ਆਧਾਰ 'ਤੇ ਪਰਿਵਾਰ ਕੁੱਤੇ ਨੂੰ ਲੈ ਕੇ ਪਸ਼ੂਆਂ ਦੇ ਡਾਕਟਰ ਕੋਲ ਪੁੱਜੇ ਜਿੱਥੇ ਡਾਕਟਰ ਨੇ ਕੁੱਤੇ ਦਾ ਐਕਸਰੇਅ ਕਰਵਾਉਣ ਲਈ ਕਿਹਾ। ਕੁੱਤੇ ਨੂੰ ਉਲਟੀ ਦੀ ਦਵਾਈ ਵੀ ਦਿੱਤੀ ਗਈ ਪਰ ਕੁਝ ਨਹੀਂ ਹੋਇਆ। ਡਾਕਟਰ ਮੁਕੇਸ਼ ਗੁਪਤਾ ਨੇ ਕਿਹਾ ਕਿ ਕੁੱਤੇ ਦੇ ਐਕਸਰੇਅ ਤੋਂ ਸਪਸ਼ਟ ਹੋ ਗਿਆ ਹੈ ਕਿ ਵਾਲੀਆਂ ਉਸ ਦੇ ਢਿੱਡ ਤੇ ਅੰਤੜੀਆਂ ਵਿੱਚ ਫਸੀਆਂ ਹੋਈਆਂ ਹਨ। ਹਾਲਾਂਕਿ ਕੁੱਤੇ ਨੂੰ ਕੋਈ ਤਕਲੀਫ ਨਹੀਂ ਹੋ ਰਹੀ।

ਇਸ ਸਬੰਧੀ ਡਾਕਟਰ ਜੀ.ਐਸ. ਬੇਦੀ ਨੇ ਦੱਸਿਆ ਕਿ ਕੁੱਤੇ ਦੀ ਉਮਰ ਘੱਟ ਹੋਵੇ ਤਾਂ ਆਪ੍ਰੇਸ਼ਨ ਕਰਕੇ ਸਾਮਾਨ ਕੁੱਤੇ ਦੇ ਸਰੀਰ ਵਿੱਚੋਂ ਕੱਢਿਆ ਜਾ ਸਕਦਾ ਹੈ। ਫਿਲਹਾਲ ਕੁੱਤੇ ਦੀ ਉਮਰ ਜ਼ਿਆਦਾ ਹੈ ਇਸ ਲਈ ਡਾਕਟਰ ਉਸ ਨੂੰ ਉਲਟੀ ਕਰਵਾਉਣ 'ਤੇ ਜ਼ੋਰ ਦੇ ਰਹੇ ਹਨ।

## ਪ੍ਰਿਯੰਕਾ ਚੋਪੜਾ ਨੂੰ 'ਸਦਭਾਵਨਾ ਦੂਤ' ਵਜੋਂ ਹਟਾਉਣ ਲਈ ਆਨਲਾਈਨ ਪਟੀਸ਼ਨ

**ਮੁੰਬਈ:** ਭਾਰਤੀ ਅਦਾਕਾਰ ਪ੍ਰਿਯੰਕਾ ਚੋਪੜਾ ਨੂੰ ਯੂਨੀਸੈੱਫ ਦੇ ਸਦਭਾਵਨਾ ਦੂਤ ਵਜੋਂ ਹਟਾਉਣ ਲਈ ਪਾਕਿਸਤਾਨ ਇਕ ਆਨਲਾਈਨ ਪਟੀਸ਼ਨ ਦਾਇਰ ਕਰੇਗਾ। 'ਆਵਾਜ਼' ਨਾਂ ਦੇ ਆਨਲਾਈਨ ਮੰਚ



ਰਾਹੀਂ ਦਾਖ਼ਲ ਇਸ ਪਟੀਸ਼ਨ 'ਤੇ ਸਾਢੇ ਤਿੰਨ ਹਜ਼ਾਰ ਦੇ ਕਰੀਬ (3519) ਲੋਕਾਂ ਦੇ ਦਸਤਖ਼ਤ ਹਨ। ਇਸ ਪਟੀਸ਼ਨ ਨੂੰ ਅੱਗੇ ਸੰਯੁਕਤ ਰਾਸ਼ਟਰ ਤੇ ਯੂਨੀਸੈੱਫ ਨੂੰ ਟੈਗ ਕੀਤਾ ਗਿਆ ਹੈ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 'ਦੋ ਪਰਮਾਣੂ ਤਾਕਤਾਂ ਦਰਮਿਆਨ ਹੋਣ ਵਾਲੀ ਜੰਗ ਤਬਾਹੀ ਤੇ ਮੌਤ ਵੱਲ ਹੀ ਲਿਜਾਏਗੀ। ਯੂਨੀਸੈੱਫ ਦੀ ਸਦਭਾਵਨਾ ਦੂਤ ਵਜੋਂ ਪ੍ਰਿਯੰਕਾ ਨੂੰ ਨਿਰਪੱਖ ਰਹਿੰਦਿਆਂ ਅਮਨ ਦਾ ਸੁਨੇਹਾ ਦੇਣਾ ਚਾਹੀਦਾ ਸੀ, ਪਰ ਅਦਾਕਾਰਾ ਨੇ ਭਾਰਤੀ ਥਲ ਸੈਨਾ ਦੇ ਹੱਕ ਵਿੱਚ ਜਿਹੜਾ ਟਵੀਟ ਕੀਤਾ ਹੈ, ਉਹ ਕੁਝ ਹੋਰ ਹੀ ਕਹਾਣੀ ਬਿਆਨ ਕਰਦਾ ਹੈ। ਲਿਹਾਜ਼ਾ ਉਹ ਇਸ ਐਜਾਜ਼ ਦੇ ਹੁਣ ਯੋਗ ਨਹੀਂ ਹੈ।'

ਚੋਪੜਾ ਨੂੰ ਸਾਲ 2016 ਵਿੱਚ ਯੂਨੀਸੈੱਫ ਦਾ ਆਲਮੀ ਪੱਧਰ 'ਤੇ ਸਦਭਾਵਨਾ ਦੂਤ ਨਿਯੁਕਤ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਅਦਾਕਾਰਾ ਪ੍ਰਿਯੰਕਾ ਚੋਪੜਾ ਨੇ ਬੀਤੀ ਭਾਰਤ ਵੱਲੋਂ ਪਾਕਿਸਤਾਨ ਦੇ ਖ਼ੈਬਰ ਪਖ਼ਤੂਨਖ਼ਵਾ ਸੂਬੇ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਦਹਿਸ਼ਤੀ ਕੈਂਪਾਂ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਭਾਰਤੀ ਹਵਾਈ ਫੌਜ ਨੂੰ ਵਧਾਈ ਦਿੱਤੀ ਸੀ।

# ਜੰਗ ਨੂੰ ਨਵੇਂ ਅਰਥ ਦੇ ਗਿਆ ਬ੍ਰਿਗੇਡੀਅਰ ਪ੍ਰੀਤਮ ਸਿੰਘ

"ਜੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਨਾ ਹੁੰਦੇ ਤਾਂ ਅੱਜ ਪੁਣਛ ਪਾਕਿਸਤਾਨ ਵਿਚ ਹੁੰਦਾ ਤੇ ਅਸੀਂ ਸਾਰੇ ਮਾਰੇ ਜਾ ਚੁਕੇ ਹੁੰਦੇ। ਅੱਜ ਕਰੀਬ ਦਸ ਲੱਖ ਪੁਣਛੀ ਲੋਕ ਸਿਰਫ ਤੇ ਸਿਰਫ ਬ੍ਰਿਗੇਡੀਅਰ ਪ੍ਰੀਤਮ ਸਿੰਘ ਕਰਕੇ ਜਿਉਂਦੇ ਹਨ।" ਪੁਣਛ ਦੇ ਬਾਸ਼ਿੰਦਿਆਂ ਦੀ ਇਹ ਸਾਂਝੀ ਆਵਾਜ਼ ਹੈ।

ਬ੍ਰਿਗੇਡੀਅਰ ਪ੍ਰੀਤਮ ਸਿੰਘ ਨੂੰ 'ਪੁਣਛ ਦੇ ਰਖਵਾਲੇ' (Savior of Poonch) ਵਜੋਂ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੇ ਨਾਂ 'ਤੇ ਪੁਣਛ 'ਚ ਸਥਾਪਤ ਸਮਾਰਕ ਤੇ ਯਾਦਗਾਰਾਂ ਬੀਤੇ ਵੇਲੇ ਦਾ ਹਾਲ ਬਿਆਨ ਕਰਦੀਆਂ ਹਨ। ਅਸਲ ਵਿਚ ਪ੍ਰੀਤਮ ਸਿੰਘ ਮਹਿਜ ਪੁਣਛ ਖਿੱਤੇ ਨੂੰ ਹੀ ਬਚਾਉਣ ਵਾਲੇ ਨਹੀਂ ਸਨ, ਸਗੋਂ ਉਨ੍ਹਾਂ ਨੇ ਅਜਿਹਾ ਬਹੁਤ ਕੁਝ ਬਚਾਇਆ ਤੇ ਸਿਰਜਿਆ, ਜਿਸ ਦੀ ਕਥਾ ਉਨ੍ਹਾਂ ਬਾਰੇ ਬਣ ਰਹੀ


ਕਮਲਪ੍ਰੀਤ ਸਿੰਘ
ਫੋਨ: 91-75080-42072

ਦਸਤਾਵੇਜ਼ੀ ਫਿਲਮ ਅਤੇ ਉਨ੍ਹਾਂ 'ਤੇ ਲਿਖੀ ਜਾ ਰਹੀ ਪੁਸਤਕ ਦੀ ਤਿਆਰੀ ਸਬੰਧੀ ਪੁਣਛ ਖਿੱਤੇ ਦੇ ਫੇਰੇ ਦੌਰਾਨ ਸਾਹਮਣੇ ਆਈ।

ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਜੀਵਨ ਪਹਾੜੀ ਪਗਡੰਡੀ ਵਾਂਗ ਹੈ, ਜਿਸ ਵਿਚ ਕਈ ਵਲ-ਵਲੇਵੇਂ ਹਨ-ਇਕ ਪਾਸਾ ਪਹਾੜੀ ਚੋਟੀ ਵਾਂਗ ਸਿਖਰ ਤਾਂ ਦੂਜਾ ਡੂੰਘੀ ਖਾਈ ਵਾਂਗ ਗੁੰਮਸੁਮ। ਜਿਵੇਂ ਵੀਹਵੀਂ ਸਦੀ ਦਾ ਮਨੁੱਖੀ ਇਤਿਹਾਸ ਅਦਭੁਤ ਪ੍ਰਾਪਤੀਆਂ ਤੇ ਤਬਾਹਕੁਨ ਘਟਨਾਵਾਂ ਨਾਲ ਭਰਿਆ ਪਿਆ ਹੈ, ਉਸੇ ਤਰ੍ਹਾਂ ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਜੀਵਨ ਹੈ, ਜੋ ਹੈਰਾਨ ਕਰਦਾ ਜਾਂਦਾ ਹੈ!

**ਦੂਜਾ ਵਿਸ਼ਵ ਯੁੱਧ:** ਬ੍ਰਿਗੇਡੀਅਰ ਪ੍ਰੀਤਮ ਸਿੰਘ ਦਾ ਜਨਮ ਉਸ ਥਾਂ ਹੋਇਆ, ਜਿੱਥੇ ਦਸਵੇਂ ਗੁਰੂ ਨੇ ਜ਼ਫਰਨਾਮਾ ਰਚਿਆ। ਉਨ੍ਹਾਂ ਦੀ ਸ਼ਖਸੀਅਤ 'ਤੇ ਦਸਮ ਪਾਤਸ਼ਾਹ ਦਾ ਬਹੁਤ ਅਸਰ ਸੀ। ਚੜ੍ਹਦੀ ਜਵਾਨੀ ਵਿਚ ਪ੍ਰੀਤਮ ਸਿੰਘ ਪੰਜਾਬ ਰੈਜੀਮੈਂਟ ਦੀ 5/6 ਬਟਾਲੀਅਨ ਵਿਚ ਬਤੌਰ ਕੈਪਟਨ ਦੂਜੇ ਵਿਸ਼ਵ ਯੁੱਧ ਵਿਚ ਸਿੰਘਾਪੁਰ ਦੇ ਮੋਰਚੇ 'ਤੇ ਲੜ ਰਹੇ ਸਨ, ਪਰ ਜੰਗ ਦੌਰਾਨ ਦੁਸ਼ਮਣ ਦੇ ਕੈਂਪ ਵਿਚ ਫੜੇ ਗਏ।

4 ਮਈ 1942 ਨੂੰ ਆਪਣੇ ਦੋ ਸਾਥੀਆਂ-ਕੈਪਟਨ ਬਲਵੀਰ ਸਿੰਘ ਤੇ ਕੈਪਟਨ ਜੀ. ਆਰ. ਪ੍ਰਭ ਨਾਲ ਉਥੋਂ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ। ਲਗਭਗ ਛੇ ਮਹੀਨਿਆਂ ਦਾ ਇਹ ਸਫਰ ਬਹੁਤ ਹੀ ਬਿਖੜਾ ਤੇ ਮੁਸ਼ਕਿਲਾਂ ਭਰਿਆ ਸੀ। ਕੈਦਖਾਨੇ 'ਚੋਂ ਭੱਜਣ ਤੇ ਫੜੇ ਜਾਣ ਦਾ ਅਰਥ ਸੀ ਮੌਤ। ਪਰ ਉਨ੍ਹਾਂ ਹੌਸਲਾ ਨਾ ਹਾਰਿਆ ਅਤੇ ਕਈ ਦਿਨਾਂ ਦੀ ਯੋਜਨਾ ਪਿਛੋਂ ਉਹ ਕੈਦ ਵਿਚੋਂ ਨਿਕਲਣ ਵਿਚ ਕਾਮਯਾਬ ਹੋ ਗਏ। ਜਾਅਲੀ ਪਛਾਣ-ਪੱਤਰ 'ਤੇ ਸਿੰਘਾਪੁਰ ਤੋਂ ਰੇਲ ਰਾਹੀਂ ਮਲਾਇਆ ਦੇ ਬਾਰਡਰ 'ਤੇ ਪਹੁੰਚੇ। ਬਾਰਡਰ 'ਤੇ ਕਿੰਨੇ ਹੀ ਦਿਨ ਛੁਪ ਕੇ ਰਹਿਣਾ ਪਿਆ। ਉਥੋਂ ਇਕ ਬੈਲਗੱਡੀ ਰਾਹੀਂ ਸਰਹੱਦ ਪਾਰ ਕੀਤੀ। ਮਲਾਇਆ,





ਥਾਈਲੈਂਡ ਤੇ ਬਰਮਾ ਦੇ ਜੰਗਲਾਂ, ਪਹਾੜਾਂ, ਨਦੀਆਂ ਦਾ ਸਫਰ ਤੈਅ ਕਰਦਿਆਂ ਛੇ ਮਹੀਨਿਆਂ ਪਿਛੋਂ ਆਖਰ ਭਾਰਤ ਪਹੁੰਚ ਗਏ। ਇਸ ਹੌਸਲੇ ਤੇ ਦਲੇਰਾਨਾ ਕਾਰਜ ਲਈ ਪ੍ਰੀਤਮ ਸਿੰਘ ਨੂੰ ਵੱਕਾਰੀ ਮੈਡਲ 'ਮਿਲਟਰੀ ਕਰਾਸ' ਨਾਲ ਸਨਮਾਨਿਆ ਗਿਆ।

**ਪੁਣਛ ਦਾ ਰਖਵਾਲਾ:** 1947 ਵਿਚ ਭਾਰਤ ਦੀ ਵੰਡ ਦੌਰਾਨ ਹਾਲਾਤ ਬਦ ਤੋਂ ਬਦਤਰ ਹੋ ਗਏ। ਪ੍ਰੀਤਮ ਸਿੰਘ ਨੇ ਫੌਜ ਦੇ ਦਿੱਲੀ ਸਥਿਤ ਹੈਡਕੁਆਰਟਰ ਵਿਚ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਨੇ ਵੰਡ ਦੇ ਨਾਜ਼ੁਕ ਮਾਹੌਲ ਵਿਚ ਗੁੜਗਾਓਂ ਦੇ ਖਿੱਤੇ ਵਿਚ ਸ਼ਾਂਤੀ ਬਹਾਲੀ ਤੇ ਉਜੜ ਕੇ ਆਏ ਲੋਕਾਂ ਦੇ ਮੁੜ ਵਸੇਬੇ ਲਈ ਸੇਵਾਵਾਂ ਦਿੱਤੀਆਂ। ਬਾਅਦ ਵਿਚ ਸ੍ਰੀਨਗਰ ਵਿਖੇ ਭਾਰਤੀ ਫੌਜ ਦੀ ਫੈਸਲਾਕੁਨ ਸ਼ਾਲਾਟੈਂਗ ਦੀ ਲੜਾਈ ਵਿਚ ਸ਼ਾਮਿਲ ਹੋਏ ਅਤੇ ਤਿੰਨ ਮਹੀਨਿਆਂ ਵਿਚ ਹੀ ਪਾਕਿਸਤਾਨੀ ਫੌਜ ਨੂੰ ਉੜੀ ਤੋਂ ਵੀ ਪਿਛੇ ਧੱਕ ਦਿੱਤਾ। ਉਨ੍ਹਾਂ ਦੀ ਬਹਾਦਰੀ ਨੂੰ ਦੇਖਦਿਆਂ 20 ਨਵੰਬਰ 1947 ਨੂੰ ਪੁਣਛ ਨੂੰ ਬਚਾਉਣ ਭੇਜਿਆ ਗਿਆ।

ਜਦੋਂ ਬ੍ਰਿਗੇਡੀਅਰ ਪ੍ਰੀਤਮ ਸਿੰਘ ਫੌਜ ਸਮੇਤ ਪੁਣਛ ਵਿਚ ਦਾਖਲ ਹੋ ਰਹੇ ਸਨ ਤਾਂ ਉਥੋਂ ਦੀ ਡੋਗਰਾ ਫੌਜ ਨੂੰ ਲੱਗਾ ਕਿ ਪਾਕਿਸਤਾਨੀ ਫੌਜ ਆ ਰਹੀ ਹੈ ਤੇ ਉਨ੍ਹਾਂ ਨੇ ਜਿਸ ਲੱਕੜ ਦੇ ਪੁਲ ਉਪਰੋਂ ਦੀ ਫੌਜ ਆ ਰਹੀ ਸੀ, ਉਸ ਨੂੰ ਅੱਗ ਲਾ ਦਿੱਤੀ। ਬ੍ਰਿਗੇਡੀਅਰ ਪ੍ਰੀਤਮ ਸਿੰਘ ਕੁਝ ਕੁ ਫੌਜੀਆਂ ਸਮੇਤ ਦਰਿਆ ਪਾਰ ਕਰਨ ਵਿਚ ਸਫਲ ਰਹੇ। ਇਸ ਪਿਛੋਂ ਉਨ੍ਹਾਂ ਦੀ ਬਹਾਦਰੀ ਦਾ ਇਮਤਿਹਾਨ ਸ਼ੁਰੂ ਹੋਇਆ। ਤਿੰਨ ਪਾਸੇ ਪਹਾੜੀਆਂ ਨਾਲ ਘਿਰੇ ਹੋਏ ਪੁਣਛ ਨੂੰ ਪਾਕਿਸਤਾਨੀ ਫੌਜ ਨੇ ਘੇਰ ਲਿਆ ਸੀ ਅਤੇ ਕਬਾਇਲੀਆਂ ਦੇ ਹਮਲੇ ਅਲੱਗ ਤੋਂ ਹੋ ਰਹੇ ਸਨ। ਦਸ ਕੁ ਹਜ਼ਾਰ ਦੀ ਵਸੋਂ ਵਾਲੇ ਖਿੱਤੇ ਵਿਚ ਪਾਕਿਸਤਾਨ ਵਾਲੇ ਪਾਸਿਓਂ ਤੀਹ ਤੋਂ ਚਾਲੀ ਹਜ਼ਾਰ ਲੋਕ ਪੁਣਛ ਵਿਚ ਆ ਚੁਕੇ ਸਨ।

ਨਵੰਬਰ ਦੀ ਠੰਢ, ਉਜਾੜਾ, ਭੁੱਖਮਰੀ, ਹਮਲੇ-ਇਸ ਸਭ ਕਾਸੇ ਵਿਚ ਬ੍ਰਿਗੇਡੀਅਰ ਪ੍ਰੀਤਮ ਸਿੰਘ ਲਈ ਕਈ ਚੁਣੌਤੀਆਂ ਸਨ। ਉਨ੍ਹਾਂ ਨੇ ਕਿਸ ਤਰ੍ਹਾਂ ਆਮ ਲੋਕਾਂ ਦੀਆਂ ਫੌਜੀ ਪਲਟਣਾਂ ਬਣਾਈਆਂ? ਕਿਸ ਤਰ੍ਹਾਂ ਜਹਾਜ ਉਤਾਰਨ ਲਈ ਏਅਰਫੀਲਡ ਤਿਆਰ ਕੀਤਾ? ਕਿਸ ਤਰ੍ਹਾਂ ਇਲਾਕੇ ਨੂੰ ਦੰਗਿਆਂ ਤੋਂ ਮਹਿਫੂਜ਼ ਰੱਖਿਆ? ਕਿਸ ਤਰ੍ਹਾਂ ਪਾਕਿਸਤਾਨ ਜਾਣ ਵਾਲਿਆਂ ਨੂੰ ਸੁਰੱਖਿਅਤ ਪਹੁੰਚਾਇਆ, ਗਲਤੀ ਨਾਲ ਸਰਹੱਦ ਦੇ ਇਸ ਪਾਸੇ ਆ ਵੜਿਆਂ ਨੂੰ ਕਿਵੇਂ ਵਾਪਿਸ ਭੇਜਿਆ? ਕਿਸ ਤਰ੍ਹਾਂ ਵਿਸ਼ੇਸ਼ ਧਰਮ ਦੀ ਥਾਂ ਮਨੁੱਖਤਾ ਨੂੰ



ਕਰਨਵੀਰ ਸਿੰਘ ਸਿਬੀਆ



ਪਰਮਜੀਤ ਸਿੰਘ ਕੱਟੂ

ਪਹਿਲ ਦਿੱਤੀ? ਫਿਰ ਇਕ ਵੇਲੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੂੰ ਕੋਰਟ ਮਾਰਸ਼ਲ ਦਾ ਸਾਹਮਣਾ ਵੀ ਕਰਨਾ ਪਿਆ। ਕਿੰਜ ਆਪਣੀ ਜ਼ਿੰਦਗੀ ਦਾ ਆਖਰੀ ਸਮਾਂ ਗੁੰਮਨਾਮੀ ਵਿਚ ਗੁਜ਼ਾਰਿਆ-ਅਜਿਹੀਆਂ ਬਹੁਤ ਕਥਾਵਾਂ ਹਨ, ਜੋ ਉਨ੍ਹਾਂ ਬਾਰੇ ਬਣ ਰਹੀ ਦਸਤਾਵੇਜ਼ੀ ਫਿਲਮ ਅਤੇ ਪੁਸਤਕ ਰੂਪ ਵਿਚ ਸਾਹਮਣੇ ਆ ਰਹੀਆਂ ਹਨ।

**ਦਸਤਾਵੇਜ਼ੀ ਫਿਲਮ:** ਬ੍ਰਿਗੇਡੀਅਰ ਪ੍ਰੀਤਮ ਸਿੰਘ ਦੇ ਜੀਵਨ 'ਤੇ ਆਧਾਰਤ ਫਿਲਮ ਦਾ ਨਿਰਦੇਸ਼ਨ ਪਰਮਜੀਤ ਸਿੰਘ ਕੱਟੂ ਕਰ ਰਿਹਾ ਹੈ। ਪਰਮਜੀਤ ਹੁਣ ਤਕ 'ਅੱਡਾ ਖੱਡਾ' ਅਤੇ 'ਸਟਰੇਅ ਸਟਾਰ' ਨਾਂ ਦੀਆਂ ਦੋ ਲਘੂ ਫਿਲਮਾਂ ਦਾ ਲੇਖਕ ਅਤੇ ਨਿਰਦੇਸ਼ਕ ਹੈ। 'ਸਟਰੇਅ ਸਟਾਰ' ਹੁਣ ਤਕ ਸੱਤ ਅੰਤਰਰਾਸ਼ਟਰੀ ਫਿਲਮ ਮੇਲਿਆਂ ਵਿਚ ਸ਼ਾਮਲ ਹੋ ਚੁਕੀ ਹੈ।

ਪਰਮਜੀਤ ਦਾ ਕਹਿਣਾ ਹੈ ਕਿ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀ ਜ਼ਿੰਦਗੀ ਬਾਰੇ ਬਣ ਰਹੀ ਦਸਤਾਵੇਜ਼ੀ ਫਿਲਮ ਲੋਕਾਂ ਲਈ ਪ੍ਰੇਰਨਾ ਸਰੋਤ ਬਣੇਗੀ। ਇਸ ਫਿਲਮ ਦਾ ਨਾਂ 'ਦ ਸੇਵੀਅਰ' (ਬਚਾਉਣ ਵਾਲਾ) ਇਸ ਕਰਕੇ ਰੱਖਿਆ ਗਿਆ ਹੈ, ਕਿਉਂਕਿ ਬ੍ਰਿਗੇਡੀਅਰ ਪ੍ਰੀਤਮ ਸਿੰਘ ਖਿੱਤੇ, ਧਰਮ, ਨਸਲ, ਮਨੁੱਖਤਾ, ਕੁਦਰਤ ਆਦਿ ਹਰ ਕਿਸੇ ਦੇ ਰਖਵਾਲੇ ਸਨ। ਪਰਮਜੀਤ ਦਾ ਦਾਅਵਾ ਹੈ ਕਿ ਅਜਿਹੇ ਸੂਰਬੀਰਾਂ ਉਪਰ ਵਿਸ਼ਵ ਸਿਨੇਮਾ ਵਿਚ ਤਾਂ ਫਿਲਮਾਂ ਮਿਲ ਜਾਂਦੀਆਂ ਹਨ ਪਰ ਇਸ ਪੱਖੋਂ ਹਾਲੇ ਤੱਕ ਪੰਜਾਬੀ ਸਿਨੇਮਾ ਵਿਚ ਕੋਈ ਬਹੁਤਾ ਕੰਮ ਨਹੀਂ ਹੋਇਆ। ਇਹ ਉਹ ਫਿਲਮ ਹੈ, ਜੋ ਜੰਗ ਨੂੰ ਪੁਨਰ-ਪਰਿਭਾਸ਼ਿਤ ਕਰੇਗੀ।

**ਪੁਸਤਕ:** ਬ੍ਰਿਗੇਡੀਅਰ ਪ੍ਰੀਤਮ ਸਿੰਘ ਅਤੇ ਬਾਬਾ ਮਿਹਰ ਦੇ ਨਾਂ ਨਾਲ ਜਾਣੇ ਜਾਂਦੇ ਭਾਰਤੀ ਏਅਰ ਫੋਰਸ ਦੇ ਪਾਇਲਟ ਦੇ ਜੀਵਨ ਉਪਰ ਪੁਸਤਕ ਸ. ਕਰਨਵੀਰ ਸਿੰਘ ਸਿਬੀਆ ਤੇ ਜੈਅਸਲ ਚੌਹਾਨ ਲਿਖ ਰਹੇ ਹਨ। ਕਰਨਵੀਰ ਸਿੰਘ ਸਿਬੀਆ ਇਸ ਸਾਰੇ ਪ੍ਰਾਜੈਕਟ ਦੇ ਕਰਤਾ-ਧਰਤਾ ਹਨ। ਸਮਾਜਕ ਅਤੇ ਸਾਹਿਤਕ ਕਾਰਜਾਂ ਲਈ ਸ. ਸਿਬੀਆ ਹਮੇਸ਼ਾ ਆਪਣਾ ਵਡਮੁੱਲਾ ਯੋਗਦਾਨ ਪਾਉਂਦੇ ਰਹਿੰਦੇ ਹਨ। ਉਹ ਪਿਛਲੇ ਚਾਰ ਸਾਲਾਂ ਤੋਂ ਸੰਗਰੂਰ ਵਿਚ ਅੰਤਰਰਾਸ਼ਟਰੀ ਪੱਧਰ ਦਾ ਸਾਹਿਤਕ ਮੇਲਾ ਕਰਵਾਉਂਦੇ ਆ ਰਹੇ ਹਨ। ਸ. ਸਿਬੀਆ ਦਾ ਕਹਿਣਾ ਹੈ ਕਿ ਇਹ ਪ੍ਰਾਜੈਕਟ ਉਨ੍ਹਾਂ ਦਾ ਆਪਣੇ ਮਹਾਨ ਪੁਰਖਿਆਂ ਦੀਆਂ ਕੁਰਬਾਨੀਆਂ ਲਈ ਤਿਲ-ਫੁਲ ਯੋਗਦਾਨ ਹੈ ਅਤੇ ਇਨ੍ਹਾਂ ਪ੍ਰਾਜੈਕਟਾਂ ਰਾਹੀਂ ਉਹ ਉਨ੍ਹਾਂ ਦੇ ਮਹਾਨ ਕਾਰਜਾਂ ਨੂੰ ਸਾਂਭਣਾ ਚਾਹੁੰਦੇ ਹਨ। ਉਨ੍ਹਾਂ ਨੂੰ ਯਕੀਨ ਹੈ ਕਿ ਇਹ ਦਸਤਾਵੇਜ਼ੀ ਫਿਲਮ ਅਤੇ ਪੁਸਤਕ ਲੋਕਾਂ ਲਈ ਪ੍ਰੇਰਨਾ ਸਰੋਤ ਹੋਣਗੀਆਂ।

# 'ਨਾਢੂ ਖਾਂ' ਬਣਿਆ ਹਰੀਸ਼ ਵਰਮਾ

ਪੰਜਾਬੀ ਦਰਸ਼ਕਾਂ ਦਾ ਚਹੇਤਾ ਅਦਾਕਾਰ ਜੱਟ ਟਿੰਕਾ ਉਰਫ ਹਰੀਸ਼ ਵਰਮਾ ਪੰਜਾਬੀ ਫਿਲਮ ਜਗਤ ਦਾ ਉਹ ਬੁਲੰਦ ਸਿਤਾਰਾ ਹੈ, ਜੋ ਆਪਣੀ ਹਰ ਫਿਲਮ 'ਚ ਇਕ ਵੱਖਰੇ ਅੰਦਾਜ਼ 'ਚ ਨਜ਼ਰ ਆਉਂਦਾ ਹੈ। ਸਾਲ 'ਚ ਗਿਣੀਆਂ ਚੁਣੀਆਂ ਫਿਲਮਾਂ ਕਰਨ ਵਾਲੇ ਹਰੀਸ਼ ਵਰਮਾ ਦੀ ਇਨ੍ਹਾਂ ਅਸੂਲਾਂ ਸਦਕਾ ਹੀ ਪੰਜਾਬੀ ਗਾਇਕਾਂ ਦੀ ਭਰਮਾਰ ਵਾਲੀ ਫਿਲਮ ਇੰਡਸਟਰੀ 'ਚ ਆਪਣੀ ਵੱਖਰੀ ਪਛਾਣ ਹੈ। ਗਾਇਕ ਤੋਂ ਅਦਾਕਾਰ ਬਣੇ ਕਲਾਕਾਰਾਂ ਦੀ ਭੀੜ 'ਚ ਹਰੀਸ਼ ਉਹ ਪਹਿਲਾ ਅਦਾਕਾਰ ਹੈ, ਜੋ ਅਦਾਕਾਰ ਤੋਂ ਗਾਇਕ ਬਣਿਆ। ਉਹ ਆਪਣੀ

ਆਸ਼ਿਮਾ ਸੱਚਦੇਵਾ
ਫੋਨ: 91-73072-66783

ਗਾਇਕੀ ਦਾ ਇਜ਼ਹਾਰ ਆਪਣੇ ਤਿੰਨ ਖੂਬਸੂਰਤ ਗੀਤਾਂ ਰਾਹੀਂ ਕਰ ਚੁਕਾ ਹੈ। ਅੱਜ ਕੱਲ੍ਹ ਆਪਣੀ ਨਵੀਂ ਫਿਲਮ 'ਮੁੰਡਾ ਹੀ ਚਾਹੀਦੈ' ਦੀ ਸ਼ੂਟਿੰਗ 'ਚ ਰੁੱਝਿਆ ਹਰੀਸ਼ ਵਰਮਾ ਇਸ ਸਾਲ ਤਿੰਨ ਪੰਜਾਬੀ ਫਿਲਮਾਂ 'ਚ ਨਜ਼ਰ ਆਵੇਗਾ।

ਹਰੀਸ਼ ਵਰਮਾ ਮਰਹੂਮ ਨਾਟਕਕਾਰ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਦਾ ਸ਼ਾਗਿਰਦ ਹੈ। ਹਰੀਸ਼ ਨੇ ਉਨ੍ਹਾਂ ਦੀ ਨਿਗਰਾਨੀ ਹੇਠ ਦਰਜਨਾਂ ਨਾਟਕ ਖੇਡੇ। ਭਾਈ ਮੰਨਾ ਸਿੰਘ ਦਾ ਥਾਪੜਾ ਤੇ ਰੰਗਮੰਚ ਤੋਂ ਅਦਾਕਾਰੀ ਦੀ ਗੁੜ੍ਹਤੀ ਲੈਣ ਪਿਛੋਂ ਹੀ ਉਹ ਕਿਸਮਤ ਅਜਮਾਉਣ ਮੁੰਬਈ ਗਿਆ ਸੀ। ਉਸ ਨੇ ਸ਼ੁਰੂਆਤ ਟੈਲੀਵਿਜ਼ਨ ਤੋਂ ਕੀਤੀ। ਚਰਚਿਤ ਸੀਰੀਅਲ 'ਨਾ ਆਨਾ ਇਸ ਦੇਸ਼ ਲਾਡੋ' ਨਾਲ ਉਸ ਦੀ ਪਛਾਣ ਬਣੀ। 2009 ਵਿਚ ਆਏ ਇਸ ਸੀਰੀਅਲ ਪਿਛੋਂ ਉਸ ਨੂੰ 2010 ਵਿਚ ਪੰਜਾਬੀ ਫਿਲਮ 'ਪੰਜਾਬ' ਵਿਚ ਕੰਮ ਕਰਨ ਦਾ ਮੌਕਾ ਮਿਲਿਆ, ਪਰ ਇਹ ਫਿਲਮ ਚੱਲੀ ਨਾ। 2011 ਵਿਚ ਨਾਮੀ ਨਿਰਦੇਸ਼ਕ ਅਨੁਰਾਗ ਸਿੰਘ ਦੀ ਬਣਾਈ ਪੰਜਾਬੀ ਫਿਲਮ 'ਯਾਰ ਅਣਮੁੱਲੇ' ਨੇ ਹਰੀਸ਼ ਵਰਮਾ ਨੂੰ ਪੰਜਾਬੀ ਅਦਾਕਾਰ ਵਜੋਂ ਨਾ ਕੇਵਲ ਪਛਾਣ ਦਿੱਤੀ, ਸਗੋਂ ਉਸ ਨੂੰ ਇਕ ਨਵਾਂ



ਨਾਂ 'ਜੱਟ ਟਿੰਕਾ' ਵੀ ਦਿੱਤਾ। ਅੱਜ ਵੀ ਬਹੁਤੇ ਦਰਸ਼ਕ ਉਸ ਨੂੰ ਜੱਟ ਟਿੰਕੇ ਵਜੋਂ ਹੀ ਜਾਣਦੇ ਹਨ।

ਕਰੀਬ ਦਰਜਨ ਪੰਜਾਬੀ ਫਿਲਮਾਂ ਵਿਚ ਕੰਮ ਕਰ ਚੁਕਾ ਹਰੀਸ਼ ਹਰ ਫਿਲਮ ਦੀ ਚੋਣ ਬੜੀ ਸਮਝਦਾਰੀ ਨਾਲ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਦੀ ਹਰ ਫਿਲਮ 'ਚ ਨਵਾਂਪਣ ਹੁੰਦਾ ਹੈ। ਇਸ ਗੱਲ ਦਾ ਸਬੂਤ ਪਿਛਲੇ ਸਾਲ ਰਿਲੀਜ਼ ਹੋਈ ਫਿਲਮ 'ਗੋਲਕ ਬੁਗਨੀ ਬੈਂਕ ਤੇ ਬਟੂਆ' ਅਤੇ ਛੇਤੀ ਰਿਲੀਜ਼ ਹੋ ਰਹੀ ਫਿਲਮ 'ਨਾਢੂ ਖਾਂ' ਹੈ।

ਹਰੀਸ਼ ਵਰਮਾ ਆਪਣੇ ਆਪ ਨੂੰ ਕਿਸੇ ਇਕ ਇਮੇਜ ਵਿਚ ਬੰਨਣਾ ਨਹੀਂ ਚਾਹੁੰਦਾ, ਸਗੋਂ ਹਰ ਤਰ੍ਹਾਂ ਦੇ ਕਿਰਦਾਰ ਨਿਭਾਉਣ ਦਾ ਇੱਛੁਕ ਹੈ। ਉਸ ਦੀ ਫਿਲਮ 'ਮੁੰਡਾ ਹੀ ਚਾਹੀਦੈ' ਜਿਥੇ ਉਸ ਨੂੰ ਇੱਕ ਵੱਖਰੇ ਕਿਰਦਾਰ 'ਚ ਪੇਸ਼ ਕਰੇਗੀ, ਉਥੇ ਫਿਲਮ 'ਨਾਢੂ ਖਾਂ' ਉਸ ਦੀ ਅਦਾਕਾਰੀ ਪ੍ਰਤਿਭਾ ਦਾ ਮੁਜਾਹਰਾ ਕਰੇਗੀ। ਉਸ ਅਨੁਸਾਰ ਇਮਰਾਨ ਸ਼ੇਖ ਦੀ ਨਿਰਦੇਸ਼ਤ ਇਹ ਅਜਿਹੀ ਫਿਲਮ ਹੈ, ਜਿਸ ਵਿਚ ਕੰਮ ਕਰਦਿਆਂ ਉਸ ਦੇ ਅੰਦਰਲੇ ਕਲਾਕਾਰ ਦੀ ਪੂਰਤੀ ਹੋਈ ਹੈ। ਇਸ ਫਿਲਮ ਜ਼ਰੀਏ ਉਸ ਨੇ ਪਹਿਲੀ ਵਾਰ ਕਿਸੇ ਪੀਰੀਅਡ ਡਰਾਮਾ ਫਿਲਮ ਵਿਚ ਮੁੱਖ ਭੂਮਿਕਾ ਨਿਭਾਈ ਹੈ। 26 ਅਪਰੈਲ ਨੂੰ ਰਿਲੀਜ਼ ਹੋ ਰਹੀ ਇਸ ਫਿਲਮ 'ਚ ਉਸ ਨਾਲ ਵਾਮਿਕਾ ਗੱਬੀ ਨੇ ਮੁੱਖ ਭੂਮਿਕਾ ਨਿਭਾਈ ਹੈ। ਦੋਵੇਂ ਜਣੇ ਇਸ ਫਿਲਮ ਵਿਚ ਪਹਿਲੀ ਵਾਰ ਇੱਕਠੇ ਨਜ਼ਰ ਆਉਣਗੇ।

ਹਰੀਸ਼ ਮੁਤਾਬਕ ਇਹ ਫਿਲਮ 1940 ਦੇ ਆਸ-ਪਾਸ ਦੇ ਸਮੇਂ ਨੂੰ ਪਰਦੇ 'ਤੇ ਪੇਸ਼ ਕਰੇਗੀ। ਇਹ ਫਿਲਮ ਇਕ ਪਰਿਵਾਰਕ ਡਰਾਮਾ ਹੈ ਜਿਸ ਜ਼ਰੀਏ ਜ਼ਿੰਦਗੀ ਦੇ ਵੱਖ ਵੱਖ ਰੰਗਾਂ ਨੂੰ ਪੇਸ਼ ਕੀਤਾ ਗਿਆ ਹੈ। ਰਾਜਸਥਾਨ ਵਿਚ ਇਸ ਫਿਲਮ ਦੀ ਸ਼ੂਟਿੰਗ ਲਈ ਕਈ ਵੱਡੇ ਸੈਟ ਲਾਏ ਗਏ ਸਨ। ਹਰੀਸ਼ ਮੁਤਾਬਕ ਫਿਲਮ ਦੀ ਸ਼ੂਟਿੰਗ ਕਰਨਾ ਹੀ ਉਸ ਲਈ ਬੇਹੱਦ ਰੁਮਾਂਚਿਤ ਰਿਹਾ ਹੈ। ਦਰਸ਼ਕ ਉਸ ਨੂੰ ਇਸ ਫਿਲਮ ਵਿਚ ਭਲਵਾਨੀ ਕਰਦੇ ਵੀ ਦੇਖਣਗੇ। ਉਸ ਨੂੰ ਇਕ ਤਰ੍ਹਾਂ ਦੀਆਂ ਚੁਣੌਤੀ ਭਰੇ ਤੇ ਵੱਖਰੀ ਕਿਸਮ ਦੀਆਂ ਫਿਲਮਾਂ ਵਿਚ ਕੰਮ ਕਰ ਕੇ ਸਕੂਨ ਮਿਲਦਾ ਹੈ।

ਹਰੀਸ਼ ਵਰਮਾ ਅਨੁਸਾਰ ਪੰਜਾਬੀ ਸਿਨੇਮਾ ਹੁਣ ਬਿਲਕੁਲ ਬਦਲ ਗਿਆ ਹੈ। ਹੁਣ ਇਥੇ ਉਹੀ ਫਿਲਮ ਟਿਕਦੀ ਹੈ, ਜੋ ਦਰਸ਼ਕਾਂ ਨੂੰ ਕੁਝ ਵਖਰਾ ਦਿਖਾਉਂਦੀ ਹੈ। ਇਸ ਹਾਲਤ ਵਿਚ ਕਲਾਕਾਰਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੈ। ਉਸ ਨੂੰ ਦਰਸ਼ਕਾਂ ਦੇ ਦਿਲਾਂ 'ਚ ਟਿਕੇ ਰਹਿਣ ਲਈ ਹਰ ਵਾਰ ਕੁਝ ਨਾ ਕੁਝ ਨਵਾਂ ਪੇਸ਼ ਕਰਨਾ ਹੀ ਪੈਣਾ ਹੈ। ਉਹ ਹਮੇਸ਼ਾ ਹੀ ਇਸ ਚੁਣੌਤੀ ਨੂੰ ਸਵੀਕਾਰ ਕਰਕੇ ਅੱਗੇ ਵਧਦਾ ਹੈ। ਇਸ ਸਾਲ ਉਸ ਦੀਆਂ ਤਿੰਨ ਫਿਲਮਾਂ ਰਿਲੀਜ਼ ਹੋਣੀਆਂ ਹਨ। ਇਨ੍ਹਾਂ ਨੇ ਹੀ ਉਸ ਦੇ ਅਗਲੇ ਸਾਲਾਂ ਦਾ ਭਵਿੱਖ ਦੱਸਣਾ ਹੈ।

## ਕਾਵਿ ਜਗਤ

### ਗਵਾਚਿਆ ਵਿਰਸਾ

ਘੜੇ ਵਾਲਾ ਪਾਣੀ ਅਸੀਂ ਕਿਉਂ ਭੁੱਲ ਗਏ,
ਫੈਸ਼ਨਾਂ ਦੇ ਪਿੱਛੇ ਅਸੀਂ ਕਿੱਥੇ ਰੁਲ ਗਏ।
ਦੰਦ ਸਾਡੇ ਨਹੀਓਂ ਅੱਜ ਗੰਨਾ ਛਿੱਲਦੇ,
ਵਿਚ ਨੇ ਗਿਲਾਸਾਂ ਵੇਖੋ ਜੂਸ ਮਿਲਦੇ।

ਮਾਂ ਦੀ ਛਾਤੀ ਵਿਚੋਂ ਹੁਣ ਦੁੱਧ ਮੁੱਕਿਆ,
ਬੋਤਲਾਂ ਦਾ ਦੁੱਧ ਪੀ ਪੀ ਬੱਚਾ ਸੁੱਕਿਆ।
ਪੈਕਟਾਂ ਦੇ ਵਿਚ ਹੁਣ ਦਹੀਂ ਮਿਲਦੇ,
ਚਾਟੀ ਤੇ ਮਧਾਣੀ ਨਹੀਂ ਸਵੇਰੇ ਹਿੱਲਦੇ।

ਨਿੰਮ ਵਾਲੇ ਬੂਟੇ ਅਸੀਂ ਘਰੋਂ ਪੁੱਟ'ਤੇ,
ਵਿਹੜੇ ਵਿਚ ਇੱਟਾਂ ਤੇ ਬੱਜਰ ਕੁੱਟ'ਤੇ।
ਫੇਰ ਵੀ ਨਿਰੋਗ ਵੇਖੋ ਸਿਹਤ ਭਾਲਦੇ,
ਅੱਗ ਲਾ ਕੇ ਖੇਤ 'ਚੋਂ ਪਰਾਲੀ ਬਾਲਦੇ।

ਖੇਡਾਂ ਨਾਲੋਂ ਅੱਜ ਹੈ ਜਵਾਨ ਟੁੱਟਿਆ,
ਨਸ਼ਿਆਂ ਦੇ ਵਿਚ ਗਿਆ ਮੁੰਡਾ ਲੁਟਿਆ।
ਤੂੰਬੀ ਨਾਲੋਂ ਸਾਡਾ ਹੈ ਸੰਗੀਤ ਟੁੱਟਿਆ,
ਛੜਾ ਰਹਿਣਾ ਚਾਹੁੰਦਾ ਸਾਡਾ ਮੱਸ ਫੁਟਿਆ।

ਸੱਗੀ ਫੁੱਲ ਲਾਉਣਾ ਸਾਡੀ ਨਾਰ ਭੁੱਲ ਗਈ,
ਤਾਂ ਹੀ ਗੁੱਤ ਵਿਚੋਂ ਹੈ ਪਰਾਂਦੀ ਖੁੱਲ੍ਹ ਗਈ।
ਕਿਹੜੇ ਪਾਸੇ ਸਾਡਾ ਹੈ ਪੰਜਾਬ ਚੱਲਿਆ,
ਤੂੰ ਕਿਉਂ ਚੁੱਪ ਬੈਠਾ ਏਂ ਹੁਣ ਝੱਲਿਆ।
ਚੁੱਕ ਲੈ ਮਸ਼ਾਲ ਫਿਰ ਹੋਕਾ ਮਾਰ ਲੈ।
'ਗੁਰਪ੍ਰੀਤ' ਆ ਕੇ ਵਿਰਸੇ ਦੀ ਸਾਰ ਲੈ।

-ਗੁਰਪ੍ਰੀਤ ਸਿੰਘ 'ਡਬਵਾਲਾ'
ਫੋਨ: 91-94179-03994

# ਅਸੀਂ ਚੁੱਪ ਕਿਉਂ ਹਾਂ...?

## ਕਲਾਕਾਰਾਂ ਉਤੇ ਪਾਬੰਦੀ ਖਿਲਾਫ ਆਵਾਜ਼ ਬੁਲੰਦ

*ਪੰਜ ਸਾਲ ਪਹਿਲਾਂ ਕੇਂਦਰ ਵਿਚ ਮੋਦੀ ਸਰਕਾਰ ਕਾਇਮ ਹੁੰਦੇ ਸਾਰ ਵੱਖ-ਵੱਖ ਤਬਕਿਆਂ ਉਤੇ ਵੱਖ-ਵੱਖ ਢੰਗ-ਤਰੀਕਿਆਂ ਨਾਲ ਪਾਬੰਦੀਆਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਵੱਖ-ਵੱਖ ਖੇਤਰਾਂ ਦੇ ਕਲਾਕਾਰਾਂ ਨੂੰ ਇਨ੍ਹਾਂ ਪਾਬੰਦੀਆਂ ਦੀ ਮਾਰ ਸਭ ਤੋਂ ਜ਼ਿਆਦਾ ਸਹਿਣੀ ਪਈ। ਇਸ ਲੇਖ ਵਿਚ ਉਘੇ ਨਾਟਕਕਾਰ ਸਵਰਾਜਬੀਰ ਨੇ ਇਨ੍ਹਾਂ ਪਾਬੰਦੀਆਂ ਬਾਰੇ ਚਰਚਾ ਕੀਤੀ ਹੈ। ਹਾਲ ਹੀ ਵਿਚ ਮੁੰਬਈ ਵਿਚ ਇਕ ਸਮਾਗਮ ਦੌਰਾਨ ਉਘੇ ਫਿਲਮ ਅਦਾਕਾਰ ਅਤੇ ਨਿਰਦੇਸ਼ਕ ਨੂੰ ਭਾਸ਼ਨ ਦੇਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਉਸ ਨੇ ਵੀ ਆਪਣਾ ਭਾਸ਼ਨ ਪੂਰਾ ਕਰਕੇ ਹੀ ਸਾਹ ਲਿਆ। -ਸੰਪਾਦਕ*

### ਕਲਾ ਪਰਿਕਰਮਾ

**ਸਵਰਾਜਬੀਰ**

ਮੁੰਬਈ ਵਿਚ ਪਿਛੇ ਜਿਹੇ ਨੈਸ਼ਨਲ ਗੈਲਰੀ ਆਫ ਮਾਡਰਨ ਆਰਟਸ (ਐਨ.ਜੀ.ਐਮ.ਏ.) ਵਿਚ ਮਰਹੂਮ ਮਹਾਰਾਸ਼ਟਰੀ ਚਿੱਤਰਕਾਰ ਪ੍ਰਭਾਕਰ ਬਾਰਵੇ ਦੀ ਯਾਦ ਵਿਚ ਉਨ੍ਹਾਂ ਦੇ ਚਿੱਤਰਾਂ ਦੀ ਨੁਮਾਇਸ਼ ਦੇ ਉਦਘਾਟਨੀ ਸਮਾਰੋਹ ਦੌਰਾਨ ਬੋਲ ਰਹੇ ਮਸ਼ਹੂਰ ਫਿਲਮੀ ਅਦਾਕਾਰ ਤੇ ਨਾਟ-ਕਰਮੀ ਅਮੋਲ ਪਾਲੇਕਰ ਨੂੰ ਉਨ੍ਹਾਂ ਦੇ ਭਾਸ਼ਨ ਦੌਰਾਨ ਵਾਰ ਵਾਰ ਟੋਕਿਆ ਗਿਆ। 1936 ਵਿਚ ਜਨਮੇ ਪ੍ਰਭਾਕਰ ਬਾਰਵੇ ਨੂੰ ਹਿੰਦੋਸਤਾਨ ਵਿਚ ਆਧੁਨਿਕ ਚਿੱਤਰਕਾਰੀ ਦੇ ਮੋਢੀਆਂ ਵਿਚੋਂ ਮੰਨਿਆ ਜਾਂਦਾ ਹੈ। ਉਸ ਦੇ ਚਿੱਤਰਾਂ ਵਿਚ ਹਿੰਦੋਸਤਾਨ ਦੀ ਪੁਰਾਣੀ ਤਾਂਤਰਿਕ ਪਰੰਪਰਾ ਅਤੇ ਆਧੁਨਿਕਤਾ ਦਾ ਸੁਮੇਲ ਦੇਖਣ ਨੂੰ ਮਿਲਦਾ ਹੈ। ਉਸ ਦੀ ਯਾਦ ਵਿਚ ਰੱਖੇ ਗਏ ਸਮਾਰੋਹ ਵਿਚ ਅਮੋਲ ਪਾਲੇਕਰ ਨੇ ਨੈਸ਼ਨਲ ਗੈਲਰੀ ਦੇ ਖੇਤਰੀ ਕੇਂਦਰਾਂ ਮੁੰਬਈ ਤੇ ਬੰਗਲੌਰ ਦੀਆਂ ਸਲਾਹਕਾਰ ਕਮੇਟੀਆਂ ਨੂੰ ਮੋਦੀ ਸਰਕਾਰ ਵਲੋਂ ਖਤਮ ਕਰਨ ਸਬੰਧੀ ਜ਼ਿਕਰ ਕੀਤਾ। ਉਸ ਨੇ ਕਿਹਾ ਕਿ ਇਸ ਸਮਾਰੋਹ ਵਿਚ ਸ਼ਾਮਲ ਬਹੁਤੇ ਲੋਕਾਂ ਨੂੰ ਸ਼ਾਇਦ ਇਹ ਪਤਾ ਨਹੀਂ ਹੈ ਕਿ ਪ੍ਰਭਾਕਰ ਬਾਰਵੇ ਵਾਲਾ ਸਮਾਗਮ ਉਹ ਆਖਰੀ ਸਮਾਗਮ ਹੈ ਜੋ ਸਥਾਨਕ ਕਲਾਕਾਰਾਂ ਦੀ ਸਲਾਹਕਾਰ ਕਮੇਟੀ ਦੀ ਸਿਫਾਰਸ਼ 'ਤੇ ਕੀਤਾ ਜਾ ਰਿਹਾ ਸੀ। ਉਸ ਦੇ ਇਹ ਕਹਿਣ 'ਤੇ ਐਨ.ਜੀ.ਐਮ.ਏ. ਦੀ ਮੁੰਬਈ ਕੇਂਦਰ ਦੀ ਡਾਇਰੈਕਟਰ ਅਨੀਤਾ ਰੂਪਾਵਰਤਮ ਨੇ ਅਮੋਲ ਪਾਲੇਕਰ ਨੂੰ ਟੋਕਿਆ ਤੇ ਕਿਹਾ ਕਿ ਉਹ ਆਪਣਾ ਭਾਸ਼ਨ ਬਾਰਵੇ ਸਮਾਰੋਹ ਬਾਰੇ ਹੀ ਸੀਮਤ ਰੱਖੇ। ਜਵਾਬ ਵਿਚ ਪਾਲੇਕਰ ਨੇ ਕਿਹਾ ਕਿ ਉਹ ਸਮਾਗਮ ਬਾਰੇ ਹੀ ਗੱਲਬਾਤ ਕਰ ਰਿਹਾ ਹੈ ਅਤੇ ਕੀ ਡਾਇਰੈਕਟਰ ਉਸ 'ਤੇ ਸੈਂਸਰਸ਼ਿਪ ਲਾਗੂ ਕਰ ਰਹੀ ਹੈ?

ਜਦ ਪਾਲੇਕਰ ਨੇ ਸਲਹਾਕਾਰ ਕਮੇਟੀਆਂ ਭੰਗ ਕਰਨ ਦੀ ਗੱਲ ਕੀਤੀ ਤਾਂ ਇਕ ਹੋਰ ਮਹਿਲਾ ਮੈਂਬਰ ਨੇ ਉਸ ਨੂੰ ਟੋਕਿਆ। ਪਾਲੇਕਰ ਨੇ ਬੋਲਣਾ ਜਾਰੀ ਰੱਖਿਆ ਅਤੇ ਕਿਹਾ ਕਿ ਐਨ.ਜੀ.ਐਮ.ਏ. ਕਲਾ ਦੇ ਪ੍ਰਦਰਸ਼ਨ ਕਰਨ ਦਾ ਪਵਿਤਰ ਸਥਾਨ ਹੈ ਪਰ ਜਿਸ ਤਰ੍ਹਾਂ ਦਾ ਜ਼ਾਬਤਾ ਲਾਗੂ ਕਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਉਹ ਸਾਡਾ ਸਭ ਤੋਂ ਵੱਡਾ ਦੁਖਾਂਤ ਹੈ। ਪਾਲੇਕਰ ਨੇ ਆਪਣੀ ਚਿੰਤਾ ਇਸ ਤਰ੍ਹਾਂ ਦੱਸੀ: "ਮੈਂ ਇਸ ਤੋਂ ਬਹੁਤ ਪ੍ਰੇਸ਼ਾਨ ਹਾਂ ਅਤੇ ਹੁਣ ਹੋਰ ਜ਼ਿਆਦਾ ਪ੍ਰੇਸ਼ਾਨ ਹੋਇਆ ਹਾਂ। ਇਹ ਸਭ ਕੁਝ ਕਦੋਂ ਰੁਕੇਗਾ? ਆਜ਼ਾਦੀ ਦਾ ਸਾਗਰ ਸਿਮਟ ਰਿਹਾ ਹੈ, ਹੌਲੀ ਹੌਲੀ ਲੇਕਿਨ ਲਗਾਤਾਰ। ਅਸੀਂ ਚੁੱਪ ਕਿਉਂ ਹਾਂ?" ਪਾਲੇਕਰ ਨੂੰ ਵਾਰ-ਵਾਰ ਟੋਕਿਆ ਗਿਆ ਪਰ ਉਸ ਨੇ ਬੋਲਣਾ ਜਾਰੀ ਰੱਖਿਆ ਤੇ ਨਾਲ ਹੀ ਇਹ ਵੀ ਜ਼ਿਕਰ ਕੀਤਾ ਕਿ ਪਿਛਲੇ ਦਿਨੀਂ ਮਰਾਠੀ ਸਾਹਿਤ ਸੰਮੇਲਨ ਵਿਚ ਮਸ਼ਹੂਰ ਅੰਗਰੇਜ਼ੀ ਸਾਹਿਤਕਾਰ ਨਯਨਤਾਰਾ ਸਹਿਗਲ ਨੂੰ ਆਉਣ ਤੋਂ ਮਨ੍ਹਾਂ ਕਰ ਦਿੱਤਾ ਗਿਆ। ਇਥੇ ਯਾਦ ਰੱਖਣ ਵਾਲੀ ਗੱਲ ਹੈ ਕਿ ਘੱਟ ਗਿਣਤੀ ਦੇ ਲੋਕਾਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਵਿਰੋਧ ਵਿਚ ਛੇੜੀ ਗਈ ਮੁਹਿੰਮ ਵਿਚ ਨਯਨਤਾਰਾ ਸਹਿਗਲ ਉਹ ਪਹਿਲੀ ਸਾਹਿਤਕਾਰ ਸੀ ਜਿਸ ਨੇ ਆਪਣਾ ਸਾਹਿਤ ਅਕਾਦਮੀ ਦਾ ਇਨਾਮ ਵਾਪਸ ਕੀਤਾ ਸੀ ਅਤੇ ਉਸ ਤੋਂ ਬਾਅਦ ਬਹੁਤ ਸਾਰੇ ਸਾਹਿਤਕਾਰਾਂ ਨੇ ਆਪਣੇ ਇਨਾਮ ਵਾਪਸ ਕੀਤੇ ਸਨ। ਕੇਂਦਰ ਸਰਕਾਰ ਦੇ ਪ੍ਰਮੁੱਖ ਮੰਤਰੀ ਨੇ ਉਸ ਮੁਹਿੰਮ ਨੂੰ 'ਮਸਨੂਈ ਵਿਰੋਧ' ਕਿਹਾ ਸੀ ਤੇ ਸੱਤਾਧਾਰੀ ਪਾਰਟੀ ਦੇ ਕਈ ਨੇਤਾਵਾਂ ਨੇ ਉਨ੍ਹਾਂ ਲੇਖਕਾਂ ਤੇ ਕਲਾਕਾਰਾਂ ਦੀ ਨਿਖੇਧੀ ਕੀਤੀ ਸੀ ਜਿਨ੍ਹਾਂ ਨੇ ਆਪਣੇ ਇਨਾਮ ਵਾਪਸ ਕੀਤੇ ਸਨ। ਬਾਅਦ ਵਿਚ ਪੱਤਰਕਾਰਾਂ ਨਾਲ ਗੁਫਤਗੂ ਦੌਰਾਨ ਅਮੋਲ ਪਾਲੇਕਰ ਨੇ ਕਿਹਾ ਕਿ ਉਸ ਨੂੰ ਸੈਂਸਰਸ਼ਿਪ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਸਾਡੇ ਦੇਸ਼ ਵਿਚ ਇਹ ਯਤਨ ਕੀਤੇ ਜਾ ਰਹੇ ਹਨ ਕਿ ਸਾਰੇ ਲੋਕ ਇਕ ਹੀ ਤਰੀਕੇ ਨਾਲ ਬੋਲਣ ਤੇ ਸੋਚਣ।

76 ਸਾਲਾਂ ਦਾ ਅਮੋਲ ਪਾਲੇਕਰ ਖੁਦ ਚਿੱਤਰਕਾਰ ਬਣਨਾ ਚਾਹੁੰਦਾ ਸੀ ਤੇ ਉਸ ਨੇ ਮੁੰਬਈ ਦੇ ਮਸ਼ਹੂਰ ਜੇ.ਜੇ. ਸਕੂਲ ਆਫ ਆਰਟਸ ਵਿਚ




ਤਾਲੀਮ ਹਾਸਲ ਕੀਤੀ। ਉਸ ਨੇ ਚਿੱਤਰ ਬਣਾਏ ਅਤੇ ਕਈ ਪ੍ਰਦਰਸ਼ਨੀਆਂ ਲਾਈਆਂ। ਇਸ ਤੋਂ ਬਾਅਦ ਉਸ ਨੇ ਮਰਾਠੀ ਤੇ ਹਿੰਦੀ ਨਾਟਕਾਂ ਵਿਚ ਕੰਮ ਕਰਨਾ ਸ਼ੁਰੂ ਕੀਤਾ ਤੇ 1972 ਵਿਚ ਸੱਤਿਆ ਦੇਵ ਦੂਬੇ ਨਾਲ ਮਿਲ ਕੇ ਮਰਾਠੀ ਥੀਏਟਰ ਗਰੁੱਪ 'ਅਨੀਕੇਤ' ਬਣਾਇਆ। ਉਸ ਦਾ ਫਿਲਮੀ ਕਰੀਅਰ ਵੀ ਵਿਜੇ ਤੇਂਦੁਲਕਰ ਦੇ ਮਸ਼ਹੂਰ ਨਾਟਕ 'ਸ਼ੰਨਤਤਾ! ਕੋਟ ਚਾਲੇ ਆਹੇ' (ਖਾਮੋਸ਼! ਅਦਾਲਤ ਜਾਰੀ ਹੈ) ਨਾਲ ਸ਼ੁਰੂ ਹੋਇਆ। ਹਿੰਦੀ ਫਿਲਮਾਂ 'ਰਜਨੀਗੰਧਾ', 'ਛੋਟੀ ਸੀ ਬਾਤ', 'ਗੋਲਮਾਲ', 'ਨਰਮ ਗਰਮ', 'ਘਰੌਂਦਾ' ਆਦਿ ਵਿਚ ਉਸ ਨੇ ਯਾਦਗਾਰੀ ਰੋਲ ਨਿਭਾਏ ਅਤੇ ਉਸ ਦਾ ਅਕਸ ਦਰਸ਼ਕਾਂ ਦੇ ਮਨ ਵਿਚ ਇਕ ਇਹੋ ਜਿਹੇ ਕਿਰਦਾਰ ਵਜੋਂ ਹੋਇਆ ਜੋ ਸਾਡਾ ਆਂਢੀ-ਗੁਆਂਢੀ ਹੋਵੇ ਤੇ ਸੜਕ, ਬਾਜ਼ਾਰਾਂ ਤੇ ਗਲੀਆਂ ਵਿਚ ਸਾਨੂੰ ਰੋਜ਼ ਮਿਲਦਾ ਹੋਵੇ। ਉਸ ਨੇ ਕਈ ਫਿਲਮਾਂ ਦਾ ਨਿਰਦੇਸ਼ਨ ਵੀ ਕੀਤਾ ਜਿਨ੍ਹਾਂ ਵਿਚ 'ਥੋੜ੍ਹਾ ਸਾ ਰੁਮਾਨੀ ਹੋ ਜਾਏ" ਜ਼ਿਕਰਯੋਗ ਹੈ ਕਿਉਂਕਿ ਇਹ ਬਿਹਤਰੀਨ ਫਿਲਮ ਹੀ ਨਹੀਂ ਸੀ ਸਗੋਂ ਕਈ ਐਮ.ਬੀ.ਏ. ਦੇ ਕੋਰਸਾਂ ਵਿਚ ਇਸ ਨੂੰ ਮਨੁੱਖੀ ਵਿਹਾਰ ਨੂੰ ਸਮਝਣ ਵਾਸਤੇ ਦਿਖਾਇਆ ਜਾ ਰਿਹਾ ਹੈ। ਹਿੰਦੋਸਤਾਨ ਨੇ ਉਸ ਦੀ ਫਿਲਮ 'ਪਹੇਲੀ' ਨੂੰ ਆਸਕਰ ਐਵਾਰਡ ਵਾਸਤੇ ਨਾਮਜ਼ਦ ਕੀਤਾ।

ਸਮਾਗਮ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਹ ਅਮੋਲ ਪਾਲੇਕਰ ਦੇ ਬੋਲਣ ਦੀ ਆਜ਼ਾਦੀ 'ਤੇ ਰੋਕ ਨਹੀਂ ਸੀ ਲਾਉਣੀ ਚਾਹੁੰਦੇ, ਉਨ੍ਹਾਂ ਦੀ ਮਨਸ਼ਾ ਸਿਰਫ ਇਹੀ ਸੀ ਕਿ ਇਹ ਸ਼ਾਮ ਪ੍ਰਭਾਕਰ ਬਾਰਵੇ ਦੇ ਨਾਮ ਹੈ ਤੇ ਉਸ ਬਾਰੇ ਹੀ ਗੱਲਬਾਤ ਹੋਣੀ ਚਾਹੀਦੀ ਹੈ। ਇਥੇ ਇਹ ਸਵਾਲ ਉਠਦਾ ਹੈ ਕਿ ਸਾਰੇ ਸਮਾਰੋਹਾਂ ਵਿਚ ਕੀ ਏਦਾਂ ਹੀ ਹੁੰਦਾ ਹੈ? ਜਦੋਂ ਅਸੀਂ ਕਿਸੇ ਕਲਾਕਾਰ, ਲੇਖਕ ਜਾਂ ਚਿੰਤਕ ਨੂੰ ਯਾਦ ਕਰਨ ਲਈ ਜੁੜ ਬੈਠਦੇ ਹਾਂ ਤਾਂ ਕੀ ਸਿਰਫ ਉਸ ਬਾਰੇ ਹੀ ਗੱਲ ਕਰਦੇ ਹਾਂ? ਕੋਈ ਵੀ ਸਾਹਿਤਕਾਰ, ਦਾਨਿਸ਼ਵਰ ਜਾਂ ਚਿੱਤਰਕਾਰ ਆਪਣੇ ਤਕ ਸੀਮਤ ਨਹੀਂ ਹੁੰਦਾ। ਉਹ ਸਮਾਜ ਨਾਲ ਜੁੜਿਆ ਹੁੰਦਾ ਹੈ ਤੇ ਜਦੋਂ ਉਸ ਬਾਰੇ ਗੱਲ ਕਰਾਂਗੇ ਤਾਂ ਨਿਸ਼ਚੇ ਹੀ ਅਸੀਂ ਵੇਲੇ ਦੇ ਸਮਾਜਿਕ ਤੇ ਸਿਆਸੀ ਹਾਲਾਤ ਬਾਰੇ ਵੀ ਗੱਲ ਕਰਾਂਗੇ।

ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਕਾਫੀ ਦੇਰ ਤੋਂ ਹਿੰਦੋਸਤਾਨ ਵਿਚ ਇਸ ਤਰ੍ਹਾਂ ਦੀ ਸੋਚ-ਸਮਝ ਦਾ ਸੰਚਾਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਕਿਸੇ ਨੂੰ ਵੀ ਸੱਤਾਧਾਰੀ ਪਾਰਟੀ ਤੇ ਉਸ ਦੀ ਵਿਚਾਰਧਾਰਾ ਨਾਲ ਅਸਹਿਮਤੀ ਜ਼ਾਹਿਰ ਨਹੀਂ ਕਰਨੀ ਚਾਹੀਦੀ। ਅਸਹਿਮਤੀ ਜ਼ਾਹਿਰ ਕਰਨ ਵਾਲਿਆਂ ਨੂੰ ਦੇਸ਼ਧ੍ਰੋਹੀ, ਅਰਬਨ ਨਕਸਲਾਈਟ ਅਤੇ ਕਈ ਇਹੋ ਜਿਹੇ ਹੋਰ ਮੰਦੇ ਸ਼ਬਦਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਅਤੇ ਕਈਆਂ ਨੂੰ ਇਹ ਕਿਹਾ ਜਾਂਦਾ ਹੈ ਕਿ ਜੇ ਉਹ ਇਸ ਦੇਸ਼ ਵਿਚ ਖੁਸ਼ ਨਹੀਂ ਤਾਂ ਗੁਆਂਢੀ ਦੇਸ਼ ਚਲੇ ਜਾਣ। ਜਮਹੂਰੀ ਅਧਿਕਾਰਾਂ ਦੇ ਕਾਰਕੁਨਾਂ ਅਤੇ ਵਿਦਿਆਰਥੀ ਕਾਰਕੁਨਾਂ 'ਤੇ ਦੇਸ਼-ਧ੍ਰੋਹ ਦੇ ਮੁਕੱਦਮੇ ਦਰਜ ਕੀਤੇ ਗਏ ਹਨ। ਜਿਸ ਦੇਸ਼ ਵਿਚ ਬੋਲਣ ਦੀ ਆਜ਼ਾਦੀ 'ਤੇ ਪਾਬੰਦੀ ਲਗਾਈ ਜਾਏ ਜਾਂ ਪਾਬੰਦੀ ਲਾਉਣ ਦੇ ਯਤਨ ਕੀਤੇ ਜਾਣ ਜਾਂ ਇਹੋ ਜਿਹਾ ਮਾਹੌਲ ਪੈਦਾ ਕੀਤਾ ਜਾਏ ਜਿਸ ਵਿਚ ਸੱਤਾਧਾਰੀਆਂ ਨਾਲ ਅਸਹਿਮਤੀ ਰੱਖਣੀ ਮੁਸ਼ਕਲ ਬਣ ਜਾਏ, ਉਸ ਦੇਸ਼ ਦਾ ਬੌਧਿਕ ਵਿਕਾਸ ਹੋਣਾ ਬਹੁਤ ਮੁਸ਼ਕਿਲ ਹੈ। ਉਸ ਦਾ ਭਵਿਖ ਧੁੰਦਲਾ ਹੋਵੇਗਾ। ਬਹੁਤ ਸਾਰੇ ਦੇਸ਼ਾਂ ਨੇ ਇਹੋ ਜਿਹੇ ਹਾਲਾਤ ਵੇਖੇ ਹਨ ਅਤੇ ਉਥੋਂ ਦੇ ਚਿੰਤਕ, ਸਾਹਿਤਕਾਰ, ਵਿਗਿਆਨੀ, ਚਿੱਤਰਕਾਰ, ਸੰਗੀਤਕਾਰ, ਦਾਨਿਸ਼ਵਰ ਤੇ ਲੋਕ-ਹਿੱਤਾਂ ਲਈ ਲੜਨ ਵਾਲੇ ਲੋਕ ਬੋਲਣ 'ਤੇ ਲਾਈਆਂ ਜਾਣ ਵਾਲੀਆਂ ਬੰਦਸ਼ਾਂ ਵਿਰੁੱਧ ਲੜੇ ਹਨ। ਗਵਾਂਢੀ ਦੇਸ਼ ਵਿਚ ਇਹੋ ਜਿਹੇ ਹਾਲਾਤ ਦੌਰਾਨ ਹੀ ਫੈਜ਼ ਅਹਿਮਦ ਫੈਜ਼ ਨੇ ਕਿਹਾ ਸੀ:

ਬੋਲ ਕੇ ਲਬ ਆਜ਼ਾਦ ਹੈਂ ਤੇਰੇ
ਬੋਲ ਜ਼ਬਾਂ ਅਬ ਏਕ ਤੇਰੀ ਹੈ
ਤੇਰਾ ਸੁਤਵਾਂ ਜਿਸਮ ਹੈ ਤੇਰਾ
ਬੋਲ ਕੇ: ਜਾਂ ਅਬ ਤਕ ਤੇਰੀ ਹੈ।

### ਜਦੋਂ ਗੁਰਸ਼ਰਨ ਸਿੰਘ ਨੂੰ ਛੁਡਾਇਆ

ਅਮੋਲ ਪਾਲੇਕਰ ਸਮਾਜਿਕ ਤੌਰ 'ਤੇ ਵੀ ਸਜੱਗ ਕਲਾਕਾਰ ਹੈ। ਉਹ ਬਾਕੀ ਪ੍ਰਦੇਸ਼ਾਂ ਦੀਆਂ ਨਾਟ-ਮੰਡਲੀਆਂ ਨਾਲ ਸੰਪਰਕ ਰੱਖਦਾ ਹੈ। ਇਥੇ ਪੰਜਾਬੀ ਨਾਟ-ਸੰਸਾਰ ਨਾਲ ਸਬੰਧਤ ਇਕ ਘਟਨਾ ਨੂੰ ਯਾਦ ਕਰਨਾ ਬਣਦਾ ਹੈ। ਇਹ ਗੱਲ ਸੰਨ 84 ਦੀ ਹੈ ਜਦ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਵਿਚ ਸਿੱਖਾਂ ਵਿਰੁੱਧ ਹਿੰਸਾ ਦਾ ਦੌਰ ਚੱਲ ਰਿਹਾ ਸੀ। ਉਸ ਵੇਲੇ ਭਾਅ ਜੀ ਗੁਰਸ਼ਰਨ ਸਿੰਘ ਦੀ ਨਾਟ-ਮੰਡਲੀ ਮੁੰਬਈ ਵਿਚ ਨਾਟਕ ਕਰ ਰਹੀ ਸੀ। ਜਦ ਉਹ ਸਟੂਡੀਓ ਵਿਚ ਇਨਕਲਾਬੀ ਗੀਤ ਰਿਕਾਰਡ ਕਰ ਰਹੇ ਸਨ ਤਾਂ ਕਿਸੇ ਨੇ ਉਥੇ 'ਅਤਿਵਾਦੀ' 'ਸ਼ੱਕੀ ਬੰਦੇ' ਹੋਣ ਦੀ ਖਬਰ ਦਿੱਤੀ ਤੇ ਪੁਲਿਸ ਭਾਅ ਜੀ ਗੁਰਸ਼ਰਨ ਸਿੰਘ, ਕੇਵਲ ਧਾਲੀਵਾਲ, ਸੁਖਦੇਵ ਪ੍ਰੀਤ, ਨਰਿੰਦਰ ਸਾਂਘੀ, ਇੰਦਰਜੀਤ ਗੋਗੋਆਣੀ, ਗੁਲਸ਼ਨ ਸ਼ਰਮਾ, ਪਰਮਜੀਤ ਸਿੰਘ, ਰੇਣੂ ਸਿੰਘ ਅਤੇ ਜਸਵੰਤ ਜੱਸ ਨੂੰ ਫੜ ਕੇ ਥਾਣੇ ਲੈ ਗਈ। ਪੁੱਛਗਿੱਛ ਸ਼ੁਰੂ ਕੀਤੀ ਗਈ। ਖਬਰ ਮਿਲਣ 'ਤੇ ਅਮੋਲ ਪਾਲੇਕਰ, ਸਾਗਰ ਸਰਹੱਦੀ, ਸ਼ਾਬਾਨਾ ਆਜ਼ਮੀ, ਰੋਹਿਨੀ ਹਤੰਗੜੀ ਤੇ ਹੋਰ ਫਿਲਮੀ ਤੇ ਰੰਗਮੰਚ ਦੇ ਕਲਾਕਾਰ ਪੁਲਿਸ ਸਟੇਸ਼ਨ ਆਏ ਅਤੇ ਪੁਲਿਸ ਨੂੰ ਭਾਅ ਜੀ ਗੁਰਸ਼ਰਨ ਸਿੰਘ ਤੇ ਉਨ੍ਹਾਂ ਦੀ ਨਾਟ-ਮੰਡਲੀ ਬਾਰੇ ਦੱਸਿਆ ਤੇ ਰਿਹਾਅ ਕਰਾਇਆ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਮਾਰਚ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-368



*ਮੰਜਿਆਂ ਉਤੇ ਭਾਈ ਨੇ ਦਿੱਤੇ ਹੌਰਨ ਟੰਗ।*
*ਲੰਬੜਾਂ ਦੇ ਘਰ ਜਾਪਦਾ ਹੋਣਾ ਪਾਠ ਅਰੰਭ।*

### ਕੈਪਸ਼ਨ ਮੁਕਾਬਲਾ-366



ਵਕਤ ਨੇ ਸਾਨੂੰ ਪਿਛੇ ਧੱਕਿਆ
ਅਸੀਂ ਅੱਗੇ ਹੋ ਖੜ੍ਹਨਾ।
ਪਰਬਤ ਚੀਰ ਕੇ ਮੰਜ਼ਿਲ ਪਾਉਣੀ
ਅਸੀਂ ਹੱਕਾਂ ਲਈ ਲੜਨਾ।
ਸਾਈਕਲਾਂ ਉਤੇ ਜਾਣ ਸਕੂਲੇ
ਭਾਵੇਂ ਘਰ ਤੋਂ ਹੋਵਣ ਦੂਰ।
ਉਠ ਸੁਵਖਤੇ ਕਰਨ ਤਿਆਰੀ
ਜਾਣਾ ਪੜ੍ਹਨ ਜ਼ਰੂਰ।
ਨਿੱਕੀ ਭੈਣ ਨੂੰ ਪਿੱਛੇ ਬਿਠਾ ਕੇ
ਬਸਤਾ ਮੋਢੀਂ ਪਾਇਆ।
ਇਹ ਵੀ ਲਗ ਗਈ ਪੜ੍ਹਨ ਸਕੂਲੇ
ਨਾਂ ਦਾਖਲ ਕਰਵਾਇਆ।
ਵਿਚ ਉਜਾੜਾਂ ਰਸਤੇ ਔਖੇ
ਭਾਵੇਂ ਜੰਗਲ ਹੋਣ ਡਰਾਉਣੇ।
ਅਸੀਂ ਤਾਂ ਅੱਗੇ ਵਧਦੇ ਜਾਣਾ
ਮਿਥੇ ਨਿਸ਼ਾਨੇ ਪਾਉਣੇ।

***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਕੈਲੀਫੋਰਨੀਆ।***
***ਫੋਨ: 925-325-2486***

---

ਨਿੱਜੀਕਰਨ ਦੀ ਨਵੀਂ ਨੀਤੀ ਨੇ
ਸਰਕਾਰੀ ਸਕੂਲ ਦਿੱਤੇ ਨੇ ਰੋਲ।
ਮੁਫਤ ਦੀ ਥਾਂ ਮਹਿੰਗੀ ਦਾ ਚਸਕਾ
ਨਿੱਜੀ ਸਕੂਲ ਦਿੱਤੇ ਨੇ ਖੋਲ੍ਹ।
ਹਰ ਪਿੰਡ ਦੀ ਥਾਂ ਪੰਜਾਂ ਪਿੰਡਾਂ 'ਚ
ਇੱਕ ਹੀ ਹੈ ਪ੍ਰਾਇਮਰੀ ਸਕੂਲ।
ਸਾਈਕਲਾਂ ਉਤੇ ਔਖੇ ਹੋ ਕੇ ਜਾਂਦੇ
ਪੜ੍ਹਨ ਜ਼ਿੰਦਗੀ ਦੇ ਨਵੇਂ ਅਸੂਲ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਨਾ ਕਿਸੇ ਦੀ ਫੋਟੋ ਲਾਈ
ਨਾ ਕਿਸੇ ਦਾ ਨਾਂ ਲਿਖਵਾਇਆ।
ਵੋਟ ਬੈਂਕ ਦੇ ਖਾਤੇ ਵਿੱਚੋਂ
ਸਾਡੇ ਨਾ ਕੋਈ ਹਿੱਸੇ ਆਇਆ।
ਆਪਣੀ ਨੇਕ ਕਮਾਈ ਵਿਚੋਂ
ਸਾਈਕਲ ਸਾਡਾ ਬਾਪੂ ਲਿਆਇਆ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਅਣਾ)***
***ਫੋਨ: 91-98783-37222***

---

ਸੁੰਨੇ ਰਾਹੀਂ, ਸ਼ੇਰਨੀਆਂ ਚੱਲ ਪਈਆਂ
ਧਾਰ ਕੇ ਮਨ 'ਚ ਕਰਨੀ ਪੜ੍ਹਾਈ।
ਕਰਨੀ ਤਰੱਕੀ, ਅੱਗੇ ਵਧਣਾ
ਮਾਣ-ਸਨਮਾਨ ਦੀ ਜਿੱਤਣੀ ਲੜਾਈ।
ਕੁੜੀ ਪੜ੍ਹਦੀ, ਕੁੱਲ ਹੈ ਪੜ੍ਹਦੀ
ਸਿਆਣੇ ਮਾਪੇ ਦੇਣ ਦੁਹਾਈ।

***-ਦਵਿੰਦਰ ਕੌਰ***

---

ਧੀ ਧਿਆਣੀ ਸੁਘੜ ਸਿਆਣੀ
ਨਹੀਂ ਅੱਜ ਹਨੇਰੇ 'ਚ
ਜਾਗ ਪਈ ਹੈ ਹੱਕਾਂ ਲਈ
ਨਹੀਂ ਕਿਸੇ ਦੀ ਗੁਲਾਮ
ਰਾਜ ਸੱਤਾ 'ਤੇ ਵੀ ਕਾਬਜ ਹੋ ਸਕਦੀ।
ਮੁੰਨੀ ਜੰਮੀ ਮਾਂ ਬਣੀ
ਕੁਨਬਾ ਜਾਰੀ ਰਿਹਾ
ਜੇ ਨਾ ਹੁੰਦੀ ਤਾਂ ਜੰਮਣਾ ਮਰਨਾ
ਹੀ ਖਤਮ ਹੋ ਗਿਆ ਹੁੰਦਾ।
ਸਭ ਵਾਹਨ ਇਹ ਚਲਾ ਸਕਦੀਆਂ।
ਮਰਦਾਂ ਦੇ ਬਰਾਬਰ ਸਭ ਕਰਨ ਯੋਗ ਹਨ।
ਸਦੀਆਂ ਪਹਿਲਾਂ ਪ੍ਰਥਮ ਪਾਤਸ਼ਾਹ
ਗੁਰੂ ਨਾਨਕ ਦੇਵ ਲਿਖ ਗਏ
'ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ।'

***-ਦਰਸ਼ਨਪਾਲ ਦੋਸਾਂਝ***

## ਯਾਰੀ

ਯਾਰੀ ਨਿਭਾਉਣੀ ਤਾਂ ਯਾਦ ਰੱਖਣਾ,
ਹਰ ਪਲ ਮੇਰਾ ਖਿਆਲ ਰੱਖਣਾ।
ਮੌਤ ਤਾਂ ਅਟੱਲ ਸੱਚਾਈ ਏ,
ਤੂੰ ਐਵੇਂ ਨਾ ਡਰ ਸੱਜਣਾ।
ਮਿੱਟੀ 'ਚ ਮਿਲ ਜਾਣਾ ਸਰੀਰ,
ਫਿਰ ਕਿਉਂ ਸ਼ਿੰਗਾਰ ਕੱਜਣਾ।
ਭਰਿਆ ਹੋਇਆ ਨਾ ਖੜਕੇ,
ਭਾਂਡਾ ਖੜਕਦਾ ਏ ਸੱਖਣਾ।
ਅਰਜੁਨ ਤੋਂ ਦਰੋਣਾਚਾਰੀਆ ਹੀ,
ਅੱਜ ਵੀ ਮੰਗਦਾ ਦੱਖਣਾ।
ਮੱਛੀ ਨੂੰ ਆਦਤ ਮਾੜੀ,
ਵਾਰ ਵਾਰ ਪੱਥਰ ਚੱਟਣਾ।
ਗਜ਼ਲ ਲਿਖਦਿਆਂ 'ਗਿੱਲ' ਨੂੰ,
ਪੈਂਦਾ ਹਰ ਸ਼ੇਅਰ ਪੱਛਣਾ।

***-ਜੁਗਰਾਜ ਸਿੰਘ ਗਿੱਲ, ਯੌਰਕ***
***ਫੋਨ: 704-257-6693***

# ਲਾਦਿਨ ਦੇ ਪੁੱਤ ਦਾ ਥਹੁ-ਪਤਾ ਦੱਸਣ ਵਾਲੇ ਨੂੰ ਦਸ ਲੱਖ ਡਾਲਰ ਦੇਣ ਦੀ ਪੇਸ਼ਕਸ਼

**ਵਾਸ਼ਿੰਗਟਨ:** ਅਮਰੀਕਾ ਨੇ ਮਰਹੂਮ ਅਲ-ਕਾਇਦਾ ਮੁਖੀ ਓਸਾਮਾ ਬਿਨ ਲਾਦਿਨ ਦੇ ਪੁੱਤ ਹਮਜ਼ਾ ਬਿਨ ਲਾਦਿਨ ਦਾ ਥਹੁ-ਪਤਾ ਦੱਸਣ ਵਾਲੇ ਨੂੰ 10 ਲੱਖ ਅਮਰੀਕੀ ਡਾਲਰ ਦਾ ਇਨਾਮ



ਦੇਣ ਦੀ ਪੇਸ਼ਕਸ਼ ਕੀਤੀ ਹੈ। ਅਮਰੀਕਾ, ਹਮਜ਼ਾ ਨੂੰ ਇੰਤਹਾਪਸੰਦੀ ਦੇ ਉਭਰਦੇ ਚਿਹਰੇ ਵਜੋਂ ਵੇਖਦਾ ਹੈ। ਪਿਛਲੇ ਕਈ ਸਾਲਾਂ ਤੋਂ ਹਮਜ਼ਾ ਬਿਨ ਲਾਦਿਨ, ਜਿਸ ਨੂੰ 'ਜਹਾਦ ਦਾ ਵਲੀ ਅਹਿਦ (ਸ਼ਹਿਜ਼ਾਦਾ)' ਵੀ ਮੰਨਿਆ ਜਾਂਦਾ ਹੈ, ਦੇ ਮੁਕਾਮ ਨੂੰ ਲੈ ਕੇ ਕਈ ਤਰ੍ਹਾਂ ਦੇ ਕਿਆਸ ਲਾਏ ਜਾ ਰਹੇ ਹਨ। ਕੁਝ ਰਿਪੋਰਟਾਂ ਮੁਤਾਬਕ ਉਸ ਦਾ ਟਿਕਾਣਾ ਪਾਕਿਸਤਾਨ, ਅਫਗਾਨਿਸਤਾਨ, ਸੀਰੀਆ ਜਾਂ ਫਿਰ ਉਸ ਨੂੰ ਇਰਾਨ ਵਿਚ ਘਰ ਵਿਚ ਨਜ਼ਰਬੰਦ ਕੀਤਾ ਹੋ ਸਕਦਾ ਹੈ। ਇਸ ਦੌਰਾਨ ਸਾਊਦੀ ਅਰਬ ਨੇ ਹਮਜ਼ਾ ਨੂੰ ਦਿੱਤੀ ਨਾਗਰਿਕਤਾ ਵਾਪਸ ਲੈ ਲਈ ਹੈ।

ਵਿਦੇਸ਼ ਵਿਭਾਗ ਨੇ ਕਿਹਾ ਕਿ ਉਹ ਹਮਜ਼ਾ ਦੇ ਕਿਸੇ ਵੀ ਮੁਲਕ ਵਿਚਲੇ ਮੁਕਾਮ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਦਸ ਲੱਖ ਡਾਲਰ ਦਾ ਇਨਾਮ ਦੇਣਗੇ। ਅਮਰੀਕਾ ਮੁਤਾਬਕ 30 ਸਾਲਾ ਹਮਜ਼ਾ ਨੇ 2011 ਵਿਚ ਆਪਣੀ ਪਿਤਾ ਦੀ ਹੱਤਿਆ ਦਾ ਬਦਲਾ ਲੈਣ ਲਈ ਅਮਰੀਕਾ ਖ਼ਿਲਾਫ ਹਮਲਿਆਂ ਦੀ ਧਮਕੀ ਦਿੱਤੀ ਹੈ। ਅਮਰੀਕਾ ਦੇ ਵਿਸ਼ੇਸ਼ ਸੁਰੱਖਿਆ ਅਮਲੇ ਨੇਵੀ ਸੀਲਜ਼ ਕਮਾਂਡੋਜ਼ ਨੇ ਪਾਕਿਸਤਾਨ ਦੇ ਐਬਟਾਬਾਦ ਸਥਿਤ ਫੌਜੀ ਇਲਾਕੇ ਵਿਚ ਲੁਕੇ ਬੈਠੇ ਓਸਾਮਾ ਬਿਨ ਲਾਦਿਨ ਨੂੰ ਮਾਰ ਮੁਕਾਇਆ ਸੀ। ਅਮਰੀਕੀ ਖ਼ੁਫੀਆ ਏਜੰਸੀਆਂ, ਆਲਮੀ ਜਹਾਦ ਲਈ ਹਮਜ਼ਾ ਨੂੰ ਉਹਦੇ ਪਿਤਾ ਦਾ ਜਾਨਸ਼ੀਨ ਮੰਨਦੀਆਂ ਹਨ। ਉਹਦੇ ਅਫਗਾਨਿਸਤਾਨ ਵਿਚ ਹੋਣ ਦੀਆਂ ਵਧੇਰੇ ਸੰਭਾਵਨਾਵਾਂ ਹਨ।

# ਬੇਸਿੱਟਾ ਰਹੀ ਟਰੰਪ-ਕਿਮ ਦੀ ਹੈਨੋਈ ਵਾਰਤਾ

**ਹੈਨੋਈ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉੱਤਰ ਕੋਰੀਆ ਦੇ ਆਗੂ ਕਿਮ ਜੌਂਗ ਉਨ ਵਿਚਾਲੇ ਪਰਮਾਣੂ ਸਿਖਰ ਵਾਰਤਾ ਬਿਨਾਂ ਕਿਸੇ ਸਮਝੌਤੇ ਤੋਂ ਅਚਾਨਕ ਸਮਾਪਤ ਹੋ ਗਈ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਕਿਮ ਜੌਂਗ ਦੀਆਂ 'ਪਾਬੰਦੀਆਂ' ਹਟਾਏ ਜਾਣ ਸਬੰਧੀ ਮੰਗਾਂ ਨੂੰ ਦੇਖਦੇ ਹੋਏ ਉਥੋਂ 'ਜਾਣ' ਦਾ ਫੈਸਲਾ ਲਿਆ। ਇਸ ਤੋਂ ਪਹਿਲਾਂ ਦੋਵਾਂ ਆਗੂਆਂ ਵਿਚਾਲੇ ਸਿੰਗਾਪੁਰ ਵਿਚ ਹੋਏ ਪਹਿਲੇ ਇਤਿਹਾਸਿਕ ਸਿਖਰ ਸੰਮੇਲਨ ਤੋਂ ਬਾਅਦ ਇਹ ਬੇਸਬਰੀ ਨਾਲ ਉਡੀਕੀ ਜਾ ਰਹੀ ਦੂਜੀ ਮੀਟਿੰਗ ਸੀ। ਦੋਵੇਂ ਆਗੂ ਕਿਸੇ ਸਮਝੌਤੇ 'ਤੇ ਨਹੀਂ ਪੁੱਜੇ ਸਕੇ ਅਤੇ ਗੱਲਬਾਤ ਬਿਨਾਂ ਕਿਸੇ ਸਿੱਟੇ ਤੋਂ ਹੀ ਮੁੱਕ ਗਈ। ਹਾਲਾਂਕਿ ਪਹਿਲਾਂ ਦੋਵੇਂ ਆਗੂਆਂ ਵਲੋਂ ਸਾਂਝੇ ਸਮਝੌਤੇ 'ਤੇ ਹਸਤਾਖਰ ਕਰਨਾ ਨਿਰਧਾਰਤ ਸੀ।

ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਈ ਵਾਰ ਤੁਹਾਨੂੰ ਉਠ ਕੇ ਜਾਣਾ ਪੈਂਦਾ ਹੈ ਅਤੇ ਇਹ ਇਕ ਅਜਿਹਾ ਹੀ ਮੌਕਾ ਸੀ। ਉਨ੍ਹਾਂ ਕਿਹਾ ਕਿ ਅਸਲ ਵਿਚ ਉਹ ਚਾਹੁੰਦੇ ਸਨ ਕਿ ਪਾਬੰਦੀਆਂ ਪੂਰੀ ਤਰ੍ਹਾਂ ਨਾਲ ਹਟਾ ਦਿੱਤੀਆਂ ਜਾਣ ਪਰ ਅਸੀਂ ਅਜਿਹਾ ਨਹੀਂ ਸਕਦੇ ਸੀ। ਨਾਲ ਹੀ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਉਨ੍ਹਾਂ ਨੇ ਸੰਮੇਲਨ ਤੋਂ ਪਹਿਲਾਂ ਅਤੇ ਸੰਮੇਲਨ ਦੌਰਾਨ ਜੋ ਗੱਲਬਾਤ ਕੀਤੀ ਹੈ, ਉਸ ਨਾਲ ਉਹ ਭਵਿੱਖ ਵਿਚ ਬਿਹਤਰ ਨਤੀਜਿਆਂ ਦੀ ਆਸ ਰੱਖਣ ਦੀ ਸਥਿਤੀ ਵਿਚ ਆ ਗਏ ਹਨ। ਉਨ੍ਹਾਂ ਕਿਹਾ ਕਿ ਮੈਂ ਕਾਹਲ ਕਰਨ ਦੀ ਥਾਂ ਸਹੀ ਕਰਨ ਨੂੰ ਤਰਜੀਹ ਦੇਵਾਂਗਾ। ਕਿਮ ਨੇ ਪਰਮਾਣੂ ਜਾਂ ਬਲਿਸਟਿਕ ਮਿਜ਼ਾਈਲਾਂ ਦੀ



ਅਜ਼ਮਾਇਸ਼ ਫਿਰ ਤੋਂ ਸ਼ੁਰੂ ਨਾ ਕਰਨ ਦਾ ਵਾਅਦਾ ਕੀਤਾ ਹੈ, ਜਿਸ ਨੂੰ ਕੁਝ ਸਮਾਂ ਪਹਿਲਾਂ ਉਨ੍ਹਾਂ ਸਫਲਤਾ ਲਈ ਜ਼ਰੂਰੀ ਦੱਸਿਆ ਸੀ। ਉਨ੍ਹਾਂ ਆਪਣੇ 'ਕਰੀਬੀ ਰਿਸ਼ਤੇ' ਦੀ ਗੱਲ ਦੁਹਰਾਉਂਦਿਆਂ ਕਿਹਾ ਕਿ ਕਿਮ ਨਾਲ ਤੀਜੇ ਸਿਖਰ ਸੰਮੇਲਨ ਦਾ ਅਜੇ ਕੋਈ ਪ੍ਰਸਤਾਵ ਨਹੀਂ ਹੈ।

ਟਰੰਪ ਨੇ ਕਿਹਾ, "ਅਸੀਂ ਇਕ-ਦੂਜੇ ਨੂੰ ਪਸੰਦ ਕਰਦੇ ਹਾਂ। ਸਾਡੇ ਰਿਸ਼ਤੇ ਵਿਚ ਨਿੱਘ ਹੈ ਅਤੇ ਮੈਨੂੰ ਆਸ ਹੈ ਕਿ ਇਹ ਬਣਿਆ ਰਹੇਗਾ।"

ਹੈਨੋਈ ਵਾਰਤਾ ਦੇ ਨਤੀਜੇ ਆਸ ਮੁਤਾਬਕ ਨਾ ਆਉਣ ਕਰਕੇ ਆਲੋਚਕਾਂ ਨੇ ਨਿਸ਼ਾਨਾ ਸੇਧਦਿਆਂ ਕਿਹਾ ਹੈ ਕਿ ਦੋਵਾਂ ਆਗੂਆਂ ਦੀ ਸਿੰਗਾਪੁਰ ਮੀਟਿੰਗ ਵਿਚ ਠੋਸ ਗੱਲਬਾਤ ਘੱਟ ਹੋਈ ਸੀ ਅਤੇ ਦਿਖਾਵਾ ਜ਼ਿਆਦਾ ਸੀ।

# ਬ੍ਰਾਜ਼ੀਲ ਤੇ ਆਸਟਰੇਲੀਆ ਵੱਲੋਂ ਵਿਸ਼ਵ ਵਪਾਰ ਸੰਸਥਾ 'ਚ ਭਾਰਤ ਦੀ ਸ਼ਿਕਾਇਤ

**ਮੈਲਬਰਨ:** ਬ੍ਰਾਜ਼ੀਲ ਤੇ ਆਸਟਰੇਲੀਆ ਨੇ ਵਿਸ਼ਵ ਦੇ ਦੂਜੇ ਸਭ ਤੋਂ ਵੱਡੇ ਖੰਡ ਉਤਪਾਦਕ ਭਾਰਤ ਖਿਲਾਫ ਵਿਸ਼ਵ ਵਪਾਰ ਸੰਸਥਾ (ਡਬਲਿਊ ਟੀ ਓ) 'ਚ ਸ਼ਿਕਾਇਤ ਕੀਤੀ ਹੈ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਭਾਰਤ ਵੱਲੋਂ ਕਿਸਾਨਾਂ ਨੂੰ ਖੰਡ 'ਤੇ ਸਬਸਿਡੀ ਦਿੱਤੇ ਜਾਣ ਕਰ ਕੇ ਜਿਥੇ ਆਲਮੀ ਪੱਧਰ 'ਤੇ ਕੀਮਤਾਂ ਅਸਰਅੰਦਾਜ਼ ਹੋਈਆਂ ਹਨ, ਉਥੇ ਬਾਜ਼ਾਰ ਵਿਚ ਖੰਡ ਨਾਲ ਤੂੜੇ ਗਏ ਹਨ। ਆਸਟਰੇਲੀਅਨ ਸਰਕਾਰ ਨੇ ਪਿਛਲੇ ਸਾਲ ਨਵੰਬਰ ਵਿਚ ਵੀ ਡਬਲਿਊਟੀਓ ਕੋਲ ਅਜਿਹਾ ਹੀ ਵਿਰੋਧ ਦਰਜ ਕੀਤਾ ਸੀ।

ਆਸਟਰੇਲੀਆ ਦੇ ਵਣਜ, ਸੈਰ-ਸਪਾਟਾ ਤੇ ਨਿਵੇਸ਼ ਮੰਤਰੀ ਸਿਮੋਨ ਬਰਮਿੰਘਮ ਨੇ ਕਿਹਾ ਕਿ ਭਾਰਤ ਵੱਲੋਂ ਖੰਡ 'ਤੇ ਦਿੱਤੀ ਜਾਂਦੀ ਸਬਸਿਡੀ ਦਾ ਪ੍ਰਬੰਧ ਡਬਲਿਊਟੀਓ ਨੇਮਾਂ ਦੇ ਖਿਲਾਫ ਹੈ ਤੇ ਇਸ ਨਾਲ ਆਲਮੀ ਖੰਡ ਬਾਜ਼ਾਰ ਮਾਲ ਨਾਲ ਤੂੜੇ ਗਏ ਹਨ। ਬਰਮਿੰਘਮ ਨੇ ਕਿਹਾ, 'ਇਸ ਨਾਲ ਗੰਨਾ ਕਾਸ਼ਤਕਾਰਾਂ ਤੇ ਖੰਡ ਮਿੱਲਾਂ, ਫਿਰ ਚਾਹੇ ਉਹ ਆਸਟਰੇਲੀਆ, ਬ੍ਰਾਜ਼ੀਲ ਜਾਂ ਕਿਸੇ ਹੋਰ ਮੁਲਕ ਦੀਆਂ ਹੋਣ, ਦੇ ਹਿੱਤਾਂ ਨੂੰ ਸੱਟ ਪੁੱਜੀ ਹੈ। ਮੰਤਰੀ ਨੇ ਕਿਹਾ ਕਿ ਉਨ੍ਹਾਂ ਕੋਲ ਬ੍ਰਾਜ਼ੀਲ ਨਾਲ ਮਿਲ ਕੇ ਡਬਲਿਊਟੀਓ ਨੂੰ ਸ਼ਿਕਾਇਤ ਕਰਨ ਤੋਂ ਛੁੱਟ ਕੋਈ ਹੋਰ ਬਦਲ ਮੌਜੂਦ ਨਹੀਂ ਸੀ। ਉਨ੍ਹਾਂ ਕਿਹਾ ਕਿ ਆਸਟਰੇਲੀਆ ਦੀ ਲਿਬਰਲ ਸਰਕਾਰ ਇਸ ਮੁੱਦੇ 'ਤੇ ਆਪਣੀ ਖੰਡ ਸਨਅਤ ਨਾਲ ਡਟ ਕੇ ਖੜੀ ਹੈ। ਉਨ੍ਹਾਂ ਕਿਹਾ ਕਿ ਆਸਟਰੇਲੀਆ ਦੇ ਭਾਰਤ ਨਾਲ ਆਰਥਿਕ ਤੇ ਰਣਨੀਤਕ ਪੱਖੋਂ ਨਿੱਘੇ ਸਬੰਧ ਹਨ, ਪਰ ਨੇੜਲੇ ਦੋਸਤ ਤੇ ਭਾਈਵਾਲ ਵਣਜ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਡਬਲਿਊਟੀਓ ਕੋਲ ਜਾ ਸਕਦੇ ਹਨ। ਉਂਜ ਬਰਮਿੰਘਮ ਨੇ ਕਿਹਾ ਕਿ ਆਸਟਰੇਲੀਆ ਦੀ ਖੰਡ ਸਨਅਤ ਬਰਾਮਦ 'ਤੇ ਨਿਰਭਰ ਕਰਦੀ ਹੈ ਤੇ ਮੁਲਕ ਦੀ 85 ਫੀਸਦੀ ਖੰਡ ਆਲਮੀ ਮਾਰਕਿਟ ਵਿਚ ਜਾਂਦੀ ਹੈ।

# ਗੰਨਾ ਕਾਸ਼ਤਕਾਰਾਂ ਨੂੰ 284 ਕਰੋੜ ਰੁਪਏ ਦੀ ਅਦਾਇਗੀ

**ਚੰਡੀਗੜ੍ਹ:** ਪੰਜਾਬ ਦੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦਾਅਵਾ ਕੀਤਾ ਹੈ ਕਿ ਸੂਬੇ ਦੀਆਂ ਸਹਿਕਾਰੀ ਖੰਡ ਮਿੱਲਾਂ ਵੱਲੋਂ ਚਾਲੂ ਪਿੜਾਈ ਸੀਜ਼ਨ 2018-19 ਦੌਰਾਨ ਹੁਣ ਤੱਕ 1.56 ਕਰੋੜ ਕੁਇੰਟਲ ਗੰਨੇ ਦੀ ਪਿੜਾਈ ਕੀਤੀ ਜਾ ਚੁੱਕੀ ਹੈ ਅਤੇ ਗੰਨਾ ਕਾਸ਼ਤਕਾਰਾਂ ਨੂੰ ਹੁਣ ਤੱਕ 284 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਸ੍ਰੀ ਰੰਧਾਵਾ ਨੇ ਦੱਸਿਆ ਕਿ ਸਹਿਕਾਰੀ ਖੰਡ ਮਿੱਲਾਂ ਵੱਲੋਂ 27 ਫਰਵਰੀ ਤੱਕ 1.56 ਕਰੋੜ ਕੁਇੰਟਲ ਗੰਨਾ ਪੀੜਿਆ ਗਿਆ ਹੈ ਅਤੇ ਮਿੱਲਾਂ ਦੀ ਔਸਤਨ ਔਨ ਡੇਟ ਖੰਡ ਦੀ ਰਿਕਵਰੀ 10.41 ਫੀਸਦੀ ਅਤੇ ਟੂ ਡੇਟ ਰਿਕਵਰੀ 9.84 ਫੀਸਦੀ ਦੀ ਦਰ ਨਾਲ ਚੱਲ ਰਹੀ ਹੈ ਜਿਸ ਵਿਚ ਹੋਰ ਵਾਧਾ ਹੋਣ ਦੀ ਉਮੀਦ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਿਰਧਾਰਤ 310 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬਣਦੀ ਕੁੱਲ ਅਦਾਇਗੀ 485.62 ਕਰੋੜ ਰੁਪਏ ਵਿਚੋਂ 284 ਕਰੋੜ ਰੁਪਏ ਦੀ ਅਦਾਇਗੀ ਖੰਡ ਮਿੱਲਾਂ ਵੱਲੋਂ ਆਪਣੇ ਪੱਧਰ 'ਤੇ ਕੀਤੀ ਜਾ ਚੁੱਕੀ ਹੈ ਜੋ ਕਿ ਕੁੱਲ ਅਦਾਇਗੀ ਦਾ ਕਰੀਬ 59 ਫੀਸਦੀ ਬਣਦਾ ਹੈ। ਸਹਿਕਾਰਤਾ ਮੰਤਰੀ ਨੇ ਦੱਸਿਆ ਕਿ ਪਿਛਲੇ ਪਿੜਾਈ ਸੀਜ਼ਨ ਦੇ ਮੁਕਾਬਲੇ ਸਹਿਕਾਰੀ ਖੰਡ ਮਿੱਲਾਂ ਵੱਲੋਂ ਹੁਣ ਤੱਕ ਲਗਭਗ 25 ਕਰੋੜ ਰੁਪਏ ਦੀ ਕੀਮਤ ਦੀ ਖੰਡ ਦੀ ਵੱਧ ਪੈਦਾਵਾਰ ਕੀਤੀ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਿੜਾਈ ਸੀਜ਼ਨ 2018-19 ਦੌਰਾਨ ਸਹਿਕਾਰੀ ਖੰਡ ਮਿੱਲਾਂ ਵੱਲੋਂ ਗੰਨਾ ਕਾਸ਼ਤਕਾਰਾਂ ਨੂੰ ਜਲਦੀ ਅਦਾਇਗੀ ਕਰਨ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਗਿਆ ਕਿ ਪਿੜਾਈ ਸੀਜ਼ਨ 2017-18 ਦੀ ਬਕਾਇਆ ਰਾਸ਼ੀ 74.67 ਕਰੋੜ ਰੁਪਏ ਦੀ ਅਦਾਇਗੀ ਵੀ ਜਲਦੀ ਹੀ ਕੀਤੀ ਜਾ ਰਹੀ ਹੈ ਜਿਸ ਲਈ ਮੁੱਖ ਮੰਤਰੀ ਵੱਲੋਂ ਫੰਡ ਜਾਰੀ ਕਰਨ ਦੀ ਪ੍ਰਵਾਨਗੀ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ।

## ਹੁਣ ਪੰਜਵੀਂ ਤੇ ਅੱਠਵੀਂ ਦੇ ਵਿਦਿਆਰਥੀਆਂ ਨੂੰ ਕੀਤਾ ਜਾ ਸਕੇਗਾ ਫੇਲ੍ਹ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਵੱਲੋਂ ਸਿੱਖਿਆ ਅਧਿਕਾਰ ਐਕਟ 'ਚ ਕੀਤੀ ਸੋਧ ਨੂੰ ਲਾਗੂ ਕਰਦੇ ਹੋਏ ਪੰਜਵੀਂ ਤੇ ਅੱਠਵੀਂ 'ਚ ਵਿਦਿਆਰਥੀਆਂ ਨੂੰ ਫੇਲ੍ਹ ਕਰਨ ਦਾ ਫੈਸਲਾ ਲਾਗੂ ਕੀਤਾ ਹੈ।

ਇਸ ਸਬੰਧੀ ਡਾਇਰੈਕਟਰ ਐਸ. ਸੀ. ਈ.ਆਰ.ਟੀ. ਪੰਜਾਬ ਵਲੋਂ ਜਾਰੀ ਹਦਾਇਤਾਂ 'ਚ ਕਿਹਾ ਗਿਆ ਹੈ ਕਿ ਸਿੱਖਿਆ ਅਧਿਕਾਰ ਐਕਟ ਕਾਨੂੰਨ (ਆਰ.ਟੀ.ਈ) ਤਹਿਤ ਪਹਿਲਾਂ ਇਹ ਪ੍ਰਬੰਧ ਸੀ ਕਿ ਪਹਿਲੀ ਤੋਂ ਅੱਠਵੀਂ ਤੱਕ ਕੋਈ ਬੱਚਾ ਫੇਲ੍ਹ ਨਹੀਂ ਕਰਨਾ।

ਇਸ ਸਬੰਧੀ ਕੇਂਦਰ ਸਰਕਾਰ ਨੇ ਪਿਛਲੇ ਦਿਨੀਂ ਆਰ.ਟੀ.ਈ. ਕਾਨੂੰਨ 'ਚ ਸੋਧ ਕੀਤੀ ਸੀ ਕਿ ਪੰਜਵੀਂ ਤੇ ਅੱਠਵੀਂ ਦੀ ਸਾਲਾਨਾ ਪ੍ਰੀਖਿਆ 'ਚ ਵਿਦਿਆਰਥੀਆਂ ਨੂੰ ਫੇਲ੍ਹ ਕੀਤਾ ਜਾ ਸਕਦਾ ਹੈ। ਇਸ ਸੋਧ 'ਚ ਇਹ ਕਿਹਾ ਗਿਆ ਹੈ ਕਿ ਨਤੀਜਾ ਘੋਸ਼ਿਤ ਕਰਨ ਦੀ ਮਿਤੀ ਤੋਂ ਦੋ ਮਹੀਨੇ ਦੇ ਅੰਦਰ-ਅੰਦਰ ਵਿਦਿਆਰਥੀ ਦੀ ਦੁਬਾਰਾ ਪ੍ਰੀਖਿਆ ਲਈ ਜਾਵੇਗੀ ਜੇਕਰ ਵਿਦਿਆਰਥੀ ਫਿਰ ਵੀ ਫੇਲ੍ਹ ਹੋ ਜਾਂਦਾ ਹੈ ਤਾਂ ਉਸ ਨੂੰ ਦੁਬਾਰਾ ਉਸੇ ਕਲਾਸ 'ਚ ਰੱਖਿਆ ਜਾ ਸਕਦਾ ਹੈ। ਇਹ ਵੀ ਸੋਧ ਕੀਤੀ ਗਈ ਹੈ ਕਿ ਵਿਦਿਆਰਥੀਆਂ ਨੂੰ ਐਲੀਮੈਂਟਰੀ ਪੱਧਰ ਤੱਕ ਪਾਸ ਹੋਣਾ ਜ਼ਰੂਰੀ ਹੋਵੇਗਾ। ਇਸ ਸੋਧ ਨੂੰ ਕੇਂਦਰ ਸਰਕਾਰ ਨੇ ਰਾਜ ਸਰਕਾਰਾਂ 'ਤੇ ਛੱਡ ਦਿੱਤਾ ਸੀ ਕਿ ਉਨ੍ਹਾਂ ਨੇ ਫ਼ੈਸਲਾ ਲਾਗੂ ਕਰਨਾ ਹੈ ਜਾਂ ਨਹੀਂ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੀ ਇਸ ਸੋਧ ਨੂੰ ਲਾਗੂ ਕਰਦੇ ਹੋਏ ਪੰਜਵੀਂ ਤੇ ਅੱਠਵੀਂ 'ਚ ਵਿਦਿਆਰਥੀਆਂ ਨੂੰ ਫੇਲ੍ਹ ਕਰਨ ਦਾ ਫ਼ੈਸਲਾ ਕੀਤਾ ਹੈ।

# ਸਿੱਖ ਭਾਈਚਾਰੇ ਦੀ ਬਿਹਤਰੀ ਲਈ ਕੰਮ ਕਰੇਗੀ ਸਮਾਜਵਾਦੀ ਪਾਰਟੀ: ਅਖਿਲੇਸ਼

**ਜਲੰਧਰ:** ਉੱਤਰ ਪ੍ਰਦੇਸ਼ ਦੇ ਐਮ.ਐਲ.ਸੀ. ਅਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਦੀ ਅਗਵਾਈ ਹੇਠ ਸਮਾਜਵਾਦੀ ਪਾਰਟੀ ਦੇ ਲਖਨਊ ਸਥਿਤ ਮੁੱਖ ਦਫਤਰ 'ਚ ਹੋਏ ਸਿੱਖਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਮੁੱਖ ਮੰਤਰੀ ਅਤੇ ਸਮਾਜਵਾਦੀ ਪਾਰਟੀ ਦੇ ਕੌਮੀ ਪ੍ਰਧਾਨ ਅਖਿਲੇਸ਼ ਯਾਦਵ ਨੇ ਭਰੋਸਾ ਦਿੱਤਾ ਕਿ ਸਮਾਜਵਾਦੀ ਪਾਰਟੀ ਸਿੱਖ ਭਾਈਚਾਰੇ ਦੀ ਬਿਹਤਰੀ ਲਈ ਹੋਰ ਵੀ ਗੰਭੀਰਤਾ ਨਾਲ ਕੰਮ ਕਰੇਗੀ।

ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਆਉਣ 'ਤੇ ਯੂ.ਪੀ. 'ਚ ਪੰਜਾਬੀ ਅਕੈਡਮੀ ਦੇ ਬਜਟ ਨੂੰ 1 ਕਰੋੜ ਰੁਪਏ ਤੋਂ ਵਧਾ ਕੇ 20 ਕਰੋੜ ਕਰ ਦਿੱਤਾ ਜਾਵੇਗਾ ਅਤੇ 1000 ਨਵੇਂ ਪੰਜਾਬੀ ਅਧਿਆਪਕ ਭਰਤੀ ਕਰਨ ਤੋਂ ਇਲਾਵਾ ਤਰਾਈ ਖੇਤਰ (ਸਿੱਖ ਵਸੋਂ) ਵਿਚ 800 ਕਿਲੋਮੀਟਰ ਸੜਕਾਂ ਦੇ ਨਿਰਮਾਣ, ਸਿੱਖਾਂ ਨੂੰ ਪੱਛੜਾ ਵਰਗ ਦੇ ਸਰਟੀਫਿਕੇਟ ਜਾਰੀ ਕਰਨ ਅਤੇ ਲੈਂਡ ਸੀਲਿੰਗ ਨਾਮ ਹੇਠ ਹੁੰਦੀ ਉਨ੍ਹਾਂ ਦੀ ਖੱਜਲ ਖੁਆਰੀ ਨੂੰ ਸਖ਼ਤੀ ਨਾਲ ਰੋਕਿਆ ਜਾਵੇਗਾ। ਉਨ੍ਹਾਂ ਵਿਸ਼ਵਾਸ ਦੁਆਇਆ ਕਿ ਪੰਜਾਬੀਆਂ ਦੇ ਅਸਲਾ ਲਾਇਸੈਂਸ ਯੂ.ਪੀ. 'ਚ ਹੀ ਰੀਨਿਊ ਕੀਤੇ ਜਾਣਗੇ।

ਅਖਿਲੇਸ਼ ਯਾਦਵ ਨੇ ਕਿਹਾ ਕਿ ਮੈਂ ਸਿੱਖਾਂ ਨੂੰ ਦੂਰੋਂ ਹੀ ਪਗੜੀਆਂ ਤੋਂ ਪਹਿਚਾਣਦਾ ਰਿਹਾ ਹਾਂ ਤੇ ਅੱਜ ਵੀ ਰਾਮੂਵਾਲੀਆ ਵਲੋਂ ਉਠਾਈਆਂ ਗਈਆਂ ਸਮੱਸਿਆਵਾਂ ਨੂੰ ਇਕ ਵਾਰ ਫਿਰ ਧਿਆਨ ਨਾਲ ਸੁਣਿਆ ਹੈ ਤੇ ਉਹ ਭਰੋਸਾ ਦਿਵਾਉਂਦੇ ਹਨ ਕਿ ਸੱਤਾ 'ਚ ਆਉਣ 'ਤੇ ਸਿੱਖ ਭਾਈਚਾਰੇ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ।

# ਪੰਜਾਬ 'ਚ ਇਕ ਲੱਖ ਤੋਂ ਵੱਧ ਲੋਕਾਂ ਨੂੰ ਅਵਾਰਾ ਕੁੱਤਿਆਂ ਨੇ ਵੱਢਿਆ

**ਚੰਡੀਗੜ੍ਹ:** ਅਬੋਹਰ ਨੇੜਲੇ ਪਿੰਡ ਸ਼ੇਰਗੜ੍ਹ ਵਿਚ ਬੀਤੇ ਦਿਨ ਅਵਾਰਾ ਕੁੱਤਿਆਂ ਨੇ ਇਕ ਸਾਲਾ ਬੱਚੇ ਨੂੰ ਖਾ ਲਿਆ ਸੀ। ਅਵਾਰਾ ਕੁੱਤਿਆਂ ਦੇ ਹਮਲੇ 'ਚ ਕਿਸੇ ਦੀ ਮੌਤ ਹੋਣ ਵਾਲੀ ਇਹ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ ਹੈ। ਪਿਛਲੇ ਸਾਲ ਪੰਜਾਬ 'ਚ ਅਵਾਰਾ ਕੁੱਤਿਆਂ ਨੇ ਇਕ ਲੱਖ ਤੋਂ ਵੱਧ ਲੋਕਾਂ ਨੂੰ ਵੱਢਿਆ, ਜਿਨ੍ਹਾਂ 'ਚੋਂ ਕਈਆਂ ਦੀ ਮੌਤ ਹੋ ਗਈ ਤੇ ਕਈ ਗੰਭੀਰ ਜ਼ਖ਼ਮੀ ਹੋ ਗਏ, ਪਰ ਅਵਾਰਾ ਕੁੱਤਿਆਂ ਦੀ ਸਮੱਸਿਆ ਦੇ ਹੱਲ ਕਰਨ ਵਾਲੇ ਤਿੰਨੇ ਵਿਭਾਗ ਇਕ ਦੂਜੇ 'ਤੇ ਜ਼ਿੰਮੇਵਾਰੀ ਸੁੱਟ ਰਹੇ ਹਨ। ਪੰਜਾਬ ਸਰਕਾਰ ਵੱਲੋਂ 2018 'ਚ ਇਕੱਠੇ ਕੀਤੇ ਗਏ ਅੰਕੜਿਆਂ ਅਨੁਸਾਰ 1.13 ਲੱਖ ਲੋਕਾਂ ਨੂੰ ਅਵਾਰਾ ਕੁੱਤਿਆਂ ਨੇ ਵੱਢਿਆ ਹੈ, ਜਦਕਿ 2017 'ਚ ਇਹ ਅੰਕੜਾ 1.12 ਲੱਖ ਸੀ। ਇਨ੍ਹਾਂ ਲੋਕਾਂ 'ਚੋ 50 ਫੀਸਦੀ ਬੱਚੇ ਸਨ। ਇਹ ਸਿਰਫ ਉਹ ਮਾਮਲੇ ਹਨ, ਜਿਨ੍ਹਾਂ ਬਾਰੇ ਹਸਪਤਾਲਾਂ ਤੋਂ ਜਾਣਕਾਰੀ ਮਿਲੀ ਹੈ।

ਮਾਹਿਰਾਂ ਅਨੁਸਾਰ ਅਸਲ ਅੰਕੜਾ ਇਸ ਤੋਂ ਵੀ ਵੱਡਾ ਹੋ ਸਕਦਾ ਹੈ। ਲੰਘੇ ਦੋ ਸਾਲਾਂ ਦੌਰਾਨ ਅਵਾਰਾ ਕੁੱਤਿਆਂ ਦੇ ਵੱਢਣ ਦੇ ਮਾਮਲੇ 2016 ਨਾਲੋਂ ਦੁੱਗਣੇ (54 ਹਜ਼ਾਰ) ਹੋ ਗਏ ਹਨ। ਜ਼ਿਲ੍ਹਾਵਾਰ ਅੰਕੜਿਆਂ ਅਨੁਸਾਰ ਲੁਧਿਆਣਾ ਜ਼ਿਲ੍ਹਾ ਸਭ ਤੋਂ ਅੱਗੇ ਹੈ ਜਿੱਥੇ 15,324 ਘਟਨਾ ਵਾਪਰੀਆਂ ਹਨ। ਇਸ ਤੋਂ ਬਾਅਦ ਪਟਿਆਲਾ (9936), ਜਲੰਧਰ (9839), ਹੁਸ਼ਿਆਰਪੁਰ (9260) ਅਤੇ ਸੰਗਰੂਰ (6593) ਦਾ ਨੰਬਰ ਆਉਂਦਾ ਹੈ। ਹਾਲਾਂਕਿ ਪੰਜਾਬ 'ਚ ਅਵਾਰਾ ਕੁੱਤਿਆਂ ਦੀ ਸਮੱਸਿਆ ਦਾ ਮਸਲਾ ਵਿਧਾਨ ਸਭਾ ਦੇ ਹਰ ਸੈਸ਼ਨ 'ਚ ਉਠਾਇਆ ਜਾਂਦਾ ਹੈ, ਪਰ ਅਵਾਰਾ ਕੁੱਤਿਆਂ ਨੂੰ ਕੰਟਰੋਲ ਕਰਨ ਲਈ ਜ਼ਿੰਮੇਵਾਰ ਤਿੰਨੇ ਵਿਭਾਗ ਲੋਕਲ ਬਾਡੀਜ਼, ਪੇਂਡੂ ਵਿਕਾਸ ਤੇ ਪੰਚਾਇਤਾਂ ਅਤੇ ਪਸ਼ੂ ਪਾਲਣ ਵਿਭਾਗ ਇਕ ਦੂਜੇ 'ਤੇ ਜ਼ਿੰਮੇਵਾਰੀ ਸੁੱਟ ਕੇ ਸੁਰਖ਼ਰੂ ਹੋ ਰਹੇ ਹਨ।

## ਬੱਚੇ ਨੂੰ ਅਵਾਰਾ ਕੁੱਤਿਆਂ ਨੇ ਮਾਰ ਮੁਕਾਇਆ

**ਮਲੋਟ:** ਪਿੰਡ ਸ਼ੇਰਗੜ੍ਹ ਦੇ ਖੇਤਾਂ ਵਿਚ ਰਹਿੰਦੇ ਉੱਤਰ ਪ੍ਰਦੇਸ਼ ਦੇ ਮਜ਼ਦੂਰ ਪਰਿਵਾਰ ਦੇ ਤਿੰਨ ਸਾਲ ਦੇ ਬੱਚੇ ਨੂੰ ਹੱਡਾਰੋੜੀ ਦੇ ਕੁੱਤੇ ਖਾ ਗਏ। ਜਾਣਕਾਰੀ ਅਨੁਸਾਰ ਪਰਵਾਸੀ ਮਜ਼ਦੂਰ ਹਜ਼ਾਰੀ ਰਾਮ ਆਪਣੇ ਪਰਿਵਾਰ ਸਮੇਤ ਪਿਛਲੇ ਲੰਮੇ ਸਮੇਂ ਤੋਂ ਗੰਗਾਨਗਰ ਦੇ ਵਸਨੀਕ ਕੁੱਕੂ ਸਿੰਘ ਦੇ ਪਿੰਡ ਸ਼ੇਰਗੜ੍ਹ ਵਿਚਲੇ ਖੇਤਾਂ ਵਿਚ ਕੰਮ ਕਰਦਾ ਸੀ ਅਤੇ ਉਥੇ ਹੀ ਰਹਿੰਦਾ ਸੀ। ਉਸ ਦਾ ਤਿੰਨ ਸਾਲ ਦਾ ਬੱਚਾ ਸੰਦੀਪ ਖੇਡਦਾ ਹੋਇਆ ਖੇਤ ਨੇੜੇ ਸਥਿਤ ਹੱਡਾਰੋੜੀ ਕੋਲ ਚਲਾ ਗਿਆ, ਜਿਥੇ ਅਵਾਰਾ ਕੁੱਤਿਆਂ ਨੇ ਉਸ 'ਤੇ ਹਮਲਾ ਕਰ ਦਿੱਤਾ। ਕੁੱਤਿਆਂ ਨੇ ਬੱਚੇ ਨੂੰ ਮਾਰ ਮੁਕਾਇਆ। ਮਜ਼ਦੂਰ ਪਰਿਵਾਰ ਦੇ ਬੱਚੇ ਦੀ ਮੌਤ ਕਾਰਨ ਪਿੰਡ ਵਿਚ ਸਹਿਮ ਦਾ ਮਾਹੌਲ ਹੈ।

# ਸ੍ਰੀ ਆਨੰਦਪੁਰ ਸਾਹਿਬ ਸ਼ਹਿਰੀ ਵਿਕਾਸ ਅਥਾਰਿਟੀ ਦਾ ਗਠਨ

**ਸ੍ਰੀ ਆਨੰਦਪੁਰ ਸਾਹਿਬ:** ਪੰਜਾਬ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ 14 ਮੈਂਬਰੀ ਸ੍ਰੀ ਆਨੰਦਪੁਰ ਸਾਹਿਬ ਸ਼ਹਿਰੀ ਵਿਕਾਸ ਅਥਾਰਟੀ (ਸਾਸੂਦਾ) ਦਾ ਗਠਨ ਕਰਕੇ ਇਲਾਕੇ ਦੇ ਲੋਕਾਂ ਨੂੰ ਵੱਡੀ ਸੌਗਾਤ ਦਿੱਤੀ ਗਈ ਹੈ। ਇਸ ਮੰਤਵ ਲਈ ਸਾਸੂਦਾ ਦੀ ਹੱਦਬੰਦੀ ਵਿਚ 5846 ਹੈਕਟੇਅਰ ਰਕਬਾ ਲੈਂਦੇ ਹੋਏ ਇਲਾਕੇ ਦੇ 23 ਪਿੰਡ ਸ਼ਾਮਲ ਕੀਤੇ ਗਏ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੇ ਸਥਾਨਕ ਪਾਵਰਕੌਮ ਦੇ ਵਿਸ਼ਰਾਮ ਘਰ ਵਿਚ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰਤਾ ਅਤੇ ਇਤਿਹਾਸਿਕ ਮਹੱਤਵ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਦੀ ਸੁੰਦਰਤਾ ਅਤੇ ਸੁਹੱਪਣ ਨੂੰ ਯੁਗਾਂ ਯੁਗਾਂ ਤੱਕ ਕਾਇਮ ਰੱਖਣ ਦੇ ਉਦੇਸ਼ ਹਿੱਤ ਇਹ ਉਪਰਾਲਾ ਕੀਤਾ ਹੈ। ਸ੍ਰੀ ਕੇਪੀ ਨੇ ਕਿਹਾ ਕਿ ਉਨ੍ਹਾਂ ਦਾ ਇਹ ਸੁਪਨਾ ਸੀ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਵਿਕਾਸ ਦੀ ਕੋਈ ਵਿਸ਼ੇਸ਼ ਰੂਪ-ਰੇਖਾ ਤਿਆਰ ਕੀਤੀ ਜਾਵੇ। ਅੱਜ ਲੋਕਾਂ ਦੀ ਚਿਰਕਾਲੀ ਮੰਗ ਪੂਰੀ ਹੋ ਗਈ ਹੈ। ਹੁਣ ਇਸ ਨਗਰ ਦੇ ਆਲੇ-ਦੁਆਲੇ ਦੇ 23 ਪਿੰਡਾਂ ਨੂੰ ਵੀ ਸ਼ਹਿਰਾਂ ਵਾਲੀਆਂ ਸਹੂਲਤਾਂ ਯਕੀਨੀ ਅਤੇ ਜਲਦੀ ਮਿਲਣਗੀਆਂ। ਰਾਣਾ ਕੇਪੀ ਨੇ ਹੋਰ ਕਿਹਾ ਕਿ ਇਸ ਖੇਤਰ ਵਿਚ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਭਾਰੀ ਆਮਦ ਹੈ। ਇਸ ਵਿਕਾਸ ਅਥਾਰਟੀ ਦੇ ਗਠਨ ਨਾਲ ਜਦੋਂ ਇਸ ਖੇਤਰ ਦਾ ਚਹੁੰ ਮੁੱਖੀ ਵਿਕਾਸ ਹੋਵੇਗਾ ਤਾਂ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਆਮਦ ਵਿਚ ਵਾਧੇ ਨਾਲ ਇਸ ਇਲਾਕੇ 'ਚ ਵਪਾਰ ਤੇ ਕਾਰੋਬਾਰ ਵੀ ਪ੍ਰਫੁੱਲਿਤ ਹੋਵੇਗਾ ਅਤੇ ਸੈਰ ਸਪਾਟੇ ਦੀਆਂ ਸੰਭਾਵਨਾਵਾਂ ਵੀ ਵਧਣਗੀਆਂ।

# ਭਾਰਤ ਵਿਚ ਨਾਰੀ ਹੱਕ ਦੇ ਅਲੰਬਰਦਾਰ ਡਾ. ਅੰਬੇਡਕਰ

**ਨਾਰੀ ਦਿਵਸ 'ਤੇ**

ਹਰ ਸਾਲ 8 ਮਾਰਚ ਨੂੰ ਸਾਰੇ ਸੰਸਾਰ ਵਿਚ ਵੂਮਨ'ਜ਼ ਡੇਅ ਭਾਵ ਨਾਰੀ ਦਿਵਸ ਮਨਾਇਆ ਜਾਂਦਾ ਹੈ। ਜਿਵੇਂ ਜਿਵੇਂ ਸਾਇੰਸ ਦਾ ਯੁੱਗ ਆ ਰਿਹਾ ਹੈ, ਔਰਤ ਹੀ ਨਹੀਂ, ਦੁਨੀਆਂ ਦੇ ਹਰ ਕੋਨੇ ਵਿਚ ਹਰ ਇਨਸਾਨ ਆਪਣੇ ਹੱਕਾਂ ਦੀ ਲੜਾਈ ਲੜ ਰਿਹਾ ਹੈ। ਧੰਨਵਾਦ ਹੈ ਸੋਸ਼ਲ ਮੀਡੀਏ ਦਾ ਜਿਸ ਨਾਲ ਬਹੁਤ ਹੀ ਹਰ ਖਬਰ ਪਲਾਂ ਛਿਣਾਂ ਵਿਚ ਸਾਰੇ ਸੰਸਾਰ ਵਿਚ ਫੈਲ ਜਾਂਦੀ ਹੈ।

ਬਹੁਤੇ ਧਰਮਾਂ ਨੇ ਔਰਤ ਨੂੰ ਹਰ ਪੱਖੋਂ ਕੁਚਲਿਆ ਹੈ। ਜੰਬੂਦੀਪ (ਭਾਰਤ) ਵਿਚ ਯੂਰੇਸ਼ੀਅਨਾਂ ਦੇ ਆਉਣ ਤੋਂ ਪਹਿਲਾਂ ਮੋਹੰਜੋਦਾੜੋ, ਹੜੱਪਾ, ਸਿੰਧੂ ਘਾਟੀ ਤੋਂ ਇਲਾਵਾ ਲੂਥਨਕਾਲੀਬੰਗਰ, ਧੋਲਾਵੀਰਾ, ਰਾਖੀਗਾਰਥੀ ਆਦਿ ਹੋਰ ਵੀ ਸ਼ਹਿਰ ਸਨ, ਜਿੱਥੇ ਔਰਤ ਪੂਰੀ ਤਰ੍ਹਾਂ ਆਜ਼ਾਦ ਸੀ।



**ਹਰਬੰਸ ਵਿਰਦੀ, ਵੈਸਟ ਲੰਡਨ**
ਫੋਨ: 0044-7903839047

ਇਸ ਦੇ ਸਬੂਤ ਇਨ੍ਹਾਂ ਦੇ ਖੰਡਰਾਂ ਵਿਚੋਂ ਮਿਲਦੇ ਹਨ।

ਸਾਕੀਆ ਮੁਨੀ ਮਹਾਤਮਾ ਗੌਤਮ ਬੁੱਧ ਨੇ ਤਾਂ 2,600 ਸਾਲ ਪਹਿਲਾਂ ਜਿਵੇਂ ਮਰਦਾਂ ਦਾ ਭਿੱਖੂ ਸੰਘ ਬਣਾਇਆ, ਉਸ ਤੋਂ ਛੇ ਸਾਲ ਬਾਅਦ ਔਰਤਾਂ ਦਾ ਵੀ ਵੈਸ਼ਾਲੀ ਵਿਖੇ ਭਿੱਖੂਣੀ ਸੰਘ ਬਣਾਇਆ। ਭਿੱਖੂਆਂ ਨੂੰ 227 ਅਸੂਲ ਮੰਨਣੇ ਪੈਂਦੇ ਹਨ ਅਤੇ ਭਿੱਖੂਣੀਆਂ ਨੂੰ 310 ਮੰਨਣੇ ਪੈਂਦੇ ਹਨ। ਮਹਾਤਮਾ ਬੁੱਧ ਨੂੰ ਕਿਸੇ ਨੇ ਸਵਾਲ ਕੀਤਾ, "ਦੁਨੀਆਂ ਵਿਚ ਸਭ ਤੋਂ ਪਵਿੱਤਰ ਕੀ ਹੈ?"

ਗੁਲਾਬ ਦੇ ਫੁੱਲ, ਕਿਸੇ ਨਦੀ ਦਾ ਪਾਣੀ, ਜਿਸ ਤੋਂ ਉਸ ਵਕਤ ਕੱਪੜਾ ਬਣਦਾ ਸੀ, ਕਪਾਹ ਦਾ ਫੁੱਲ ਆਦਿ ਕਹਿ ਸਕਦੇ ਸਨ ਪਰ ਮਹਾਤਮਾ ਬੁੱਧ ਨੇ ਕਿਹਾ, "ਔਰਤ ਸਭ ਤੋਂ ਪਵਿੱਤਰ ਹੈ।" ਇਸੇ ਤਰ੍ਹਾਂ ਮਹਾਮਾਨਵ ਬੁੱਧ ਨੂੰ ਪੁੱਛਿਆ, "ਦੁਨੀਆਂ ਵਿਚ ਸਭ ਤੋਂ ਵਧੀਆ ਸਾਥ ਕਿਸ ਦਾ ਹੈ?" ਉਨ੍ਹਾਂ ਕਿਹਾ, ਪਤੀ ਅਤੇ ਭਾਰੀਆ (ਪਾਲੀ ਭਾਸ਼ਾ ਵਿਚ ਘਰ ਵਾਲੀ) ਦਾ ਸਾਥ ਸਭ ਤੋਂ ਵਧੀਆ ਸਾਥ ਹੈ।

"ਉਹ ਕਿਵੇਂ?"

ਮਹਾਤਮਾ ਬੁੱਧ ਨੇ ਜਬਾਬ ਦਿੱਤਾ, "ਮਾਂ ਆਪਣੇ ਪੁੱਤਰ ਅਤੇ ਪੁਤਰੀ ਨੂੰ ਨੌਂ ਮਹੀਨੇ ਪੇਟ ਵਿਚ ਰੱਖਦੀ ਹੈ, ਮਲ-ਮੂਤਰ ਸਾਫ ਕਰਦੀ ਹੈ ਪਰ ਕੁਛ ਉਮਰ ਪਿਛੋਂ ਸ਼ਰਮ ਦਾ ਪਰਦਾ ਵਿਚ ਆ ਜਾਂਦਾ ਹੈ, ਦੋਨੋਂ ਅਲੱਗ ਕਮਰੇ ਵਿਚ ਜਾ ਕੇ ਬਸਤਰ ਬਦਲਦੇ ਹਨ। ਇਸੇ ਹੀ ਤਰ੍ਹਾਂ ਬਾਪ ਦਾ ਰਿਸ਼ਤਾ ਹੈ। ਜਿਨ੍ਹਾਂ ਬੱਚਿਆਂ ਨੂੰ ਉਹ ਨੰਗੇ ਖੇਡਦੇ ਦੇਖਦਾ ਹੈ, ਉਹ ਬੱਚੇ 6-7 ਸਾਲ ਦੇ ਹੋਣ 'ਤੇ ਅਲੱਗ ਜਾ ਕੇ ਕੱਪੜੇ ਬਦਲਦੇ ਹਨ। ਭੈਣ, ਭਰਾ ਅਤੇ ਬਾਕੀ ਸਾਰੇ ਰਿਸ਼ਤੇ ਇਸ ਤਰ੍ਹਾਂ ਹੀ ਹਨ ਪਰ ਪਤੀ ਅਤੇ ਭਾਰੀਆ ਦਾ ਰਿਸ਼ਤਾ ਜਿਵੇਂ ਪਹਿਲੇ ਦਿਨ ਤੋਂ ਸ਼ੁਰੂ ਹੁੰਦਾ ਹੈ, ਮਰਦੇ ਦਮ ਤੱਕ ਉਸੇ ਹੀ ਤਰ੍ਹਾਂ ਰਹਿੰਦਾ ਹੈ। ਪਤੀ ਆਪਣੀ ਭਾਰੀਆਂ ਨੂੰ ਅਤੇ ਭਾਰੀਆ ਆਪਣੇ ਪਤੀ ਨੂੰ ਹੀ ਦੱਸ ਸਕਦਾ ਹੈ ਕਿ ਉਸ ਦੇ ਸਰੀਰ ਦੇ ਕਿਸ ਗੁਪਤ ਅੰਗ ਵਿਚ ਦਰਦ ਹੈ।"

ਚੰਦਰਗੁਪਤ ਮੋਰੀਆ ਤੋਂ ਲੈ ਕੇ ਹਰਸ਼ ਵਰਧਨ, ਜੋ 647 ਈਸਵੀ ਵਿਚ ਪੂਰੇ ਹੋਏ, ਤੱਕ ਜੰਬੂਦੀਪ ਵਿਚ ਔਰਤ ਪੂਰੀ ਤਰ੍ਹਾਂ ਆਜ਼ਾਦ ਸੀ, ਬੁੱਧ ਧਰਮ ਨੂੰ ਤਾਂ ਬ੍ਰਾਹਮਣਾਂ ਨੇ ਬਹੁਤ ਸਾਰੀਆਂ ਸਾਜਿਸ਼ਾਂ ਰਚ ਕੇ ਉਸ ਦੀ ਜਨਮ ਭੂਮੀ ਜੰਬੂਦੀਪ ਤੋਂ ਅਲੋਪ ਕਰ ਦਿੱਤਾ ਅਤੇ ਬਾਅਦ ਵਿਚ ਆਪਣੇ ਸਾਰੇ ਧਰਮ ਗ੍ਰੰਥਾਂ ਵਿਚ ਔਰਤ ਉਤੇ ਹਰ ਤਰ੍ਹਾਂ ਦੀ ਗੁਲਾਮੀ ਦੇ ਆਦੇਸ਼ ਲਿਖ ਦਿੱਤੇ।

ਈਸਾਈ ਧਰਮ ਦੁਨੀਆਂ ਦਾ ਸਭ ਤੋਂ ਵੱਡਾ ਅਤੇ ਅਮੀਰ ਧਰਮ ਹੈ। ਇਸ ਵਿਚ ਔਰਤ ਨੂੰ ਮਰਦ ਦੇ ਬਰਾਬਰ ਹੱਕ ਨਹੀਂ ਹਨ। ਔਰਤ ਇਸ ਧਰਮ ਵਿਚ ਬਰਾਬਰੀ ਪਾਉਣ ਲਈ ਹਮੇਸ਼ਾ ਸੰਘਰਸ਼ ਕਰਦੀ ਰਹੀ ਹੈ। ਅੱਜ ਵੀ ਈਸਾਈ ਧਰਮ ਵਿਚ ਔਰਤ ਨੂੰ ਬਰਾਬਰੀ ਹਾਸਲ ਨਹੀਂ ਹੈ। ਨਵੰਬਰ 2016 ਵਿਚ ਬੜੇ ਸੰਘਰਸ਼ ਤੋਂ ਬਾਅਦ ਔਰਤ ਨੂੰ ਬਿਸ਼ਪ ਬਣਨ ਦਾ ਹੱਕ ਦਿੱਤਾ ਗਿਆ, ਹਾਲੇ ਵੀ ਇਸ ਧਰਮ ਵਿਚ ਔਰਤ ਕਾਰਡੀਨਲ ਅਤੇ ਪੋਪ ਨਹੀਂ ਬਣ ਸਕਦੀ।

ਇਸਲਾਮ ਵਿਚ ਤਾਂ ਔਰਤ ਨੂੰ ਮਸਜਿਦ ਵਿਚ ਜਾਣ ਦੀ ਮਨਾਹੀ ਹੈ। ਔਰਤ ਧਰਮ ਪ੍ਰਚਾਰਕ (ਮੌਲਵੀ ਜਾਂ ਕੋਈ ਵੀ ਪਦਵੀ) ਨਹੀਂ ਬਣ ਸਕਦੀ। ਮਰਦ ਜੋ ਮਨ ਚਾਹੇ ਕੱਪੜੇ ਪਹਿਨੇ, ਪਰ ਔਰਤ ਨੂੰ ਬੁਰਕੇ ਵਿਚ ਕੇਵਲ ਅੱਖਾਂ ਹੀ ਨੰਗੀਆਂ ਰੱਖਣੀਆਂ ਹਨ। ਬੰਬਈ ਫਿਲਮ ਇੰਡਸਟਰੀ ਵਲੋਂ ਬਣੀ ਫਿਲਮ 'ਤਲਾਕ' ਵਿਚ ਕਾਫੀ ਕੁਝ ਬਿਆਨ ਕੀਤਾ ਹੋਇਆ ਹੈ।

ਪਹਿਲੇ ਮੁਗਲ ਬਾਦਸ਼ਾਹ ਬਾਬਰ ਦੇ ਰਾਜ ਤੋਂ ਲੈ ਕੇ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਤੱਕ ਕਿਸੇ ਵੀ ਬ੍ਰਾਹਮਣ ਲੇਖਕ ਨੇ ਇਹ ਨਹੀਂ ਲਿਖਿਆ ਕਿ "ਸਾਡੇ ਦੇਸ਼ ਵਿਚ ਵਿਦੇਸ਼ੀਆਂ ਦਾ ਰਾਜ ਹੈ, ਐ ਦੇਸ਼ ਦੇ ਨੌਜਵਾਨੋ ਉਠੋ ਅਤੇ ਦੇਸ਼ ਨੂੰ ਵਿਦੇਸ਼ੀਆਂ ਦੇ ਰਾਜ ਤੋਂ ਮੁਕਤ ਕਰਾਓ।" ਮੁਗਲਾਂ ਦੇ ਰਾਜ ਵਿਚ ਜਦੋਂ ਅਕਬਰ ਦਾ ਰਾਜ ਸੀ ਤਾਂ ਅਬਲਾ ਨਾਰੀ ਬਾਰੇ ਇਨ੍ਹਾਂ ਦੇ ਵਿਦਵਾਨ ਲੇਖਕ ਗੌਸਵਾਮੀ ਤੁਲਸੀ ਦਾਸ ਲਿਖਦੇ ਹਨ, "ਢੋਲ, ਗਵਾਰ, ਸ਼ੂਦਰ, ਪਸ਼ੂ, ਨਾਰੀ ਪਾਂਚੋਂ ਤਾੜਨ ਕੇ ਅਧਿਕਾਰੀ।" ਇਨ੍ਹਾਂ ਯੂਰੇਸ਼ੀਅਨਾਂ ਨੇ ਜੰਬੂਦੀਪ ਦੇ ਮੂਲਨਿਵਾਸੀਆਂ ਬਾਰੇ ਕਿਹੋ ਜਿਹੇ ਨਫਰਤ ਭਰੇ ਲਫਜ਼ ਲਿਖੇ, "ਪੂਜੀਏ ਬਿਪਰ ਸ਼ੀਲ ਗੁਣ ਹੀਨਾ, ਨਹੀਂ ਸ਼ੂਦਰ ਗੁਣ ਗਿਆਨ ਪ੍ਰਵੀਨਾ।" ਭਾਵ ਬ੍ਰਾਹਮਣ ਦੀ ਪੂਜਾ ਕਰੋ, ਚਾਹੇ ਉਹ ਕਿੰਨਾ ਵੀ ਬਦਚਲਨ ਕਿਉਂ ਨਾ ਹੋਵੇ, ਪਰ ਸ਼ੂਦਰ ਦੀ ਕਦੀ ਵੀ ਪੂਜਾ ਨਾ ਕਰੋ ਚਾਹੇ ਉਹ ਕਿੰਨਾ ਵੀ ਚਰਿਤਰਵਾਨ ਹੋਵੇ।

ਹਿੰਦੂ ਧਰਮ ਦੇ ਕਾਨੂੰਨ ਦੀ ਕਿਤਾਬ ਮਨੂੰ ਸਿਮਰਤੀ ਤਾਂ ਔਰਤ ਅਤੇ ਸ਼ੂਦਰਾਂ ਨੂੰ ਕਿਵੇਂ ਗੁਲਾਮ ਬਣਾ ਕੇ ਰੱਖਣਾ ਹੈ, ਬਾਰੇ ਭਰੀ ਪਈ ਹੈ। ਰਮਾਇਣ ਵਿਚ ਸੀਤਾ ਨੂੰ ਰਾਵਣ ਕੋਲੋਂ ਵਾਪਸ ਆਉਣ ਪਿਛੋਂ ਉਸ ਵਿਚਾਰੀ ਨੂੰ ਆਪਣੀ ਪਵਿੱਤਰਤਾ ਸਿੱਧ ਕਰਨ ਲਈ ਅਗਨੀ ਪ੍ਰੀਖਿਆ ਦੇਣੀ ਪਈ, ਪਰ ਰਾਮ ਚੰਦਰ ਨੇ ਆਪਣੀ ਪ੍ਰੀਖਿਆ ਕਿਉਂ ਨਾ ਦਿੱਤੀ? ਉਹ ਵੀ ਤਾਂ ਸੀਤਾ ਤੋਂ ਬਿਨਾ ਇੰਨਾ ਲੰਮਾ ਸਮਾਂ ਰਿਹਾ ਸੀ! ਇੱਥੇ ਹੀ ਗੱਲ ਖਤਮ ਨਹੀਂ ਹੋਈ, ਫਿਰ ਵੀ ਮੌਕਾ ਮਿਲਣ 'ਤੇ ਸੀਤਾ ਨੂੰ ਗਰਭਵਤੀ ਹਾਲਤ ਵਿਚ ਉਸ ਦੇ ਮਾਂ-ਬਾਪ ਜਾਂ ਕਿਸੇ ਰਿਸ਼ਤੇਦਾਰ ਦੇ ਘਰ ਨਹੀਂ, ਸਗੋਂ ਜੰਗਲਾਂ ਵਿਚ ਭੇਜ ਦਿੱਤਾ। ਸਭ ਚੰਗੀ ਤਰ੍ਹਾਂ ਜਾਣਦੇ ਹਨ ਕਿ ਜੰਗਲ ਵਿਚ ਸ਼ੇਰ, ਚੀਤੇ, ਬਘਿਆੜ, ਲੱਕੜਬੱਘਾ ਆਦਿ ਖਤਰਨਾਕ ਜਾਨਵਰ ਹੁੰਦੇ ਹਨ। ਮਹਾਭਾਰਤ ਵਿਚ ਵਿਚਾਰੀ ਦਰੋਪਤੀ ਨੇ ਤਾਂ ਅਰਜਨ ਨਾਲ ਵਿਆਹ ਕੀਤਾ ਸੀ, ਪਰ ਉਸ ਨੂੰ ਪੰਜਾਂ ਹੀ ਭਰਾਵਾਂ ਦੀ ਕਾਮਵਾਸਨਾ ਦਾ ਸ਼ਿਕਾਰ ਹੋਣਾ ਪਿਆ। ਇਸ ਵਿਸ਼ੇ 'ਤੇ ਬਹੁਤ ਵੱਡੀ ਕਿਤਾਬ ਲਿਖੀ ਜਾ ਸਕਦੀ ਹੈ, ਪਰ ਇਹ ਹੀ ਕਾਫੀ ਹੈ। ਜਿਉਂ ਹੀ ਜੰਬੂਦੀਪ ਵਿਚੋਂ ਬੁੱਧ ਧਰਮ ਅਲੋਪ ਹੋਇਆ, ਔਰਤ ਦੀ ਗੁਲਾਮੀ ਦੇ ਦਿਨ ਸ਼ੁਰੂ ਹੋ ਗਏ।



ਵਿਸ਼ਵ ਰਤਨ ਬਾਬਾ ਸਾਹਿਬ ਡਾ. ਅੰਬੇਡਕਰ, ਜੋ ਸਾਕੀਆ ਮੁਨੀ ਗੌਤਮ ਬੁੱਧ, ਸੰਤ ਕਬੀਰ, ਮਹਾਤਮਾ ਜਿਓਤੀ ਰਾਓ ਫੂਲੇ ਆਦਿ ਮਹਾਪੁਰਸ਼ਾਂ ਦੀ ਸਿੱਖਿਆ ਨੂੰ ਮੰਨਣ ਵਾਲੇ ਸਨ, ਭਾਰਤ ਦੀ ਹਰ ਨਾਰੀ ਨੂੰ ਇਸ ਨਾਰੀ ਦਿਵਸ ਉਤੇ ਉਨ੍ਹਾਂ ਨੂੰ ਜਰੂਰ ਆਦਰ, ਸਤਿਕਾਰ ਨਾਲ ਸ਼ਰਧਾ ਭੇਟ ਕਰਨੀ ਚਾਹੀਦੀ ਹੈ। ਅੱਜ ਭਾਰਤ ਵਿਚ ਹਰ ਔਰਤ ਨੂੰ ਜੇ ਇਨਸਾਨੀ ਹੱਕ ਮਿਲੇ ਹਨ ਤਾਂ ਉਹ ਕੇਵਲ ਤੇ ਕੇਵਲ ਇਸ ਮਹਾਪੁਰਸ਼ ਦੀ ਜੱਦੋਜਹਿਦ ਦਾ ਨਤੀਜਾ ਹੈ।

ਭਾਰਤ ਦੇ ਇਤਿਹਾਸ ਵਿਚ ਔਰਤ ਦੀ ਕੀ ਸਥਿਤੀ ਸੀ? ਮਰਦ ਕਿੰਨਾ ਵੀ ਬੁਰਾ ਹੋਵੇ, ਔਰਤ ਉਸ ਨੂੰ ਛੱਡ ਨਹੀਂ ਸੀ ਸਕਦੀ, ਮਰਦ ਜਦੋਂ ਮਨ ਚਾਹੇ ਔਰਤ ਨੂੰ ਆਪਣੀ ਜਾਇਦਾਦ ਵਿਚੋਂ ਫੁੱਟੀ ਕੌਡੀ ਦਿੱਤੇ ਬਿਨਾ ਘਰੋਂ ਬਾਹਰ ਕੱਢ ਸਕਦਾ ਸੀ। ਪਿਤਾ ਦੀ ਜਾਇਦਾਦ ਵਿਚੋਂ ਬੇਟੇ ਹੀ ਹੱਕਦਾਰ ਸਨ, ਬੇਟੀ ਨੂੰ ਕੋਈ ਵੀ ਹੱਕ ਨਹੀਂ ਸੀ। ਪਤਨੀ ਮਰਨ ਤੋਂ ਬਾਅਦ ਪਤੀ ਸ਼ਮਸ਼ਾਨਘਾਟ ਤੋਂ ਉਸ ਸਮੇਂ ਤੱਕ ਵਾਪਸ ਨਹੀਂ ਸੀ ਆ ਸਕਦਾ, ਜਦੋਂ ਤੱਕ ਉਸ ਦੀ ਮੰਗਣੀ ਨਹੀਂ ਸੀ ਹੋ ਜਾਂਦੀ, ਪਰ ਪਤੀ ਮਰ ਜਾਵੇ ਤਾਂ ਪਤਨੀ ਨੂੰ ਅੱਗ ਵਿਚ ਸੜ੍ਹ ਕੇ ਸਤੀ ਹੋਣਾ ਪੈਂਦਾ ਜਾਂ ਬਾਕੀ ਸਾਰੀ ਉਮਰ, ਵਾਲ ਕਟਵਾ ਕੇ, ਚਿੱਟੇ ਕੱਪੜੇ ਪਾ ਕੇ ਪਸ਼ੂਆਂ ਵਾਲੇ ਮਕਾਨ ਵਿਚ ਰਹਿਣਾ ਪੈਂਦਾ, ਉਸ ਨੂੰ ਕਿਸੇ ਵੀ ਧਾਰਮਕ ਰੀਤੀ-ਰਿਵਾਜ ਆਦਿ ਵਿਚ ਹਿੱਸਾ ਲੈਣ ਦਾ ਕੋਈ ਹੱਕ ਨਹੀਂ ਸੀ। ਬੰਗਾਲ ਤੋਂ ਰਾਜਾ ਰਾਮ ਮੋਹਨ ਰਾਏ ਨੇ ਬਚਪਨ ਵਿਚ ਆਪਣੇ ਵੱਡੇ ਭਰਾ ਦੀ ਮੌਤ ਪਿਛੋਂ ਆਪਣੀ ਵੱਡੀ ਭਰਜਾਈ ਨੂੰ ਬ੍ਰਾਹਮਣਾਂ ਵਲੋਂ ਜ਼ਬਰਦਸਤੀ ਬਲਦੀ ਚਿਤਾ ਵਿਚ ਸੁਟਦਿਆਂ ਦੇਖਿਆ ਸੀ। ਉਨ੍ਹਾਂ ਨੇ ਇੰਗਲੈਂਡ ਜਾ ਕੇ ਅੰਗਰੇਜ਼ਾਂ ਨੂੰ ਬੇਨਤੀ ਕੀਤੀ ਕਿ ਇਸ ਵਹਿਸ਼ੀਪਣੇ ਨੂੰ ਹਰ ਹਾਲਤ ਰੋਕਿਆ ਜਾਵੇ ਤਾਂ ਗਵਰਨਲ ਜਨਰਲ ਲਾਰਡ ਵਿਲੀਅਮ ਵੈਂਟਿਨਕ ਨੇ 4 ਦਸੰਬਰ 1828 ਨੂੰ ਬੰਗਾਲ ਸਤੀ ਕਾਨੂੰਨ ਸਾਰੇ ਭਾਰਤ ਵਿਚ ਲਾਗੂ ਕਰਾਇਆ। ਜਿੱਥੇ ਵੀ ਕੋਈ ਸ਼ਾਦੀ-ਸ਼ੁਦਾ ਹਿੰਦੂ ਮਰ ਜਾਂਦਾ ਤਾਂ ਉਥੇ ਫੌਜ ਨੂੰ ਭੇਜ ਕੇ ਔਰਤ ਦੀ ਹਿਫਾਜ਼ਤ ਕਰਦਾ।

ਡਾ. ਅੰਬੇਡਕਰ ਨੇ ਹਿੰਦੂ ਕੋਡ ਬਿੱਲ ਬਣਾ ਕੇ ਔਰਤ ਨੂੰ ਸਾਰੇ ਹੱਕ ਲੈ ਕੇ ਦਿੱਤੇ। ਜਦੋਂ ਬਾਬਾ ਸਾਹਿਬ ਹਿੰਦੂ ਕੋਡ ਬਿੱਲ ਲਿਖ ਰਹੇ ਸਨ ਤਾਂ ਉਨ੍ਹਾਂ ਦੀ ਕੋਠੀ ਵਿਚ ਰਹਿੰਦੇ ਸੋਹਨ ਲਾਲ ਸ਼ਾਸਤਰੀ ਨੇ ਪੁੱਛਿਆ, "ਬਾਬਾ ਸਾਹਿਬ, ਹਿੰਦੂ ਕੋਡ ਬਿੱਲ ਬਣਾਉਣ ਦਾ ਕੀ ਫਾਇਦਾ ਹੋਵੇਗਾ?" ਬਾਬਾ ਸਾਹਿਬ ਨੇ ਮੁਸਕਰਾ ਕੇ ਜਬਾਬ ਦਿੱਤਾ, "ਸੋਹਣ ਲਾਲ, ਅੱਗੇ ਤੋਂ ਕੋਈ ਰਾਮ, ਗਰਭਵਤੀ ਸੀਤਾ ਨੂੰ ਘਰੋਂ ਨਹੀਂ ਕੱਢ ਸਕੇਗਾ।"

ਇਸ ਹਿੰਦੂ ਕੋਡ ਬਿੱਲ ਨੂੰ ਜਦੋਂ ਬਾਬਾ ਸਾਹਿਬ ਨੇ ਪਾਰਲੀਮੈਂਟ ਵਿਚ ਪੇਸ਼ ਕੀਤਾ ਤਾਂ ਬ੍ਰਾਹਮਣਾਂ ਨੇ ਇਸ ਨੂੰ ਹਿੰਦੂ ਕੋਡ ਬਿੱਲ ਨਹੀਂ, 'ਹਿੰਦੂ ਕੋੜ੍ਹ ਬਿੱਲ' ਕਿਹਾ। ਜਵਾਹਰ ਲਾਲ ਨਹਿਰੂ ਨੇ ਬਾਬਾ ਸਾਹਿਬ ਨਾਲ ਵਾਅਦਾ ਕੀਤਾ ਸੀ ਕਿ ਉਹ ਇਸ ਨੂੰ ਪਾਸ ਕਰਾਉਣ ਲਈ ਪੂਰਾ ਸਹਿਯੋਗ ਦੇਣਗੇ। ਇਹ ਉਨ੍ਹਾਂ ਨੇ ਸ਼ਾਇਦ ਆਪਣੀ ਇਕਲੌਤੀ ਬੇਟੀ ਹੋਣ ਕਰਕੇ ਹੀ ਕਿਹਾ ਹੋਵੇ! ਪਰ ਮੌਕਾ ਆਉਣ 'ਤੇ ਨਹਿਰੂ ਨੇ ਸਾਥ ਨਾ ਦਿੱਤਾ। ਬਾਬਾ ਸਾਹਿਬ ਨੇ ਕਿਸੇ ਹਿੰਦੂ ਨੂੰ ਇਹ ਬਿੱਲ ਕੁਛ ਸੋਧ ਕਰਕੇ ਪੇਸ਼ ਕਰਨ ਲਈ ਦੇ ਦਿੱਤਾ, ਬਿੱਲ ਪਾਸ ਹੋ ਗਿਆ। ਬਾਬਾ ਸਾਹਿਬ ਨੇ ਇਸ ਬਿੱਲ ਨੂੰ ਨਾ ਪਾਸ ਕਰਨ ਦੇ ਵਿਰੋਧ ਵਿਚ ਆਪਣੇ ਕਾਨੂੰਨ ਮੰਤਰੀ ਪੱਦ ਤੋਂ ਅਸਤੀਫਾ ਦੇ ਦਿੱਤਾ।

ਇਸ ਹਿੰਦੂ ਕੋਡ ਬਿੱਲ ਰਾਹੀਂ ਔਰਤ ਨੂੰ ਉਸ ਦੇ ਪਤੀ ਵਲੋਂ ਛੱਡਣ 'ਤੇ ਪਤਨੀ ਨੂੰ ਸਾਰੀ ਜਾਇਦਾਦ ਵਿਚੋਂ ਅੱਧਾ ਹਿੱਸਾ ਮਿਲਦਾ, ਔਰਤ ਦੂਸਰੀ ਸ਼ਾਦੀ ਕਰ ਸਕਦੀ ਹੈ। ਪਤੀ ਬਦਚਲਣ, ਸ਼ਰਾਬੀ, ਜੂਏਬਾਜ ਹੋਵੇ ਤਾਂ ਪਤਨੀ ਵੀ ਪਤੀ ਨੂੰ ਛੱਡ ਸਕਦੀ ਹੈ। ਬਾਪ ਦੀ ਜਾਇਦਾਦ ਵਿਚੋਂ ਵੀ ਬੇਟੀ ਨੂੰ ਬੇਟਿਆਂ ਦੇ ਬਰਾਬਰ ਹਿੱਸਾ ਮਿਲਦਾ ਹੈ। ਜਿਸ ਵੋਟ ਦੇ ਹੱਕ ਨੂੰ ਲੈਣ ਲਈ ਸੌ ਸਾਲ ਪਹਿਲਾਂ ਯੂ. ਕੇ. ਵਿਚ ਸੈਂਕੜੇ ਔਰਤਾਂ ਨੂੰ ਆਪਣੀ ਜਾਨ ਦੀ ਕੁਰਬਾਨੀ ਦੇਣੀ ਪਈ, ਭਾਰਤ ਵਿਚ ਉਹ ਹੱਕ ਹਰ ਨਾਰੀ ਨੂੰ ਬਾਬਾ ਸਾਹਿਬ ਨੇ ਕਲਮ ਦੀ ਤਾਕਤ ਨਾਲ ਹੀ ਲੈ ਕੇ ਦਿੱਤਾ। ਅੱਜ ਜਿੰਨੀ ਤਾਕਤ ਸੋਨੀਆ ਗਾਂਧੀ ਦੀ ਵੋਟ ਦੀ ਹੈ, ਉਨੀ ਹੀ ਤਾਕਤ ਇੱਕ ਪਿੰਡ ਦੀ ਅਨਪੜ੍ਹ ਔਰਤ ਦੀ ਵੋਟ ਦੀ ਹੈ। ਜਦੋਂ ਬਾਬਾ ਸਾਹਿਬ ਅੰਗਰੇਜ਼ਾਂ ਦੀ ਸਰਕਾਰ ਵਿਚ ਲੇਬਰ ਮੈਂਬਰ ਸਨ ਤਾਂ ਬਾਬਾ ਸਾਹਿਬ ਨੇ ਕੋਇਲੇ ਦੀਆਂ ਖਾਨਾਂ ਵਿਚ ਔਰਤਾਂ ਦੇ ਕੰਮ ਕਰਨ ਉਤੇ ਪਾਬੰਦੀ ਲਾ ਦਿੱਤੀ ਸੀ, ਕਿਉਂਕਿ ਔਰਤ ਦਾ ਪੇਟ ਬਹੁਤ ਨਾਜ਼ਕ ਹੁੰਦਾ ਹੈ, ਜਿਸ ਵਿਚ ਬੱਚਾ ਪਲਦਾ ਹੈ। ਕੋਇਲੇ ਦੀ ਖਾਨ ਵਿਚ ਕੰਮ ਕਰਨ ਨਾਲ ਬਹੁਤ ਕੋਇਲਾ ਅੰਦਰ ਜਾਂਦਾ ਹੈ, ਜੋ ਔਰਤ ਅਤੇ ਬੱਚੇ ਲਈ ਬਹੁਤ ਖਤਰਨਾਕ ਹੈ। ਯੂ. ਕੇ. ਵਿਚ 15-20 ਸਾਲ ਪਹਿਲਾਂ ਹੀ ਔਰਤ ਨੂੰ ਬੱਚੇ ਦਾ ਜਨਮ ਹੋਣ ਤੋਂ ਪਹਿਲਾਂ ਤੇ ਬਾਅਦ ਵਿਚ ਤਨਖਾਹ ਸਮੇਤ ਛੁੱਟੀ ਸ਼ੁਰੂ ਕੀਤੀ ਗਈ ਸੀ, ਡਾ. ਅੰਬੇਡਕਰ ਨੇ 1942 ਵਿਚ ਅੰਗਰੇਜ਼ ਸਰਕਾਰ ਵਿਚ ਲੇਬਰ ਦੇ ਮੈਂਬਰ ਬਣਨ ਪਿਛੋਂ ਭਾਰਤ ਵਿਚ ਔਰਤ ਨੂੰ ਇਹ ਹੱਕ ਦੇ ਦਿੱਤੇ ਸਨ।

ਇੰਡੀਆ ਦੀ ਆਜ਼ਾਦੀ ਤੋਂ ਬਾਅਦ ਕਾਨੂੰਨ ਵਿਚ ਸਭ ਹੱਕ ਹੋਣ ਦੇ ਬਾਵਜੂਦ ਔਰਤ ਜ਼ੁਲਮ ਦੀ ਚੱਕੀ ਵਿਚ ਪਿਸ ਰਹੀ ਹੈ। ਹਰ 20 ਮਿੰਟ ਬਾਅਦ ਉਥੇ ਔਰਤ ਨਾਲ ਬਲਾਤਕਾਰ ਹੋ ਰਿਹਾ ਹੈ, ਬਲਾਤਕਾਰ ਕਰਨ ਵਾਲੇ ਮਨਿਸਟਰਾਂ, ਐਮ. ਪੀ., ਐਮ. ਐਲ. ਏ. ਆਦਿ ਦੇ ਭਰਾ, ਬੇਟੇ, ਭਤੀਜੇ, ਭਾਣਜੇ ਹੋਣ ਕਰਕੇ ਉਨ੍ਹਾਂ ਖਿਲਾਫ ਕੋਈ ਸਖਤ ਕਾਨੂੰਨ ਨਹੀਂ ਬਣ ਰਹੇ, ਕਿਉਂਕਿ ਇਨ੍ਹਾਂ ਦੀਆਂ ਪਤਨੀਆਂ, ਧੀਆਂ, ਭੈਣਾਂ ਆਦਿ ਤਾਂ ਏਅਰ ਕੰਡੀਸ਼ਨ ਕਾਰਾਂ ਵਿਚ ਘੁੰਮਦੀਆਂ ਹਨ। ਬਾਬਾ ਸਾਹਿਬ ਦੁਆਰਾ ਬਣਾਇਆ ਹਿੰਦੂ ਕੋਡ ਬਿੱਲ ਨਾ ਹੁੰਦਾ ਤਾਂ ਇੰਦਰਾ ਗਾਂਧੀ ਕਦੀ ਵੀ ਪ੍ਰਾਈਮ ਮਨਿਸਟਰ ਨਾ ਬਣਦੀ!

ਇੱਕੀਵੀਂ ਸਦੀ ਵਿਚ ਮਰਦਾਂ ਦੇ ਬਰਾਬਰ ਇੰਡੀਆ ਵਿਚ ਇੱਕ ਹਜ਼ਾਰ ਮਰਦ ਪਿੱਛੇ ਔਰਤਾਂ ਦੀ ਗਿਣਤੀ ਘੱਟ ਹੈ। 2011 ਦੀ ਮਰਦਮ ਸ਼ੁਮਾਰੀ ਅਨੁਸਾਰ ਸਿੱਖ ਅਤੇ ਜੈਨ ਧਰਮ ਵਿਚ 1,000 ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ ਬਾਕੀ ਧਰਮਾਂ ਨਾਲੋਂ ਸਭ ਤੋਂ ਘੱਟ ਹੈ, ਹਾਲਾਂਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਕਹਿ ਕੇ ਨਾਰੀ ਨੂੰ ਉਚਾ ਦਰਜਾ ਦਿੱਤਾ ਸੀ। ਈਸਾਈ ਧਰਮ ਵਿਚ ਲੜਕੀਆਂ ਦੀ ਗਿਣਤੀ ਬਾਕੀ ਸਭ ਧਰਮਾਂ ਤੋਂ ਵੱਧ ਹੈ। 2011 ਦੀ ਮਰਦਮ ਸ਼ੁਮਾਰੀ ਅਨੁਸਾਰ ਇਕ ਹਜ਼ਾਰ ਲੜਕਿਆਂ ਪਿਛੇ 0 ਤੋਂ 6 ਸਾਲ ਦੀ ਉਮਰ ਦੀਆਂ ਲੜਕੀਆਂ ਦਾ ਅਨੁਪਾਤ ਇਸ ਤਰ੍ਹਾਂ ਹੈ:

ਸਿੱਖ ਧਰਮ: 828
ਜੈਨ ਧਰਮ: 889
ਹਿੰਦੂ ਧਰਮ: 913
ਬੁੱਧ ਧਰਮ: 933
ਇਸਲਾਮ: 943
ਈਸਾਈ ਧਰਮ: 958

ਸਹੀ ਲਫਜ਼ਾਂ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਭਾਰਤ ਦੀ ਹਰ ਨਾਰੀ ਦੇ ਮੁਕਤੀ ਦਾਤਾ ਹਨ। ਅੱਜ ਭਾਰਤ ਦੇਸ਼ ਦੀਆਂ ਔਰਤਾਂ ਨੂੰ ਸਹੀ ਲਫਜ਼ਾਂ ਵਿਚ ਜੇ ਕਿਸੇ ਮਹਾਪੁਰਸ਼ ਦੇ ਗੁਣਗਾਨ ਕਰਨੇ ਚਾਹੀਦੇ ਹਨ ਤਾਂ ਉਹ ਕੇਵਲ ਡਾ. ਅੰਬੇਡਕਰ ਹੀ ਹਨ।

## ਝੱਲੀਏ ਤੂੰ ਤਾਂ ਔਰਤ ਏਂ

ਸਦੀਆਂ ਤੋਂ ਮੈਂ ਸੁਣਦੀ ਆਈ
ਲਿਖਾ ਕੇ 'ਧੁਰੋਂ' ਹਾਂ ਲੇਖ ਲਿਆਈ
ਗਈ ਹਾਂ ਪੈਰਾਂ ਲਈ ਬਣਾਈ
ਆਦਮ, ਪੈਰੀਂ ਪਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ ਤੂੰ ਤਾਂ ਔਰਤ ਏਂ।

ਮੈਂ ਹਾਂ ਉਸ ਲਈ ਵਸਤ ਬਾਜ਼ਾਰੀ
ਨਾਲੇ ਪਰਦੇ ਦੀ ਅਧਿਕਾਰੀ
ਬੋਲੀ ਲਾਉਂਦਾ ਮਾਸ ਵਪਾਰੀ
ਲਛਮਣ ਰੇਖਾ ਵਾਹੁੰਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ...।

ਨਾ ਆਪਣਿਆਂ, ਨਾ ਬੇਗਾਨਿਆਂ ਦੀ
ਸਭ ਲਈ ਕੱਖਾਂ ਕਾਨਿਆਂ ਦੀ
ਮੈਂ ਨਰਦ, ਮਰਦ ਦੇ ਖਾਨਿਆਂ ਦੀ
ਕੋਈ 'ਆਪਣੀ' ਨਹੀਂ ਬਣਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਕਦੇ ਇਹ ਮੈਨੂੰ ਦਾਅ 'ਤੇ ਲਾਵੇ
ਹਾਰ ਕੇ ਚੀਰ ਹਰਨ ਕਰਵਾਵੇ
ਵਿਚ ਸਭਾ ਦੇ ਪੱਤ ਰੁਲਾਵੇ
ਹੱਸ ਹੱਸ ਕੇ ਬਾਘੀਆਂ ਪਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਅਬਲਾ ਅਤੇ ਨਿਤਾਣੀ ਆਖੇ
ਨਾਲੇ ਖਸਮਾਂ ਖਾਣੀ ਆਖੇ
ਬਿਨ ਸੋਚੇ ਮਰ ਜਾਣੀ ਆਖੇ
ਸੌ ਸੌ ਦੂਸ਼ਣ ਲਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਮੱਥੇ ਰਗੜੇ, ਨੱਕ ਘਸਾਵੇ
ਦੇਗਾਂ ਕਰੇ, ਪ੍ਰਸਾਦ ਚੜ੍ਹਾਵੇ
ਮੇਰੀ ਕਦੇ ਨਾ ਸੁੱਖ ਮਨਾਵੇ
ਰੱਬ ਦਾ ਢੌਂਗ ਰਚਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਵਿਚ ਸਭਾ ਜਦ ਭਾਸ਼ਣ ਕਰਦਾ
ਬਾਣੀ ਦਾ ਰਸ ਖੂਬ ਹੈ ਭਰਦਾ
'ਰਾਜਾਨ ਜੰਮਣ' ਦਾ ਜ਼ਿਕਰ ਵੀ ਕਰਦਾ
ਚਿੱਤੋਂ, ਮੰਦਾ ਆਖ ਸੁਣਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ...।

ਵੰਸ਼ ਦਾ ਨਾਂ ਚਲਾਵਣ ਦੇ ਲਈ
ਵਾਰਸ ਨਵਾਂ ਬਣਾਵਣ ਦੇ ਲਈ
ਫੋਕੀ ਟੌਅਰ ਦਿਖਾਵਣ ਦੇ ਲਈ
ਮਸ਼ੀਨਾਂ ਥਾਂਈਂ ਲੰਘਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਜੱਗ ਦੇਖਣ ਦਾ ਹੱਕ ਹੈ ਖੋਂਹਦਾ
ਆ ਜਾਵਾਂ ਤਾਂ ਬੁੱਕ ਬੁੱਕ ਰੋਂਦਾ
ਲੋਹੜੀ ਦਾ ਨਾ ਚੇਤਾ ਆਉਂਦਾ
ਕਦੇ ਨਾ ਸ਼ਗਨ ਮਨਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਤਰ੍ਹਾਂ ਤਰ੍ਹਾਂ ਦਾ ਪੜਤਾ ਲਾਵੇ
ਮੇਰੇ ਨਾਉਂ 'ਤੇ ਦਿਵਸ ਮਨਾਵੇ
ਉਸ ਵਿਚ ਆਪਣੀ ਭੱਲ ਬਣਾਵੇ
ਖੇਖਣ ਕਰ ਦਿਖਲਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਵਿਚ ਚੌਰਾਹੇ ਬੋਰਡ ਹੈ ਲਾਉਂਦਾ
ਉਪਰ ਹੈ ਤਸਵੀਰ ਬਣਾਉਂਦਾ
ਉਸ ਵਿਚ ਮੇਰੇ ਪੋਜ ਦਿਖਾਉਂਦਾ
ਮੁਨਾਫਾ ਹੋਰ ਵਧਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਕਦੇ ਮੈਨੂੰ ਇਹ ਚਿੜੀ ਬਣਾਵੇ
'ਇਹਦਾ ਕੀ ਏ', ਆਖ ਸੁਣਾਵੇ
ਫੜ ਕੇ ਪਿੰਜਰੇ ਦੇ ਵਿਚ ਪਾਵੇ
ਬੱਸ ਆਪਣਾ ਮਨ ਪਰਚਾਉਂਦਾ ਹੈ
ਤੇ ਮੈਨੂੰ ਆਖ ਸੁਣਾਉਂਦਾ ਹੈ,
ਝੱਲੀਏ...।

ਜੱਗ ਏਸ ਨੂੰ ਮੈਂ ਦਿਖਾਇਆ
ਜਾਨ ਵਾਰ ਕੇ ਲਾਡ ਲਡਾਇਆ
ਰੁੜ੍ਹਨਾ, ਉਠਣਾ, ਤੁਰਨਾ ਸਿਖਾਇਆ
ਹੁਣ ਮੈਨੂੰ ਅਕਲ ਸਿਖਾਉਂਦਾ ਏ
ਤੇ ਹਰ ਪਲ ਯਾਦ ਦਿਵਾਉਂਦਾ ਏ,
ਝੱਲੀਏ...।

ਅੰਬਰਾਂ ਨੂੰ ਟਾਕੀ ਲਾ ਆਈਆਂ
ਗੋਰਿਆਂ ਤਾਈਂ ਭਜਾ ਆਈਆਂ
ਬਣ ਕਵਿਤਾ ਰੂਹ ਨਸ਼ਿਆ ਆਈਆਂ
ਪਰ ਇਹਨੂੰ ਹਜ਼ਮ ਨਾ ਆਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਬਿਨ ਮੇਰੇ ਨਾ ਜਦੋਂ ਵੀ ਸਰਦਾ
ਝੂਠੀਆਂ ਫੇਰ ਤਰੀਫਾਂ ਕਰਦਾ
ਆਖੇ, ਬਿਨ ਤੇਰੇ ਮੈਂ ਮਰਦਾ
ਪਿੱਛੋਂ ਭੁੱਲ ਭੁਲਾਉਂਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਕੋਮਲ ਰਿਸ਼ਤੇ ਭੁੱਲ ਗਿਆ ਇਹ
ਲੋਭ ਦੀ ਤੱਕੜੀ ਤੁਲ ਗਿਆ ਇਹ
ਚਕਾਚੌਂਧ ਵਿਚ ਰੁਲ ਗਿਆ ਇਹ
ਬੱਸ ਕਾਬਜ ਰਹਿਣਾ ਚਾਹੁੰਦਾ ਹੈ
ਤੇ ਹਰ ਪਲ ਯਾਦ ਦਿਵਾਉਂਦਾ ਹੈ,
ਝੱਲੀਏ...।

ਚੰਗਾ ਹੈ, ਇਹ ਸੋਚ ਲਵੇ ਹੁਣ
ਵੇਲਾ ਹੈ, ਵਕਤ ਬੋਚ ਲਵੇ ਹੁਣ
ਬਦਲ ਇਹ ਆਪਣੀ ਸੋਚ ਲਵੇ ਹੁਣ
ਐਵੇਂ ਫੋਕਾ ਰੋਅਬ ਜਮਾਉਂਦਾ ਏ
ਤੇ ਮੈਥੋਂ ਸੁਣਨਾ ਚਾਹੁੰਦਾ ਏ
ਹਾਂ ਝੱਲਿਆ! ਮੈਂ ਔਰਤ ਹਾਂ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ, ਲੁਧਿਆਣਾ।*
*ਫੋਨ: 91-98783-37222*

# ਹਾਰ ਜਾਣੀਆਂ ਕਬਰਾਂ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਦੱਸਿਆ ਸੀ ਕਿ ਜ਼ਿੰਦਗੀ ਵਿਚ ਬੰਦੇ ਨੇ ਕਿਸੇ ਦਿਨ ਤਾਂ ਰਿਟਾਇਰ (ਸੇਵਾ ਮੁਕਤ) ਹੋਣਾ ਹੀ ਹੈ, ਸਿਰਫ ਨੌਕਰੀ ਤੋਂ ਹੀ ਨਹੀਂ ਆਪਣੇ ਜੀਵਨ ਦੀਆਂ ਜ਼ਿੰਮੇਵਾਰੀਆਂ ਤੋਂ ਵੀ। ਸੇਵਾ ਮੁਕਤੀ ਪਿਛੋਂ ਜੇ ਧਿਆਨ ਦਈਏ ਤਾਂ ਬਹੁਤ ਕੁਝ ਹੈ, ਜੋ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿਚ ਉਹ ਰੀਝਾਂ ਪੂਰੀ ਕਰਨਾ ਵੀ ਸ਼ਾਮਲ ਹੈ, ਜੋ ਪੂਰੀਆਂ ਨਹੀਂ ਸੀ ਕਰ ਸਕੇ।***

***ਜ਼ਿੰਦਗੀ ਦੇ ਹਰ ਪੱਖ ਦੇ ਦੋ ਨਜ਼ਰੀਏ ਹਨ, ਹਾਂ ਪੱਖੀ ਤੇ ਨਾਂਹ ਪੱਖੀ, ਅਮਨ ਤੇ ਜੰਗ, ਆਸ ਤੇ ਨਿਰਾਸ਼ਾ, ਚੰਗਾ ਤੇ ਮਾੜਾ, ਅਮੀਰੀ ਤੇ ਗਰੀਬੀ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਆਸ ਪ੍ਰਗਟਾਈ ਹੈ ਕਿ ਨਾਂਹ ਪੱਖੀ ਸੋਚ ਨੇ ਹਾਰਨਾ ਹੈ ਤੇ ਹਾਂ ਪੱਖੀ ਸੋਚ ਨੇ ਜਿੱਤਣਾ। ਉਹ ਕਹਿੰਦੇ ਹਨ, "ਹਾਰ ਜਾਣੀਆਂ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਨ ਵਾਲੀਆਂ ਸੋਚਾਂ, ਚਾਲਾਂ ਅਤੇ ਕੋਝੀਆਂ ਹਰਕਤਾਂ। ਜਿੱਤ ਜਾਣੀਆਂ ਦੋਸਤੀਆਂ, ਗਲਵੱਕੜੀਆਂ ਤੇ ਮੁਹੱਬਤੀ ਤਰਾਨੇ, ਜਿਨ੍ਹਾਂ ਵਿਚ ਮਿਠਾਸ ਅਤੇ ਹਮਜੋਲਤਾ ਦਾ ਸੁਗਮ ਸੰਦੇਸ਼।...ਹਾਰ ਜਾਣੀਆਂ ਨਫਰਤ, ਘ੍ਰਿਣਾ ਅਤੇ ਵਿਰੋਧ ਦੀਆਂ ਲਿਖਤਾਂ। ਜਿੱਤ ਜਾਣਾ ਵਾਰਿਸ ਸ਼ਾਹ, ਸ਼ਿਵ ਕੁਮਾਰ ਬਟਾਲਵੀ, ਬਾਬਾ ਨਜ਼ਮੀ, ਪਾਤਰ ਅਤੇ ਅੰਮ੍ਰਿਤਾ ਪ੍ਰੀਤਮ ਦੀਆਂ ਕਿਰਤਾਂ ਵਿਚਲਾ ਕਿਰਨ-ਕਾਫਲਾ, ਜਿਨ੍ਹਾਂ ਨੇ ਹਨੇਰੇ ਰਾਹਾਂ ਵਿਚ ਹਮੇਸ਼ਾ ਰੌਸ਼ਨੀ ਫੈਲਾਈ।...ਹਾਰ ਜਾਣਾ ਹਾਕਮ, ਹੰਕਾਰ ਅਤੇ ਹੈਂਕੜ। ਜਿੱਤ ਜਾਣੀ ਨਿਰਮਾਣਤਾ, ਨੀਝ, ਨਿਰਮਲਤਾ ਅਤੇ ਨਿਮਰਤਾ।...ਹਾਰ ਜਾਣੀ ਜੰਗ, ਜ਼ੁਲਮ, ਜਨੂੰਨ ਅਤੇ ਜਾਹਲਪੁਣਾ। ਜਿੱਤ ਜਾਣਾ ਜ਼ਜਬਾ, ਜਜ਼ਬਾਤ, ਜ਼ਿੰਦਗੀ ਅਤੇ ਜ਼ਿੰਦਗੀਨਾਮਾ।" ਉਨ੍ਹਾਂ ਦੇ ਇਸ ਲੇਖ ਵਿਚਲੇ ਨਜ਼ਰੀਏ ਨੂੰ ਭਾਰਤ ਤੇ ਪਾਕਿਸਤਾਨ ਵਿਚਾਲੇ ਪੈਦਾ ਹੋਈ ਕਸ਼ੀਦਗੀ ਦੇ ਪ੍ਰਸੰਗ ਵਿਚ ਵੀ ਦੇਖਿਆ ਜਾ ਸਕਦਾ ਹੈ। ਡਾ. ਭੰਡਾਲ ਦੀ ਸੋਚ ਤੇ ਆਸ ਨੂੰ ਸਲਾਮ! -ਸੰਪਾਦਕ***

ਹਾਰ ਜਾਣੀਆਂ ਕਬਰਾਂ, ਕਤਲਗਾਹਾਂ, ਸਿਵੇ, ਸ਼ਮਸ਼ਾਨਘਾਟ, ਸਮਾਧਾਂ ਅਤੇ ਮਕਬਰੇ। ਜਿੱਤ ਜਾਣੇ ਘਰ, ਕਮਰੇ, ਵਿਹੜੇ, ਚੌਂਕੇ, ਹਵੇਲੀਆਂ ਅਤੇ ਖੇਤ, ਜਿਨ੍ਹਾਂ ਨੂੰ ਰੱਸਣ-ਵੱਸਣ ਤੇ ਜਿਉਣ ਦਾ ਵਰਦਾਨ ਮਿਲਿਆ।

ਹਾਰ ਜਾਣੇ ਹੰਝੂ, ਹਾਵੇ, ਹੌਕੇ ਅਤੇ ਸਿਸਕੀਆਂ, ਜਿਨ੍ਹਾਂ ਨੇ ਮਾਸੂਮ ਅਤੇ ਹਾਰੇ ਹੋਏ ਲੋਕਾਂ ਦੇ ਮੁੱਖੜੇ 'ਤੇ ਚਿਪਕਣਾ। ਜਿੱਤ ਜਾਣੇ ਹਾਸੇ, ਹਿੰਮਤ ਅਤੇ ਹੌਸਲੇ, ਜਿਨ੍ਹਾਂ ਨੇ ਪੁਲਾਂਘਾਂ ਨੂੰ ਨਵੀਆਂ ਦਿਸ਼ਾਵਾਂ ਦੇਣੀਆਂ।

ਹਾਰ ਜਾਣੇ ਬੰਬ, ਬੰਦੂਕਾਂ, ਮਿਜ਼ਾਇਲਾਂ ਅਤੇ ਪ੍ਰਮਾਣੂ ਹਥਿਆਰ, ਜਿਨ੍ਹਾਂ ਨੇ ਸੱਥਰ ਵਿਛਾਉਣੇ ਅਤੇ ਘਰਾਂ ਦੇ ਚਿਰਾਗ ਬੁਝਾਉਣੇ ਸਨ। ਜਿੱਤ ਜਾਣੀਆਂ ਮਿੱਤਰ-ਮਿਲਣੀਆਂ, ਜਿਨ੍ਹਾਂ ਨੇ ਜ਼ਿੰਦਗੀ-ਜਸ਼ਨ ਲਈ ਸੰਦਲੀ ਸਮਿਆਂ ਦੀ ਇਬਾਰਤ ਬਣਨਾ।

ਹਾਰ ਜਾਣੇ ਸ਼ੈਤਾਨ, ਸ਼ਾਤਰ ਅਤੇ ਹੈਵਾਨੀਅਤ। ਜਿੱਤ ਜਾਣਾ ਇਮਾਨ, ਇਨਸਾਨ ਤੇ ਇਨਸਾਨੀਅਤ ਜਿਸ ਨੇ ਸਦਾ ਜਿਉਂਦੀ ਰਹਿਣਾ ਅਤੇ ਜਿਸ ਸਦਕਾ ਮਨੁੱਖ ਨੂੰ ਮਨੁੱਖ ਹੋਣ ਦਾ ਸ਼ਰਫ ਹਾਸਲ।

ਹਾਰ ਜਾਣੇ ਮੌਤ ਦੇ ਵਪਾਰੀ ਤੇ ਅਸਲੇ ਬਣਾਉਣ ਵਾਲੇ ਕਾਰਪੋਰੇਟ ਅਦਾਰੇ, ਜਿਨ੍ਹਾਂ ਨੇ ਗਰੀਬ ਦੀ ਬੁਰਕੀ 'ਚ ਬਾਰੂਦ ਭਰਨਾ ਅਤੇ ਆਦਮੀ ਦੇ ਤੂੰਬੇ ਉਡਾ ਕੇ ਆਪਣੇ ਖਜਾਨੇ ਨੂੰ ਭਰਨਾ। ਜਿੱਤ ਜਾਣੇ ਸੁੱਖਨ ਦੀਆਂ ਬਾਤਾਂ ਪਾਉਣ ਵਾਲੇ ਦਾਨਸ਼ਵਰ ਅਤੇ ਸ਼ਾਂਤੀ, ਆਪਸੀ ਪਿਆਰ ਤੇ ਸਦਭਾਵਨਾ ਦਾ ਜਾਗ ਲਾਉਣ ਵਾਲੇ ਧਰਮੀ ਲੋਕ, ਜਿਨ੍ਹਾਂ ਦੀ ਇਬਾਦਤ ਵਿਚੋਂ ਅਨਾਇਤ ਤੇ ਸਦਾਕਤ ਦੀ ਮਹਿਕ ਆਉਂਦੀ।

ਹਾਰ ਜਾਣੀਆਂ ਗਿਰਝਾਂ ਅਤੇ ਕਾਂ, ਜਿਨ੍ਹਾਂ ਨੇ ਕਾਂਵਾਂ-ਰੌਲੀ ਪਾ ਕੇ ਲਾਸ਼ਾਂ ਨੂੰ ਚਰੂੰਡਣਾ। ਜਿੱਤ ਜਾਣੇ ਗੋਲੇ ਕਬੂਤਰ ਅਤੇ ਘੁੱਗੀਆਂ, ਜਿਨ੍ਹਾਂ ਨੇ ਅਮਨ-ਅੰਬਰ ਵਿਚ ਉਚੇਰੀ ਉਡਾਣ ਭਰ, ਚੌਗਿਰਦੇ ਵਿਚ ਮੋਹ ਦੀਆਂ ਬਾਤਾਂ ਪਾਉਂਦਿਆਂ ਆਪਣੀ ਉਡਾਣ ਨੂੰ ਨਵੀਆਂ ਤਰਜ਼ੀਹਾਂ ਅਤੇ ਤਦਬੀਰਾਂ ਨਾਲ ਵਿਉਂਤਣਾ।

ਹਾਰ ਜਾਣੇ ਅਖਬਾਰਾਂ ਦੇ ਕਾਲੇ ਪੰਨੇ, ਕਲੂਟੇ ਹਰਫ ਅਤੇ ਸੋਗ ਦੇ ਪੰਨੇ, ਜਿਨ੍ਹਾਂ ਵਿਚਲੀਆਂ ਸੋਗੀਆਂ ਸੂਰਤਾਂ ਨੇ ਮਨੁੱਖ ਨੂੰ ਅਮਨੁੱਖ ਹੋਣ ਦਾ ਮਿਹਣਾ ਦੇਣਾ। ਜਿੱਤ ਜਾਣੀਆਂ ਕਿਤਾਬਾਂ 'ਚ ਰੱਖੀਆਂ ਗੁਲਾਬ-ਪੱਤੀਆਂ, ਹਰਫਾਂ 'ਚ ਖਿੜੀਆਂ ਕਲੀਆਂ, ਵਾਕਾਂ ਦੀਆਂ ਡੋਡੀਆਂ ਅਤੇ ਪੁਸਤਕੀ ਸੰਵੇਦਨਾ ਵਿਚ ਸੁਹਜ ਤੇ ਸੁੰਦਰਤਾ ਦੀਆਂ ਪੰਕਤੀਆਂ, ਜਿਨ੍ਹਾਂ ਨੇ ਹਰਫਾਂ ਨੂੰ ਧਰਮ-ਗ੍ਰੰਥ ਦਾ ਰੁਤਬਾ ਦੇਣਾ।

ਹਾਰ ਜਾਣੀਆਂ ਚੁੜੈਲਾਂ ਤੇ ਚੌਧਰੀ, ਜਿਨ੍ਹਾਂ ਦੇ ਮੂੰਹ ਨੂੰ ਲਹੂ ਲੱਗਾ ਅਤੇ ਉਹ ਮਨੁੱਖੀ ਖੂਨ ਨਾਲ ਆਪਣੀ ਪਿਆਸ ਮਿਟਾਉਣਾ ਲੋਚਦੇ। ਜਿੱਤ ਜਾਣੇ ਦੇਵ-ਪੁਰਸ਼, ਜਿਨ੍ਹਾਂ ਦੇ ਮਨਾਂ ਵਿਚ ਇਨਸਾਨੀਅਤ ਦਾ ਦੀਵਾ ਬਲਦਾ, ਜਿਨ੍ਹਾਂ ਦੀ ਸੋਚ ਵਿਚ ਸੁੱਚਮ ਤੇ ਸਾਦਗੀ ਦੀ ਸੁੱਚੀ ਜੋਤ ਦਾ ਨਿੱਘ ਤੇ ਚਾਨਣ।

ਹਾਰ ਜਾਣੀਆਂ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਨ ਵਾਲੀਆਂ ਸੋਚਾਂ, ਚਾਲਾਂ ਅਤੇ ਕੋਝੀਆਂ ਹਰਕਤਾਂ। ਜਿੱਤ ਜਾਣੀਆਂ ਦੋਸਤੀਆਂ, ਗਲਵੱਕੜੀਆਂ ਤੇ ਮੁਹਬੱਤੀ ਤਰਾਨੇ, ਜਿਨ੍ਹਾਂ ਵਿਚ ਮਿਠਾਸ ਅਤੇ ਹਮਜੋਲਤਾ ਦਾ ਸੁਗਮ ਸੰਦੇਸ਼।

ਹਾਰ ਜਾਣੀਆਂ ਟਾਹਰਾਂ ਦੀਆਂ ਧਾੜਾਂ ਅਤੇ ਧਾਵੇ। ਜਿੱਤ ਜਾਣੀ ਸੰਤੁਲਤ ਤੇ ਸਾਵੀਂ ਸੋਚ ਦੀ ਬੋਲ-ਬਾਣੀ ਅਤੇ ਭਾਈਚਾਰਕ ਸਾਂਝ ਦਾ ਹੋਕਾ।

ਹਾਰ ਜਾਣਾ ਸਮਾਜਕ ਤਾਣੇ-ਬਾਣੇ ਨੂੰ ਲੀਰਾਂ ਕਰਨ ਵਾਲਾ ਸੇਹ ਦਾ ਤਕਲਾ। ਜਿੱਤ ਜਾਣਾ ਬੋਧ-ਬਿਰਖ, ਜੋ ਇਕ ਘਰ ਦੀ ਛਾਂ ਬਣਨ ਪਿਛੋਂ ਦੂਸਰੇ ਘਰ ਦੀਆਂ ਕੰਧਾਂ ਤੋਂ ਵੀ ਛਾਂ ਬਣਨ ਲਈ ਅਹੁਲਦਾ।

ਹਾਰ ਜਾਣੀ ਘਿੱਗੀ, ਹਿੱਚਕੀ ਅਤੇ ਭੁੱਬ। ਜਿੱਤ ਜਾਣੀ ਜ਼ਿੰਦਗੀ, ਜ਼ਿੰਦਾਦਿਲੀ ਅਤੇ ਜਾਂ-ਬਾਜ਼ੀ, ਜੋ ਹੈ ਸਮਿਆਂ ਦਾ ਸੱਚ।

ਹਾਰ ਜਾਣੀਆਂ ਨਫਰਤ, ਘ੍ਰਿਣਾ ਅਤੇ ਵਿਰੋਧ ਦੀਆਂ ਲਿਖਤਾਂ। ਜਿੱਤ ਜਾਣਾ ਵਾਰਿਸ ਸ਼ਾਹ, ਸ਼ਿਵ ਕੁਮਾਰ ਬਟਾਲਵੀ, ਬਾਬਾ ਨਜ਼ਮੀ, ਪਾਤਰ ਅਤੇ ਅੰਮ੍ਰਿਤਾ ਪ੍ਰੀਤਮ ਦੀਆਂ ਕਿਰਤਾਂ ਵਿਚਲਾ ਕਿਰਨ-ਕਾਫਲਾ, ਜਿਨ੍ਹਾਂ ਨੇ ਹਨੇਰੇ ਰਾਹਾਂ ਵਿਚ ਹਮੇਸ਼ਾ ਰੌਸ਼ਨੀ ਫੈਲਾਈ।

ਹਾਰ ਜਾਣੇ ਮੰਦਿਰ, ਮਸਜਿਦ, ਗੁਰਦੁਆਰੇ ਅਤੇ ਚਰਚਾਂ 'ਤੇ ਕਾਬਜ਼ ਅਧਰਮੀ ਲੋਕ। ਜਿੱਤ ਜਾਣੀਆਂ ਭਲਿਆਈ, ਚੰਗਿਆਈ ਤੇ ਬੰਦਿਆਈ ਦੀਆਂ ਬਰਕਤਾਂ, ਜਿਨ੍ਹਾਂ ਵਿਚੋਂ ਜ਼ਿੰਦਗੀ ਨੂੰ ਨਵੀਂ ਸੇਧ, ਸੁਪਨਾ ਅਤੇ ਸਮਰਪਣ ਦਾ ਅਹਿਸਾਸ। ਆਦਮੀਅਤ ਦਾ ਜਿੱਤਣਾ ਹੀ ਸਭ ਤੋਂ ਵੱਡਾ ਜਸ਼ਨ।

ਹਾਰ ਜਾਣੀਆਂ ਨੇ ਵਲਗਣਾਂ, ਕੰਧਾਂ ਅਤੇ ਓਹਲੇ। ਜਿੱਤ ਜਾਣੇ ਖੁੱਲ੍ਹੇ ਵਿਹੜੇ, ਦੂਰ ਤੀਕ ਫੈਲਦੇ ਖੇਤ, ਵਿਸ਼ਾਲ ਅੰਬਰ, ਹਵਾ, ਧਰਤੀ, ਪਾਣੀ ਅਤੇ ਪਰਿੰਦਿਆਂ ਦੀ ਉਡਾਣ।

***ਹਾਰ ਜਾਣੇ ਤੁਅੱਸਬੀ ਲੋਕ। ਜਿੱਤ ਜਾਣਾ ਬਾਬਾ ਨਾਨਕ, ਰਾਮ, ਸ਼ੇਖ ਫਰੀਦ, ਸਾਈਂ ਮੀਆਂ ਮੀਰ, ਬਾਬਾ ਬੁੱਲੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ, ਭਗਤ ਅਤੇ ਪੀਰ।...ਹਾਰ ਜਾਣੀ ਨਿੱਕੇ ਜਿਹੇ ਦਾਇਰੇ ਵਿਚ ਸਿਮਟੀ ਮਾਨਸਿਕਤਾ ਵਿਚਲੀ ਕਮੀਨਗੀ। ਜਿੱਤ ਜਾਣਾ ਨਨਕਾਣਾ ਸਾਹਿਬ, ਅਜਮੇਰ, ਦਿੱਲੀ, ਲਾਹੌਰ, ਕਟਾਸ ਰਾਜ ਅਤੇ ਅੰਮ੍ਰਿਤਸਰ।...ਹਾਰ ਜਾਣੀਆਂ ਬਖਤਰਬੰਦ ਗੱਡੀਆਂ, ਟੈਂਕ, ਤੋਪਾਂ, ਤਲਵਾਰਾਂ, ਬਰਛੇ, ਨੇਜ਼ੇ ਅਤੇ ਤੀਰ। ਜਿੱਤ ਜਾਣਾ ਕਲਮਾਂ, ਦਵਾਤਾਂ, ਪਹਾੜਿਆਂ ਅਤੇ ਮੁਹਾਰਨੀ ਦਾ ਮੰਗਲਾਚਾਰ।***

ਹਾਰ ਜਾਣੀ ਸੰਕੀਰਨਤਾ, ਸਾਜਿਸ਼ ਅਤੇ ਸੂਲੀ। ਜਿੱਤ ਜਾਣੀ ਵਿਚਾਰਕ-ਸਾਂਝ, ਇਕ ਦੂਜੇ ਦੇ ਦਰਦਾਂ ਦੀ ਹਾਥ, ਕਿਸੇ ਦੀ ਪੀੜ ਵਿਚ ਬਣਿਆ ਹੰਝੂ, ਦੂਜੇ ਦੀ ਖੁਸ਼ੀ ਵਿਚ ਪਾਏ ਭੰਗੜੇ ਅਤੇ ਦੂਜੇ ਦੀ ਆਮਦ ਵਿਚ ਡਾਹਿਆ ਦਿਲ ਦਾ ਪੀੜ੍ਹਾ।

ਹਾਰ ਜਾਣੇ ਤੁਅੱਸਬੀ ਲੋਕ। ਜਿੱਤ ਜਾਣਾ ਬਾਬਾ ਨਾਨਕ, ਰਾਮ, ਸ਼ੇਖ ਫਰੀਦ, ਸਾਈਂ ਮੀਆਂ ਮੀਰ, ਬਾਬਾ ਬੁੱਲੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ, ਭਗਤ ਅਤੇ ਪੀਰ।

ਹਾਰ ਜਾਣੀ ਨਿੱਕੇ ਜਿਹੇ ਦਾਇਰੇ ਵਿਚ ਸਿਮਟੀ ਮਾਨਸਿਕਤਾ ਵਿਚਲੀ ਕਮੀਨਗੀ। ਜਿੱਤ ਜਾਣਾ ਨਨਕਾਣਾ ਸਾਹਿਬ, ਅਜਮੇਰ, ਦਿੱਲੀ, ਲਾਹੌਰ, ਕਟਾਸ ਰਾਜ ਅਤੇ ਅੰਮ੍ਰਿਤਸਰ।

ਹਾਰ ਜਾਣੀਆਂ ਬਖਤਰਬੰਦ ਗੱਡੀਆਂ, ਟੈਂਕ, ਤੋਪਾਂ, ਤਲਵਾਰਾਂ, ਬਰਛੇ, ਨੇਜ਼ੇ ਅਤੇ ਤੀਰ। ਜਿੱਤ ਜਾਣਾ ਕਲਮਾਂ, ਦਵਾਤਾਂ, ਪਹਾੜਿਆਂ ਅਤੇ ਮੁਹਾਰਨੀ ਦਾ ਮੰਗਲਾਚਾਰ।

ਹਾਰ ਜਾਣੀਆਂ ਉਜਾੜਾਂ, ਥੇਹ, ਮਾਰੂਥਲ ਅਤੇ ਬਰੇਤੇ। ਜਿੱਤ ਜਾਣੇ ਪਿੰਡ, ਸ਼ਹਿਰ, ਦਰਿਆ ਅਤੇ ਬੰਦੇ ਜੰਮਣ ਵਾਲੀਆਂ ਜ਼ਮੀਨਾਂ।

ਹਾਰ ਜਾਣੀਆਂ ਚਾਲਾਂ, ਚਾਣਕੀਆ ਅਤੇ ਚਲਾਕੀਆਂ। ਜਿੱਤ ਜਾਣੀਆਂ ਸੁੰਦਰ ਸੁਪਨੇ ਦੀਆਂ ਤਰਕੀਬਾਂ ਅਤੇ ਸੁਖਨ-ਸੋਚ ਵਿਚਲਾ ਜੀਵਨ ਦਾ ਸ਼ੁਭ-ਆਗਮਨ।

ਹਾਰ ਜਾਣੀਆਂ ਕਰਤੂਤਾਂ, ਕੋਹਝ ਅਤੇ ਕਰੂਰਤਾ, ਜਿਨ੍ਹਾਂ ਨੇ ਮੁਹਾਂਦਰਿਆਂ ਨੂੰ ਧੁਆਂਖਣਾ। ਜਿੱਤ ਜਾਣੇ ਕਰਨੀਆਂ, ਕੀਰਤੀਆਂ ਅਤੇ ਕਰਮਯੋਗਤਾ ਵਿਚਲੇ ਕੀਰਤੀਮਾਨ।

ਹਾਰ ਜਾਣੀ ਸਿਉਂਕੀ ਸੋਚ, ਸਰਾਪ ਅਤੇ ਤੰਗ-ਦਿਲੀ। ਜਿੱਤ ਜਾਣਾ ਵਰ, ਵਰਦਾਨ, ਵਜੂਦ ਅਤੇ ਵੰਝਲੀਆਂ, ਜੋ ਨੇ ਮਨੁੱਖ-ਭਾਵੀ ਹੋਣ ਦਾ ਫਰਜ਼।

ਹਾਰ ਜਾਣਾ ਹਫਣਾ, ਹਾਰਨਾ, ਹੰਭਣਾ, ਹੌਂਕਣਾ ਅਤੇ ਹਿਝੋਕੇ। ਜਿੱਤ ਜਾਣੀਆਂ ਜ਼ਿੰਦਗਾਨੀਆਂ, ਜਵਾਨੀਆਂ ਅਤੇ ਜਿੱਤਾਂ।

ਹਾਰ ਜਾਣੀ ਰੁੰਡ-ਮਰੁੰਡਤਾ, ਹੀਣਤਾ ਅਤੇ ਹਰਖ। ਜਿੱਤ ਜਾਣੀਆਂ ਕੋਮਲ ਪੱਤੀਆਂ, ਕੂਲੀਆਂ ਲਗਰਾਂ, ਬਹਾਰਾਂ ਦੀ ਰੁੱਤ, ਫੁੱਲਾਂ ਦੇ ਰੰਗ, ਮਹਿਕਾਂ ਦਾ ਵਣਜ, ਤਿਤਲੀਆਂ ਦੀ ਰੰਗ-ਬਿਰੰਗਤਾ ਅਤੇ ਇਨ੍ਹਾਂ ਦੇ ਪਰਾਂ ਵਿਚ ਨਿੱਕੀ-ਨਿੱਕੀ ਪਰਵਾਜ਼ ਦਾ ਹੁਲਾਰ।

ਹਾਰ ਜਾਣੀ ਮੱਸਿਆ, ਝੱਖੜ, ਹਨੇਰੀ ਅਤੇ ਅਲਾਮਤਾਂ ਦਾ ਸ਼ੋਰ। ਜਿੱਤ ਜਾਣੀ ਪੁੰਨਿਆਂ, ਬਨੇਰੇ 'ਤੇ ਜਗਦੀ ਮੋਮਬੱਤੀਆਂ ਦੀ ਡਾਰ, ਰੁਮਕਦੀ ਪੌਣ ਅਤੇ ਨਿਆਮਤਾਂ ਦੀ ਨਿਰਮਲ-ਧਾਰਾ।

ਹਾਰ ਜਾਣਾ ਬੋਲਾਂ ਵਿਚਲਾ ਜ਼ਹਿਰ, ਕਹਿਰੀ ਕਹਿਰ ਅਤੇ ਖੰਡਰ ਸ਼ਹਿਰ। ਜਿੱਤ ਜਾਣੀ ਅੰਮ੍ਰਿਤਧਾਰਾ, ਬਰਸਦੀ ਮਿਹਰ ਅਤੇ ਘੁੱਗ ਵੱਸਦਾ ਮਿੱਤਰਾਂ ਦਾ ਸ਼ਹਿਰ, ਜਿਸ ਦੀ ਹਰ ਨੁੱਕਰ ਵਿਚੋਂ ਉਗਮਦੀ ਹੈ ਸਵੇਰ ਅਤੇ ਹਰ ਗਲੀ 'ਚ ਗੂੰਜਦੀ ਫੱਕਰਾਂ ਦੀ ਇਲਹਾਮੀ ਹੂਕ।

ਹਾਰ ਜਾਣੀ ਸੁੰਨ-ਮਸਾਨ, ਮੂਕ-ਚੁੱਪ, ਅੰਤਿਮ-ਅਰਦਾਸ ਅਤੇ ਮਰਸੀਆ। ਜਿੱਤ ਜਾਣੀ ਹਰਦਿਲ-ਅਜ਼ੀਜੀ, ਮੰਨਤਾਂ ਤੇ ਮੁਰਾਦਾਂ ਦੀ ਮਰਿਆਦਾ ਅਤੇ ਜਿਉਂਦੇ ਰਹਿਣ ਦੀ ਦੁਆ।

ਹਾਰ ਜਾਣੀ ਨਮੋਸ਼ੀ, ਨਾਕਾਰਾਤਮਕਤਾ ਅਤੇ ਨਾਲਾਇਕੀ। ਜਿੱਤ ਜਾਣੀ ਸਾਕਾਰਾਤਮਕਤਾ, ਸੁਪਨਾ ਅਤੇ ਸਰਗੋਸ਼ੀ, ਜਿਸ ਨੇ ਜ਼ਿੰਦਗੀ ਨੂੰ ਜਿਉਣ ਦਾ ਵੱਲ ਸਿਖਾਉਣਾ ਅਤੇ ਸੂਝ-ਸਿਆਣਪ ਨੂੰ ਜੀਵਨ-ਪਗਡੰਡੀ 'ਚ ਉਪਜਾਣਾ।

ਹਾਰ ਜਾਣੀਆਂ ਭੂਤਰੀ ਹਵਾ, ਔਂਤਰੀ ਫਿਜ਼ਾ ਅਤੇ ਸਾੜ-ਸਤੀ ਵਰਤਾਉਣ ਵਾਲੀ ਬਲਾ। ਜਿੱਤ ਜਾਣੀ 'ਵਾਵਾਂ ਦੀ ਧੁਨ, ਪੌਣਾਂ ਦੀ ਪਾਕੀਜ਼ਗੀ ਅਤੇ ਦਰਦਮੰਦਾਂ ਲਈ ਦੁਆ, ਜਿਨ੍ਹਾਂ ਨੇ ਬਣਨਾ ਔੜਾਂ ਦੇ ਪਿੰਡੇ ਦੀਆਂ ਕਾਲੀਆਂ ਘਟਾਵਾਂ ਅਤੇ ਭੁੱਖਮਰੀ ਦੀ ਜਹਾਲਤ ਲਈ ਅਦਲੀ-ਅਦਾ।

ਹਾਰ ਜਾਣੇ ਝੂਠ, ਝਮੇਲੇ, ਝਗੜੇ ਅਤੇ ਝਰੀਟਾਂ। ਜਿੱਤ ਜਾਣਾ ਸੱਚ, ਸੁਲਾਹ, ਸਮਝੌਤਾ ਅਤੇ ਸਿਹਤਮੰਦੀ, ਜਿਸ ਨੇ ਜਗਾਉਣਾ ਹਰ ਵਿਹੜੇ ਵਿਚ ਚਿਰਾਗ, ਹਰ ਚੁੱਲ੍ਹੇ ਦੀ ਅੱਗ ਨੇ ਕਰਨੀਆਂ ਚੁਗਲੀਆਂ ਅਤੇ ਚੌਂਕੇ ਵਿਚ ਲੱਗਣੀ ਪਰਿਵਾਰਕ-ਮਹਿਫਿਲ। ਕੰਧਾਂ ਦੀਆਂ ਵਲਗਣਾਂ ਨੇ ਬਣਨਾ ਘਰ ਅਤੇ ਕਮਰਿਆਂ ਨੇ ਕਰਨੀ ਕਰਮੀਆਂ ਲਈ ਕਾਮਨਾ।

ਹਾਰ ਜਾਣਾ ਹਾਕਮ, ਹੰਕਾਰ ਅਤੇ ਹੈਂਕੜ। ਜਿੱਤ ਜਾਣੀ ਨਿਰਮਾਣਤਾ, ਨੀਝ, ਨਿਰਮਲਤਾ ਅਤੇ ਨਿਮਰਤਾ। ਹਾਰ ਜਾਣਾ ਤੁਫਾਨਾਂ ਦਾ ਕਹਿਰ, ਹਵਾਵਾਂ ਦੀ ਤਬਾਹੀ ਅਤੇ ਛੰਨਾਂ ਤੇ ਢਾਰਿਆਂ 'ਚੋਂ ਪੈਦਾ ਹੋਣ ਵਾਲਾ ਰੁਦਨ ਤੇ ਵਿਰਲਾਪ। ਜਿੱਤ ਜਾਣੀ ਜੀਵਨ ਬਖਸ਼ਣ ਵਾਲੀ ਕੁਦਰਤੀ ਨਿਆਮਤਾਂ ਦੀ ਦੇਣ।

ਹਾਰ ਜਾਣੀਆਂ ਚੀਖਾਂ, ਘਬਰਾਹਟ, ਚਿੜਚਿੜਾਪਣ ਅਤੇ ਚੀਖ-ਚਿਹਾੜਾ। ਜਿੱਤ ਜਾਣੀਆਂ ਬੱਚਿਆਂ ਦੀਆਂ ਲੋਰੀਆਂ, ਪੂਰਨੇ, ਪਹਾੜੇ, ਕਲਮਾਂ, ਫੱਟੀਆਂ ਅਤੇ ਕਿਤਾਬਾਂ ਵਿਚ ਰੱਖੇ ਮੋਰ-ਪੰਖ।

ਹਾਰ ਜਾਣੇ ਚਮਗਿੱਦੜ, ਹਵਾਂਕਦੇ ਗਿੱਦੜ ਅਤੇ ਰੋਂਦੀ ਕਤੀੜ। ਜਿੱਤ ਜਾਣੇ ਚੌਂਕੇ 'ਤੇ ਪਾਏ ਘੁੱਗੀਆਂ ਤੇ ਮੋਰ, ਦਰੀਆਂ 'ਤੇ ਟਹਿਕਦੇ ਫੁੱਲ ਅਤੇ ਕੰਧਾਂ 'ਤੇ ਉਕਰੇ ਵੇਲ-ਬੂਟੇ, ਜੋ ਨੇ ਜ਼ਿੰਦਗੀ ਦਾ ਦਾਨ।

ਹਾਰ ਜਾਣਾ ਸੇਜਾਂ, ਸਾਥ, ਸਾਂਝਾਂ, ਸੱਜਣਤਾਈ ਅਤੇ ਸੱਥਾਂ 'ਤੇ ਪੈਣ ਵਾਲਾ ਪ੍ਰਭਾਵੀ ਸਰਾਪ। ਜਿੱਤ ਜਾਣਾ ਕਮਰਿਆਂ ਵਿਚ ਪਸਰਿਆ ਚੁਲਬੁਲਾਪਣ, ਰਾਂਗਲਾ ਪਲੰਘ, ਹਾਸੇ-ਠੱਠਿਆਂ ਦੀ ਮੰਡਲੀ, ਮਿੱਤਰ-ਮੋਢਿਆਂ ਦਾ ਮਾਣ ਅਤੇ ਸਾਂਵੀਂ ਸੋਚ ਵਿਚਲੀ ਸਥਿਰਤਾ ਤੇ ਸਦੀਵਤਾ।

ਹਾਰ ਜਾਣੇ ਨਿੱਜੀ ਮੁਫਾਦ, ਸੌੜੀ ਸੋਚ ਅਤੇ ਸੋਗੀ ਵਾਤਾਵਰਣ। ਜਿੱਤ ਜਾਣਾ ਸਰਬੱਤ ਦਾ ਭਲਾ, ਸ਼ੁਭ-ਕਰਮਨ ਅਤੇ ਵਿਸ਼ਵ-ਦਾਇਰਿਆਂ ਵਿਚ ਵਿਸ਼ਾਲਤਾ ਦਾ ਪ੍ਰਵਾਹ।

ਹਾਰ ਜਾਣੇ ਤਿਜੋਰੀਆਂ ਅਤੇ ਤਹਿਖਾਨਿਆਂ ਵਿਚ ਤਹਿ-ਦਰ-ਤਹਿ ਲੱਗਣ ਵਾਲੇ ਧਨ-ਅੰਬਾਰਾਂ ਦੇ ਅੰਕੜੇ। ਜਿੱਤ ਜਾਣੀ ਗਰੀਬੀ, ਗੁਰਬਤ, ਗੁੰਮਨਾਮੀ ਅਤੇ ਗਨੀਮਤ ਨੂੰ ਗਲੇ ਲਾ ਕੇ ਨਵੇਂ ਸਮਾਜ ਤੇ ਸਰੋਕਾਰਾਂ ਦੀ ਸਿਰਜਣ-ਸੋਝੀ।

ਹਾਰ ਜਾਣੀ ਹਾਬੜੇ ਹਾਵ-ਭਾਵ ਦੀ ਹਰਕਤ ਅਤੇ ਹਲਕਿਆ ਹਰਕਾਰਾ। ਜਿੱਤ ਜਾਣਾ ਸਹਿਜ, ਸੰਤੋਖ, ਸੂਖਮਤਾ ਅਤੇ ਸੰਪੂਰਨਤਾ ਵਿਚੋਂ ਜੀਵਨ ਦੇ ਸੁੱਚਮ ਲੋਚਣ ਵਾਲੀ ਸੋਚ-ਧਾਰਾ।

ਹਾਰ ਜਾਣੇ ਮਹਿਲ ਮੁਨਾਰੇ, ਬਹੁ-ਮੰਜ਼ਿਲੇ ਚੁਬਾਰੇ ਅਤੇ ਉਚ-ਦੁਮੇਲੜੇ ਦੁਆਰੇ। ਜਿੱਤ ਜਾਣੀਆਂ ਕੁੱਲੀਆਂ, ਢਾਰੇ, ਛੰਨਾਂ ਅਤੇ ਚਾਰ ਕੁ ਖਾਨਿਆਂ ਵਾਲੇ ਬਿਨ-ਬੂਹੇ ਘਰ ਦੇ ਖੁੱਲ੍ਹੇ ਭਿੱਤ।

ਹਾਰ ਜਾਣੇ ਬਗਲ 'ਚ ਛੁਪਾਏ ਹਥਿਆਰ, ਮਨ ਦੇ ਮਾਰੂ ਵਿਚਾਰ ਤੇ ਕੱਛ 'ਚ ਲਕੋਈ ਕਟਾਰ। ਜਿੱਤ ਜਾਣੀ ਸ਼ਬਦਾਂ ਦੀ ਫੁਹਾਰ, ਬੋਲਾਂ ਦੀਆਂ ਫੁੱਲਪੱਤੀਆਂ ਅਤੇ ਨੈਣਾਂ ਵਿਚ ਲੋਕਾਈ ਦੀ ਲੋਰ।

ਹਾਰ ਜਾਣਾ ਪਾਪ, ਪਤਝੜੀ-ਅੰਦਾਜ਼ ਅਤੇ ਪਖੰਡ। ਜਿੱਤ ਜਾਣਾ ਪੁੰਨ, ਕੂਲੇ ਪੱਤਿਆਂ ਦੀ ਰੁੱਤ ਅਤੇ ਅਸਲੀਅਤ ਦੀ ਅਲੰਮਬਰਤਾ।

ਹਾਰ ਜਾਣਾ ਕਤਲ, ਕੁਹਰਾਮ, ਕਠੋਰਤਾ ਅਤੇ ਕਰੂਪਤਾ। ਜਿੱਤ ਜਾਣਾ ਜੀਵਨ, ਮਹਿਫਿਲ, ਕੋਮਲਤਾ ਅਤੇ ਭਾਈ ਘਨੱਈਆ।

ਹਾਰ ਜਾਣੀ ਹਾਸਿਆਂ ਦੀ ਹਵਾਲਾਤ ਅਤੇ ਕਹਿਕਹਿਆਂ ਦੀ ਕਾਲ-ਕੋਠੜੀ। ਜਿੱਤ ਜਾਣੀ ਚਾਵਾਂ ਦੀ ਚੰਗੇਰ ਅਤੇ ਸੂਰਜ-ਸੰਧਾਰਾ।

ਹਾਰ ਜਾਣਾ ਦੈਂਤ, ਰਾਖਸ਼ਸ਼ ਅਤੇ ਰਾਵਣ। ਜਿੱਤ ਜਾਣਾ ਦੇਵਤਾ, ਦਾਨੀ ਅਤੇ ਹਾਸਾ।

ਹਾਰ ਜਾਣੇ ਧੌਣਾਂ 'ਚ ਗੱਡੇ ਕਿੱਲੇ, ਹੰਕਾਰ, ਹਠ-ਧਰਮੀ ਅਤੇ ਹਿੰਡ। ਜਿੱਤ ਜਾਣੀ ਹਲੀਮੀ, ਹਰਮਨ-ਪਿਆਰਤਾ ਅਤੇ ਹਾਂ-ਮੁਖੀ ਹੁੰਗਾਰਾ।

ਹਾਰ ਜਾਣੀ ਤੋਤਲੇ ਬੋਲਾਂ 'ਤੇ ਹੋਣ ਵਾਲੀ ਗੜ੍ਹੇਮਾਰੀ, ਮਿੱਟੀ ਦੇ ਖਿਡੌਣਿਆਂ ਨੂੰ ਖੋਹਣ ਅਤੇ ਫੇਹਣ ਦੀ ਬਿਰਤੀ। ਜਿੱਤ ਜਾਣਾ ਮਾਪਿਆਂ ਦਾ ਬੱਚਿਆਂ ਲਈ ਲਾਡ-ਪਿਆਰ, ਦੁਲਾਰ, ਗੋਦ ਦਾ ਨਿੱਘ, ਬੁੱਕਲ ਦੀ ਓਟ ਅਤੇ ਸਿਰ ਦੀ ਛਾਂ।

ਹਾਰ ਜਾਣੀਆਂ ਰਾਹ ਦੀਆਂ ਖਾਈਆਂ, ਪੈਂਡਿਆਂ ਵਿਚਲੇ ਕੰਡੇ, ਤੇਜ਼ ਤੱਤੀਆਂ ਲੂਆਂ ਅਤੇ ਚੌਮਾਸੇ। ਜਿੱਤ ਜਾਣੇ ਬਾਲਾਂ ਦੇ ਗਡੀਰੇ, ਬਜ਼ੁਰਗਾਂ ਦੀਆਂ ਡੰਗੋਰੀਆਂ, ਮਾਂ ਲਈ ਜਵਾਨ ਮੋਢੇ ਅਤੇ ਮੋਹ-ਭਿੱਜੀ ਮਮਤਾ।


ਹਾਰ ਜਾਣੀ ਸਿਰ 'ਤੇ ਲਈ ਜਾਣ ਵਾਲੀ ਚਿੱਟੀ ਚੁੰਨੀ, ਦੀਦਿਆਂ ਵਿਚ ਸੁਪਨਿਆਂ ਦਾ ਮਾਤਮ ਅਤੇ ਹੋਠਾਂ 'ਤੇ ਚੁੱਪ ਦੀ ਪੇਪੜੀ। ਜਿੱਤ ਜਾਣੀ ਸਿਰ 'ਤੇ ਸਜੀ ਸੂਹੀ ਫੁਲਕਾਰੀ, ਸੰਧੂਰੀ ਸੁਪਨਿਆਂ ਦਾ ਸੱਚ ਅਤੇ ਬੁੱਲ੍ਹਾਂ 'ਤੇ ਨਿੱਕੀਆਂ-ਨਿੱਕੀਆਂ ਬਾਤਾਂ ਤੇ ਹੁੰਗਾਰੇ।

ਹਾਰ ਜਾਣੇ ਮਜ਼ਮੇ, ਮਸਖਰੇ ਅਤੇ ਮਖੌਟੇ। ਜਿੱਤ ਜਾਣਾ ਭਰਾਤਰੀ ਭਾਵ, ਪਾਕ-ਵਿਚਾਰ ਅਤੇ ਅਸਲੀਅਤ ਦਾ ਦੀਦਾਰ।

ਹਾਰ ਜਾਣੀ ਬੁਰਿਆਈ, ਬਦਬੂ, ਬਦ-ਇਖਲਾਕੀ ਅਤੇ ਬਦ-ਅਮਨੀ। ਜਿੱਤ ਜਾਣੀ ਚੰਗਿਆਈ, ਖੁਸ਼ਬੋਈ, ਇਖਲਾਕ ਅਤੇ ਚਿੱਟੇ ਕਬੂਤਰਾਂ ਦੀ ਲਾਮਡੋਰੀ।

ਹਾਰ ਜਾਣੀ ਜੰਗ, ਜ਼ੁਲਮ, ਜਨੂੰਨ ਅਤੇ ਜਾਹਲਪੁਣਾ। ਜਿੱਤ ਜਾਣਾ ਜ਼ਜਬਾ, ਜਜ਼ਬਾਤ, ਜ਼ਿੰਦਗੀ ਅਤੇ ਜ਼ਿੰਦਗੀਨਾਮਾ।

ਅਜਿਹੇ ਮੌਕੇ 'ਤੇ ਜ਼ਿੰਦਗੀ ਨੂੰ ਜ਼ਿੰਦਾਬਾਦ ਕਹਿਣਾ ਤਾਂ ਬਣਦਾ ਹੀ ਹੈ।



*ਪੁਲਵਾਮਾ 'ਚ ਅਤਿਵਾਦੀ ਹਮਲੇ ਦੀ ਮਚਾਈ ਤਬਾਹੀ ਦਾ ਇਕ ਦ੍ਰਿਸ਼*

# ਬਾਬੇ ਨਾਨਕ ਦੀ ਚਿੰਤਨ ਧਾਰਾ ਅਤੇ ਪੰਜਾਬੀ ਭਾਸ਼ਾ

***ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਭਾਸ਼ਾ ਨੂੰ ਸਮਾਜਕ ਚੇਤਨਾ ਅਤੇ ਚਿੰਤਨ ਦੀ ਭਾਸ਼ਾ ਬਣਾਇਆ। ਉਨ੍ਹਾਂ ਨੇ ਦਮਨਕਾਰੀ ਤਾਕਤਾਂ ਅਤੇ ਬ੍ਰਾਹਮਣੀ ਅਧਿਆਤਮ ਵਿਰੁਧ ਸਿੱਖ ਲਹਿਰ ਸ਼ੁਰੂ ਕਰਨ ਲਈ ਪੰਜਾਬੀ ਭਾਸ਼ਾ ਨੂੰ ਮੁੱਖ ਵਸੀਲੇ ਵਜੋਂ ਇਸਤੇਮਾਲ ਕੀਤਾ, ਜੋ ਗੁਰੂ ਸ਼ਬਦ ਪੰਜਾਬ ਦੀ ਭੋਇੰ ਲਈ ਇੱਕ ਕ੍ਰਿਸ਼ਮਈ ਵਰਤਾਰਾ ਬਣ ਗਿਆ। ਬਾਬੇ ਨਾਨਕ ਦੀ ਪੰਜਾਬੀ ਭਾਸ਼ਾ ਨੂੰ ਦੇਣ ਸਬੰਧੀ ਵਡਮੁੱਲੀ ਜਾਣਕਾਰੀ ਦੇਣ ਵਾਲੇ ਗੁਰਬਚਨ ਦਾ ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਨੇ ਪੰਜਾਬੀ ਭਾਸ਼ਾ ਨੂੰ ਚਿੰਤਨ, ਸਮਾਜਕ ਚੇਤਨਾ ਤੇ ਸਮਾਜਕ ਬਦਲਾਓ ਦੀ ਭਾਸ਼ਾ ਬਣਾਇਆ। ਉਨ੍ਹਾਂ ਦੀ ਬਾਣੀ ਵਿਚ ਵਿਚਾਰ, ਸ਼ਬਦ, ਲੈਅ ਤੇ ਸੁਰ-ਤਾਲ ਦਾ ਅਦਭੁੱਤ ਸੰਗਮ ਹੈ। ਪੰਜਾਬੀ ਭਾਸ਼ਾ ਨੂੰ ਉਨ੍ਹਾਂ ਦੀ ਦੇਣ ਅਦੁੱਤੀ ਹੈ।

ਜੋ ਸੰਘਰਸ਼ ਦਮਨਕਾਰੀ ਤਾਕਤਾਂ ਅਤੇ ਬ੍ਰਾਹਮਣੀ ਅਧਿਆਤਮ ਵਿਰੁਧ ਬਾਬੇ ਨਾਨਕ ਦੀ ਅਰੰਭ ਕੀਤੀ ਸਿੱਖ ਲਹਿਰ ਰਾਹੀਂ ਸ਼ੁਰੂ ਹੋਇਆ, ਉਹ ਦੇਸ਼ ਪੰਜਾਬ ਦੇ ਸਭਿਆਚਾਰ+ਸ਼ਬਦ ਸੰਸਾਰ ਖਾਤਰ ਕੀਤਾ ਗਿਆ ਸੰਘਰਸ਼ ਵੀ ਸੀ। ਇਹ ਸ਼ਬਦ ਸੰਸਾਰ, ਗੁਰੂ-ਸ਼ਬਦ ਰਾਹੀਂ ਸਟੀਕ ਰੂਪ ਧਾਰਨ ਕਰ ਚੁਕਾ ਸੀ।

ਗੁਰੂ ਸ਼ਬਦ ਦਾ ਉਤਪੰਨ ਹੋਣਾ ਪੰਜਾਬ ਦੀ ਭੋਇੰ ਲਈ ਕ੍ਰਿਸ਼ਮਈ ਵਰਤਾਰਾ ਬਣ ਗਿਆ। ਇਸ ਦੀਆਂ ਅੰਤਰ-ਧੁਨੀਆਂ ਦਾ ਪਾਸਾਰ ਲੋਕ ਮਾਨਸ ਦੇ ਨਿੱਜੀ ਜੀਵਨ, ਉਹਦੀ ਸਮਾਜਕਤਾ ਅਤੇ ਸਭਿਆਚਾਰਕਤਾ ਤੱਕ ਫੈਲ ਗਿਆ। ਇਹਦਾ ਸਿਆਸੀ ਪ੍ਰਸੰਗਾਂ ਵਿਚ ਵਿਸਥਾਰ ਸੁਭਾਵਿਕ ਸੀ।

ਗੁਰਬਚਨ

ਆਧੁਨਿਕ ਸ਼ਬਦਾਵਲੀ 'ਚ ਜੇ ਬਾਬੇ ਨਾਨਕ ਦੀ ਚਲਾਈ ਲਹਿਰ ਨੂੰ ਸਮਝਣਾ ਹੋਵੇ ਤਾਂ ਕਹਾਂਗੇ, ਇਹ ਪੰਜਾਬ ਦੀ ਭੋਇੰ ਨੂੰ ਪ੍ਰਾਪਤ ਹੋਇਆ ਬਹੁ-ਪਾਸਾਰੀ ਨੈਰੇਟਿਵ ਸੀ, ਜਿਸ ਨੂੰ ਪ੍ਰਣਾ ਕੇ ਸੱਤਾਹੀਣ ਨਿਮਾਣਾ ਬੰਦਾ ਸਵੈ-ਸੱਤਾ ਤੇ ਸੁਤੰਤਰ ਹੋਣ ਬਾਰੇ ਚੇਤੰਨ ਹੋਇਆ। ਇਹਦੀ ਖਾਤਰ ਕੁਰਬਾਨੀਆਂ ਦਿੱਤੀਆਂ, ਸ਼ਹੀਦੀਆਂ ਪਾਈਆਂ। ਇਹਦੀ ਨਿਰੰਤਰਤਾ ਦਾ ਰਹਿਣਾ ਤੈਅ ਹੋ ਗਿਆ।

ਸਭਿਆਚਾਰਕ ਅਵਚੇਤਨ ਦੇ ਸਿਆਸੀ ਅਵਚੇਤਨ ਵਿਚ ਵਿਸਤਾਰੇ ਜਾਣ ਨਾਲ ਪੰਜਾਬੀ ਬੰਦਾ ਆਪਣੇ ਪ੍ਰਵਚਨ ਸੰਸਾਰ ਖਾਤਰ ਹਥਿਆਰ ਚੁੱਕਣ ਲਈ ਤਿਆਰ ਹੋ ਗਿਆ। ਸ਼ਬਦ ਤੇ ਸਸ਼ਤਰ ਦੇ ਅੰਤਰ-ਮੇਲ ਰਾਹੀਂ ਇਹਨੇ ਸਵੈ-ਸੱਤਾ ਵੱਲ ਪੁਲਾਂਘ ਪੁੱਟੀ। ਇਸ ਵਰਤਾਰੇ ਦੇ ਕੇਂਦਰ ਵਿਚ ਇਸ ਭੋਇੰ ਦੀ ਭਾਸ਼ਾ ਸੀ, ਲੋਕ ਭਾਸ਼ਾ ਪੰਜਾਬੀ।

ਆਪਣੀ ਹੀ ਭਾਸ਼ਾ ਰਾਹੀਂ ਇਲਾਹੀ ਅੰਤਰ-ਨਾਦਾਂ ਨਾਲ ਵਰੋਸਾਏ ਜਾਣਾ ਉਨ੍ਹਾਂ ਸੱਤਾਧਾਰੀ ਧਿਰਾਂ ਲਈ ਰੜਕ ਦਾ ਕਾਰਨ ਬਣ ਗਿਆ, ਜਿਸ ਦਾ ਗਲਬਾ ਆਮ ਲੋਕਾਈ ਉਤੇ ਛਾਇਆ ਹੋਇਆ ਸੀ। ਇਹ ਨੈਰੇਟਿਵ ਬ੍ਰਾਹਮਣੀ ਅਧਿਆਤਮ ਦੀ ਚੜ੍ਹਤ ਦਾ ਤੋੜਕ ਬਣ ਗਿਆ। ਇਹਦੇ ਗੈਰ-ਕੁਲੀਨੀ ਸੁਭਾਅ ਦੀ ਨਿਸ਼ਾਨਦੇਹੀ ਨਿਸ਼ਚਿਤ ਹੋ ਗਈ। ਲੰਗਰ+ਪੰਗਤ ਰਾਹੀਂ ਬਰਾਬਰੀ ਅਤੇ ਸਰਬ ਸਾਂਝੀਵਾਲਤਾ ਦੇ ਤਸੱਵਰ ਨੇ ਅਮਲੀ ਰੂਪ ਧਾਰਿਆ।

ਸਰਬੱਤ ਦੇ ਭਲੇ ਦਾ ਸੰਕਲਪ ਨਾਲ ਪੰਜਾਬ 'ਚ ਸਿਵਲ ਸਮਾਜ ਦੀ ਬਣਤ ਤਿਆਰ ਹੋਣ ਲੱਗੀ। 'ਸਰਬੱਤ ਦਾ ਭਲਾ' ਮੰਗਣ ਵਾਲਾ ਫਿਰਕੂ ਵੰਡੀਆਂ ਨੂੰ ਨਕਾਰਦਾ ਹੈ। ਮਨੁੱਖ ਨੂੰ ਇਕਮੁੱਠ ਹੋਣ ਦਾ ਸੱਦਾ ਦਿੰਦਾ ਹੈ। ਇਨਸਾਫ-ਪਸੰਦੀ ਦੀ ਚੜ੍ਹਤ ਸਥਾਪਤ ਕਰਦਾ ਹੈ।

ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ੇ ਪਿਛੋਂ ਇਸ ਦਾ ਏਜੰਡਾ ਪੰਜਾਬ-ਬਾਹਰੀਆਂ ਧਿਰਾਂ ਨੇ ਹਥਿਆ ਲਿਆ। ਸ਼ਾਹ ਮੁਹੰਮਦ ਅੰਗਰੇਜ਼ਾਂ-ਸਿੱਖਾਂ ਵਿਚਕਾਰ ਜੰਗ ਨੂੰ ਠੀਕ ਹੀ 'ਜੰਗ ਹਿੰਦ ਪੰਜਾਬ ਦਾ' ਕਹਿੰਦਾ ਹੈ। ਇਸ ਦੀ ਡੂੰਘਾਈ ਵਿਚ ਇਤਿਹਾਸਕ ਅਰਥ ਪਏ ਹਨ। ਇਹਦੇ ਰਾਹੀਂ ਪੰਜਾਬ ਦੇ ਇਤਿਹਾਸ 'ਚ ਪੈਦਾ ਹੋਣ ਵਾਲੀਆਂ ਵਿਕ੍ਰਿਤ ਰੇਖਾਵਾਂ (Fault lines) ਦਾ ਵੀ ਪਤਾ ਚਲਦਾ ਹੈ।

'ਹਿੰਦ' ਤੋਂ ਸ਼ਾਹ ਮੁਹੰਮਦ ਦਾ ਮਤਲਬ ਉਹ ਧਿਰ, ਜੋ ਪੰਜਾਬ ਉਤੇ ਕਾਬਜ਼ ਹੋਣਾ ਚਾਹੁੰਦੀ ਸੀ। ਇਹ ਬਸਤੀਵਾਦੀ ਧਿਰ ਸੀ, ਜਿਸ ਦੇ ਅਪਨਾਏ ਹਥਕੰਡਿਆਂ ਨੇ ਪੰਜਾਬ ਦੀ ਲੋਕਾਈ ਨੂੰ ਧਾਰਮਕ ਖਿੱਚੋਤਾਣ ਦੇ ਗੇੜ ਵਿਚ ਫਾਹ ਦਿੱਤਾ। ਸੰਕਟ ਗਹਿਰਾ ਉਦੋਂ ਹੋਇਆ, ਜਦੋਂ ਪੰਜਾਬ ਵਿਚ ਵਾਸਾ ਕਰਦੀਆਂ ਕੁਝ ਧਿਰਾਂ ਨੇ ਪੰਜਾਬੋਂ-ਬਾਹਰ ਦੀਆਂ ਧਿਰਾਂ ਨਾਲ ਸਾਂਝਦਾਰੀ ਪਾ ਲਈ। ਸੁਆਮੀ ਦਯਾਨੰਦ ਨੇ ਉਨੀਵੀਂ ਸਦੀ ਦੇ ਦੂਜੇ ਅੱਧ ਵਿਚ ਗੁਜਰਾਤ ਤੋਂ ਪੰਜਾਬ ਦੇ ਸ਼ਹਿਰਾਂ ਵਿਚ ਆ ਪ੍ਰਸਥਾਨ ਕੀਤਾ ਤਾਂ ਜੋ ਉਸ ਅਧਿਆਤਮ ਦੀ ਪ੍ਰਭੁਤਾ ਬਹਾਲ ਹੋ ਸਕੇ, ਜੋ ਪੰਜਾਬ ਦੇ ਨੈਰੇਟਿਵ ਰਾਹੀਂ ਬੇਜਮੀਨਾ ਹੋ ਚੁਕਾ ਸੀ। ਸੁਆਮੀ ਦਯਾਨੰਦ ਦੇ ਤਸੱਵਰਾਂ ਨੂੰ ਇਥੋਂ ਦੀ ਸ਼ਹਿਰੀ ਮਿਡਲ ਕਲਾਸ ਨੇ ਵੱਧ ਚੜ੍ਹ ਕੇ ਸਵੀਕਾਰ ਕੀਤਾ। ਉਨ੍ਹਾਂ ਪੰਜਾਬ ਵਿਚ ਆਪਣਾ ਨੈਰੇਟਿਵ ਸਿਰਜ ਲਿਆ।

ਅੰਗਰੇਜ਼ਾਂ ਨੇ ਪੰਜਾਬ ਵਿਚ ਰਾਜ ਪ੍ਰਬੰਧ ਲਈ ਅਮਲਾ ਉਸ ਖਿੱਤੇ ਤੋਂ ਲਿਆਂਦਾ, ਜਿੱਥੇ ਉਰਦੂ ਦੀ ਪ੍ਰਧਾਨਤਾ ਸੀ। ਵਸੀਹ ਪੱਧਰ 'ਤੇ ਪੰਜਾਬ ਵਿਚ ਉਰਦੂ ਨੂੰ ਫੈਲਾਇਆ ਗਿਆ; ਇਹਦੀ ਪੜ੍ਹਾਈ ਪ੍ਰਾਇਮਰੀ ਜਮਾਤ ਤੋਂ ਸ਼ੁਰੂ ਕਰ ਦਿੱਤੀ। ਉਰਦੂ ਦਾ ਵਿਰੋਧ ਲਾਲਾ ਲਾਜਪਤ ਰਾਏ ਨੇ ਕੀਤਾ, ਉਦੋਂ ਉਹ ਹਿੰਦੂ ਮਹਾਂ ਸਭਾ 'ਚ ਸਰਗਰਮ ਸਨ। 19ਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਪੰਜਾਬ ਅੰਦਰ ਉਰਦੂ ਦੇ ਵਿਰੋਧ ਅਤੇ ਹਿੰਦੀ ਦੇ ਹੱਕ ਵਿਚ ਕਈ ਪੈਂਫਲਿਟ ਵੰਡੇ ਗਏ। ਇਸ ਮੁਹਿੰਮ ਵਿਚ ਲਾਲਾ ਲਾਜਪਤ ਰਾਏ ਮੋਹਰੀ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਹਿੰਦੀ ਰਾਹੀਂ ਦੇਸ਼ ਵਿਚ ਇਕਮੁੱਠਤਾ ਪੈਦਾ ਕੀਤੀ ਜਾ ਸਕਦੀ ਹੈ ਅਤੇ ਇਹ ਭਾਸ਼ਾ ਦੇਸ਼ ਦੀ ਆਜ਼ਾਦੀ ਦਾ ਮਾਧਿਅਮ ਬਣਨ ਦੇ ਯੋਗ ਹੈ। ਇਸ ਤਰ੍ਹਾਂ ਪੰਜਾਬੀ ਭਾਸ਼ਾ ਨੂੰ ਪਿਛਲ-ਭੂਮੀ ਵਿਚ ਰੱਖਣ ਨਾਲ ਉਸ ਨੈਰੇਟਿਵ ਪ੍ਰਤੀ ਬੇਪ੍ਰਤੀਤੀ ਵੀ ਪ੍ਰਗਟ ਹੋ ਗਈ, ਜਿਸ ਨੇ ਪੰਜਾਬ ਦੇ ਕਿਰਤੀ ਕਿਸਾਨ ਤੇ ਨਿਮਨ ਵਰਗ ਨੂੰ ਸੱਤਾਵਾਨ ਕੀਤਾ ਸੀ।

ਇਸ ਦੇ ਉਲਟ ਪੰਜਾਬ ਦੇ ਕਿਰਤੀ ਕਿਸਾਨ ਵੱਲ ਧਿਆਨ ਜਾਣਾ ਜ਼ਰੂਰੀ ਹੈ, ਜੋ ਉਸ ਦੌਰ ਵਿਚ ਆਰਥਕ ਪੀੜਾ ਵਿਚੋਂ ਗੁਜ਼ਰ ਰਿਹਾ ਸੀ। ਇਹ ਪੀੜਾ ਉਹਦੇ ਸਵੈਮਾਣ ਉਤੇ ਗਹਿਰੀ ਸੱਟ ਸੀ। ਇਸ ਤੋਂ ਨਿਜ਼ਾਤ ਪਾਉਣ ਲਈ ਉਹਦੇ ਕੋਲ ਸਿਰਫ ਦੋ ਜੁਗਤਾਂ ਸਨ: ਹੱਡ-ਤੋੜਵੀਂ ਮਿਹਨਤ ਅਤੇ ਪੰਜਾਬ ਦਾ ਨੈਰੇਟਿਵ, ਜੋ ਉਸ ਦੀ ਰਹਿਤਲ ਵਿਚ ਸਮੋਇਆ ਹੋਇਆ ਸੀ। ਇਨ੍ਹਾਂ ਜੁਗਤਾਂ ਨਾਲ ਲੈਸ ਉਹ ਫੌਜ ਵਿਚ ਭਰਤੀ ਹੋਣ ਲੱਗਾ। ਫਿਰ ਉਹਨੇ ਵਿਦੇਸ਼ਾਂ ਵਿਚ ਮਿਹਨਤ ਕਰਕੇ ਸਿਰ ਉਚਾ ਕਰਕੇ ਜਿਉਣ ਦਾ ਰਾਹ ਲੱਭਿਆ।

ਜਦ ਇਹ 20ਵੀਂ ਸਦੀ ਦੇ ਪਹਿਲੇ ਦਹਾਕਿਆਂ ਦੌਰਾਨ ਰੋਜ਼ੀ-ਰੋਟੀ ਖਾਤਰ ਅਮਰੀਕਾ ਪੁੱਜਾ ਤਾਂ ਹਰ ਪੱਧਰ ਉਤੇ ਹੁੰਦੇ ਵਿਤਕਰੇ ਨੂੰ ਦੇਖ ਕੇ ਉਹਦਾ ਉਮਾਹ ਪਸਤ ਹੋ ਗਿਆ। ਰੋਸ ਦੀ ਲਹਿਰ ਉਗਮ ਪਈ; ਸਵੈਮਾਣ/ਆਜ਼ਾਦ ਹਸਤੀ ਦੀ ਚਿਣਗ ਮਘਣ ਲੱਗੀ। ਸੁਆਲ ਸੀ, ਉਹਦੇ ਹੋਣੇ ਦੀ ਟੇਕ ਜੇ ਵਿਦੇਸ਼ ਵਿਚ ਨਹੀਂ ਤਾਂ ਜੋ ਭੋਇੰ ਉਹਦਾ ਵਤਨ ਹੈ, ਉਹ ਵੀ ਤਾਂ ਪਰਾਇਆਂ ਦੇ ਕਬਜ਼ੇ ਵਿਚ ਹੈ। ਆਜ਼ਾਦੀ/ਬਰਾਬਰੀ ਦੇ ਵਿਸ਼ਵਾਸਾਂ ਨਾਲ ਊਰਜਿਤ ਹੋਇਆ, ਉਹ ਗਦਰ ਲਈ ਤਿਆਰ ਹੋ ਗਿਆ। ਉਹਦੇ ਅਮਲਾਂ ਦੀ ਉਠਾਣ ਸਥਲ ਸਟਾਕਟਨ (ਕੈਲੀਫੋਰਨੀਆ) ਦਾ ਗੁਰਦੁਆਰਾ ਬਣਿਆ, ਜਿਵੇਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਪੈਰਵੀ ਦਾ ਕੇਂਦਰ ਵੈਨਕੂਵਰ ਦਾ ਗੁਰਦੁਆਰਾ ਬਣਿਆ ਸੀ। ਕੈਲੀਫੋਰਨੀਆ ਵਿਚ ਬਾਬਾ ਬਸਾਖਾ ਸਿੰਘ ਦੇ ਫਾਰਮ ਉਤੇ ਸਰਬ-ਸਾਂਝੀਵਾਲਤਾ ਦੀ ਸੇਵਾ ਭਾਵਨਾ ਵਾਲਾ ਲੰਗਰ-ਪੰਗਤ ਦਾ ਵਰਤਾਰਾ ਜੀਵੰਤ ਹੋ ਉਠਿਆ। ਪਰਾਈ ਧਰਤੀ ਵਿਚ ਸਰਲ ਸਾਧਾਰਨ ਕਿਰਤੀ ਕਿਸਾਨ ਨੇ ਪੰਜਾਬ ਦੇ ਨੈਰੇਟਿਵ ਦਾ ਪਰਤੌ ਸਿਰਜ ਲਿਆ ਤੇ ਆਮ ਮਨੁੱਖ ਤੋਂ ਗਦਰੀ ਬਾਬਾ ਬਣ ਗਿਆ। ਗਦਰ ਲਹਿਰ ਦੀ ਕਵਿਤਾ ਤੋਂ ਪਤਾ ਚਲਦਾ ਹੈ ਕਿ ਏਨੀ ਵੱਡੀ ਤਬਦੀਲੀ ਦੇ ਕੇਂਦਰ ਵਿਚ ਪੰਜਾਬੀ ਭਾਸ਼ਾ ਸੀ।

ਇਹ ਉਸ ਦੌਰ ਦੀਆਂ ਗੱਲਾਂ ਹਨ, ਜਦ ਪੰਜਾਬ ਦੀ ਉਭਰ ਰਹੀ ਮਧਲੀ ਜਮਾਤ ਯੂਨੀਵਰਸਟੀਆਂ ਤੋਂ ਉਚ-ਵਿਦਿਆ ਪ੍ਰਾਪਤ ਕਰਕੇ ਦੇਸ਼-ਕੌਮ ਦੀ ਹਾਕਮ ਧਿਰ ਵਿਚ ਤਬਦੀਲ ਹੋਣ ਦਾ ਸੁਪਨਾ ਪਾਲ ਰਹੀ ਸੀ। ਇਹਦੀ ਬਿਰਤੀ ਪੰਜਾਬ ਬਾਹਰੇ ਪ੍ਰਸੰਗਾਂ ਨਾਲ ਅੰਤਰੰਗ ਹੋਣ ਲੱਗੀ। ਇਹਦੀ ਸਵੈ-ਸੱਤਾ ਵਿਚ ਵਾਧਾ ਇਵੇਂ ਹੀ ਹੋ ਸਕਦਾ ਸੀ। ਪੰਜਾਬ-ਬਾਹਰਾ ਏਜੰਡਾ ਇਹਦਾ ਆਪਣਾ ਏਜੰਡਾ ਬਣ ਗਿਆ। ਇਸ ਭੋਇੰ ਦੀ ਭਾਸ਼ਾ ਤਿਆਗ ਦਿੱਤੀ। ਆਰਥਕ ਤਾਣ ਵਾਲੀ ਇਹ ਧਿਰ ਬਹੁ-ਸੰਖਿਅਕ ਰਾਸ਼ਟਰਵਾਦ ਦੀ ਸਮਰਥਕ ਬਣ ਗਈ। ਪੰਜਾਬ ਵਿਚ ਵਾਸਾ ਕਰਕੇ ਇਥੋਂ ਦੇ ਹਿਤਾਂ ਤੋਂ ਪਰਾਈ ਹੋਣ 'ਚ ਇਹ ਸੁਖ ਭਾਲਣ ਲੱਗੀ। ਨਤੀਜਾ ਸਭ ਦੇ ਸਾਹਮਣੇ ਹੈ।

ਬਹੁਤੀ ਤਫਸੀਲ ਵਿਚ ਨਾ ਜਾਂਦਿਆਂ ਸਮਝਣ ਵਾਲੀ ਗੱਲ ਇਹ ਹੈ ਕਿ ਜਿਸ ਧਿਰ ਨੇ ਪੰਜਾਬ ਦੇ ਨੈਰੇਟਿਵ ਨੂੰ ਨਹੀਂ ਸਮਝਿਆ ਤੇ ਇਸ ਭੋਇੰ ਦੇ ਬੰਦੇ ਉਤੇ ਆਪਣਾ ਗਲਬਾ ਫੈਲਾਉਣਾ ਚਾਹਿਆ, ਉਹਦੇ ਨਾਲ ਪੰਜਾਬ ਦਾ ਆਢਾ ਲੱਗਣਾ ਤੈਅ ਹੋ ਗਿਆ। ਇਸ ਪ੍ਰਸੰਗ ਵਿਚ ਇਕ ਅਹਿਮ ਘਟਨਾ ਦਾ ਹਵਾਲਾ ਦੇਣਾ ਜ਼ਰੂਰੀ ਹੈ। ਫਿਲਮ ਅਭਿਨੇਤਾ ਬਲਰਾਜ ਸਾਹਨੀ ਫਿਲਮਾਂ ਵਿਚ ਕੰਮ ਕਰਨ ਤੋਂ ਪਹਿਲਾਂ ਰਾਬਿੰਦਰ ਨਾਥ ਟੈਗੋਰ ਦੇ ਨਿਕਟ ਰਹਿਣ ਦੀ ਚਾਹ ਵਿਚ ਸ਼ਾਂਤੀ ਨਿਕੇਤਨ 'ਚ ਟੀਚਰ ਜਾ ਲੱਗਾ ਸੀ। ਉਹ ਹਿੰਦੀ ਵਿਚ ਕਹਾਣੀਆਂ ਲਿਖਦਾ ਸੀ, ਜਿਵੇਂ ਬਾਅਦ ਵਿਚ ਉਹਦਾ ਨਿੱਕਾ ਭਰਾ ਭੀਸ਼ਮ ਸਾਹਨੀ ਹਿੰਦੀ ਵਿਚ ਕਹਾਣੀਆਂ ਲਿਖਣ ਲੱਗ ਪਿਆ ਸੀ। ਬਲਰਾਜ ਨੇ ਸ਼ਾਂਤੀ ਨਿਕੇਤਨ ਵਿਚ ਹਿੰਦੀ ਸਾਹਿਤ ਸੰਮੇਲਨ ਬਣਾ ਰੱਖਿਆ, ਜੀਹਦੀ ਖਾਤਰ ਉਹ ਟੈਗੋਰ ਨੂੰ ਸੱਦਾ ਦੇਣ ਚਲਾ ਗਿਆ। ਟੈਗੋਰ ਨੇ ਕਿਹਾ, "ਤੂੰ ਹਿੰਦੀ ਵਿਚ ਕਿਉਂ ਲਿਖਦਾਂ, ਤੇਰੀ ਮਾਂ ਬੋਲੀ ਤਾਂ ਪੰਜਾਬੀ ਹੈ।"

ਬਲਰਾਜ ਨੇ ਜੁਆਬ ਦਿੱਤਾ, "ਪੰਜਾਬੀ ਨੂੰ ਪੱਛੜੀ ਹੋਈ ਜ਼ੁਬਾਨ ਮੰਨਿਆ ਜਾਂਦਾ; ਪੰਜਾਬ ਵਿਚ ਉਰਦੂ ਜਾਂ ਹਿੰਦੀ 'ਚ ਲਿਖਣ ਵਾਲੇ ਹੀ ਵੱਧ ਹਨ।"

ਟੈਗੋਰ ਨੇ ਕਿਹਾ, "ਮੈਂ ਤੇਰੇ ਨਾਲ ਸਹਿਮਤ ਨਹੀਂ। ਜਿਸ ਭਾਸ਼ਾ ਵਿਚ ਗੁਰੂ ਨਾਨਕ ਨੇ ਲਿਖਿਆ ਹੋਵੇ, ਉਹ ਪੱਛੜੀ ਹੋਈ ਕਿਵੇਂ ਕਹੀ ਜਾ ਸਕਦੀ ਹੈ?"

ਟੈਗੋਰ ਨਾਲ ਇਸ ਮਿਲਣੀ ਪਿਛੋਂ ਬਲਰਾਜ ਸਾਹਨੀ ਅੰਦਰ ਕ੍ਰਿਸ਼ਮਈ ਪੱਧਰ ਦੀ ਤਬਦੀਲੀ ਆਈ। ਉਹਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ਗੁਰੂ ਸ਼ਬਦ ਨਾਲ ਸ਼ਿੱਦਤ ਨਾਲ ਜੁੜ ਗਿਆ ਤੇ ਸੱਚੇ ਅਰਥਾਂ ਵਿਚ ਪੰਜਾਬ-ਪੁਤਰ ਬਣ ਗਿਆ।

ਪੰਜਾਬ ਨੂੰ ਅੱਜ ਜੋ ਹਜ਼ਾਰਾਂ ਬਲਰਾਜ ਸਾਹਨੀਆਂ ਦੀ ਲੋੜ ਹੈ, ਉਹ ਕਿੱਥੇ ਹਨ?

# ਸਿੱਖ ਧਰਮ, ਸਿਆਸਤ ਅਤੇ ਅਕਾਲ ਤਖਤ

**ਵਿਚਾਰ-ਚਰਚਾ**

***ਪੰਜਾਬ ਟਾਈਮਜ਼ ਦੇ 16 ਫਰਵਰੀ 2019 ਦੇ ਅੰਕ ਵਿਚ ਪੰਜਾਬ ਦੀ ਉਘੀ ਸ਼ਖਸੀਅਤ ਅਤੇ ਬਠਿੰਡਾ ਸਥਿਤ ਕੇਂਦਰੀ ਯੂਨੀਵਰਸਿਟੀ, ਪੰਜਾਬ ਦੇ ਚਾਂਸਲਰ ਸਰਦਾਰਾ ਸਿੰਘ ਜੌਹਲ ਨੇ ਸਿੱਖ ਧਰਮ ਵਿਚ ਮੀਰੀ ਤੇ ਪੀਰੀ ਦੇ ਸੰਕਲਪ ਦੇ ਪਰਿਪੇਖ ਵਿਚ ਅਜੋਕੇ ਹਾਲਾਤ ਦੀ ਪੜਚੋਲ ਕਰਦਿਆਂ ਸਿੱਖ ਸਮਾਜ ਨੂੰ ਸੰਕਟ ਵਿਚੋਂ ਕੱਢਣ ਲਈ ਕੁਝ ਸੁਝਾਅ ਦਿੱਤੇ ਸਨ। ਉਸ ਲੇਖ ਦੇ ਪ੍ਰਤੀਕਰਮ ਵਿਚ ਸ. ਨੰਦ ਸਿੰਘ ਬਰਾੜ ਨੇ ਗੱਲ ਨੂੰ ਅੱਗੇ ਤੋਰਦਿਆਂ ਕੁਝ ਟਿੱਪਣੀਆਂ ਕੀਤੀਆਂ ਹਨ, ਜੋ ਪਾਠਕਾਂ ਦੀ ਨਜ਼ਰ ਹਨ। ਇਸ ਸਬੰਧੀ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

ਸ. ਸਰਦਾਰਾ ਸਿੰਘ ਜੌਹਲ ਉਚ ਕੋਟੀ ਦੇ ਵਿਦਵਾਨ ਤੇ ਕੇਂਦਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹਨ। ਉਨ੍ਹਾਂ ਨੂੰ ਸਿੱਖ ਧਰਮ ਦੇ ਚਲ ਰਹੇ ਪ੍ਰਬੰਧਕੀ ਢਾਂਚੇ ਨੇ ਕਾਫੀ ਵਿਚਲਿਤ ਕੀਤਾ ਲਗਦਾ ਹੈ, ਜੋ ਹਰੇਕ ਪੜ੍ਹੇ-ਲਿਖੇ ਅਤੇ ਇਮਾਨਦਾਰ ਮਨੁੱਖ ਵਾਸਤੇ ਸਹੀ ਗੱਲ ਹੈ। ਇਸ ਦੇ ਸੁਧਾਰ ਵਾਸਤੇ ਉਨ੍ਹਾਂ ਨੇ ਕਾਫੀ ਸੁਝਾਅ ਵੀ ਦਿੱਤੇ ਹਨ, ਜਿਨ੍ਹਾਂ ਵਿਚੋਂ ਕੁਝ ਇੱਕ ਨਾਲ ਮੈਂ ਆਪਣੇ ਆਪ ਨੂੰ ਸਹਿਮਤ ਨਹੀਂ ਕਰ ਸਕਿਆ।

ਸਭ ਤੋਂ ਪਹਿਲਾਂ ਉਹ ਮੀਰੀ-ਪੀਰੀ ਦੇ ਸਿਧਾਂਤ ਸਬੰਧੀ ਗੱਲ ਕਰਦਿਆਂ ਲਿਖਦੇ ਹਨ ਕਿ ਗੁਰੂ ਸਾਹਿਬਾਨ ਦੇ ਸਮੇਂ ਸਿੱਖ ਸਮਾਜ ਛੋਟਾ ਜਿਹਾ ਸਮਾਜ ਸੀ ਤੇ ਸਿਰਫ ਪੰਜਾਬ ਵਿਚ ਹੀ ਸੀ। ਇਹ ਕਹਿਣ ਤੋਂ ਉਨ੍ਹਾਂ ਦਾ ਭਾਵ ਇਹੀ ਲੱਗਦਾ ਹੈ ਕਿ ਉਸ ਸਮੇਂ ਮੀਰੀ-ਪੀਰੀ ਦੇ ਸਿਧਾਂਤ ਮੁਤਾਬਕ ਚਲਣਾ ਸੌਖਾ ਸੀ। ਪਤਾ ਨਹੀਂ ਉਹ ਸਿੱਖ ਸਮਾਜ ਦੇ ਛੋਟਾ ਹੋਣ ਦੀ ਗੱਲ ਕਿਸ ਤਰ੍ਹਾਂ ਲਿਖਦੇ ਹਨ, ਜਦਕਿ ਸਭ ਜਾਣਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਸਿਰਫ ਸਮੁੱਚੇ ਭਾਰਤ ਵਿਚ ਹੀ ਨਹੀਂ, ਸਗੋਂ ਕੁਝ ਇੱਕ ਗੁਆਂਢੀ ਮੁਲਕਾਂ ਵਿਚ ਵੀ ਸੱਚ ਦਾ ਪ੍ਰਚਾਰ ਕੀਤਾ। ਉਸ ਵੇਲੇ ਤੋਂ ਹੀ ਹਰ ਥਾਂ ਉਨ੍ਹਾਂ ਦੇ ਪੈਰੋਕਾਰ ਮਿਲਦੇ ਹਨ। ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਵੀ ਪੰਜਾਬੋਂ ਬਾਹਰ ਪ੍ਰਚਾਰ ਕਰਦੇ ਰਹੇ ਹਨ। ਗੁਰੂ ਅਮਰਦਾਸ ਜੀ ਨੇ ਤਾਂ ਸਾਰੇ ਭਾਰਤ ਵਿਚ ਪ੍ਰਚਾਰ ਵਾਸਤੇ ਬਾਈ ਮੰਜੀਆਂ ਵੀ ਸਥਾਪਤ ਕੀਤੀਆਂ ਸਨ। ਪ੍ਰਚਾਰ ਵਾਸਤੇ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਦਾ ਬਹੁਤਾ ਸਮਾਂ ਪੰਜਾਬੋਂ ਬਾਹਰ ਬੀਤਿਆ, ਜਿਸ ਵਿਚ ਉਹ ਸਮਾਂ ਵੀ ਸ਼ਾਮਲ ਹੈ, ਜਦੋਂ ਉਨ੍ਹਾਂ ਨੂੰ ਅਜੇ ਗੁਰਗੱਦੀ ਨਹੀਂ ਸੀ ਮਿਲੀ। ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪੰਜਾਬੋਂ ਬਾਹਰ ਹੋਇਆ ਅਤੇ ਪੰਜ ਪਿਆਰੇ ਵੀ ਸਾਰੇ ਭਾਰਤ (ਸਮੇਤ ਅੱਜ ਦਾ ਪਾਕਿਸਤਾਨ) ਵਿਚੋਂ ਸਨ।

ਨੰਦ ਸਿੰਘ ਬਰਾੜ
ਫੋਨ: 916-501-3974

ਇਸ ਲਈ ਇਹ ਕਹਿਣਾ ਠੀਕ ਨਹੀਂ ਲੱਗਦਾ ਕਿ ਗੁਰੂ ਸਾਹਿਬਾਨ ਦੇ ਪੈਰੋਕਾਰ ਸਿਰਫ ਪੰਜਾਬ ਵਿਚ ਹੀ ਸਨ। ਹਾਂ, ਇਹ ਠੀਕ ਹੈ ਕਿ ਜਦੋਂ ਗੁਰੂ ਸਾਹਿਬਾਨ ਦਾ ਸੱਚਾ ਸੁੱਚਾ ਇਨਸਾਨੀ ਧਰਮ ਹਾਕਮਾਂ ਦੀ ਮਿਲੀਭੁਗਤ ਨਾਲ ਇੱਕ ਸਥਾਪਤ ਧਰਮ ਭਾਵ ਸਮੁੱਚੀ ਮਾਨਵਤਾ ਦੇ ਧਰਮ ਦੀ ਥਾਂ ਸਿਰਫ ਇੱਕ ਵਰਗ ਦਾ ਧਰਮ ਬਣ ਗਿਆ ਤਾਂ ਇਸ ਦੀ ਸੀਮਾ ਇਸ ਦੇ ਹਾਕਮਾਂ ਦੇ ਰਾਜਾਂ ਦੀ ਸੀਮਾ ਤੱਕ ਹੀ ਸੁੰਗੜ ਕੇ ਰਹਿ ਗਈ।

ਯੁਗਾਂ ਯੁਗਾਂ ਤੋਂ ਮਹਾਂਪੁਰਖ ਹੱਕ, ਸੱਚ ਤੇ ਇਨਸਾਫ ਖਾਤਰ ਆਪਾ ਵਾਰਨ ਦਾ ਸੁਨੇਹਾ ਦਿੰਦੇ ਰਹੇ ਹਨ। ਭਗਤ ਕਬੀਰ ਦਾ ਇਹ ਸ਼ਬਦ, "ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟ ਮਰੈ ਕਬਹੂੰ ਨ ਛਾਡੈ ਖੇਤ॥" ਅਤੇ ਗੁਰੂ ਨਾਨਕ ਦੇਵ ਜੀ ਦਾ ਸ਼ਬਦ, "ਜੋ ਤਉ ਪ੍ਰੇਮ ਖੇਲਨ ਕਾ ਚਾਓ॥ ਸਿਰ ਧਰ ਤਲੀ ਗਲੀ ਮੋਰੀ ਆਓ॥" ਮਨੁੱਖ ਨੂੰ ਹੱਕ, ਸੱਚ ਤੇ ਇਨਸਾਫ (ਧਰਮ) ਵਾਸਤੇ, ਜੇ ਲੋੜ ਪਵੇ ਤਾਂ ਲੜਨ ਅਤੇ ਮਰਨ ਲਈ ਤਿਆਰ ਰਹਿਣ ਵਾਸਤੇ ਪ੍ਰੇਰਦੇ ਹਨ। ਪਰ ਮੀਰੀ-ਪੀਰੀ ਦੇ ਸਿਧਾਂਤ ਦਾ ਪ੍ਰਚਾਰ ਕੁਝ ਵੱਖਰੇ ਦ੍ਰਿਸ਼ਟੀਕੋਣ ਨਾਲ ਕੀਤਾ ਜਾਂਦਾ ਲਗਦਾ ਹੈ। ਇਸ ਮੁਤਾਬਕ ਧਰਮ (ਸਥਾਪਤ ਧਰਮ) ਅਤੇ ਰਾਜਨੀਤੀ ਨਾਲੋ ਨਾਲ ਚਲਣੇ ਚਾਹੀਦੇ ਹਨ। ਉਨ੍ਹਾਂ ਮੁਤਾਬਕ ਧਰਮ ਦੇ ਕੁੰਡੇ ਕਰਕੇ ਰਾਜਨੀਤੀ ਕੁਰਾਹੇ ਪੈਣ ਤੋਂ ਬਚੀ ਰਹੇਗੀ ਅਤੇ ਰਾਜਨੀਤੀ ਦੇ ਆਸਰੇ ਨਾਲ ਧਰਮ ਹੋਰ ਫੈਲੇ-ਫੁੱਲੇਗਾ, ਪ੍ਰੰਤੂ ਇਤਿਹਾਸ ਵਿਚ ਅਸੀਂ ਕਦੇ ਅਜਿਹਾ ਵਾਪਰਿਆ ਸੁਣਿਆ ਨਹੀਂ ਅਤੇ ਹੁਣ ਵੀ ਇਸ ਤਰ੍ਹਾਂ ਹੁੰਦਾ ਨਹੀਂ ਵੇਖਦੇ। ਜਦੋਂ ਜਦੋਂ ਧਰਮ ਤੇ ਰਾਜਨੀਤੀ ਨੂੰ ਰਲਗੱਡ ਕੀਤਾ ਗਿਆ ਹੈ, ਬਹੁਤੀ ਵਾਰ ਰਾਜਨੀਤੀ ਹੀ ਭਾਰੂ ਰਹੀ ਹੈ ਅਤੇ ਧਰਮ ਰਾਜਨੀਤੀ ਦਾ ਪਿਛਲੱਗ ਤੇ ਉਸ ਵਾਸਤੇ ਹਥਿਆਰ ਬਣਿਆ ਹੈ। ਕਦੇ ਕਦੇ ਇਸ ਤੋਂ ਉਲਟ ਯਾਨਿ ਧਰਮ ਰਾਜਨੀਤੀ 'ਤੇ ਭਾਰੂ ਹੋਇਆ ਹੈ ਅਤੇ ਰਾਜਨੀਤੀ ਉਸ ਦਾ ਹਥਿਆਰ ਬਣੀ ਹੈ ਤਾਂ ਇਹ ਮਨੁੱਖਤਾ ਲਈ ਹੋਰ ਵੀ ਤਬਾਹੀ ਦਾ ਕਾਰਨ ਬਣਿਆ ਹੈ। ਇਤਿਹਾਸ 'ਚ ਨਾ ਜਾਂਦਿਆਂ ਪਾਕਿਸਤਾਨ ਦੀ ਮਿਸਾਲ ਸਾਡੇ ਸਾਹਮਣੇ ਹੈ।

ਦੂਜੇ, ਉਨ੍ਹਾਂ ਮੁਤਾਬਕ ਅਜੋਕੇ ਲੋਕਤੰਤਰੀ ਪ੍ਰਬੰਧਾਂ ਅਧੀਨ ਮੀਰੀ-ਪੀਰੀ ਦੇ ਸਿਧਾਂਤ ਨੂੰ ਅਸਰਦਾਰ ਕਰਨ ਲਈ ਅਕਾਲ ਤਖਤ ਦੀ ਪ੍ਰਮੁੱਖਤਾ ਤੇ ਉਚਤਾ ਬਹਾਲ ਕਰਨ ਦੀ ਲੋੜ ਹੈ। ਉਨ੍ਹਾਂ ਪੰਜਾਂ ਤਖਤਾਂ ਦੇ ਜਥੇਦਾਰ ਅਤੇ ਹਰ ਤਖਤ ਦੇ ਪੰਜ ਪਿਆਰੇ ਚੁਣਨ ਵਾਸਤੇ ਇੱਕ ਕੁਲੀਜੀਅਮ ਦਾ ਸੁਝਾਅ ਦਿੱਤਾ ਹੈ, ਜਿਸ ਦੀ ਬਣਤਰ ਵਿਚ ਸਮੁੱਚੇ ਸੰਸਾਰ ਦੇ ਸਿੱਖਾਂ ਦੀ ਨੁਮਾਇੰਦਗੀ ਹੋਵੇ।

ਇਥੇ ਮੈਂ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ ਕਿ ਇਸ ਤਰ੍ਹਾਂ ਚੁਣੇ ਹੋਏ ਜਥੇਦਾਰਾਂ ਤੇ ਪੰਜ ਪਿਆਰਿਆਂ ਦੀ ਨਿਯੁਕਤੀ ਕਿੰਨੇ ਸਮੇਂ ਵਾਸਤੇ ਹੋਵੇਗੀ ਅਤੇ ਇਨ੍ਹਾਂ ਵਿਚੋਂ ਜੇ ਕੋਈ ਆਪਣੀ ਜ਼ਿੰਮੇਵਾਰੀ ਵਿਚ ਕੁਤਾਹੀ ਕਰੇ ਤਾਂ ਉਸ ਖਿਲਾਫ ਕੀ ਕੀਤਾ ਜਾ ਸਕੇਗਾ, ਕਿਉਂਕਿ ਮਨੁੱਖ ਇੱਕ ਮਨੁੱਖ ਹੈ ਅਤੇ ਜੇ ਉਸ 'ਤੇ ਕੋਈ ਕੁੰਡਾ ਨਾ ਹੋਵੇ ਤਾਂ ਉਹ ਕਿਸ ਪਾਸੇ ਜਾਵੇਗਾ, ਕੁਝ ਕਿਹਾ ਨਹੀਂ ਜਾ ਸਕਦਾ! ਪ੍ਰੰਤੂ ਮੈਨੂੰ ਇਸ ਤਰ੍ਹਾਂ ਦੇ ਇੰਤਜਾਮ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ।

ਸਾਡਾ ਸਿੱਖ ਧਰਮ ਇੱਕ ਸੰਸਥਾਗਤ ਧਰਮ ਬਣ ਚੁਕਾ ਹੈ, ਭਾਵ ਇਸ ਦਾ ਪ੍ਰਬੰਧ ਇੱਕ ਸੰਸਥਾ ਦੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਸੰਸਥਾ ਸਰਕਾਰੀ ਪ੍ਰਬੰਧਾਂ ਦੀ ਦੇਖ-ਰੇਖ ਹੇਠ ਚੁਣੀ ਜਾਂਦੀ ਹੈ ਅਤੇ ਸਰਕਾਰੀ ਕਾਨੂੰਨ ਹੇਠ ਕੰਮ ਕਰਦੀ ਹੈ। ਇਸ ਦੇ ਪ੍ਰਬੰਧਕੀ ਢਾਂਚੇ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਦਾ ਹੱਕ ਆਪਣੇ ਦੇਸ਼ ਦੀ ਪਾਰਲੀਮੈਂਟ ਕੋਲ ਹੈ। ਇਸੇ ਅਧਿਕਾਰ ਰਾਹੀਂ ਹੀ ਪਾਰਲੀਮੈਂਟ ਨੇ ਸਹਿਜਧਾਰੀ ਸਿੱਖਾਂ ਤੋਂ ਵੋਟ ਦਾ ਹੱਕ ਖੋਹਿਆ ਹੈ। ਇਸ ਲਈ ਸਰਕਾਰ ਨੂੰ ਜੋ ਹੱਕ ਮਿਲੇ ਹੋਏ ਹਨ, ਉਹ ਛੱਡਣ ਲਈ ਕਿਵੇਂ ਤਿਆਰ ਹੋਵੇਗੀ?

ਸੋ, ਇਸ ਵੇਲੇ ਸਾਡੇ ਕੋਲ ਇੱਕ ਤਰੀਕਾ ਚੋਣਾਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਮੈਂਬਰ ਚੁਣਨ ਦਾ ਹੱਕ ਹੈ, ਜੋ ਪ੍ਰਬੰਧਾਂ ਵਿਚ ਕੋਈ ਸੁਧਾਰ ਲਿਆ ਸਕਦੇ ਹਨ। ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਹ ਚੋਣ ਬਹੁਤ ਮਹਿੰਗੀ ਹੋ ਚੁਕੀ ਹੈ ਅਤੇ ਅੰਨਾ ਪੈਸਾ ਖਰਚ ਕੇ ਨਵੇਂ ਬਣੇ ਮੈਂਬਰਾਂ ਤੇ ਅਹੁਦੇਦਾਰਾਂ ਤੋਂ ਸੁਧਾਰਾਂ ਦੀ ਕੋਈ ਉਮੀਦ ਨਹੀਂ ਲਗਦੀ। ਦੂਜਾ ਤਰੀਕਾ ਲੋਕਾਂ ਨੂੰ ਲਾਮਬੰਧ ਕਰਕੇ ਸੰਘਰਸ਼ ਵਿੱਢ ਕੇ ਗੁਰਦੁਆਰੇ ਆਜ਼ਾਦ ਕਰਵਾਉਣ ਦਾ ਹੈ। ਇਹ ਤਰੀਕਾ ਇੱਕ ਵਾਰ ਪਹਿਲਾਂ ਵੀ ਮਹੰਤਾਂ ਤੋਂ ਆਜ਼ਾਦ ਕਰਵਾ ਕੇ ਪਰਖ ਚੁਕੇ ਹਾਂ, ਜਿਸ ਦੌਰਾਨ ਅਨੇਕਾਂ ਕੁਰਬਾਨੀਆਂ ਦੇ ਬਾਵਜੂਦ ਸਿਰਫ ਪੁਜਾਰੀਆਂ ਦੀ ਤਬਦੀਲੀ ਹੀ ਹੋਈ ਸੀ। ਜੇ ਅਸੀਂ ਭਵਿੱਖ ਵਿਚ ਵੀ ਅਜਿਹਾ ਕੋਈ ਰਾਹ ਚੁਣਦੇ ਹਾਂ ਤਾਂ ਫੇਰ ਵੀ ਨਤੀਜਾ ਪੁਜਾਰੀਆਂ ਦੀ ਤਬਦੀਲੀ ਹੀ ਹੋਵੇਗਾ। ਅਸਲ ਵਿਚ ਸਥਾਪਤ ਧਰਮਾਂ ਦੀ ਅਖੌਤੀ ਪਵਿੱਤਰਤਾ ਬਰਕਰਾਰ ਰੱਖਣ ਅਤੇ ਸੁਧਾਰ ਲਿਆਉਣ ਦੇ ਨਾਂ 'ਤੇ ਅਣਗਿਣਤ ਕੁਰਬਾਨੀਆਂ ਤਾਂ ਆਮ ਲੋਕਾਂ ਤੇ ਪੈਰੋਕਾਰਾਂ ਨੂੰ ਦੇਣੀਆਂ ਪੈਂਦੀਆਂ ਹਨ, ਪਰ ਇਨ੍ਹਾਂ ਨਾਲ ਉਨ੍ਹਾਂ ਦੇ ਆਪਣੇ ਜੀਵਨ ਪੱਧਰ ਵਿਚ ਕੋਈ ਸੁਧਾਰ ਨਹੀਂ ਹੁੰਦਾ। ਇਸ ਲਈ ਲੋਕਾਂ ਨੂੰ ਸਿਰਫ ਬਲੀ ਦੇ ਬੱਕਰੇ ਹੀ ਬਣਨ ਲਈ ਭੱਠੀ ਵਿਚ ਝੋਕਣਾ ਅਕਲਮੰਦੀ ਨਹੀਂ ਹੈ।

ਉਨ੍ਹਾਂ ਦੇ ਲੇਖ ਦੇ ਅਖੀਰ ਵਿਚ 'ਸਿੱਖ ਧਰਮ ਅਤੇ ਇਨਸਾਨੀ ਭਾਈਚਾਰਾ' ਨਾਲ ਮੈਂ ਬਿਲਕੁਲ ਸਹਿਮਤ ਹਾਂ, ਜਿਸ ਵਿਚ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਅਸਲ ਸੰਦੇਸ਼ ਨੂੰ ਬਿਆਨ ਕੀਤਾ ਹੈ। ਇਹ ਇੱਕ ਸੱਚ ਹੈ ਕਿ ਕਿਸੇ ਵੀ ਸੱਚੇ ਸੁੱਚੇ ਮਹਾਂਪੁਰਖ ਨੇ ਧਰਮਾਂ ਨੂੰ ਵਲਗਣਾਂ 'ਚ ਨਹੀਂ ਬੰਨਿਆ, ਸਗੋਂ ਮਨੁੱਖ ਨੂੰ ਕਰਾਮਾਤਾਂ, ਅੰਧਵਿਸ਼ਵਾਸਾਂ ਅਤੇ ਕਰਮਕਾਂਡ ਵਾਲੇ ਝੂਠੇ ਧਾਰਮਕ ਬੰਧਨਾਂ ਵਿਚੋਂ ਨਿਕਲ ਕੇ ਇਨਸਾਨੀਅਤ ਦੇ ਸੱਚੇ ਸੁੱਚੇ ਰਾਹ 'ਤੇ ਚਲਣ ਲਈ ਪ੍ਰੇਰਿਆ ਹੈ। ਸੋ, ਅੰਤ 'ਚ ਮੇਰੀ ਵੀ ਇਹੀ ਬੇਨਤੀ ਹੈ ਕਿ ਅਸੀਂ ਆਪਣੀ ਆਸਥਾ ਆਪਣੇ ਅਨੁਸਾਰ ਰੱਖਦਿਆਂ ਇਨਸਾਨ ਬਣਨ ਦਾ ਨਿਸਚਾ ਕਰੀਏ ਤਾਂ ਕਿ ਅਸੀਂ ਭਰਾ ਮਾਰੂ ਜੰਗ ਤੋਂ ਬਚ ਸਕੀਏ ਤੇ ਇਹ ਸਮੁੱਚਾ ਸੰਸਾਰ ਇਨਸਾਨਾਂ ਦੇ ਰਹਿਣਯੋਗ ਬਣ ਜਾਵੇ।

# ਸਿਰਦਾਰ ਦੇ ਦਰਸ਼ਨ

ਭਾਈ ਕਪੂਰ ਸਿੰਘ ਦਾ ਪਰਿਵਾਰਕ ਪੁਸ਼ਤੈਨੀ ਪਿੰਡ ਮੰਨਣ ਚੱਕ ਕਲਾਂ, ਜਿਲਾ ਲੁਧਿਆਣਾ ਸੀ, ਪਰ ਜਮੀਨ ਦੇ ਸਿਲਸਿਲੇ ਵਿਚ ਉਨ੍ਹਾਂ ਦਾ ਪਰਿਵਾਰ ਅਜੋਕੇ ਪਾਕਿਸਤਾਨ ਵਾਲੇ ਪੰਜਾਬ ਦੇ ਜਿਲਾ ਲਾਇਲਪੁਰ ਵਿਚ 531 ਚੱਕ ਵਿਖੇ ਜਾ ਵੱਸਿਆ ਸੀ, ਜਿੱਥੇ 2 ਮਾਰਚ 1909 ਨੂੰ ਮਾਤਾ ਹਰਨਾਮ ਕੌਰ ਦੀ ਕੁੱਖੋਂ ਭਾਈ ਕਪੂਰ ਸਿੰਘ ਦਾ ਜਨਮ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਭਾਈ ਦੀਦਾਰ ਸਿੰਘ ਸੀ।

ਭਾਈ ਕਪੂਰ ਸਿੰਘ ਨੇ ਮੁਢਲੀ ਵਿੱਦਿਆ ਇਸੇ ਪਿੰਡ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ ਤੇ ਨੌਂਵੀਂ-ਦਸਵੀਂ ਜਮਾਤ ਲਈ ਉਨ੍ਹਾਂ ਨੂੰ ਖਾਲਸਾ ਹਾਈ ਸਕੂਲ, ਲਾਇਲਪੁਰ ਵਿਖੇ ਜਾਣਾ ਪਿਆ, ਜਿੱਥੇ ਉਹ ਆਪਣੇ ਪਿੰਡ ਤੋਂ ਹਰ ਰੋਜ ਟਾਂਗੇ 'ਤੇ ਜਾਇਆ ਕਰਦੇ ਸਨ। ਇਸੇ ਸਕੂਲ ਵਿਚ ਪੰਥ ਰਤਨ ਮਾਸਟਰ ਤਾਰਾ ਸਿੰਘ ਅਧਿਆਪਕ ਸਨ। ਕਹਿੰਦੇ ਹਨ, ਕਪੂਰ ਸਿੰਘ ਮਾਸਟਰ ਤਾਰਾ ਸਿੰਘ ਦੇ ਬੜੇ ਹੋਣਹਾਰ ਅਤੇ ਚਹੇਤੇ ਵਿਦਿਆਰਥੀ ਸਨ। ਇਸੇ ਪ੍ਰੇਮ ਸਦਕਾ ਭਾਈ ਸਾਹਿਬ ਹਮੇਸ਼ਾ ਮਾਸਟਰ ਜੀ ਦੇ ਸੰਪਰਕ ਵਿਚ ਰਹੇ।

ਦਸਵੀਂ ਦੀ ਪ੍ਰੀਖਿਆ ਵਿਚ ਉਹ ਪੰਜਾਬ ਭਰ ਵਿਚੋਂ ਅੱਵਲ ਆਏ। ਉਸ ਵੇਲੇ ਦਾ ਪੰਜਾਬ ਸਾਬਤ ਸਬੂਤਾ ਮਹਾਂ ਪੰਜਾਬ ਸੀ, ਜਿਸ ਦਾ ਜ਼ਿਕਰ ਧਨੀਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਪੰਜਾਬ ਕਰਾਂ ਕੀ ਸਿਫਤ ਤੇਰੀ' ਵਿਚ ਇਸ ਤਰ੍ਹਾਂ ਕੀਤਾ: "ਸ਼ਿਮਲਾ ਡਲਹੌਜੀ, ਮਰੀ ਤਿਰੇ, ਕਸ਼ਮੀਰ ਤਿਰਾ, ਗੁਲਮਰਗ ਤਿਰਾ। ਦਿੱਲੀ ਤੇਰੀ, ਲਾਹੌਰ ਤਿਰਾ, ਅੰਮ੍ਰਿਤਸਰ ਸੋਹੇ ਸਵਰਗ ਤੇਰਾ।" ਏਸ ਪੰਜਾਬ ਵਿਚੋਂ ਅੱਵਲ ਆਉਣਾ ਖਾਲਾ ਜੀ ਦਾ ਵਾੜਾ ਨਹੀਂ ਸੀ।



**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਫਿਰ ਉਨ੍ਹਾਂ ਨੇ ਲਾਹੌਰ ਦੇ ਸਰਕਾਰੀ ਕਾਲਜ ਵਿਚ ਦਾਖਲਾ ਲੈ ਲਿਆ। ਬੇਸ਼ੱਕ ਉਨ੍ਹਾਂ ਨੂੰ ਵਜ਼ੀਫਾ ਲੱਗ ਗਿਆ ਸੀ, ਪਰ ਖਰਚੇ ਉਸ ਤੋਂ ਕਿਤੇ ਵੱਧ ਸਨ। ਉਨ੍ਹਾਂ ਨੇ ਘਰੇ ਚਿੱਠੀ ਘੱਲੀ ਕਿ ਚੰਦਾ ਤਾਰਨ ਲਈ ਡੂਢ ਸੌ ਰੁਪਏ ਦੀ ਫੌਰੀ ਲੋੜ ਹੈ। ਪਿਤਾ ਦੀਦਾਰ ਸਿੰਘ ਚਿੱਠੀ ਪੜ੍ਹ ਕੇ ਲੋਹੇ ਲਾਖੇ ਹੋ ਗਏ ਤੇ ਕਹਿਣ ਲੱਗੇ 'ਅਸੀਂ ਨਹੀਂ ਪੜ੍ਹਾਉਣਾ, ਵਾਪਸ ਆ ਜਾਵੇ।' ਕੋਮਲ ਚਿੱਤ ਅਤੇ ਦ੍ਰਿੜ ਇਰਾਦਾ ਮਾਂ ਨੇ ਕਹਿ-ਸੁਣ ਕੇ ਜਿਉਣੇ ਆੜ੍ਹਤੀਏ ਤੋਂ ਪੈਸੇ ਮੰਗਵਾਏ ਤੇ ਬੇਟੇ ਨੂੰ ਪੁਜਦੇ ਕਰਨ ਲਈ ਦੀਦਾਰ ਸਿੰਘ ਨੂੰ ਲਾਹੌਰ ਘੱਲ ਦਿੱਤਾ। ਉਧਰੋਂ ਕਪੂਰ ਸਿੰਘ ਨੇ ਸੋਚਿਆ ਕਿ ਘਰ ਦਿਆਂ ਤੋਂ ਏਨੇ ਪੈਸੇ ਦਾ ਬੰਦੋਬਸਤ ਕਿੱਥੇ ਹੋਣਾ ਹੈ; ਇਸ ਲਈ ਉਹ ਮਾਯੂਸੀ ਦੇ ਆਲਮ ਵਿਚ ਟਾਂਗਾ ਫੜ ਕੇ ਪਿੰਡ ਆ ਗਏ।

ਮਾਂ ਨੇ ਝਿੜਕ ਕੇ, ਉਨ੍ਹੀਂ ਪੈਰੀਂ ਵਾਪਸ ਮੋੜ ਦਿੱਤਾ। ਉਨ੍ਹਾਂ ਜਾ ਕੇ ਆਪਣੇ ਪਿਤਾ ਜੀ ਤੋਂ ਪੈਸੇ ਫੜੇ, ਚੰਦਾ ਤਾਰਿਆ ਤੇ ਆਪਣੀ ਪੜ੍ਹਾਈ ਜਾਰੀ ਰਖੀ। ਮਾਂ ਹੌਸਲਾ ਨਾ ਕਰਦੀ ਤਾਂ ਅਸੀਂ ਕਪੂਰ ਸਿੰਘ ਦੀ ਵਿਦਵਤਾ ਤੋਂ ਵਿਰਵੇ ਰਹਿ ਜਾਣਾ ਸੀ। ਇਸ ਕਾਲਜ ਵਿਚ ਉਨ੍ਹਾਂ ਨੇ ਮੁਹੰਮਦ ਇਕਬਾਲ ਦੀ ਨੇੜਤਾ ਵਿਚ ਫਲਸਫੇ ਦੀ ਵਿੱਦਿਆ ਹਾਸਲ ਕੀਤੀ, ਅੰਗਰੇਜ਼ੀ ਭਾਸ਼ਾ ਦੇ ਮਾਹਿਰ ਵਿਦਵਾਨਾਂ ਤੋਂ ਗੂੜ੍ਹ ਜਾਣਕਾਰੀਆਂ ਹਾਸਲ ਕੀਤੀਆਂ ਅਤੇ ਇੱਥੇ ਵੀ ਉਹ ਪੰਜਾਬ ਯੂਨੀਵਰਸਿਟੀ ਵਿਚੋਂ ਅੱਵਲ ਆਏ ਤੇ ਵਜ਼ੀਫਾ ਹਾਸਲ ਕੀਤਾ। ਡਾ. ਇਕਬਾਲ ਨੇ ਦਸਤਖਤ ਕਰਕੇ ਆਪਣੀ ਵੱਡੀ ਫੋਟੋ ਸਿਰਦਾਰ ਸਾਹਿਬ ਨੂੰ ਨਿਸ਼ਾਨੀ ਵਜੋਂ ਦਿੱਤੀ। ਕਾਲਜ ਦੇ ਪ੍ਰਿੰਸੀਪਲ ਨੇ ਵੀ ਵਿੱਲ ਦਿਉਰਾਂ ਦੀ ਪੁਸਤਕ 'ਦਾ ਸਟੋਰੀ ਔਫ ਫਿਲਾਸਫੀ' ਭਾਈ ਸਾਹਿਬ ਨੂੰ ਆਪਣੇ ਦਸਤਖਤ ਕਰਕੇ ਇਨਾਮ ਵਜੋਂ ਦਿੱਤੀ।

ਫਿਰ ਇੱਥੋਂ ਉਚ ਵਿੱਦਿਆ ਲਈ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਚਲੇ ਗਏ; ਜਿੱਥੇ ਵਿਸ਼ਵ ਦੇ ਮਹਾਨ ਵਿਦਵਾਨਾਂ ਨਾਲ ਉਨ੍ਹਾਂ ਦਾ ਸੰਪਰਕ ਬਣਿਆ। ਅਰਥਸ਼ਾਸਤਰੀ ਡਾ. ਕੇਨਜ, ਭਾਸ਼ਾ ਵਿਗਿਆਨੀ ਡਾ. ਫਰਥ, ਫਲਸਫੇ ਦੇ ਮਾਹਿਰ ਬਰਟਰਨਡ ਰੱਸਲ, ਲਾਸਕੀ, ਡਾ. ਬਰੌਡ, ਮੋਰ ਅਤੇ ਵਿਟਗਨ ਸਟਾਈਨ ਜਿਹੇ ਕੱਦਾਵਰ ਵਿਦਵਾਨਾਂ ਦੀ ਸੰਗਤ ਵਿਚ ਜਗਤ ਵਿਚ ਪ੍ਰਚੱਲਤ ਗਿਆਨ ਦੇ ਤਮਾਮ ਦਿਸਹੱਦਿਆਂ ਦੀ ਟੋਹ ਤੇ ਛੋਹ ਪ੍ਰਾਪਤ ਕੀਤੀ। ਕੈਂਬ੍ਰਿਜ ਵਿਖੇ ਕਿਤੇ ਗਾਂਧੀ ਜੀ ਲੈਕਚਰ ਦੇਣ ਗਏ ਤਾਂ ਉਨ੍ਹਾਂ ਸਰੋਤਿਆਂ ਵਿਚ ਪੱਗ ਬੰਨੀ ਬੈਠੇ ਇਕੋ ਇਕ ਵਿਦਿਆਰਥੀ ਕਪੂਰ ਸਿੰਘ ਨੂੰ ਬੁਲਾ ਕੇ ਆਪਣੇ ਨਾਲ ਬਿਠਾ ਲਿਆ ਸੀ।

ਕੈਂਬ੍ਰਿਜ ਯੂਨੀਵਰਸਿਟੀ ਨੇ ਕਪੂਰ ਸਿੰਘ ਨੂੰ ਅਧਿਆਪਨ ਦੀ ਸੇਵਾ ਪੇਸ਼ ਕੀਤੀ, ਪਰ ਉਨ੍ਹਾਂ ਨੇ ਅਸਵੀਕਾਰ ਕਰ ਦਿੱਤੀ ਤੇ ਆਈ. ਸੀ. ਐਸ. ਕਰਕੇ ਆਪਣੇ ਮੁਲਕ ਦੀਆਂ ਸੇਵਾਵਾਂ ਨੂੰ ਤਰਜੀਹ ਦਿੱਤੀ।

ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚ ਉਨ੍ਹਾਂ ਨੇ ਬਤੌਰ ਡਿਪਟੀ ਕਮਿਸ਼ਨਰ ਸੇਵਾ ਨਿਭਾਈ। ਲੇਕਿਨ ਸੰਤਾਲੀ ਦੀ ਦੇਸ਼ ਵੰਡ ਪਿਛੋਂ ਉਨ੍ਹਾਂ ਦੀਆਂ ਸੇਵਾਵਾਂ ਭਾਰਤ ਸਰਕਾਰ ਨੂੰ ਰਾਸ ਨਾ ਆਈਆਂ ਤੇ ਆਨੇ-ਬਹਾਨੇ ਉਨ੍ਹਾਂ ਨੂੰ ਆਈ. ਸੀ. ਐਸ. ਦੀ ਉਚ ਪਦਵੀ ਤੋਂ ਹਟਾ ਦਿੱਤਾ ਗਿਆ।


ਫਿਰ ਉਨ੍ਹਾਂ ਨੇ ਸਿਆਸਤ ਵਿਚ ਹੱਥ ਅਜ਼ਮਾਏ; ਐਮ. ਐਲ. ਏ. ਅਤੇ ਐਮ. ਪੀ. ਬਣੇ। ਉਥੇ ਵੀ ਉਨ੍ਹਾਂ ਦੀ ਦਾਲ ਨਾ ਗਲੀ। ਸਾਡੇ ਸਿਆਸੀ ਗਲਿਆਰਿਆਂ ਵਿਚ ਪੜ੍ਹੇ-ਲਿਖੇ, ਇੱਜਤਦਾਰ ਤੇ ਇਮਾਨਦਾਰ ਬੰਦੇ ਦੀ ਰੱਤੀ ਭਰ ਕਦਰ ਨਹੀਂ ਪੈਂਦੀ। ਉਹ ਘਰੇ ਬੈਠ ਗਏ।

ਇਸ ਬਿਖੜੇ, ਉਖੜੇ ਤੇ ਉਜੜੇ ਜਿਹੇ ਜੀਵਨ ਪੰਧ ਅਤੇ ਚੌਗਿਰਦੇ ਵਿਚ ਵੀ ਉਨ੍ਹਾਂ ਨੇ ਪੜ੍ਹਨ-ਲਿਖਣ ਦਾ ਕਾਰਜ ਜਾਰੀ ਰੱਖਿਆ। ਪੰਜਾਬੀ ਵਿਚ 'ਪੁੰਦ੍ਰੀਕ', 'ਸ਼ਪਤ ਸ਼੍ਰਿੰਗ', 'ਬਹੁ ਵਿਸਤਾਰ' ਅਤੇ 'ਸਾਚੀ ਸਾਖੀ' ਪੁਸਤਕਾਂ ਲਿਖੀਆਂ। ਅੰਗਰੇਜ਼ੀ ਵਿਚ 'ਪ੍ਰਾਸ਼ਰਪ੍ਰਸ਼ਨ', 'ਸਿੱਖਇਜ਼ਮ ਐਂਡ ਦੀ ਮੌਡਰਨ ਮੈਨ' ਅਤੇ 'ਗੁਰੂ ਅਰਜਨ ਐਂਡ ਹਿਜ਼ ਸੁਖਮਨੀ' ਕਿਤਾਬਾਂ ਲਿਖੀਆਂ।

ਇਨ੍ਹਾਂ ਤੋਂ ਇਲਾਵਾ ਪੰਜਾਬੀ ਦੇ 'ਪੰਜ ਦਰਿਆ' ਰਸਾਲੇ ਵਿਚ ਅਤੇ ਅੰਗਰੇਜ਼ੀ ਦੇ 'ਸਿੱਖ ਰਿਵਿਊ' ਜਰਨਲ ਵਿਚ ਉਚ ਪਾਏ ਦੇ ਦਰਜਨਾਂ ਲੇਖ ਲਿਖੇ। ਉਨ੍ਹਾਂ ਦੇ ਦਰਜਨਾਂ ਖੋਜ ਪੱਤਰ ਪੰਜਾਬ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਉਚੇਚੇ ਛਾਪੇ ਜਾਂਦੇ ਰਹੇ। 'ਬਿਖ ਮਹਿ ਅੰਮ੍ਰਿਤ', 'ਚਹੁੰ ਜੁੱਗਾਂ ਦਾ ਨਿਬੇੜਾ', 'ਮਿਰਜ਼ਾ ਸਾਹਿਬਾਂ', 'ਸੂਫੀ ਮੱਤ ਦਾ ਨਿਕਾਸ ਤੇ ਵਿਕਾਸ', 'ਇੱਕ ਸਿੱਖ ਦਾ ਬੁੱਧ ਨੂੰ ਪ੍ਰਣਾਮ', 'ਯਾਸਾ ਅਤੇ ਗੁਰੂ ਅਰਜਨ' ਅਤੇ 'ਤਖਤ ਸ੍ਰੀ ਕੇਸਗੜ੍ਹ ਸਾਹਿਬ ਵਾਲੇ ਖੰਡੇ ਨਾਲ ਅੰਮ੍ਰਿਤ' ਜਿਹੇ ਲੇਖ ਉਨ੍ਹਾਂ ਦੇ ਬੌਧਿਕ ਕੱਦ ਅਤੇ ਸਰੋਕਾਰਾਂ ਦੀ ਗੰਭੀਰਤਾ ਦੇ ਜ਼ਾਮਨ ਹਨ।

ਇਤਿਹਾਸਕ ਮੌਕਿਆਂ ਅਤੇ ਯੂਨੀਵਰਸਿਟੀਆਂ ਦੇ ਵਿਸ਼ੇਸ਼ ਸਮਾਗਮਾਂ ਵਿਚ ਅਕਸਰ ਉਨ੍ਹਾਂ ਦੇ ਲੈਕਚਰ ਕਰਵਾਏ ਜਾਂਦੇ। ਵੱਡੇ ਵੱਡੇ ਕੱਦਾਵਰ ਵਿਦਵਾਨ ਉਨ੍ਹਾਂ ਦੀ ਲਿਆਕਤ ਦਾ ਲੋਹਾ ਮੰਨਦੇ ਸਨ ਤੇ ਉਨ੍ਹਾਂ ਸਾਹਮਣੇ ਬੋਲਣ ਤੋਂ ਝੇਂਪ ਖਾਂਦੇ ਸਨ। ਭਾਈ ਸਾਹਿਬ ਵਿਦਿਆਰਥੀਆਂ ਨੂੰ ਮਿਲ ਕੇ ਬੇਹੱਦ ਖੁਸ਼ ਹੁੰਦੇ ਸਨ। ਇਸ ਰਾਹੀਂ ਸ਼ਾਇਦ ਉਹ ਆਪਣੀ ਅਧਿਆਪਨ ਦੀ ਅਧੂਰੀ ਖਾਹਿਸ਼ ਪੂਰੀ ਕਰਨ ਦੀ ਕੋਸ਼ਿਸ਼ ਕਰਦੇ ਹੋਣ।

ਉਨ੍ਹਾਂ ਦੀ ਸਿਹਤ ਨਾਸਾਜ਼ ਹੋ ਗਈ ਤੇ ਉਨ੍ਹਾਂ ਦੀ ਦੇਖ-ਰੇਖ ਲਈ ਸਾਰੇ ਸਿੱਖ ਸਮਾਜ ਕੋਲ ਵਿਹਲ ਵੀ ਸੀ ਤੇ ਵਸੀਲੇ ਵੀ ਸਨ; ਜੇ ਨਹੀਂ ਸੀ ਤਾਂ ਸਿਰਫ ਨੀਅਤ ਅਤੇ ਨੇਕ ਨੀਤੀ ਦੀ ਘਾਟ ਸੀ। ਭਾਈ ਸਾਹਿਬ ਨੂੰ ਉਨ੍ਹਾਂ ਦਾ ਛੋਟਾ ਭਾਈ ਗੰਗਾ ਸਿੰਘ ਆ ਕੇ ਆਪਣੇ ਪਿੰਡ ਜਗਰਾਵੀਂ ਲੈ



*ਸਿਰਦਾਰ ਕਪੂਰ ਸਿੰਘ*

ਗਿਆ, ਜਿੱਥੇ ਉਹ ਸੰਤਾਲੀ 'ਚ ਆ ਕੇ ਬੈਠ ਗਏ ਸਨ। ਭਾਈ ਸਾਹਿਬ ਦਾ ਪਤਾ '707/XI, Chandigarh' ਬਦਲ ਕੇ 'ਤਿੰਨ ਜਾਮਣ, ਖਾਜਾਬਾਜੂ, ਜਗਰਾਵਾਂ' ਹੋ ਗਿਆ।

ਮੈਂ ਆਪਣੇ ਵਿਦਿਆਰਥੀ ਜੀਵਨ ਵਿਚ ਆਪਣੇ ਅਧਿਆਪਕ ਪ੍ਰੋ. ਹਰਪਾਲ ਸਿੰਘ ਦੀ ਸੰਗਤ ਵਿਚ ਚਾਰ ਵਾਰ ਉਨ੍ਹਾਂ ਦੇ ਦਰਸ਼ਨ ਕਰਨ ਲਈ ਜਗਰਾਵੀਂ ਗਿਆ; ਦੋ ਵਾਰ ਸਿੱਖ ਨੈਸ਼ਨਲ ਕਾਲਜ, ਚਰਨ ਕੰਵਲ ਬੰਗੇ ਤੋਂ ਅਤੇ ਦੋ ਵਾਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ। ਜਗਰਾਵਾਂ ਦੇ ਅੱਡੇ ਤੋਂ ਟਾਂਗੇ ਵਿਚ ਬੈਠਦਿਆਂ ਇਵੇਂ ਲੱਗਦਾ ਜਿਵੇਂ ਕਿਸੇ ਮਹਾਂ ਯਾਤਰਾ 'ਤੇ ਨਿਕਲੇ ਹੋਈਏ। ਖਾਜਾਬਾਜੂ ਮਹੱਲੇ ਵਿਚ 'ਤਿੰਨ ਜਾਮਣ' ਵਿਖੇ ਉਨ੍ਹਾਂ ਦੇ ਵਿਚਾਰ ਸੁਣਨ ਦਾ ਸੁਭਾਗ ਪ੍ਰਾਪਤ ਹੁੰਦਾ, ਦਿਲਾਂ ਨੂੰ ਰਾਹਤ ਮਿਲਦੀ ਤੇ ਮਸਤਕ ਦੇ ਬੰਦ ਫਾਟਕ ਖੁੱਲ੍ਹਦੇ। ਵਾਪਸੀ ਵੇਲੇ ਉਨ੍ਹਾਂ ਦਾ ਬੋਲਿਆ ਇੱਕ ਇੱਕ ਵਾਕ ਚੇਤੇ ਕਰਦੇ ਤੇ ਉਨ੍ਹਾਂ ਦੇ ਖਸੂਸੀ ਅੰਦਾਜ਼ ਦੀਆਂ ਗੱਲਾਂ ਕਰਕੇ ਵਿਸਮਾਦੀ ਜਿਹਾ ਅਨੰਦ ਲੈਂਦੇ। ਹਮੇਸ਼ਾ ਇੰਜ ਮਹਿਸੂਸ ਹੁੰਦਾ, ਜਿਵੇਂ ਅਸੀਂ ਕੈਂਬ੍ਰਿਜ ਦੀ ਯਾਤਰਾ ਕਰ ਲਈ ਹੋਵੇ। ਦਿਲ ਅਸ਼ ਅਸ਼ ਕਰ ਉਠਦਾ; ਉਤਸ਼ਾਹ ਠਾਠਾਂ ਮਾਰਦਾ।

ਮੈਂ ਅਕਸਰ ਦੇਖਦਾ ਕਿ ਆਸ ਪਾਸ ਦਾ ਸਾਰਾ ਚੌਗਿਰਦਾ ਉਨ੍ਹਾਂ ਦੇ ਹੁਕਮ ਵਿਚ ਵਿਚਰਦਾ ਸੀ। ਮੈਨੂੰ ਯਾਦ ਹੈ, ਇੱਕ ਵਾਰੀ ਉਨ੍ਹਾਂ ਦੇ ਨਜ਼ਦੀਕ ਬੈਠਾ ਘਰੇਲੂ ਕੁੱਤਾ ਗੱਲਬਾਤ ਵਿਚ ਵਿਘਨ ਪਾ ਰਿਹਾ ਸੀ ਕਿ ਉਨ੍ਹਾਂ ਉਸ ਨੂੰ ਰਤਾ ਘੂਰ ਕੇ ਸਿਰਫ ਏਨਾ ਹੀ ਕਿਹਾ, 'ਗੋ।' ਅਸੀਂ ਹੈਰਾਨ ਰਹਿ ਗਏ ਕਿ ਕੁੱਤਾ ਬੜੇ ਇਤਮਿਨਾਨ ਨਾਲ ਉਠਿਆ ਤੇ ਚਲਾ ਗਿਆ।

ਉਹ ਠੀਕ ਨਹੀਂ ਸਨ। ਵਿਦਵਾਨ ਲੋਕ ਦੂਰੋਂ ਦੂਰੋਂ ਉਨ੍ਹਾਂ ਦੀ ਖਬਰ-ਸਾਰ ਲੈਣ ਜਾਂ ਵੈਸੇ ਮਿਲਣ-ਗਿਲਣ ਆਉਂਦੇ ਰਹਿੰਦੇ। ਉਹ ਸਭ ਨੂੰ ਖਰੀਆਂ ਖਰੀਆਂ ਸੁਣਾ ਕੇ ਤੋਰ ਦਿੰਦੇ। ਕਿਸੇ ਤਰ੍ਹਾਂ ਦਾ ਲਮ ਲਮੇਟ ਉਨ੍ਹਾਂ ਦੇ ਸੁਭਾ ਦਾ ਹਿੱਸਾ ਨਹੀਂ ਸੀ। ਵੱਡੇ ਵੱਡੇ ਦੌਲਤਮੰਦਾਂ ਅਤੇ ਰਾਜਸੀ ਖਾਹਿਸ਼ਮੰਦਾਂ ਨੂੰ ਉਹ ਪੂਰੀ ਤਰ੍ਹਾਂ ਨਿਰਉਤਸ਼ਾਹਿਤ ਅਤੇ ਨਿਰਉਤਰ ਕਰਕੇ ਤੋਰ ਦਿੰਦੇ। ਆਉਣ ਵਾਲੇ ਦੀ ਮਨਸ਼ਾ ਉਹ ਝੱਟ ਤਾੜ ਲੈਂਦੇ।

ਸਿਰਫ ਕੁਝ ਵਿਦਿਆਰਥੀ ਸਨ, ਜਿਨ੍ਹਾਂ ਨੂੰ ਉਹ ਉਤਸ਼ਾਹਿਤ ਕਰਦੇ ਤੇ ਗਿਆਨ ਸਾਂਝਾ ਕਰਕੇ ਸਕੂਨ ਮਹਿਸੂਸ ਕਰਦੇ। ਵਿਦਿਆਰਥੀਆਂ ਨੂੰ 'ਮੁੰਡਿਓ' ਕਹਿਣਾ ਉਨ੍ਹਾਂ ਦਾ ਤਕੀਆ ਕਲਾਮ ਸੀ, ਇਸ ਵਿਚੋਂ ਅੰਤਾਂ ਦੀ ਅਪਣੱਤ ਅਤੇ ਨਿੱਘ ਮਹਿਸੂਸ ਹੁੰਦਾ। ਮੈਂ ਉਨ੍ਹਾਂ ਸਾਹਮਣੇ ਕਦੇ ਕੁਝ ਨਹੀਂ ਸੀ ਬੋਲਿਆ; ਮੇਰਾ ਬੋਲਣਾ ਬਣਦਾ ਵੀ ਨਹੀਂ ਸੀ। ਪ੍ਰੋ. ਹਰਪਾਲ ਸਿੰਘ ਕੋਈ ਗੱਲ ਕਰਦੇ ਤਾਂ ਭਾਈ ਸਾਹਿਬ ਮੈਨੂੰ ਨਿਹਾਰਦੇ ਰਹਿੰਦੇ। ਉਨ੍ਹਾਂ ਦਾ ਨਿਹਾਰਨਾ ਮੇਰੇ ਲਈ ਕਿਸੇ ਨੇਮਤ ਤੋਂ ਘੱਟ ਨਹੀਂ ਸੀ। ਉਹ ਬਾਲਗ ਨਜ਼ਰ, ਮੁਨਫਰਦ ਹਸਤੀ, ਜੁਦਾਗਾਨਾ ਹੈਸੀਅਤ ਤੇ ਬੇਜੋੜ ਕੈਫੀਅਤ। ਵਾਹ! ਵਾਹ! ਇਸ ਨੂੰ ਕਹਿੰਦੇ ਹਨ, "ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ, ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।"

ਅੱਜ ਉਨ੍ਹਾਂ ਦੇ ਜਨਮ ਦਿਨ 'ਤੇ ਮੈਂ ਉਨ੍ਹਾਂ ਨੂੰ ਉਸੇ ਵੱਡੇ ਦਲਾਨ ਵਿਚ ਡੱਠੇ ਪਲੰਘ 'ਤੇ ਬਿਰਾਜਮਾਨ ਦੇਖ ਸਕਦਾ ਹਾਂ। ਚਿੱਟੀ ਵੱਡੀ ਦਸਤਾਰ, ਚਿੱਟਾ ਦੁੱਧ ਪ੍ਰਕਾਸ਼ ਦਾਹੜਾ, ਚੂੜੀਦਾਰ ਪਜਾਮਾ ਤੇ ਕਲੀਆਂ ਵਾਲਾ ਕੁੜਤਾ। ਕਾਲੇ ਫਰੇਮ ਵਾਲੀ ਵੱਡੀ ਐਨਕ ਤੇ ਵਿਚੋਂ ਦਿਖਦੀਆਂ ਅਤੇ ਦੇਖਦੀਆਂ ਦਾਨਿਸ਼ਵਰਾਨਾ ਅੱਖਾਂ। ਮੱਥੇ 'ਤੇ ਅਦਿੱਖ ਜਿਹੇ ਬਲਦੇ ਅਲੌਕਿਕ ਚਿਰਾਗ। ਨਾਲ ਨਾਲ ਸੱਜੇ ਹੱਥ ਨੂੰ ਵਾਰ ਵਾਰ ਘੁੱਟਦੇ, ਮੀਚਦੇ ਤੇ ਖੋਲ੍ਹਦੇ। ਖਬਰੇ ਕਸਰਤ ਕਰਦੇ, ਕੁਝ ਸੋਚਦੇ, ਕੁਝ ਰੱਦ ਕਰਦੇ ਤੇ ਕੁਝ ਕਬੂਲਦੇ ਹੋਣ। ਪੈਰੀਂ ਪਈ ਜੁੱਤੀ ਤੋਂ ਉਨ੍ਹਾਂ ਦੇ ਠਾਠ ਬਾਠ ਦਾ ਅੰਦਾਜ਼ਾ ਲੱਗਦਾ। ਉਨ੍ਹਾਂ ਦਾ ਬੋਲ ਜਿਵੇਂ ਸੌ ਗਜ ਰੱਸਾ ਤੇ ਸਿਰੇ ਦੀ ਗੰਢ ਹੋਵੇ; ਜਿਵੇਂ ਇਲਾਹੀ ਇਲਮ ਜਾਂ ਸ਼ਾਹੀ ਫੁਰਮਾਨ ਹੋਵੇ। ਜਿਨ੍ਹਾਂ ਨੇ ਉਹ ਬੋਲ ਸੁਣੇ, ਉਨ੍ਹਾਂ ਨੂੰ ਮੁੜ ਕੋਈ ਹੋਰ ਬੋਲ ਪ੍ਰਭਾਵਤ ਨਾ ਕਰ ਸਕਿਆ। ਸਿਰਦਾਰ ਦੇ ਦਰਸ਼ਨ ਕਿਸੇ ਕਰਾਮਾਤ ਤੋਂ ਘੱਟ ਨਹੀਂ ਸਨ।

ਪਿੱਛੇ ਜਿਹੇ ਕਿਸੇ ਦੋਸਤ ਨੇ ਦੱਸਿਆ ਕਿ ਉਸ ਨੇ ਘਰ ਖਰੀਦਿਆ ਹੈ: '707/XI, Chandigarh' ਇਹ ਤਾਂ ਭਾਈ ਸਾਹਿਬ ਦਾ ਘਰ ਸੀ। ਇਹ ਪਤਾ ਤਾਂ ਉਨ੍ਹਾਂ ਦੀਆਂ ਕਈ ਕਿਤਾਬਾਂ 'ਤੇ ਲਿਖਿਆ ਹੋਇਆ ਹੈ। ਇੱਥੇ ਤਾਂ ਉਨ੍ਹਾਂ ਕੋਲ ਡਾ. ਮੋਹਣ ਸਿੰਘ ਦੀਵਾਨਾ ਜਾਇਆ ਕਰਦੇ ਸਨ; ਡਾ. ਅਤਰ ਸਿੰਘ ਅਕਸਰ ਉਨ੍ਹਾਂ ਨੂੰ ਮਿਲਣ ਜਾਂਦੇ ਸਨ। ਯੂਨੀਵਰਸਿਟੀ ਦੇ ਵਿਦਿਆਰਥੀਆ ਲਈ ਇਹ ਪਤਾ ਇੱਕ ਤਰ੍ਹਾਂ ਦੀ ਜ਼ਿਆਰਤਕਦਾ ਜਾਂ ਗਿਆਨ ਦੀ ਦਰਗਾਹ ਸੀ।

ਪਤਾ ਲੱਗਾ ਕਿ ਭਾਈ ਸਾਹਿਬ ਦੇ ਪੁੱਤਰ ਨੇ ਉਹ ਘਰ ਵੇਚ ਦਿੱਤਾ ਹੈ। ਪ੍ਰੋ. ਹਰਪਾਲ ਸਿੰਘ ਆਪਣੇ ਦੋਸਤ ਦੇ ਨਾਲ ਉਥੇ ਗਏ; ਦੇਖਿਆ ਕਿ ਟਿਊਬਾਂ, ਬੱਲਬ ਤੇ ਪੱਖੇ ਸਭ ਉਤਰੇ ਹੋਏ ਸਨ ਤੇ ਕਿਤਾਬਾਂ ਦੇ ਢੇਰ ਕਿਸੇ ਦੀਦਾਵਰ ਦੀ ਉਡੀਕ ਵਿਚ ਖਿੱਲਰੇ ਪਏ ਸਨ। ਭਾਈ ਸਾਹਿਬ ਦੀਆਂ ਬੇਸ਼ਕੀਮਤੀ ਕਿਤਾਬਾਂ ਦਾ ਕੋਈ ਖੈਰਖਾਹ ਨਹੀਂ ਸੀ। ਪ੍ਰੋ. ਹਰਪਾਲ ਸਿੰਘ ਕਾਫੀ ਕਿਤਾਬਾਂ ਚੁਗ ਲਿਆਏ ਤੇ ਉਨ੍ਹਾਂ ਨੇ ਆਪਣੇ ਦੋਸਤਾਂ ਦੀ ਦਿਲਚਸਪੀ ਅਨੁਸਾਰ ਵੰਡ ਦਿੱਤੀਆਂ। ਗਿਆਨ ਦੇ ਇਸ ਪ੍ਰਸ਼ਾਦ ਦਾ ਗੱਫਾ ਮੈਨੂੰ ਵੀ ਨਸੀਬ ਹੋਇਆ। ਕਿਤਾਬਾਂ ਦੇ ਮੂਹਰਲੇ ਪੰਨੇ 'ਤੇ ਭਾਈ ਸਾਹਿਬ ਦੇ ਕੈਂਬ੍ਰਿਜੀਅਨ ਦਸਤਖਤ ਦੇਖ ਦੇਖ ਰੂਹ ਖਿੜ ਖਿੜ ਜਾਵੇ। ਉਨ੍ਹਾਂ ਦੇ ਲਏ ਹੋਏ ਨੋਟ ਅਤੇ ਲਾਏ ਹੋਏ ਨਿਸ਼ਾਨ ਦੇਖ ਕੇ ਭਾਈ ਸਾਹਿਬ ਦੇ ਰੌਸ਼ਨ ਮਸਤਕ ਦੀ ਟੋਹ ਲੱਗਦੀ ਹੈ। ਹਾਸ਼ੀਏ 'ਤੇ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਭਾਈ ਸਾਹਿਬ ਦੇ ਸਿੱਖ ਪ੍ਰੇਮ ਦੀ ਦੱਸ ਪਾਉਂਦੀਆਂ ਹਨ। ਭਰਤਰੀ ਦੇ ਤ੍ਰੈਸ਼ਤਕ ਦੇਖ ਕੇ ਉਨ੍ਹਾਂ ਦੇ ਅੰਦਰ ਪ੍ਰਾਚੀਨ ਭਾਰਤੀ ਸਾਹਿਤ ਦੇ ਲਗਾਓ ਦਾ ਰਹੱਸ ਖੁੱਲ੍ਹਦਾ ਹੈ।

ਪ੍ਰੋ. ਹਰਪਾਲ ਸਿੰਘ ਦਰਵੇਸ਼ਾਨਾ ਅੰਦਾਜ਼ ਵਿਚ ਵਿਚਰਦੇ ਹਨ ਤੇ ਕਦੀ ਕਿਸੇ ਤਰ੍ਹਾਂ ਦੇ ਲੋਭ ਦਾ ਇਜ਼ਹਾਰ ਨਹੀਂ ਕਰਦੇ। ਜੇ ਉਹ ਉਥੋਂ ਕਿਤਾਬਾਂ ਨਾ ਲਿਆਉਂਦੇ ਤਾਂ ਉਹ ਮਲਬੇ ਵਿਚ ਲੱਦ ਹੋ ਜਾਣੀਆਂ ਸਨ; ਜਾਂ ਵੱਧ ਤੋਂ ਵੱਧ ਕਿਸੇ ਰੱਦੀ ਵਾਲੇ ਨੂੰ ਚੁਕਾ ਦਿੱਤੀਆਂ ਜਾਣੀਆਂ ਸਨ। ਪ੍ਰੋ. ਸਾਹਿਬ ਨੇ ਤਾਂ ਉਹ ਕਿਤਾਬਾਂ ਚੁਣ ਚੁਣ ਕੇ ਦੋਸਤਾਂ ਦੇ ਟੇਸਟ ਮੁਤਾਬਕ ਵੰਡ ਦਿੱਤੀਆਂ। ਪਤਾ ਲੱਗਾ ਕਿ ਨ੍ਹੇਰੇ-ਸਵੇਰੇ ਕੋਈ ਹੋਰ ਬੋਰਾ ਲੈ ਕੇ ਕਿਤਾਬਾਂ ਲੈਣ ਆ ਗਿਆ ਤਾਂ ਗਲੀ ਦੀ ਕੁੱਤੀ ਨੇ ਹੀ ਉਸ ਦੀ ਲੱਤ ਉਤੇ ਚੱਕ ਮਾਰ ਕੇ ਭਜਾ ਦਿੱਤਾ।

ਸਿਰਦਾਰ ਕਪੂਰ ਸਿੰਘ ਦਾ ਘਰ ਵਿਕਿਆ ਦੇਖ-ਸੁਣ ਕੇ ਮਨ ਵਿਚ ਅੰਤਾਂ ਦਾ ਉਦਰੇਵਾਂ ਭਰ ਗਿਆ ਕਿ ਸਿੱਖ ਸਮਾਜ ਕਿਸ ਹੱਦ ਤੱਕ ਉਜੜ ਗਿਆ ਹੈ ਕਿ ਆਪਣੇ ਇੱਕ ਬਲਦੇ ਚਿਰਾਗ ਦਾ ਘਰ ਵੀ ਨਾ ਸਾਂਭ ਸਕਿਆ। ਮਨ ਵਿਚ ਸਿੱਖ ਰਈਸਾਂ 'ਤੇ ਸ਼ਿਕਵਾ ਪੈਦਾ ਹੋਇਆ। ਕਿਸੇ ਜਾਗਦੇ ਸਮਾਜ ਵਿਚ ਅਜਿਹਾ ਵਿਦਵਾਨ ਪੈਦਾ ਹੋਇਆ ਹੁੰਦਾ ਤਾਂ ਉਹ ਘਰ ਦਾਰਸ਼ਨਿਕ ਅਜਾਇਬ ਘਰ ਵਜੋਂ ਵਿਕਸਿਤ ਕਰ ਲਿਆ ਹੁੰਦਾ।

ਇੱਥੇ ਇੱਕ ਦਿਲ ਦੀ ਹੂਕ, ਵੇਦਨਾ ਜਾਂ ਚਾਹਤ ਸਾਂਝੀ ਕਰਦਾ ਹਾਂ ਕਿ ਜੇ ਸਾਡੇ ਸਮਾਜ ਵਿਚ ਭਾਈ ਸਾਹਿਬ ਦੇ ਹਾਣ ਦੇ ਵੀਹ ਕੁ ਬੰਦੇ ਵੀ ਹੋਣ ਤਾਂ ਸਾਡੀ ਕਿਤੇ ਪੁੱਛ ਪ੍ਰਤੀਤ ਹੋ ਸਕਦੀ ਹੈ; ਨਹੀਂ ਤਾਂ ਅਨਪੜ੍ਹ ਗਵਾਰਾਂ ਨੂੰ ਕੋਈ ਕਿਤੇ ਖੜ੍ਹਨ ਤੱਕ ਨਹੀਂ ਦਿੰਦਾ, ਆਦਰ ਮਾਣ ਤਾਂ ਕਿਤੇ ਰਿਹਾ!

ਅੱਜ ਉਨ੍ਹਾਂ ਦੀ ਸ਼ਖਸੀਅਤ ਦੇ ਹੋਰ ਕਿੰਨੇ ਹੀ ਅਨਮੋਲ ਪਹਿਲੂ ਚੇਤੇ ਆਏ, ਜਿਨ੍ਹਾਂ ਨੂੰ ਫੇਰ ਕਿਤੇ ਲਿਖਣ ਅਤੇ ਸਾਂਝਾ ਕਰਨ ਦੇ ਪ੍ਰਣ ਨਾਲ, ਇਸ ਲਿਖਤ ਨੂੰ ਇਥੇ ਹੀ ਵਿਰਾਮ ਦਿੰਦਾ ਹਾਂ। ਆਓ, ਭਾਈ ਸਾਹਿਬ ਸਿਰਦਾਰ ਕਪੂਰ ਸਿੰਘ, ਆਈ. ਸੀ. ਐਸ. ਅਤੇ ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ ਨੂੰ ਪੜ੍ਹਨ ਦਾ ਪ੍ਰਣ ਕਰੀਏ।

## ਕਾਵਿ-ਜਗਤ

### ਸਾਂਭੋ ਯਾਰ ਜਵਾਨੀ ਨੂੰ

ਬਾਲ ਮਸ਼ਾਲਾਂ ਹੜ੍ਹ ਲੈ ਆਓ,
ਫੂਕ ਦਿਓ ਮਨਮਾਨੀ ਨੂੰ,
ਨਸ਼ਿਆਂ ਵਾਲਾ ਕੋਹੜ ਵੱਢ ਕੇ
ਸਾਂਭੋ ਯਾਰ ਜਵਾਨੀ ਨੂੰ।

ਤਨ ਵੀ ਤੋੜੇ, ਮਨ ਵੀ ਭੋਰੇ,
ਇੱਜਤ ਕੋਈ ਕਰਦਾ ਨਹੀਂ,
ਘਰ ਉਜੜਿਆ, ਟੱਬਰ ਤਪਿਆ,
ਪੈਸਾ ਘਰ ਵਿਚ ਖੜ੍ਹਦਾ ਨਹੀਂ।
ਦੁਸ਼ਮਣ ਮਾਲਾ ਮਾਲ ਹੋ ਗਏ
ਚੂਸ ਕੇ ਤੇਰੇ ਰੰਗ ਬਦਾਮੀ ਨੂੰ।
ਨਸ਼ਿਆਂ ਵਾਲਾ ਕੋਹੜ ਵੱਢ ਕੇ
ਸਾਂਭੋ ਯਾਰ ਜਵਾਨੀ ਨੂੰ।

ਭੋਲੇ ਭਾਲੇ ਚਿਹਰੇ ਤੇਰੇ ਤੋਂ,
ਉਡਿਆ ਨੂਰ ਹਵਾ ਬਣ ਕੇ,
ਚੰਗਾ ਭਲਾ ਬੀਮਾਰ ਹੋ ਗਿਆ,
ਸਾਰਾ ਕੁਝ ਤਬਾਹ ਕਰਕੇ।
ਸੋਚ ਕੌਣ ਜ਼ਹਿਰੀਲਾ ਕਰ ਗਿਆ
ਸਾਡੇ ਅੰਮ੍ਰਿਤ ਪਾਣੀ ਨੂੰ।
ਨਸ਼ਿਆਂ ਵਾਲਾ ਕੋਹੜ ਵੱਢ ਕੇ
ਸਾਂਭੋ ਯਾਰ ਜਵਾਨੀ ਨੂੰ।

ਅੱਖਾਂ ਦੇ ਵਿਚ ਸ਼ਰਮ ਰਹੀ ਨਾ,
ਮਾਂ ਪਿਓ ਦੀਆਂ ਆਸਾਂ ਡੁਬੀਆਂ ਨੇ।
ਮਿੱਤਰ ਬੇਲੀ ਨਾ ਕੰਮ ਦਾ ਕੋਈ,
ਸਭ ਦੀਆਂ ਬੂਥੀਆਂ ਕੱਢੀਆਂ ਨੇ।
ਹਾਲੇ ਵੀ ਵੇਲਾ, ਨਾ ਕਰ ਕੁਵੇਲਾ,
ਜੀਵਨ ਦੀ ਬਦਲ ਕਹਾਣੀ ਨੂੰ।
ਨਸ਼ਿਆਂ ਵਾਲਾ ਕੋਹੜ ਵੱਢ ਕੇ,
ਸਾਂਭੋ ਯਾਰ ਜਵਾਨੀ ਨੂੰ।

ਵਕਤ ਰਹਿੰਦੇ ਜੇ ਨਾ ਸੰਭਲਿਆ
ਜ਼ਿੰਦਗੀ ਵੀ ਰੁਸ ਜਾਊਗੀ।
ਜਿਨ੍ਹਾਂ ਦੇ ਸਿਰ 'ਤੇ ਉਡਿਆ ਫਿਰਦੈਂ,
ਸਾਰੀ ਮੰਡਲੀ ਖੁਸ ਜਾਊਗੀ।
ਪੁਲਿਸ ਨੇ ਕੁਟਣੇ ਨੇ ਹੱਡ ਤੇਰੇ,
ਯਾਦ ਕਰੇਂਗਾ ਨਾਨੀ ਨੂੰ।
ਨਸ਼ਿਆਂ ਵਾਲਾ ਕੋਹੜ ਵੱਢ ਕੇ,
ਸਾਂਭੋ ਯਾਰ ਜਵਾਨੀ ਨੂੰ।

***-ਪੋਰਿੰਦਰ ਸਿੰਗਲਾ***
***ਗਰੀਨ ਐਵਨਿਊ, ਬੀਬੀਵਾਲਾ ਰੋਡ, ਬਠਿੰਡਾ।***

---

### ਗਜ਼ਲ

ਜਿਸ ਦਾ ਕੋਈ ਅੰਜਾਮ ਨਹੀਂ ਹੋਣਾ
ਮੈਨੂੰ ਉਹ ਆਗਾਜ਼ ਪਸੰਦ ਨਹੀਂ।
ਤੁਫਾਨਾਂ ਦੇ ਰੁਖ ਨਾ ਮੋੜੇ
ਮੈਨੂੰ ਉਹ ਪਰਵਾਜ਼ ਪਸੰਦ ਨਹੀਂ।

ਬੇ-ਗੈਰਤ ਬੇਈਮਾਨ ਜੋ ਹੋਵੇ
ਮੈਨੂੰ ਉਹ ਜਾਂਬਾਜ ਪਸੰਦ ਨਹੀਂ।
ਜੋ ਨਾ ਕੌਮ ਦੇ ਹੱਕ ਵਿਚ ਬੋਲੇ
ਮੈਨੂੰ ਉਹ ਆਵਾਜ਼ ਪਸੰਦ ਨਹੀਂ।

ਜੋ ਔਰਤ ਦੀ ਕਰੇ ਨਾ ਇੱਜਤ
ਮੈਨੂੰ ਧਰਮ, ਸਮਾਜ ਪਸੰਦ ਨਹੀਂ।
ਤਨ ਤੋਂ ਕੱਪੜੇ ਘਟਦੇ ਜਾਵਣ
ਐਸੀ ਸ਼ਰਮ ਤੇ ਲਾਜ ਪਸੰਦ ਨਹੀਂ।

ਹਰ ਵੇਲੇ ਪਿਆ ਨਜ਼ਰ ਚੁਰਾਵੇ
ਮੈਨੂੰ ਉਹ ਹਮਰਾਜ ਪਸੰਦ ਨਹੀਂ।
ਸੱਸੀਆਂ, ਸੋਹਣੀਆਂ, ਹੀਰਾਂ ਵਾਲੇ
ਮੈਨੂੰ ਰਸਮ ਰਿਵਾਜ ਪਸੰਦ ਨਹੀ।

ਸੱਚ ਦਾ ਅਦਲ ਕਮਾਵਣ ਨਾ ਜੋ
ਮੈਨੂੰ ਤਖਤ ਤੇ ਤਾਜ ਪਸੰਦ ਨਹੀਂ।
ਮੈਂ 'ਸੁਰਜੀਤ' ਦਿਆਂਗੀ ਹੋਕਾ
ਮੈਨੂੰ ਜ਼ੁਲਮ ਦਾ ਰਾਜ ਪਸੰਦ ਨਹੀਂ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

ਇਤਿਹਾਸ

# ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ

*ਨਾਮਧਾਰੀ ਪਰਿਵਾਰ ਵਿਚ ਜਨਮੇ ਸੁਵਰਨ ਸਿੰਘ ਵਿਰਕ ਨੇ ਸਿਆਸੀ ਅਤੇ ਸਾਹਿਤਕ ਖੇਤਰ ਵਿਚ ਵੀ ਨਾਮਣਾ ਖੱਟਿਆ ਹੈ। ਉਨ੍ਹਾਂ 'ਕੂਕਾ ਲਹਿਰ ਦਾ ਪੰਜਾਬੀ ਸਾਹਿਤ' ਵਰਗੀ ਵੱਡ-ਆਕਾਰੀ ਪੋਥੀ ਲਿਖੀ ਹੈ। ਕਰੀਬ ਦੋ ਦਹਾਕੇ ਪਹਿਲਾਂ ਪੱਛਮੀ ਪੰਜਾਬ ਦੀ ਯਾਤਰਾ ਦਾ ਲੇਖਾ-ਜੋਖਾ ਉਨ੍ਹਾਂ ਜਲੰਧਰ ਤੋਂ ਛਪਦੇ ਮਸ਼ਹੂਰ ਪਰਚੇ 'ਵਰਿਆਮ' ਵਿਚ ਕੀਤਾ ਸੀ। ਇਸ ਲੇਖ ਵਿਚ ਉਨ੍ਹਾਂ ਲਾਹੌਰ ਦੀ ਯਾਤਰਾ ਦਾ ਜ਼ਿਕਰ ਕੀਤਾ ਹੈ। -ਸੰਪਾਦਕ*

ਸਾਡੀ ਗੱਡੀ ਸ਼ਾਹਦਰੇ ਦੇ ਜੰਕਸ਼ਨ 'ਤੇ ਜਾ ਰੁਕੀ ਸੀ। ਕੁਝ ਚਿਰ ਬਾਅਦ ਰਾਵੀ ਦਰਿਆ ਨੂੰ ਦੁਬਾਰਾ ਪਾਰ ਕੀਤਾ ਅਤੇ ਲਾਹੌਰ ਦੇ ਲੋਕਾਂ ਤੇ ਇਮਾਰਤਾਂ ਨੂੰ ਨਿਹਾਰਦਿਆਂ ਅਸੀਂ ਅੱਗੇ ਵਧੇ। ਸਿਆਸੀ ਪਾਰਟੀਆਂ ਦੇ ਝੰਡੇ ਮਕਾਨਾਂ ਉਤੇ ਲਹਿਰਾਉਣ ਦਾ ਰਿਵਾਜ, ਇਧਰ ਵੀ ਸਾਡੇ ਵਾਂਗ ਹੀ ਸੀ। ਸਾਢੇ ਕੁ ਪੰਜ ਵੱਜੇ ਸਾਡੀ ਗੱਡੀ ਬਦਾਮੀ ਬਾਗ ਦੇ ਰੇਲਵੇ ਸਟੇਸ਼ਨ 'ਤੇ ਪੁੱਜ ਗਈ। ਗੁਰਦੁਆਰਾ ਡੇਹਰਾ ਸਾਹਿਬ ਨੂੰ ਇਹੋ ਸਟੇਸ਼ਨ ਲੱਗਦਾ ਸੀ ਤੇ ਗੁਰਦੁਆਰਾ, ਸ਼ਾਹੀ ਕਿਲ੍ਹੇ ਦੇ ਬਿਲਕੁਲ ਲਾਗੇ ਸੀ। ਸੋ, ਜਦੋਂ ਅਸੀਂ ਸਟੇਸ਼ਨ ਤੋਂ ਬਾਹਰ ਆ ਕੇ ਟਾਂਗੇ ਵਗੈਰਾ ਲਈ ਪੁੱਛਗਿੱਛ ਕੀਤੀ ਤਾਂ ਇਕ-ਦੋ ਜਣਿਆਂ ਨੇ ਸਮਝਾਇਆ ਕਿ ਆਹ ਇਥੋਂ ਸੱਜੇ ਹੱਥ ਹੋ ਕੇ ਅੱਗੇ ਖੱਬੇ, ਫਿਰ ਗਲੀ ਵਿਚ ਮੁੜ ਜਾਉ। ਸਾਹਮਣੇ ਬਹੁਤ ਵੱਡੀ ਪਾਰਕ ਹੈ। ਇਹਦੇ ਦੂਜੇ ਪਾਸੇ 'ਤੇ ਵਾਕਿਆ ਹੈ, ਤੁਹਾਡਾ ਗੁਰਦੁਆਰਾ। ਸਾਡੇ ਜਥੇ ਦੇ ਸਾਰੇ ਜਵਾਨ ਸਾਥੀਆਂ ਨੇ ਇਉਂ ਹੀ ਕੀਤਾ। ਸਮਾਨ ਦੇ ਬੈਗ ਹੱਥਾਂ ਵਿਚ ਲਟਕਾਏ ਅਤੇ ਚੱਲ ਪਏ।

ਪਾਰਕ ਵਿਚ ਕ੍ਰਿਕਟ ਖੇਡਦੇ ਬੱਚੇ ਬੜੀ ਉਤਸੁਕਤਾ ਨਾਲ ਸਾਨੂੰ ਵੇਖਦੇ ਅਤੇ ਹਾਲ-ਚਾਲ ਪੁੱਛਦੇ। ਸਾਹਮਣੇ ਹੀ ਦਿਸ ਰਹੀ ਸੀ ਮੀਨਾਰ-ਏ-ਪਾਕਿਸਤਾਨ। ਇਹ ਉਹੋ ਜਗ੍ਹਾ ਸੀ, ਜਿਥੇ ਵੰਡ

**ਸੁਵਰਨ ਸਿੰਘ ਵਿਰਕ**

ਤੋਂ ਪਹਿਲਾਂ ਕਾਇਦ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਹੇਠ ਮੁਸਲਿਮ ਲੀਗ ਦੇ ਇਕੱਠ ਵਿਚ ਪਾਕਿਸਤਾਨ ਦੀ ਕਾਇਮੀ ਲਈ ਜੱਦੋਜਹਿਦ ਕਰਨ ਦਾ ਮਤਾ ਪਾਸ ਕੀਤਾ ਗਿਆ ਸੀ। ਪਾਰਕ ਲੰਘ ਕੇ ਪੱਕੀ ਸੜਕ ਆ ਗਈ ਅਤੇ ਪਾਰ ਕਰਦਿਆਂ ਹੀ ਸਾਹਮਣੇ, ਇਕ ਪਾਸੇ ਸ਼ਾਹੀ ਕਿਲ੍ਹਾ (ਲਾਹੌਰ) ਦਿਸ ਰਿਹਾ ਸੀ ਤੇ ਕਿਲ੍ਹੇ ਦੀ ਉਰਲੀ ਗੁੱਠ ਦੇ ਸਾਹਮਣੇ ਜਿਹੇ ਹੀ ਸੀ ਗੁਰਦੁਆਰਾ ਡੇਹਰਾ ਸਾਹਿਬ ਦੀ ਇਮਾਰਤ, ਜੋ ਬਹੁਤ ਵੱਡੀ ਨਹੀਂ ਸੀ ਅਤੇ ਇਹ ਜਗ੍ਹਾ ਵੀ ਉਤਨੀ ਵਿਸ਼ਾਲ ਨਹੀਂ ਸੀ, ਜਿੰਨੀ ਪੰਜਾ ਸਾਹਿਬ ਜਾਂ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਦੀ ਸੀ। ਇਕ ਕਾਰਨ ਸ਼ਾਇਦ ਇਹ ਹੋਵੇਗਾ ਕਿ ਉਹ ਗੁਰਦੁਆਰੇ ਛੋਟੇ ਕਸਬਿਆਂ ਵਿਚ ਸਨ। ਇਹ ਪੰਜਾਬ ਦੀ ਰਾਜਧਾਨੀ ਵਿਚ ਸੀ, ਜਿਥੇ ਜਗ੍ਹਾ ਦੀ ਕਾਫੀ ਕੀਮਤ ਹੁੰਦੀ ਹੈ ਪਰ ਇਸ ਦੇ ਦੁਆਲੇ ਖੁੱਲ੍ਹੇ ਮੈਦਾਨ ਸਨ।

ਇਹ ਗੁਰਦੁਆਰਾ ਗੁਰੂ ਅਰਜਨ ਦੇਵ ਦੀ ਸ਼ਹਾਦਤ ਦੀ ਯਾਦਗਾਰ ਹੈ। ਪੰਜਵੇਂ ਗੁਰੂ ਨੇ ਸਿੱਖਾਂ ਨੂੰ ਧਰਮ ਪੁਸਤਕ (ਸ੍ਰੀ ਗੁਰੂ ਗ੍ਰੰਥ ਸਾਹਿਬ) ਅਤੇ ਅੰਮ੍ਰਿਤਸਰ ਦੇ ਰੂਪ ਵਿਚ ਧਾਰਮਕ ਕੇਂਦਰ ਦਿੱਤਾ ਸੀ। ਵੇਲੇ ਦੇ ਬਾਦਸ਼ਾਹ ਜਹਾਂਗੀਰ ਨੂੰ ਆਮ ਲੋਕਾਂ ਦਾ ਵੱਡੀ ਗਿਣਤੀ ਵਿਚ ਇਸ ਨਵੇਂ ਧਰਮ ਵਿਚ ਪ੍ਰਵੇਸ਼ ਕਰਨਾ ਭਾਉਂਦਾ ਨਹੀਂ ਸੀ। ਇਸ ਲਈ ਉਹਨੇ ਸਤਾਰਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੱਧ ਵਿਚ ਹੀ ਗੁਰੂ ਸਾਹਿਬ ਲਈ ਮੌਤ ਦੀ ਸਜ਼ਾ ਤਜਵੀਜ਼ ਕਰ ਦਿੱਤੀ ਸੀ। ਜਿਵੇਂ ਹਰ ਵਾਰ ਹੁੰਦਾ ਹੈ, ਰਾਜ ਆਪਣੇ ਪ੍ਰਚਾਰ-ਤੰਤਰ ਦੇ ਸਿਰ 'ਤੇ ਲੋਕਾਂ ਨੂੰ ਅਸਲ ਇਤਿਹਾਸ ਤੱਕ ਪਹੁੰਚਣ ਨਹੀਂ ਦਿੰਦਾ। ਇਸ ਲਈ ਚੰਦੂ ਦੀਵਾਨ ਦੀ ਪੁੱਤਰੀ ਦੀ ਗੁਰੂ ਹਰਗੋਬਿੰਦ ਸਾਹਿਬ ਨਾਲ ਕੁੜਮਾਈ ਅਤੇ ਫਿਰ ਚੰਦੂ ਵਲੋਂ 'ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣਾ' ਕਹਿਣ 'ਤੇ ਲਾਹੌਰ ਦੇ ਸਿੱਖਾਂ ਨੇ ਗੁਰੂ ਜੀ ਨੂੰ ਇਸ ਰਿਸ਼ਤੇ ਤੋਂ ਵਰਜਿਆ। ਰਿਸ਼ਤਾ ਛੁੱਟਣ ਕਾਰਨ ਚੰਦੂ ਨੂੰ ਹੀ ਪੁਰਾਤਨ ਸਿੱਖ ਇਤਿਹਾਸ, ਗੁਰੂ ਜੀ ਦੀ ਸ਼ਹੀਦੀ ਦਾ ਮੁੱਖ ਜ਼ਿੰਮੇਵਾਰ ਲਿਖਦਾ ਹੈ। ਇਹ ਮੁੱਖ ਕਾਰਨ ਹੁੰਦਾ ਤਾਂ ਜਹਾਂਗੀਰ ਆਪਣੀ ਆਤਮ ਕਥਾ ਵਿਚ ਗੁਰੂ ਅਰਜਨ ਦੇਵ ਦੀ 'ਕੁਫਰ ਦੀ ਦੁਕਾਨ' ਬੰਦ ਕਰਨ ਬਾਰੇ ਕਿਉਂ ਲਿਖਦਾ। ਇਕ ਕਾਰਨ ਇਹ ਛੋਟਾ-ਮੋਟਾ ਨਾਲ ਰਲ ਗਿਆ ਹੋਵੇਗਾ। ਨਿਰੋਲ ਕਾਰਨ ਤਾਂ ਜਹਾਂਗੀਰ ਦੀ ਕੱਟੜ ਧਾਰਮਕ ਨੀਤੀ ਸੀ, ਜੋ ਉਹਦੇ ਬਾਪ ਅਕਬਰ ਦੀ ਨੀਤੀ ਤੋਂ ਬਿਲਕੁਲ ਉਲਟ ਸੀ।

ਗੁਰੂ ਜੀ ਨੂੰ ਕਾਫੀ ਤਸੀਹੇ ਦਿੱਤੇ ਗਏ ਸਨ। ਯਾਸਾ ਦੇ ਕਾਨੂੰਨ ਮੁਤਾਬਕ ਕਾਫਰਾਂ ਨੂੰ ਇਸ ਤਰ੍ਹਾਂ ਮਾਰੋ ਕਿ ਉਨ੍ਹਾਂ ਦੇ 'ਅਪਵਿੱਤਰ ਖੂਨ' ਦਾ ਕੋਈ ਕਤਰਾ ਧਰਤੀ 'ਤੇ ਡਿੱਗ ਕੇ ਇਹਨੂੰ ਪਲੀਤ ਨਾ ਕਰੇ। ਇਸ ਲਈ ਗੁਰੂ ਜੀ ਨੂੰ ਕਦੇ ਤੱਤੀ ਤਵੀ 'ਤੇ ਬੈਠਾ ਕੇ ਉਨ੍ਹਾਂ ਦੇ ਸਿਰ 'ਤੇ ਸੜਦੀ ਬਲਦੀ ਰੇਤ ਪਾਈ ਗਈ, ਕਦੇ ਉਨ੍ਹਾਂ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਉਬਾਲਿਆ ਗਿਆ। ਜਦੋਂ ਗਰਮ ਪਾਣੀ ਵਿਚੋਂ ਉਬਾਲ ਕੇ ਬਾਹਰ ਕੱਢਿਆ ਤਾਂ ਫਿਰ ਉਨ੍ਹਾਂ ਨੂੰ ਕਿਲ੍ਹੇ ਦੇ ਨਾਲ ਹੀ ਵਗਦੀ ਰਾਵੀ ਨਦੀ ਦੇ ਬਰਫੀਲੇ ਪਾਣੀ ਵਿਚ ਸੁੱਟ ਦਿੱਤਾ ਗਿਆ। ਭਾਈ ਰਤਨ ਸਿੰਘ ਭੰਗੂ ਵੀ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਹੋ ਲਿਖਦਾ ਹੈ:

ਕੈ ਗੁਰ ਅਰਜਨ ਦਰਿਆਉ ਨ ਬੋੜਿਉ।

ਸਿੱਖ ਰਾਜ ਵੇਲੇ ਰਾਵੀ ਦਰਿਆ ਤਾਂ ਤਕਰੀਬਨ ਇਥੋਂ ਦੋ ਸਦੀਆਂ ਤੋਂ ਵੱਧ ਸਮਾਂ ਬੀਤ ਜਾਣ ਬਾਅਦ ਵਾਹਵਾ ਦੂਰ ਚਲਾ ਗਿਆ ਸੀ।



*ਲਾਹੌਰ ਵਿਚ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਜੋ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਬੰਧਤ ਹੈ*

ਮਹਾਰਾਜਾ ਰਣਜੀਤ ਸਿੰਘ ਨੇ ਇਹ ਗੁਰਦੁਆਰਾ ਸ਼ਹੀਦਾਂ ਦੇ ਸਿਰਤਾਜ ਗੁਰੂ ਜੀ ਦੀ ਯਾਦ ਵਿਚ ਬਣਵਾਇਆ ਸੀ। ਭਾਈ ਬਿਧੀ ਚੰਦ ਦਾ ਘੋੜਿਆਂ ਵਾਲਾ ਪ੍ਰਸੰਗ ਵੀ ਇਸੇ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਕਦੇ ਰਾਵੀ ਦਰਿਆ ਕਿਲ੍ਹੇ ਦੀਆਂ ਕੰਧਾਂ ਨਾਲ ਖਹਿ ਕੇ ਲੰਘਦਾ ਸੀ। ਗੁਰੂ ਕੇ ਸਿੱਖਾਂ ਦੇ ਕਾਬਲੋਂ ਲਿਆਂਦੇ ਦੋ ਘੋੜੇ ਬਾਦਸ਼ਾਹੀ ਕਾਰਿੰਦਿਆਂ ਵਲੋਂ ਖੋਹੇ ਜਾਣ ਬਾਅਦ ਭਾਈ ਬਿਧੀ ਚੰਦ ਇਸ ਕਿਲ੍ਹੇ ਵਿਚ ਜਿਵੇਂ ਕਿਵੇਂ ਘਾਹੀ ਬਣ ਕੇ ਪਹੁੰਚ ਗਿਆ। ਪਹਿਲਾ ਘੋੜਾ ਤਾਂ ਉਸ ਸਾਰੇ ਆਲੇ-ਦੁਆਲੇ ਨੂੰ ਸ਼ਰਾਬੀ ਕਰਕੇ ਰਾਤ ਦੇ ਸਮੇਂ ਦਰਿਆ ਵਿਚ ਕਿਲ੍ਹੇ ਦੀ ਫਸੀਲ ਤੋਂ ਠੇਲ੍ਹਿਆ ਸੀ, ਦੂਜਾ ਘੋੜਾ ਉਹ ਨਜੂਮੀ ਬਣ ਕੇ ਫਿਰ ਦਰਿਆ ਵਿਚ ਸੁੱਟ ਕੇ ਲੈ ਗਿਆ ਸੀ। ਵੈਸੇ ਵੀ ਜਿੰਨੇ ਪੁਰਾਣੇ ਕਿਲ੍ਹੇ ਸਨ, ਸੁਰੱਖਿਆ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਇਕ ਜਾਂ ਦੋ ਬਾਹੀਆਂ ਵੱਲ ਦਰਿਆ ਹੁੰਦਾ ਸੀ, ਬਾਕੀ ਪਾਸਿਆਂ 'ਤੇ ਪਾਣੀ ਭਰੀਆਂ ਨਹਿਰਾਂ ਹੁੰਦੀਆਂ ਸਨ। ਲਾਲ ਕਿਲ੍ਹਾ ਦਿੱਲੀ ਅਤੇ ਆਗਰੇ ਦਾ ਕਿਲ੍ਹਾ ਜਮਨਾ ਦੇ ਕੰਢੇ ਸੀ। ਬਠਿੰਡੇ ਦੇ ਕਿਲ੍ਹੇ ਪਾਸ ਵੀ ਪੁਰਾਣੇ ਸਮੇਂ ਵਿਚ ਸਤਲੁਜ ਜਾਂ ਇਸ ਦੀ ਕੋਈ ਸ਼ਾਖਾ ਜ਼ਰੂਰ ਲੰਘਦੀ ਸੀ, ਜਿਹਦੇ ਪੁਰਾਣੇ ਵਹਿਣ ਅੱਜ ਵੀ ਜ਼ਿਲ੍ਹਾ ਸਿਰਸਾ ਵਿਚ ਵੇਖੇ ਜਾ ਸਕਦੇ ਹਨ। ਹਨੂੰਮਾਨਗੜ੍ਹ ਦੇ ਕਿਲ੍ਹੇ ਦੇ ਨਾਲ ਵਹਿਣ ਵਾਲੀ ਘੱਗਰ ਨਦੀ ਸੀ, ਜਿਸ ਨੂੰ ਸਰਸਵਤੀ ਵੀ ਕਿਹਾ ਜਾਂਦਾ ਸੀ। ਕਿਸੇ ਸਮੇਂ ਜਦੋਂ ਇਹ ਕਿਲ੍ਹਾ ਬਣਿਆ, ਇਹ ਬਾਰਾਂ ਮਾਸੀ ਨਦੀ ਸੀ। ਅੱਜ ਨਾ ਬਠਿੰਡਾ ਦੇ ਕਿਲ੍ਹੇ ਨੇੜੇ ਕੋਈ ਦਰਿਆ ਰਿਹਾ ਹੈ, ਨਾ ਭਟਨੇਰ (ਹਨੂੰਮਾਨਗੜ੍ਹ) ਵਾਲੇ ਕਿਲ੍ਹੇ ਕੋਲੋਂ ਵਹਿਣ ਵਾਲੀ ਘੱਗਰ ਬਾਰਾਂ ਮਾਸੀ ਰਹੀ ਹੈ। ਇਨ੍ਹਾਂ ਭੂਗੋਲਿਕ ਤਬਦੀਲੀਆਂ ਦਾ ਵੀ ਕਿਸੇ ਇਲਾਕੇ ਦੇ ਇਤਿਹਾਸ 'ਤੇ ਇਸ ਤਰ੍ਹਾਂ ਹੌਲੀ-ਹੌਲੀ ਅਸਰ ਪੈਂਦਾ ਹੈ।

ਸਵੇਰੇ ਤੁਰਨ ਲੱਗਿਆਂ ਕਮਰੇ ਨਨਕਾਣਾ ਸਾਹਿਬ ਵਿਖੇ ਹੀ ਅਲਾਟ ਕਰ ਦਿੱਤੇ ਗਏ ਸਨ। ਅਸੀਂ ਜਦੋਂ ਇਥੇ ਪੁੱਜੇ ਤਾਂ ਹਨੇਰਾ ਹੋ ਚੁੱਕਾ ਸੀ। ਸਾਡਾ ਕਮਰਾ ਨੰਬਰ 38 ਸੀ ਅਤੇ ਇਹ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ ਦੀਆਂ ਸਮਾਧਾਂ ਦੇ ਹੇਠਾਂ ਬਣੇ ਭੋਰਿਆਂ ਵਿਚ ਲੰਮੀ ਗੁਫਾ ਵਰਗਾ ਕਮਰਾ ਸੀ। ਸਾਥੋਂ ਅਗਲੇ ਹਿੱਸੇ ਵਿਚ ਫਰੀਦਕੋਟ ਜ਼ਿਲ੍ਹੇ ਦੇ ਯਾਤਰੀ ਟਿਕੇ ਹੋਏ ਸਨ ਅਤੇ ਅਸੀਂ ਲਾਂਘੇ ਜਿਹੇ ਵਿਚ ਹੀ ਤਿੰਨ ਰਾਤਾਂ ਕੱਟੀਆਂ। ਉਹ ਸੁੱਤੇ ਸਰੀਰਾਂ ਦੇ ਉਤੋਂ ਦੀ ਲੰਘ ਜਾਂਦੇ ਸਨ ਪਰ ਦਿਨ ਭਰ ਦੀ ਥਕਾਵਟ ਕਰਕੇ ਰਾਤ ਨੂੰ ਨੀਂਦ ਘੂਕ ਆ ਜਾਂਦੀ। ਕੋਈ ਪ੍ਰੇਸ਼ਾਨੀ ਨਹੀਂ ਸੀ ਹੁੰਦੀ। ਉਂਜ, ਲੰਗਰ ਦੀ ਜਗ੍ਹਾ ਵੀ ਇਥੇ ਥੋੜ੍ਹੀ ਸੀ ਅਤੇ ਸੋਚ-ਇਸ਼ਨਾਨ ਦੀਆਂ ਸਹੂਲਤਾਂ ਦੀ ਵੀ ਘਾਟ ਸੀ। ਇਸ ਲਈ ਸਿੰਧੀ ਅਤੇ ਹੋਰ ਪਾਕਿਸਤਾਨੀ ਸਿੱਖਾਂ ਦੇ ਜਥੇ ਰਾਤ ਹੀ ਆਪੋ-ਆਪਣੀਆਂ ਬੱਸਾਂ ਜਾਂ ਗੱਡੀਆਂ ਰਾਹੀਂ ਇਥੋਂ ਵਾਪਸ ਪਰਤ ਗਏ ਸਨ। ਜੇ ਉਸ ਸੰਗਤ ਨੇ ਵੀ ਦੋ ਦਿਨ ਹੋਰ ਕੱਟਣੇ ਹੁੰਦੇ ਤਾਂ ਬੜਾ ਕੁਹਰਾਮ ਮੱਚ ਸਕਦਾ ਸੀ। ਉਂਜ, ਨੇੜੇ ਹੀ ਸਕੂਲ ਵਿਚ ਸੰਗਤ ਦਾ ਪ੍ਰਬੰਧ ਕੀਤਾ ਹੋਇਆ ਸੀ।

ਸਮਾਨ ਆਪਣੀ ਸੁਰੰਗ ਦੀਆਂ ਕੰਧਾਂ ਨਾਲ ਟਿਕਾ ਕੇ ਅਸੀਂ, ਸਾਥੀ ਚੰਨਣ ਸਿੰਘ ਵਿਰਕ ਦੀਆਂ ਚਿੱਠੀਆਂ ਅਤੇ ਰਸਾਲੇ-ਕਿਤਾਬਾਂ ਇਲਿਆਸ ਘੁੰਮਣ ਨੂੰ ਦੇਣ ਲਈ ਉਨ੍ਹਾਂ ਨੂੰ ਫੋਨ ਕੀਤਾ। ਉਨ੍ਹਾਂ ਆਖਿਆ ਕਿ ਪੰਦਰਾਂ ਮਿੰਟਾਂ ਤੱਕ ਕਿਲ੍ਹੇ ਦੀ ਕੰਧ ਨਾਲ ਚਿੱਟੇ ਰੰਗ ਦੀ ਕਾਰ ਰੁਕੇਗੀ। ਉਨ੍ਹਾਂ ਕਾਰ ਦਾ ਨੰਬਰ ਵੀ ਦੱਸਿਆ। ਮਿਥੇ ਸਮੇਂ 'ਤੇ ਗੱਡੀ ਆ ਗਈ ਅਤੇ ਇਲਿਆਸ ਘੁੰਮਣ ਉਸ ਵਿਚੋਂ ਬਾਹਰ ਨਿਕਲ ਰਹੇ ਸਨ। ਮੈਂ ਕਿਹਾ, ਤੁਹਾਡੀ ਮੁਲਾਕਾਤ ਦੀ ਤੀਬਰਤਾ ਨੇ ਲੋਕ ਗੀਤ ਦੀ ਇਹ ਤੁਕ ਕਿੰਨੀ ਸਾਰਥਕ ਕਰ ਦਿੱਤੀ ਹੈ:

ਸੱਦੀ ਹੋਈ ਮਿੱਤਰਾਂ ਦੀ,
ਪੈਰ ਜੁੱਤੀ ਨਾ ਪਾਵਾਂ।

ਸਾਨੂੰ ਤਿੰਨਾਂ ਨੂੰ ਉਹ ਨਿੱਘੀਆਂ ਜੱਫੀਆਂ ਪਾ ਕੇ ਮਿਲੇ। ਉਨ੍ਹਾਂ ਚੰਨਣ ਸਿੰਘ ਵਿਰਕ ਦੀ ਸੁੱਖ-ਸਾਂਦ ਅਤੇ ਸਾਡੇ ਸਫਰ ਬਾਰੇ ਪੁੱਛਿਆ। ਅਸੀਂ ਉਨ੍ਹਾਂ ਨੂੰ ਚੰਨਣ ਸਿੰਘ ਵਾਲਾ ਸਮਾਨ ਦੇ ਦਿੱਤਾ ਅਤੇ 'ਸਮਕਾਲੀ ਸਾਹਿਤ', 'ਵਰਿਆਮ' ਤੇ ਨਵਾਂ ਜ਼ਮਾਨਾ ਦੇ 'ਐਤਵਾਰਤਾ' ਦੇ ਕੁਝ ਅੰਕ ਉਨ੍ਹਾਂ ਨੂੰ ਆਪਣੇ ਵਲੋਂ ਭੇਟ ਕਰ ਦਿੱਤੇ। ਇਸ ਤੋਂ ਪਹਿਲਾਂ ਕੁਝ ਰਸਾਲੇ ਆਜ਼ਾਦ ਸਾਹਿਬ ਨੂੰ ਨਨਕਾਣਾ ਸਾਹਿਬ ਵਿਖੇ ਦੇ ਆਏ ਸਾਂ ਅਤੇ ਉਨ੍ਹਾਂ ਨੇ ਬੁੱਲੇ ਸ਼ਾਹ ਟਰਸਟ, ਕਸੂਰ ਦੀਆਂ ਕੁਝ ਪ੍ਰਕਾਸ਼ਨਾਵਾਂ ਸਾਨੂੰ ਚੰਨਣ ਸਿੰਘ ਨੂੰ ਦੇਣ ਲਈ ਦਿੱਤੀਆਂ ਸਨ। ਇਲਿਆਸ ਘੁੰਮਣ ਨਾਲ ਪ੍ਰੋਗਰਾਮ ਬਣਿਆ ਕਿ ਕੱਲ੍ਹ ਦਾ ਦਿਨ ਅਸੀਂ ਖਰੀਦ ਵਗੈਰਾ ਕਰਨ ਲਈ ਲਾਵਾਂਗੇ। ਨਾਲੇ ਕਿਲ੍ਹਾ ਵੇਖ ਲਵਾਂਗੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ, "ਪਰਸੋਂ ਤੁਸੀਂ ਸ਼ਾਮ ਚਾਰ ਵਜੇ ਬਿਲਾਲ ਵਿਚ ਸਾਡੇ ਦਫਤਰ ਆ ਜਾਣਾ, ਗੱਡੀ ਭੇਜ ਦਿਆਂਗਾ ਅਤੇ ਲਾਹੌਰ ਦੇ ਕੁਝ ਕੁ ਅਦੀਬ ਸੱਜਣਾਂ ਨੂੰ ਉਥੇ ਬੁਲਾ ਲਵਾਂਗੇ ਤੁਹਾਡੇ ਨਾਲ ਮਿਲਣੀ ਵਾਸਤੇ। ਜਿਹੜੇ ਵੀ ਅਦੀਬ ਤੁਹਾਡੇ ਨਾਲ ਇਸ ਜਥੇ ਵਿਚ ਆਏ ਹਨ, ਉਨ੍ਹਾਂ ਸਾਰਿਆਂ ਨੂੰ ਤੁਸੀਂ ਲੈ ਆਇਉ।"

ਮੈਂ ਕਿਹਾ, "ਪ੍ਰਿੰਸੀਪਲ ਸ਼ੇਰ ਸਿੰਘ 'ਸ਼ੇਰ' ਨੇ ਸਾਡੇ ਨਾਲ, ਵੱਡੇ ਅਦੀਬ, ਪਰ ਉਹ ਕੁਝ ਫੈਨੇਟਿਕ (ਕੱਟੜ) ਕਿਸਮ ਦੇ ਨੇ।" ਉਨ੍ਹਾਂ ਕਿਹਾ, "ਕੋਈ ਗੱਲ ਨਹੀਂ, ਤੁਸੀ ਜਮ ਜਮ ਲਿਆਓ ਉਨ੍ਹਾਂ ਨੂੰ ਨਾਲ।" ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਗੁਰਦੁਆਰਿਆਂ ਵਿਚ ਮੈਂ ਸ਼ੇਰ ਜੀ ਦੇ ਨਾਲ ਉਥੋਂ ਦੇ ਮੁਸਲਿਮ ਬੁੱਧੀਜੀਵੀਆਂ ਨੂੰ ਜਦੋਂ ਮਿਲਿਆ, ਜਾਂ ਤਾਂ ਉਹ ਜਾਣ-ਬੁੱਝ ਕੇ, ਪਰ ਕਈ ਵਾਰ ਉਨ੍ਹਾਂ ਦੀ ਦੁਖਦੀ ਰਗ 'ਤੇ ਇਹ ਕਹਿ ਕੇ ਹੱਥ ਰੱਖ ਦਿੰਦੇ ਸਨ ਕਿ ਇਸਲਾਮ ਵਿਚ ਜ਼ਿੰਮੀ (ਮੁਸਲਮਾਨ ਤੋਂ ਇਲਾਵਾ ਦੂਜੇ ਧਾਰਮਕ ਵਿਸ਼ਵਾਸਾਂ ਵਾਲੇ ਲੋਕ) ਦੀ ਕੀ ਥਾਂ ਹੈ। ਮੈਨੂੰ ਇਹ ਵੀ ਲਗਦਾ ਕਿ ਉਹ ਆਪਣੀ ਇਸਲਾਮ ਦੀ ਅਥਾਹ ਵਾਕਫੀਅਤ ਅਤੇ ਵਿਦਵਤਾ ਸਦਕਾ ਉਨ੍ਹਾਂ ਨੂੰ ਕਦੇ-ਕਦੇ ਚਿੜਾਉਂਦੇ ਵੀ ਸਨ। ਕੁਝ ਹੰਕਾਰੀ ਸੁਭਾਅ ਦੇ ਲੱਗੇ ਸਨ। ਇਕ ਹੋਰ ਗੱਲ ਉਨ੍ਹਾਂ ਦੀ ਮੈਨੂੰ ਚੰਗੀ ਨਹੀਂ ਸੀ ਲੱਗਦੀ, ਜਦੋਂ ਉਹ ਇਹ ਕਹਿੰਦੇ, ਵੰਡ ਸਮੇਂ ਤੁਹਾਨੂੰ ਇਹੋ ਜਿਹਾ ਹਿਊਮਨ ਐਲੀਮੈਂਟ (ਮਨੁੱਖੀ ਤੱਤ) ਨਹੀਂ ਮਿਲਿਆ ਜਿਹੋ ਜਿਹਾ ਅਸੀਂ ਇਧਰੋਂ ਲੈ ਗਏ ਹਾਂ। ਉਹ ਯੂ. ਪੀ. ਦੇ ਮੁਹਾਜਰਾਂ ਜਿਨ੍ਹਾਂ ਨੂੰ ਉਹ ਤਿਲੀਅਰ ਵੀ ਕਹਿੰਦੇ ਸਨ, ਨੂੰ ਵੀ ਕੁਝ ਹੇਚ ਦ੍ਰਿਸ਼ਟੀ ਨਾਲ ਵੇਖਦੇ ਅਤੇ ਆਪਣੇ ਕਥਨ ਦੀ ਪੁਸ਼ਟੀ ਲਈ ਪਾਕਿਸਤਾਨ ਦੇ ਪ੍ਰਸਿਧ ਢੋਲਈ ਨੂਰੀ ਕੈਬੋਕੇ ਦੇ ਢੋਲੇ ਦੀਆਂ ਇਨ੍ਹਾਂ ਤੁਕਾਂ ਦਾ ਪਾਠ ਵੀ ਕਰਦੇ:

ਸੁਇੰਨਾ ਦੇ ਮੁਲੰਮਾ ਵਿਹਾਜਿਹਾ ਸੂ
ਕਿਨ੍ਹੇ ਨਾ ਦਿੱਤੀ ਮੱਤ ਜਿਨਾਹ ਨੂੰ।

ਭਾਵ ਪਈ ਕਿਥੇ ਇਧਰੋਂ ਜਾਣ ਵਾਲੇ ਇਹ ਸਿੰਘ ਸਰਦਾਰ ਤੇ ਕਿਥੇ ਉਧਰੋਂ ਆਉਣ ਵਾਲੇ ਇਹ ਯੂ. ਪੀ. ਭਈਅਨ। ਉਹ ਯੂ. ਪੀ. ਵਿਚੋਂ ਗਏ ਮੁਸਲਮਾਨਾਂ ਦੇ ਸਨਮੁਖ ਇਹ ਬੋਲਬਾਣੀ ਵਰਤਦੇ। ਇਨ੍ਹਾਂ ਮੁਹਾਜਰਾਂ ਪ੍ਰਤੀ ਹਿਕਾਰਤ ਭਰਿਆ ਇਹ ਵਤੀਰਾ ਮੈਨੂੰ ਤਾਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੀ ਸਿਖਿਆ ਦੇ ਉਲਟ ਜਾਪਦਾ। ਇਸ ਲਈ ਮੈਂ ਕਈ ਵਾਰ ਉਨ੍ਹਾਂ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਹਜ਼ਮ ਕਰਨ ਤੋਂ ਅਸਮਰਥ ਹੋ ਜਾਂਦਾ। ਮੇਰੀ ਉਨ੍ਹਾਂ ਨਾਲ ਗੁਰੂਆਂ ਦੀ ਸਿੱਖਿਆ ਦੇ ਸਬੰਧ ਵਿਚ ਝੜਪ ਵੀ ਹੋ ਜਾਂਦੀ ਤਾਂ ਉਨ੍ਹਾਂ ਦੀ ਹੋਰ ਕੋਈ ਵਾਹ ਨਾ ਚੱਲਦੀ ਤਾਂ ਮੈਨੂੰ ਉਚੀ-ਉਚੀ ਖਾਸ ਕਰਕੇ ਖਾਲਸਤਾਨੀਆਂ ਦੇ ਟੈਂਟਾਂ ਪਾਸ, ਜਿਥੇ ਉਨ੍ਹਾਂ ਦੇ ਭੜਕਾਊ ਪ੍ਰਚਾਰ ਦੀਆਂ ਕੈਸਟਾਂ ਵੱਜਦੀਆਂ ਸਨ, ਕਹਿਣ ਲੱਗਦੇ, "ਓਇ ਮਾਰਕਸ ਦਿਆ ਚੇਲਿਆ! ਤੂੰ ਇਥੇ ਗੁਰੂ ਨਾਨਕ ਦੇ ਘਰ ਆਇਆ ਕੀ ਕਰਨ ਹੈਂ?"

"ਡਾਕਟਰ ਸਾਹਿਬ, ਮੈਨੂੰ ਤਾਂ ਮਾਰਕਸ ਅਤੇ ਗੁਰੂ ਨਾਨਕ ਸਮਤਾ ਆਧਾਰਤ ਸਮਾਜ ਦੀ ਮੰਜ਼ਿਲ ਵੱਲ ਵਧਦੇ ਹੋਏ ਦੋਵੇਂ ਮੁਕਤੀ ਮਾਰਗ ਦੇ ਹੀ ਪਾਂਧੀ ਜਾਪਦੇ ਹਨ। ਤੁਸੀ ਖਾਹ-ਮਖਾਹ ਇਨ੍ਹਾਂ ਵਿਚ ਵਿਥਾਂ ਲੱਭਦੇ ਫਿਰਦੇ ਹੋ।" ਡਾਕਟਰ ਸਾਹਿਬ ਬੁੜ-ਬੁੜ ਕਰਦੇ ਆਪਣੇ ਵੀ. ਆਈ. ਪੀ. ਰੂਮ ਵਲ ਟੁਰ ਜਾਂਦੇ।

6 ਨਵੰਬਰ ਦਾ ਦਿਨ ਅਸੀਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਦੋਹਾਂ ਪਾਤਸ਼ਾਹ ਪੁੱਤਰਾਂ-ਖੜਕ ਸਿੰਘ ਤੇ ਸ਼ੇਰ ਸਿੰਘ ਦੀਆਂ ਸਮਾਧਾਂ ਦੇ ਦਰਸ਼ਨਾਂ ਨਾਲ ਸ਼ੁਰੂ ਕੀਤਾ, ਜਿਥੇ ਪੌੜੀਆਂ ਚੜ੍ਹ ਕੇ ਉਪਰ ਤੱਕ ਜਾਇਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਸ਼ਾਹੀ ਮਸਜਿਦ ਅਤੇ ਗੁਰਦੁਆਰਾ ਡੇਹਰਾ ਸਾਹਿਬ ਦੇ ਵਿਚਾਲੇ ਸੀ। ਮਸੀਤ ਵਾਲੇ ਪਾਸੇ ਦਾ ਇਹ ਵੱਡਾ ਗੇਟ ਤਾਂ ਹੁਣ ਬੰਦ ਸੀ, ਸ਼ਾਇਦ ਇਹ ਵੰਡ ਤੋਂ ਪਹਿਲਾਂ ਖੁੱਲ੍ਹਦਾ ਹੋਵੇ। ਮੁਗਲ ਬਾਦਸ਼ਾਹਾਂ ਦੇ ਮਕਬਰਿਆਂ ਵਾਂਗ ਹੀ ਸਿੱਖ ਅਤੇ ਇਸਲਾਮੀ ਭਵਨ ਨਿਰਮਾਣ ਕਲਾ ਦੇ ਮਿਸ਼ਰਨ ਵਾਲੀ ਇਹ ਸਮਾਧ ਆਪਣੇ ਪੂਰੇ ਜਾਹੋ-ਜਲਾਲ ਵਿਚ ਖਲੋਤੀ ਸੀ ਅਤੇ ਪੰਜਾਬੀਆਂ ਦੇ ਪਹਿਲੇ ਪ੍ਰਭੂਸੱਤਾ ਸੰਪੰਨ ਮਹਾਰਾਜੇ ਦੀ ਕੀਰਤੀ ਦਾ ਵਿਖਿਆਨ ਕਰ ਰਹੀ ਸੀ, ਜਿਸ ਨੂੰ ਕੋਈ ਅੱਠ ਸਦੀਆਂ ਪਿਛੋਂ ਪੰਜਾਬ ਵਿਚ ਆਪਣਾ ਰਾਜ ਚਲਾਉਣ ਦਾ ਹੱਕ ਮਿਲਿਆ ਸੀ। ਸਮਾਧ ਵਿਚ ਮਹਾਰਾਜੇ ਦੇ ਅੰਗੀਠੇ ਵਾਲੀ ਥਾਂ 'ਤੇ ਵੱਡਾ ਸਾਰਾ ਥੜ੍ਹਾ ਬਣਿਆ ਸੀ ਅਤੇ ਲਾਗੇ ਛੋਟੀਆਂ ਛੋਟੀਆਂ ਮਮਟੀਆਂ ਜਿਹੀਆਂ ਖੜ੍ਹੀਆਂ ਸਨ। ਇਹ ਉਨ੍ਹਾਂ ਰਾਣੀਆਂ ਦੀ ਯਾਦ ਦਿਵਾਉਂਦੀਆਂ ਸਨ, ਜੋ ਮਹਾਰਾਜੇ ਦੀ ਦੇਹ ਨਾਲ ਆਪਣੇ ਹਿੰਦੂ ਕਰਮ-ਕਾਂਡ ਕਰਕੇ ਸਤੀ ਹੋ ਗਈਆਂ ਸਨ। ਇਹ ਜ਼ਿਆਦਾ ਪਹਾੜਨਾਂ ਹੀ ਸਨ। ਮਹਾਰਾਜੇ ਦੇ ਅਦੁੱਤੀ ਵੈਭਵ ਦੀ ਪ੍ਰਤੀਕ ਇਸ ਸਮਾਧ ਦੀ ਜ਼ਿਆਰਤ ਕਰਦਿਆਂ ਸਾਂਝੇ ਪੰਜਾਬ ਦੇ ਕੌਮੀ ਕਵੀ ਸ਼ਾਹ ਮੁਹੰਮਦ ਦੀਆਂ ਇਹ ਤੁਕਾਂ ਜ਼ਿਹਨ ਵਿਚ ਘੁੰਮ ਰਹੀਆਂ ਸਨ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਲਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ, ਕਾਂਗੜਾ, ਕੋਟ ਨਿਵਾਇ ਗਿਆ।
ਤਿੱਬਤ ਦੇਸ ਲਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਮਹਾਰਾਜਾ ਰਣਜੀਤ ਸਿੰਘ 1799 ਵਿਚ 19 ਵਰ੍ਹਿਆਂ ਦੀ ਉਮਰੇ ਲਾਹੌਰ ਦੇ ਤਖਤ 'ਤੇ ਬੈਠਾ ਸੀ। 1839 ਵਿਚ ਉਹ ਕਾਲ ਵੱਸ ਹੋਇਆ। ਅੰਗਰੇਜ਼ਾਂ ਨੇ ਆਪਣੀ ਕੁਟਲ ਨੀਤੀ ਨਾਲ ਪੰਜਾਬ 'ਤੇ 1849 ਵਿਚ ਮੁਕੰਮਲ ਏਕਾਧਿਕਾਰ ਕਰ ਲਿਆ। ਪੰਜਾਬ ਵਿਚ ਇਹ ਦਸ ਵਰ੍ਹੇ ਖਾਨਾਜੰਗੀ ਦੇ ਸਨ, 'ਜਿਹੜਾ ਬਹੇ ਗੱਦੀ ਉਹਨੂੰ ਮਾਰ ਦੇਂਦੇ, ਚੱਲੀ ਵਿਚ ਦਰਬਾਰ ਤਲਵਾਰ ਮੀਆਂ।' ਪੰਜਾਬੀਆਂ ਦੇ ਇਸ ਸਾਂਝੇ ਰਾਜ ਨੇ ਅੱਧੀ ਸਦੀ ਵਿਚ ਖਿੱਤੇ ਦੇ ਲੋਕਾਂ ਦੇ ਆਤਮ ਸਨਮਾਨ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਸੀ। ਜੱਟ ਭਾਈਚਾਰੇ ਨੇ ਪਹਿਲੀ ਵਾਰ ਸੱਤਾ ਦਾ ਜਲੌਅ ਵੇਖਿਆ ਸੀ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਜਾਤੀ ਅਭਿਮਾਨ ਚੋਖਾ ਵਧ ਗਿਆ ਸੀ। ਇਸ



*ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦਾ ਮੁੱਖ ਦਰਵਾਜ਼ਾ*

ਤੋਂ ਪਹਿਲਾਂ ਬ੍ਰਾਹਮਣ, ਖੱਤਰੀ, ਰਾਜਪੂਤ ਜਾਂ ਮੁਗਲ ਪਠਾਣ ਆਦਿ ਹੀ ਹਾਕਮ ਹੁੰਦੇ ਸਨ। ਦਰਿਆਵਾਂ ਦੇ ਕੰਢਿਆਂ 'ਤੇ ਇਸੇ ਸਮੇਂ ਹੀ ਸਿੱਖ ਕਿਸਾਨੀ ਆਬਾਦ ਹੋਈ ਸੀ। ਕਈ ਇਤਿਹਾਸਕਾਰ ਮਹਾਰਾਜਾ ਰਣਜੀਤ ਸਿੰਘ ਦੇ ਇਸ ਵਿਸ਼ਾਲ ਰਾਜ ਦੇ ਪਤਨ ਦਾ ਕਾਰਨ ਘਰ ਦੀ ਫੁੱਟ ਅਤੇ ਡੋਗਰਿਆਂ ਦੀਆਂ ਸਾਜ਼ਿਸ਼ਾਂ ਦੱਸਦੇ ਹਨ ਪਰ ਇਤਿਹਾਸਕ ਭੌਤਿਕਵਾਦ ਸਾਨੂੰ ਦੱਸਦਾ ਹੈ ਕਿ ਸਿੱਖਾਂ ਦਾ ਰਾਜ ਜਿਸ ਪੈਦਾਵਾਰੀ ਢਾਂਚੇ ਉਪਰ ਖੜ੍ਹਾ ਸੀ, ਉਹ ਜਗੀਰਦਾਰੀ ਸੀ। ਜੇ ਕਿਤੇ ਰਣਜੀਤ ਸਿੰਘ ਗੁਰੂ ਆਸ਼ੇ ਮੁਤਾਬਕ ਭੋਂਇੰ ਦੀ ਵੰਡ ਕਿਸਾਨਾਂ ਵਿਚ ਸਾਵੀਂ ਕਰ ਦਿੰਦਾ, ਬਿਨਾ ਮਜ਼ਹਬ ਤੇ ਜਾਤ ਦੇ ਵਿਤਕਰੇ ਦੇ ਅਤੇ ਸ਼ਹਿਰਾਂ ਵਿਚ ਜਿਹੜੇ ਉਦਯੋਗ ਧੰਦੇ ਵਿਕਸਿਤ ਹੋਏ ਸਨ, ਉਨ੍ਹਾਂ ਵਿਚ ਦਸਤਕਾਰਾਂ ਤੇ ਕਿਰਤੀਆਂ ਨੂੰ, ਦਸੌਰ ਮਾਲ ਭੇਜਣ ਵਾਲੇ ਵਪਾਰੀਆਂ ਦੇ ਕਰੜੇ ਕੰਟਰੋਲ ਤੋਂ ਮੁਕਤ ਕਰਕੇ

(ਅਗਲੇ ਸਫੇ 'ਤੇ ਜਾਰੀ)

# ਸਾਡੇ ਬਜ਼ੁਰਗ ਕਦੇ ਮਰਦੇ ਨਹੀਂ...

ਸਾਡੀ ਉਮਰ ਭਾਵੇਂ ਕਿੰਨੀ ਵੀ ਵੱਡੀ ਕਿਉਂ ਨਾ ਹੋ ਜਾਵੇ, ਪਰ ਸਾਨੂੰ ਸਹੀ ਮਾਅਨਿਆਂ ਵਿਚ ਆਪਣੇ ਵੱਡੇ ਹੋਣ ਅਤੇ ਪਹਿਲੀ ਤੋਂ ਦੂਸਰੀ ਪੀੜ੍ਹੀ ਵਿਚ ਸ਼ਾਮਲ ਹੋਣ ਦਾ ਅਹਿਸਾਸ ਉਦੋਂ ਹੀ ਹੁੰਦਾ ਹੈ, ਜਦੋਂ ਸਾਥੋਂ ਤੀਸਰੀ ਪੀੜ੍ਹੀ ਦੇ ਬਜ਼ੁਰਗ ਸਾਡਾ ਸਾਥ ਛੱਡ ਜਾਣ। ਇਹੀ ਅਹਿਸਾਸ ਮੈਨੂੰ ਪਿਛਲੀ 28 ਦਸੰਬਰ ਨੂੰ ਹੋਇਆ, ਜਦੋਂ ਮੇਰੇ ਨਾਨਾ ਜੀ ਸ. ਸੇਵਾ ਸਿੰਘ ਗਰਚਾ ਐਡਮਿੰਟਨ, ਕੈਨੇਡਾ ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਵਿਛੋੜੇ ਦੀ ਖਬਰ ਸੁਣਦਿਆਂ ਹੀ ਇਕ ਦਮ ਉਨ੍ਹਾਂ ਨਾਲ




ਹਰਗੁਣਪ੍ਰੀਤ ਸਿੰਘ ਪਟਿਆਲਾ
ਫੋਨ: 91-94636-19353

ਬਿਤਾਏ ਸੁਨਹਿਰੀ ਪਲਾਂ ਦੀਆਂ ਯਾਦਾਂ ਮੇਰੀਆਂ ਅੱਖਾਂ ਸਿੱਲ੍ਹੀਆਂ ਕਰ ਗਈਆਂ। ਇਕ ਦੋਹਤੇ ਵਜੋਂ ਨਾਨੇ ਦੇ ਵਿਛੋੜੇ ਕਾਰਨ ਅਜਿਹੀ ਉਦਾਸੀ ਮਹਿਸੂਸ ਹੋਣੀ ਭਾਵੇਂ ਸੁਭਾਵਿਕ ਜਿਹੀ ਗੱਲ ਸੀ, ਪਰ ਇਕ ਆਮ ਇਨਸਾਨ ਵਜੋਂ ਸੋਚਦਿਆਂ ਮੈਨੂੰ ਉਨ੍ਹਾਂ ਦੇ ਚਲੇ ਜਾਣ ਦਾ ਇਸ ਕਰਕੇ ਵੀ ਵਧੇਰੇ ਦੁਖ ਹੋਇਆ ਕਿਉਂਕਿ ਸਾਡਾ ਸਹੀ ਮਾਰਗਦਰਸ਼ਨ ਕਰਨ ਵਾਲੇ ਸੱਚ, ਸੁੱਚ ਅਤੇ ਸੰਜਮ ਉਤੇ ਪਹਿਰਾ ਦੇਣ ਵਾਲੇ, ਸਾਦਗੀ ਭਰਪੂਰ ਜੀਵਨ ਜਿਉਣ ਵਾਲੇ ਅਤੇ ਨਿਰਸੁਆਰਥ ਸੇਵਾ ਭਾਵਨਾ ਵਾਲੇ ਬਜ਼ੁਰਗਾਂ ਤੋਂ ਸਾਡਾ ਸਮਾਜ ਦਿਨੋ-ਦਿਨ ਸੱਖਣਾ ਹੁੰਦਾ ਜਾ ਰਿਹਾ ਹੈ।

ਨਾਨਾ ਜੀ ਨੂੰ ਉਮਰ ਦੇ ਦਸਵੇਂ ਦਹਾਕੇ ਵਿਚ ਪੈਰ ਧਰਿਆਂ ਭਾਵੇਂ ਦੋ ਸਾਲਾਂ ਤੋਂ ਵੱਧ ਸਮਾਂ ਬੀਤ ਗਿਆ ਸੀ, ਪਰ ਉਹ ਆਖਰੀ ਸਮੇਂ ਤੱਕ ਵੀ ਸਰੀਰਕ ਅਤੇ ਬੌਧਿਕ ਤੌਰ 'ਤੇ ਪੂਰੀ ਤਰ੍ਹਾਂ ਚੇਤੰਨ ਅਤੇ ਸਰਗਰਮ ਰਹੇ, ਜਿਸ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਉਹ ਪਿਛਲੇ ਪੰਜ ਸਾਲਾਂ ਵਿਚ ਹਰ ਸਾਲ ਲਗਾਤਾਰ ਕੈਨੇਡਾ ਤੋਂ ਪੰਜਾਬ ਫੇਰੀ ਉਤੇ ਆਉਂਦੇ ਰਹੇ ਅਤੇ ਆਪਣੇ ਸਾਕ ਸਬੰਧੀਆਂ ਦੇ ਖੁਸ਼ੀ-ਗਮੀ ਦੇ ਸਮਾਗਮਾਂ ਵਿਚ ਵੱਧ ਚੜ੍ਹ ਕੇ ਸ਼ਾਮਲ ਹੁੰਦੇ ਰਹੇ। ਉਹ ਦੁਖ-ਸੁਖ ਜਰ ਸਕਣ ਦੀ ਸਮਰੱਥਾ ਰੱਖਦੇ ਸਨ ਅਤੇ ਦੋਹਾਂ ਮੌਕਿਆਂ ਉਤੇ ਅਡੋਲ ਰਹਿ ਕੇ ਸਹਿਜ ਵਿਚ ਵਿਚਰਦੇ ਸਨ। ਆਪਣੀ ਸਹਿਜ ਅਵਸਥਾ ਦਾ ਕਾਰਨ ਦੱਸਦਿਆਂ ਕਹਿੰਦੇ, "ਮੈਂ ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਕਿਸੇ ਹੋਰ ਅੱਗੇ ਸੀਸ ਨਹੀਂ ਝੁਕਾਇਆ ਅਤੇ ਗੁਰੂ ਮਹਾਰਾਜ ਦੀਆਂ ਸਿੱਖਿਆਵਾਂ ਮੁਤਾਬਿਕ ਹੀ ਆਪਣਾ ਜੀਵਨ ਢਾਲਣ ਲਈ ਯਤਨਸ਼ੀਲ ਰਿਹਾ ਹਾਂ। ਸਾਨੂੰ ਆਪਣੇ ਜੀਵਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਪੂਰੀ ਸੁਹਿਰਦਤਾ ਸਹਿਤ ਜ਼ੋਰ ਲਾ ਦੇਣਾ ਚਾਹੀਦਾ ਹੈ ਅਤੇ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਨਤੀਜੇ ਵਜੋਂ ਜੇ ਸਫਲਤਾ ਮਿਲੇ ਤਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਅਤੇ ਜੇ ਸਫਲਤਾ ਨਾ ਮਿਲੇ ਤਾਂ ਦਿਲ ਛੋਟਾ ਨਹੀਂ ਕਰਨਾ ਚਾਹੀਦਾ ਤੇ ਇਸ ਵਿਚ ਹੀ ਕੋਈ ਭਲਾਈ ਸਮਝ ਕੇ ਨਿਰੰਤਰ ਕਾਰਜਸ਼ੀਲ ਰਹਿਣਾ ਚਾਹੀਦਾ ਹੈ।"

ਨਾਨਾ ਜੀ ਅਖਬਾਰ ਪੜ੍ਹਨ ਅਤੇ ਰੇਡੀਓ ਸੁਣਨ ਵਿਚ ਖੂਬ ਦਿਲਚਸਪੀ ਲੈਂਦੇ ਸਨ ਅਤੇ ਉਨ੍ਹਾਂ ਨੂੰ ਦੇਸ਼ ਦੁਨੀਆਂ ਦੇ ਰਾਜਨੀਤਕ, ਆਰਥਕ ਅਤੇ ਸਮਾਜਕ ਮਸਲਿਆਂ ਬਾਰੇ ਲੰਮੀ ਤੇ ਸਾਰਥਕ ਵਿਚਾਰ-ਚਰਚਾ ਕਰਨਾ ਬਹੁਤ ਪਸੰਦ ਸੀ। ਇਸੇ ਕਰਕੇ ਮੇਰੀ ਉਨ੍ਹਾਂ ਨਾਲ ਖੂਬ ਬਣਦੀ ਸੀ ਕਿਉਂਕਿ ਮੈਂ ਜਦੋਂ ਵੀ ਨਾਨਕੇ ਜਾਣਾ ਤਾਂ ਉਨ੍ਹਾਂ ਨਾਲ ਕਈ-ਕਈ ਘੰਟੇ ਬੈਠ ਕੇ ਪੰਜਾਬ ਅਤੇ ਦੇਸ਼-ਦੁਨੀਆਂ ਦੇ ਅਹਿਮ ਮਸਲਿਆਂ 'ਤੇ ਵਿਚਾਰ ਵਟਾਂਦਰਾ ਕਰਦੇ ਰਹਿਣਾ। ਉਨ੍ਹਾਂ ਦੀ ਯਾਦਦਾਸ਼ਤ ਅਖੀਰਲੇ



*ਸੇਵਾ ਸਿੰਘ ਗਰਚਾ*

ਸਮੇਂ ਤੱਕ ਵੀ ਪੂਰੀ ਕਾਇਮ ਰਹੀ। ਉਹ ਆਪਣੇ ਸਰੀਰ ਨੂੰ ਇੰਨਾ ਸਾਂਭ ਸੰਭਾਲ ਅਤੇ ਸੰਵਾਰ ਕੇ ਰੱਖਦੇ ਕਿ ਦੇਖਣ ਵਾਲਿਆਂ ਨੂੰ ਉਨ੍ਹਾਂ ਦੀ ਉਮਰ ਅਸਲ ਉਮਰ ਨਾਲੋਂ ਪੰਝੀ-ਤੀਹ ਸਾਲ ਘੱਟ ਹੀ ਲੱਗਦੀ ਸੀ।

ਜਦੋਂ ਲਗਭਗ ਇਕ ਸਾਲ ਪਹਿਲਾਂ ਨਾਨਾ ਜੀ ਆਖਰੀ ਵਾਰ ਆਪਣੇ ਘਰ ਪਟਿਆਲੇ ਆਏ ਤਾਂ ਮੈਂ ਉਨ੍ਹਾਂ ਨੂੰ ਹਰ ਵਾਰ ਦੀ ਤਰ੍ਹਾਂ ਆਪਣੀਆਂ ਅਖਬਾਰਾਂ ਵਿਚ ਪ੍ਰਕਾਸ਼ਿਤ ਰਚਨਾਵਾਂ ਪੜ੍ਹਾਉਣ ਲੱਗਾ। ਉਨ੍ਹਾਂ ਵਿਚੋਂ ਇਕ-ਦੋ ਰਚਨਾਵਾਂ ਦੇਖ ਕੇ ਉਹ ਝੱਟ ਬੋਲ ਪਏ ਕਿ ਇਹ ਰਚਨਾਵਾਂ ਤਾਂ ਉਨ੍ਹਾਂ ਨੇ ਕੈਨੇਡਾ ਦੇ ਇਕ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਹੋਏ ਅਖਬਾਰ ਵਿਚੋਂ ਪਹਿਲਾਂ ਹੀ ਪੜ੍ਹੀਆਂ ਹੋਈਆਂ ਸਨ। ਇਹ ਸੁਣ ਕੇ ਮੈਂ ਉਨ੍ਹਾਂ ਤੋਂ ਮਜ਼ਾਕੀਆ ਅੰਦਾਜ਼ ਵਿਚ ਪੁੱਛ ਬੈਠਾ ਸੀ, "ਪਾਪਾ ਜੀ! ਤੁਹਾਡੀ ਸਿਹਤ ਦਾ ਕੀ ਰਾਜ਼ ਹੈ? ਤੁਸੀਂ ਇੰਨੀ ਵਡੇਰੀ ਉਮਰ ਵਿਚ ਵੀ ਚੰਗੀ ਤਰ੍ਹਾਂ ਨਾਲ ਸਭ ਗੱਲਾਂ ਯਾਦ ਕਿਵੇਂ ਰੱਖ ਲੈਂਦੇ ਹੋ। ਤੁਹਾਡੀ ਜਿੰਨੀ ਉਮਰ ਵਿਚ ਤਾਂ ਬੰਦਾ ਆਪਣੇ ਆਪ ਨੂੰ ਹੀ ਭੁੱਲਾ ਬੈਠਦਾ ਹੈ?"

ਉਨ੍ਹਾਂ ਨੇ ਵੀ ਇਸ ਪ੍ਰਸ਼ਨ ਦਾ ਮੁਸਕਰਾਉਂਦਿਆਂ ਜਵਾਬ ਦਿੱਤਾ, "ਜੇ ਸਾਡਾ ਵਿਹਾਰ ਅਤੇ ਵਿਚਾਰ ਠੀਕ ਠਾਕ ਰਹਿਣ, ਜੇ ਅਸੀਂ ਕਿਸੇ ਦੀ ਨਿੰਦਿਆ, ਚੁਗਲੀ, ਝੂਠ ਬੋਲਣ ਅਤੇ ਵਾਧੂ ਦੀਆਂ ਬੇਲੋੜੀਆਂ ਗੱਲਾਂ ਕਰਨ ਵਿਚ ਆਪਣਾ ਵਿਅਰਥ ਸਮਾਂ ਨਾ ਗੁਜ਼ਾਰੀਏ, ਆਪਣੀਆਂ ਜ਼ਰੂਰਤਾਂ ਨੂੰ ਸੀਮਤ ਰੱਖਦਿਆਂ ਕਿਸੇ ਵੀ ਲੋੜ ਨੂੰ ਲੋਭ ਦੀ ਹੱਦ ਤੱਕ ਨਾ ਜਾਣ ਦੇਈਏ, ਅੱਜ ਦੇ ਕੰਮ ਨੂੰ ਕੱਲ੍ਹ 'ਤੇ ਨਾ ਛੱਡੀਏ ਅਤੇ ਆਪਣੇ ਵੱਲ ਵਧੇਰੇ ਧਿਆਨ ਦੇ ਕੇ ਖੁਦ ਨੂੰ ਨਿਰੰਤਰ ਸੁਧਾਰਦੇ ਰਹੀਏ ਤਾਂ ਅਸੀਂ ਜ਼ਰੂਰ ਮਾਨਸਿਕ ਅਤੇ ਸਰੀਰਕ ਤੌਰ 'ਤੇ ਲੰਮੇ ਸਮੇਂ ਤੱਕ ਤੰਦਰੁਸਤ ਰਹਿ ਸਕਦੇ ਹਾਂ।"

ਮੈਨੂੰ ਯਾਦ ਹੈ ਕਿ ਉਹ ਪਰਿਵਾਰ ਅਤੇ ਰਿਸ਼ਤੇਦਾਰੀ ਵਿਚ ਵਾਪਰਨ ਵਾਲੀਆਂ ਸਭ ਖੁਸ਼ੀ-ਗਮੀ ਦੀਆਂ ਘਟਨਾਵਾਂ ਨੂੰ ਤਰੀਕਾਂ ਨਾਲ ਯਾਦ ਰੱਖਣ ਲਈ ਉਨ੍ਹਾਂ ਨੂੰ ਇਕ ਛੋਟੀ ਡਾਇਰੀ ਵਿਚ ਲਿਖ ਕੇ ਸਾਂਭ ਲੈਂਦੇ। ਉਨ੍ਹਾਂ ਆਪਣੀ ਚੰਗੀ ਸਿਹਤ ਬਾਰੇ ਦੱਸਿਆ, "ਮੈਂ ਰਾਤ ਨੂੰ ਜਲਦੀ ਸੌਂ ਕੇ ਸਵੇਰੇ ਜਲਦੀ ਉਠਦਾ ਹਾਂ, ਸਹਿਜੇ ਸਹਿਜੇ ਕਸਰਤ ਹਰ ਰੋਜ਼ ਕਰਦਾ ਹਾਂ, ਵੇਲੇ ਸਿਰ ਖਾਣਾ ਖਾਂਦਾ ਹਾਂ ਅਤੇ ਭੁੱਖ ਤੋਂ ਵੱਧ ਕਦੇ ਨਹੀਂ ਖਾਂਦਾ ਭਾਵੇਂ ਜਿੰਨਾ ਮਰਜ਼ੀ ਸੁਆਦ ਖਾਣਾ ਬਣਿਆ ਹੋਵੇ। ਦੁਖ-ਸੁਖ ਸਰੀਰਾਂ ਨਾਲ ਹੀ ਚੱਲਦੇ ਰਹਿੰਦੇ ਹਨ, ਇਸ ਲਈ ਲੋੜ ਪੈਣ 'ਤੇ ਡਾਕਟਰੀ ਮਦਦ ਲੈਣ ਵਿਚ ਵੀ ਕੋਈ ਢਿੱਲ ਮੱਠ ਨਹੀਂ ਕਰਦਾ।"

ਨਾਨਾ ਜੀ ਦੇ ਸੰਪਰਕ ਵਿਚ ਜੋ ਵੀ ਆਇਆ, ਉਹ ਉਨ੍ਹਾਂ ਦੀ ਹਸਮੁਖ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕਿਆ। ਜਦੋਂ ਤੱਕ ਸਾਡੀ ਨਵੀਂ ਪੀੜ੍ਹੀ 'ਤੇ ਸਾਡੀ ਪੁਰਾਣੀ ਪੀੜ੍ਹੀ ਦਾ ਪ੍ਰਭਾਵ ਜਿਉਂਦਾ ਰਹਿੰਦਾ ਹੈ, ਉਦੋਂ ਤੱਕ ਸਾਡੇ ਬਜ਼ੁਰਗ ਵੀ ਕਦੇ ਮਰਦੇ-ਬੀਤਦੇ ਨਹੀਂ ਅਤੇ ਉਹ ਸਾਡੇ ਵਿਚ ਹਮੇਸ਼ਾ ਜਿਉਂਦੇ-ਵੱਸਦੇ ਰਹਿੰਦੇ ਹਨ। ਸ. ਸੇਵਾ ਸਿੰਘ ਗਰਚਾ ਵੀ ਭਾਵੇਂ ਸਰੀਰਕ ਤੌਰ 'ਤੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਆਖ ਗਏ ਹਨ, ਪਰ ਉਹ ਆਪਣੀ ਅਦੁੱਤੀ ਸ਼ਖਸੀਅਤ ਅਤੇ ਪ੍ਰੇਰਨਾਮਈ ਗੁਣਾਂ ਦੇ ਪ੍ਰਭਾਵ ਸਦਕਾ ਆਪਣੇ ਪਰਿਵਾਰ, ਸਾਕ ਸਬੰਧੀਆਂ ਅਤੇ ਮਿੱਤਰ-ਪਿਆਰਿਆਂ ਦੀ ਯਾਦ ਵਿਚ ਹਮੇਸ਼ਾ ਜਿਉਂਦੇ-ਵੱਸਦੇ ਰਹਿਣਗੇ।

# ਮਾਰਟੀਨੀ ਦੀ ਹੇਮ

ਇਹ ਉਹ ਵੇਲਾ ਸੀ, ਜਦੋਂ ਪੜ੍ਹਿਆ-ਲਿਖਿਆ ਸੁਲਝਿਆ ਤਬਕਾ ਬਾਹਰ ਆਉਣਾ ਸ਼ੁਰੂ ਹੋਇਆ। ਕੋਈ ਵੀ ਬੀ. ਏ., ਐਮ. ਏ. ਤੋਂ ਘੱਟ ਨਹੀਂ ਸੀ। ਜ਼ਿਆਦਾਤਰ ਏਜੰਟਾਂ ਦੇ ਧੱਕੇ ਹੋਏ ਹੀ ਸਨ। ਉਸ ਵੇਲੇ ਸੜਕੀ ਰਸਤੇ ਰਾਹੀਂ ਅਫਗਾਨਿਸਤਾਨ, ਇਰਾਨ, ਤੁਰਕੀ ਅਤੇ ਪੂਰਬੀ ਬਲਾਕ ਦੇ ਮੁਲਕਾਂ ਵਿਚੋਂ ਹੁੰਦੇ ਨੌਜਵਾਨ ਜਰਮਨੀ ਆਇਆ ਕਰਦੇ ਸਨ। ਰਸਤਿਆਂ ਵਿਚ ਧੱਕੇ ਖਾ ਕੇ ਉਹ ਕਿਤੇ ਨਾ ਕਿਤੇ ਪਹੁੰਚ ਹੀ

ਦਰਸ਼ਨਪਾਲ ਦੋਸਾਂਝ

ਜਾਂਦੇ।

ਇਹ ਉਹ ਵੇਲਾ ਸੀ, ਜਦੋਂ ਹਿਪੀ ਲੋਕ ਇਸੇ ਰੂਟ ਤੋਂ ਕਾਬਲ ਆਉਂਦੇ-ਜਾਂਦੇ ਸਨ। ਖਤਰਾ ਵੀ ਸੀ, ਪਰ ਰਾਹ ਆਮ ਚਲਦਾ ਸੀ। ਹਿੰਦੁਸਤਾਨੀਆਂ ਲਈ ਜਰਮਨੀ ਦਾ ਵੀਜ਼ਾ ਨਹੀਂ ਸੀ। ਸਰਹੱਦ 'ਤੇ ਛੋਟੀ ਜਿਹੀ ਮੋਹਰ ਲਾ ਦਿੱਤੀ ਜਾਂਦੀ ਸੀ, ਜੋ ਸੈਰ-ਸਪਾਟੇ ਲਈ ਤਿੰਨ ਮਹੀਨੇ ਲਈ ਹੁੰਦੀ ਸੀ। ਇਹ ਸਮਾਂ ਮਿਆਦ ਖਤਮ ਹੋਣ ਤੋਂ ਪਹਿਲਾਂ ਬਾਹਰ ਸਰਹੱਦ ਟੱਪ ਕੇ ਫਿਰ ਆ ਜਾਉ, ਉਹੀ ਮੋਹਰ ਫਿਰ ਲੱਗ ਜਾਂਦੀ ਸੀ। ਬਹੁਤਿਆਂ ਨੂੰ ਇਸ ਦਾ ਲੰਮਾ-ਚੌੜਾ ਅਭਿਆਸ ਹੋ ਗਿਆ ਸੀ। ਚਲੋ, ਹੁਣ ਅਸਲੀ ਸਵਾਲ 'ਤੇ ਆਉਂਦੇ ਹਾਂ। ਹੇਮ ਅਸਲ ਵਿਚ ਹਾਈਮ ਹੈ। ਇਹ ਜਰਮਨ ਭਾਸ਼ਾ ਦਾ ਲਫਜ਼ ਹੈ। ਇਸ ਦਾ ਅਰਥ ਹੈ ਹੋਮ (ਘਰ)।

ਮਾਰਟੀਨੀ ਦੀ ਹੇਮ ਬੰਨਵੇਂ ਨੰਬਰ, ਰਿਡਲਰ ਸਟਰਾਸੇ (ਗਲੀ ਦਾ ਨਾਂ) ਮਿਊਨਿਖ 'ਚ ਸਥਿਤ ਸੀ। ਉਹ ਉਚਾ-ਲੰਮਾ, ਖੁੱਲ੍ਹੀ ਦਾੜ੍ਹੀ ਵਾਲਾ ਗੋਰਾ ਚਿੱਟਾ, ਸਡੌਲ ਪਰ ਡਰਾਉਣਾ ਆਦਮੀ ਸੀ। ਉਹ ਹਰ ਵਕਤ ਨਸ਼ੇ ਵਿਚ ਰਹਿੰਦਾ। ਉਹ ਇਸ ਹੇਮ ਤੋਂ ਬਾਹਰ ਨਹੀਂ ਸੀ ਜਾ ਸਕਦਾ। ਦਰਅਸਲ, ਉਹ ਮੁਜ਼ਰਮ ਸੀ, ਜੋ ਘਰੇ ਨਜ਼ਰਬੰਦ ਸੀ। ਉਹਨੇ ਇਸ ਹੇਮ ਦੇ ਕਮਰੇ ਕਿਰਾਏ 'ਤੇ ਚੜ੍ਹਾਏ ਹੋਏ ਸਨ। ਪੀਣ ਲਈ ਉਸ ਕੋਲ ਦੁਕਾਨ ਵਾਂਗ ਬੀਅਰ, ਸੋਡਾ, ਪਾਣੀ ਆਦਿ ਹੁੰਦਾ ਸੀ, ਜੋ ਉਥੇ ਰਹਿੰਦੇ ਲੋਕ ਖਰੀਦ ਸਕਦੇ ਸਨ। ਹੇਮ ਦੇ ਦਰਵਾਜੇ ਖੁੱਲ੍ਹੇ ਹੀ ਰਹਿੰਦੇ ਸਨ। ਕੋਈ ਜਿੰਦਰਾ-ਕੁੰਜੀ ਕਿਸੇ ਕਮਰੇ ਨੂੰ ਨਹੀਂ ਸੀ। ਦਰਵਾਜੇ ਖੁੱਲ੍ਹੇ, ਪੁਲਿਸ ਬਿਨਾ ਕਿਸੇ ਰੋਕ-ਟੋਕ ਦੇ ਆ ਜਾਂਦੀ ਸੀ। ਜਿਹੜੇ ਲੋਕ ਉਥੇ ਗੈਰ ਕਾਨੂੰਨੀ ਜਾਂ ਓਵਰਸਟੇਅ ਹੁੰਦੇ, ਤਾਕੀ ਰਾਹੀਂ ਬਾਹਰ ਭੱਜ ਜਾਂਦੇ।

ਘਰ ਦੇ ਹਰ ਕਮਰੇ 'ਚ ਛੇ ਬੰਦਿਆਂ ਦਾ ਬੰਦੋਬਸਤ ਸੀ, ਭਾਵ ਲੋਹੇ ਦੇ ਮੰਜੇ 'ਤੇ ਮੰਜਾ, ਜਿਸ ਨੂੰ ਬੰਕ ਬੈਡ ਕਹਿੰਦੇ ਹਨ। ਇਸ ਤਰ੍ਹਾਂ ਦੇ ਬੈਡ ਹਿਟਲਰ ਆਪਣੇ ਕੈਦੀਆਂ ਲਈ ਵਰਤਦਾ ਸੀ। ਠੰਢੇ ਕਮਰੇ, ਠੰਢਾ ਪਾਣੀ ਹੀ ਚਲਦਾ ਸੀ। ਗਰਮ ਪਾਣੀ ਜਾਂ ਕਮਰੇ ਗਰਮ ਕਰਨ ਦਾ ਕੋਈ ਪ੍ਰਬੰਧ ਨਹੀਂ ਸੀ। ਫਰਿਜਾਂ ਪੁਰਾਣੀਆਂ ਸਨ, ਪਰ ਕੋਈ ਕੰਮ ਨਹੀਂ ਸੀ ਕਰਦੀ। ਬੱਸ ਕਿਰਾਇਆ ਸਸਤਾ ਸੀ। ਇਕ ਬੈਡ ਦਾ ਪੰਝੀ (25) ਮਾਰਕ ਹਫਤਾ ਹੁੰਦਾ ਸੀ। ਸਸਤਾ ਸੀ, ਪਰ ਉਥੇ ਰਹਿਣਾ ਮਜਬੂਰੀ ਸੀ। ਖਾਣਾ ਬਣਾਉਣ ਲਈ ਚੁੱਲ੍ਹੇ ਸਨ। ਖਰਾਬ ਹੋਣ ਵਾਲੀ ਚੀਜ਼ ਦੁੱਧ ਜਾਂ ਮਸਰਾਂ ਦਾ ਡੱਬਾ ਖੁੱਲ੍ਹਿਆ ਜਾਂ ਹੋਰ ਕੁਝ, ਤਾਂ ਤਾਕੀ ਖੋਲ੍ਹ ਕੇ ਢਕ ਕੇ ਬਾਹਰਲੇ ਪਾਸੇ ਬੰਨੀ 'ਤੇ ਰੱਖ ਛੱਡੋ। ਨਹਾਉਣ ਧੋਣ ਦਾ ਕੋਈ ਬੰਦੋਬਸਤ ਨਹੀਂ। ਪਬਲਿਕ ਬਾਥ 'ਤੇ ਜਦੋਂ ਜਾਉ, ਨਾਲ ਝੋਲਾ ਕੱਪੜਿਆਂ ਦਾ ਵੀ ਪਾਣੀ ਵਿਚੋਂ ਕੱਢ ਲਿਆਉ। ਕੰਮ ਮਿਲਣਾ ਔਖਾ ਸੀ। ਕਿਸੇ ਕਿਸੇ ਦਾ ਮਦਦ ਵਜੋਂ ਇੰਗਲੈਂਡ ਤੋਂ ਵੀ ਪੈਸਾ ਆ ਰਿਹਾ ਸੀ।

ਮਾਰਟੀਨੀ ਦੀ ਇਕ ਸਿਫਤ ਸੀ। ਉਹ ਆਪਣੇ ਕਿਰਾਏਦਾਰ ਦਾ ਖਿਆਲ ਰੱਖਦਾ ਸੀ। ਕਿਤੇ ਨਾ ਕਿਤੇ ਵਾਰੀ ਸਿਰ ਦਿਹਾੜੀ ਲੁਆ ਦਿੰਦਾ ਸੀ; ਇਸ ਹਿਸਾਬ ਨਾਲ ਕਿ ਜਦੋਂ ਮਾਲਕ ਤੁਹਾਨੂੰ ਉਥੋਂ ਚੁੱਕੇ ਤਾਂ ਵਾਪਿਸ ਛੱਡ ਕੇ ਜਾਵੇ, ਉਹ ਪੈਸੇ ਵੀ ਪੂਰੇ ਦਿਵਾ ਦਿੰਦਾ ਸੀ। ਕੋਈ ਇਕ ਕਮਰੇ ਤੋਂ ਦੂਜੇ 'ਚ ਜਾ ਕੇ ਬੈਠ ਜਾਵੇ ਤਾਂ ਮਾਰਟੀਨੀ ਖਿੱਚ ਕੇ ਥੱਪੜ ਜੜ ਦਿੰਦਾ ਸੀ, ਜਾਂ ਪੌੜੀਆਂ 'ਚ ਖੜ੍ਹਾ ਕਰਕੇ ਧੱਕਾ ਦੇ ਦਿੰਦਾ ਸੀ। ਕਈ ਕਮਰਿਆਂ ਵਿਚ ਮਾਂਗਣੂ ਸਨ। ਮੈਂ ਉਥੇ ਕੁਝ ਮਹੀਨੇ ਰਿਹਾ। ਜਿਸ ਤਰ੍ਹਾਂ ਪੰਜਾਬ 'ਚ ਕੰਮ ਕਰਨ ਬਿਹਾਰ ਤੇ ਯੂ. ਪੀ. ਤੋਂ ਮਜ਼ਦੂਰ ਆਉਂਦੇ ਹਨ, ਅਸੀਂ ਅੱਡਿਆਂ 'ਤੇ ਖੜ੍ਹ ਜਾਂਦੇ। ਜਿਸ ਨੂੰ ਮਜ਼ਦੂਰ ਚਾਹੀਦਾ ਹੁੰਦਾ, ਲੈ ਜਾਂਦਾ।

ਇਸੇ ਤਰ੍ਹਾਂ ਮਿਊਨਿਖ ਵਿਚ ਵੀ ਖਾਸ ਮਿਥੀ ਜਗ੍ਹਾ 'ਤੇ ਖੜ੍ਹੇ ਹੋਵੋ, ਤਾਂ ਕੰਸਟਰਕਸ਼ਨ ਵਾਲੇ ਤੁਹਾਨੂੰ ਲੈ ਜਾਂਦੇ। ਇਵੇਂ ਹੀ ਇਕ ਪੌਸ਼ ਫਰਮ ਬੜੀ ਮਸ਼ਹੂਰ ਹੁੰਦੀ ਸੀ, ਉਹ ਪੰਜਾਬੀ ਜਵਾਨ ਮੁੰਡਿਆਂ ਨੂੰ ਲੈ ਜਾਂਦੇ ਸਨ, ਪੰਜ ਮਾਰਕ ਘੰਟਾ, ਸੋਮਵਾਰ ਤੋਂ ਸ਼ੁੱਕਰਵਾਰ ਤਕ। ਸਭ ਦਾ ਆਪਸੀ ਮਿਲਾਪ ਮੁੰਚਨ (ਮਿਊਨਿਖ ਦਾ ਲੋਕਲ ਨਾਂ) ਪੋਸਟ ਆਫਿਸ ਦੇ ਬਾਹਰ ਹੁੰਦਾ ਸੀ, ਕਿਉਂਕਿ ਹਰ ਇਕ ਦਾ ਖਤ ਉਥੇ ਹੀ ਆਉਂਦਾ ਸੀ। ਤਾਕੀ ਦੇ ਕੋਨੇ ਦੱਬੀ ਪਈ ਹੁੰਦੀ ਸੀ, ਛਾਂਟ ਕੇ ਆਪੋ-ਆਪਣੀ ਡਾਕ ਲੈ ਜਾਉ। ਕੋਈ ਕਿਸੇ ਦੀ ਚੁੱਕ ਵੀ ਲਿਜਾਏ, ਕੋਈ ਕੰਟਰੋਲ ਨਹੀਂ ਸੀ। ਮੁੰਚਨ 'ਪਾਸਿੰਗ ਹੇਮ' ਵੀ ਸੀ ਅਤੇ ਉਥੇ ਵੀ ਇਹੀ ਹਾਲਤ ਸੀ, ਬਹੁਤ ਹੀ ਪ੍ਰੇਸ਼ਾਨ ਕਰਨ ਵਾਲੀ ਤੇ ਭੈੜੀ ਹਾਲਤ।

ਪੁਲਿਸ ਉਥੇ ਜਾਂ ਸੜਕਾਂ 'ਤੇ ਆਮ ਚੈਕਿੰਗ ਦੌਰਾਨ ਫੜ ਕੇ ਵਾਪਸ ਭੇਜ ਦਿੰਦੀ ਸੀ। ਅਜਿਹੀ ਜ਼ਿੰਦਗੀ ਹਰ ਇਕ ਦੀ ਸੀ। ਜੇ ਕੋਈ ਕਿਤੇ ਹੋਟਲ 'ਚ ਬਾਹਰ ਨਿਕਲ ਗਿਆ, ਵਾਹਵਾ ਕੰਮ ਕਰਦਾ ਰਿਹਾ ਪਰ ਸ਼ਹਿਰ ਮੁੜਨ ਵੇਲੇ ਹਰ ਵਕਤ ਪੁਲਿਸ ਦਾ ਡਰ ਰਹਿੰਦਾ ਸੀ। ਇਕ ਤਾਂ ਬੰਦਾ ਖੁਦ ਮੁਸੀਬਤ 'ਚ ਹੁੰਦਾ, ਦੂਜੇ ਇੰਗਲੈਂਡ ਜਾਂ ਬ੍ਰਿਟਿਸ਼ ਕੀਨੀਆ ਦੇ ਕਈ ਵਿਹਲੜ ਲੋਕ ਸੋਹਣੀਆਂ ਠੋਕਵੀਆਂ ਪੱਗਾਂ ਬੰਨ੍ਹੀ ਭਰਮਾ ਕੇ ਆਪਣੇ ਜਾਲ ਵਿਚ ਫਸਾ ਲੈਂਦੇ ਕਿ 'ਅਸੀਂ ਤੁਹਾਨੂੰ ਬ੍ਰਿਟਿਸ਼ ਪਾਸਪੋਰਟ ਲਿਆ ਦਿੰਦੇ ਹਾਂ, ਇੰਨੇ ਪੈਸੇ ਦਿਉ ਜਾਂ ਇੰਗਲੈਂਡ 'ਚ ਕਿਸੇ ਤੋਂ ਦਿਵਾ ਦਿਉ।' ਇਉਂ ਉਹ ਠੱਗ ਕੇ ਰਾਹ ਪੈਂਦੇ। ਜਿਸ ਤਨ ਲਾਗੈ ਸੋ ਤਨ ਜਾਣੈ।

# ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ

(ਪਿਛਲੇ ਸਫੇ ਦੀ ਬਾਕੀ)

ਆਪ ਸਿੱਧਾ ਮਾਲ ਲੈ ਕੇ ਉਨ੍ਹਾਂ ਨੂੰ ਪੂਰਾ ਮੁੱਲ ਦੇ ਕੇ ਬਾਹਰ ਭੇਜਣਾ ਸ਼ੁਰੂ ਕਰ ਦਿੰਦਾ ਤਾਂ ਇਹ ਰਾਜ ਇਸ ਤਰ੍ਹਾਂ ਰੇਤ ਦੀਆਂ ਕੰਧਾਂ ਵਾਂਗ ਨਾ ਖੁਰਦਾ। ਨਿੱਜੀ ਸੰਪਤੀ ਅਤੇ ਸੱਤਾ ਦੀ ਭੁੱਖ ਵਿਚ ਭਰਾਵਾਂ ਦੇ ਗਲੇ ਵੱਢੇ ਜਾਂਦੇ ਰਹੇ। ਅੰਗਰੇਜ਼ ਉਸ ਸਮੇਂ ਵਪਾਰਕ ਸਰਮਾਏਦਾਰੀ ਦੀ ਪ੍ਰਤੀਨਿਧਤਾ ਕਰਦੇ ਸਨ, ਜੋ ਸਾਮੰਤੀ ਪ੍ਰਬੰਧ ਨਾਲੋਂ ਉਚੇਰੀ ਅਵਸਥਾ ਸੀ। ਇਸ ਲਈ ਸਿੱਖ ਰਾਜ ਦਾ ਖਾਤਮਾ ਇਤਿਹਾਸ ਦੀ ਤੋਰ ਮੁਤਾਬਕ ਦਰੁਸਤ ਸੀ ਅਤੇ ਇਸ 'ਤੇ ਹੰਝੂ ਵਹਾਉਣ ਦੀ ਥਾਂ ਲੋੜ ਆਪਾ ਚੀਨਣ ਅਤੇ ਇਤਿਹਾਸ ਦੀਆਂ ਅਗਰਗਾਮੀ ਸ਼ਕਤੀਆਂ ਨਾਲ ਕਰਿੰਗੜੀ ਪਾਉਣ ਦੀ ਹੁੰਦੀ ਹੈ।

ਮਹਾਰਾਜਾ ਖੜਕ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਪੁੱਤਰ ਸੀ। ਇਸ ਦਾ ਰਾਜ ਵਰ੍ਹਾ ਕੁ ਰਿਹਾ। ਇਹ ਲੋਲ੍ਹਾ ਜਿਹਾ ਸ਼ਖਸ ਸੀ ਅਤੇ ਅਫੀਮ ਦੀ ਪੀਨਕ ਵਿਚ ਹੀ ਇਸ ਨੇ ਆਪਣੀ ਅਉਧ ਹੰਢਾਈ ਸੀ। ਡੋਗਰਿਆਂ ਨੇ ਇਸ ਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਨੂੰ ਇਸ ਦੇ ਵਿਰੁਧ ਕਰ ਲਿਆ ਸੀ। ਕਿਹਾ ਜਾਂਦਾ ਹੈ ਕਿ ਇਹਨੂੰ ਹੌਲੀ-ਹੌਲੀ ਕੋਈ ਜ਼ਹਿਰ ਵੀ ਦਿੱਤਾ ਗਿਆ ਸੀ। ਉਸ ਦੇ ਮਿੱਤਰ ਸ. ਚੇਤ ਸਿੰਘ ਬਾਜਵਾ ਦੇ ਕਤਲ ਨਾਲ ਹੀ ਲਾਹੌਰ ਦਰਬਾਰ ਵਿਚ ਖਾਨਾਜੰਗੀ ਦਾ ਮੁੱਢ ਬੱਝਦਾ ਹੈ। ਇਸ ਕਤਲ ਤੋਂ ਬਾਅਦ ਮਹਾਰਾਜ ਛੇਤੀ ਹੀ ਮਰ ਜਾਂਦਾ ਹੈ। ਸ਼ਾਹ ਮੁਹੰਮਦ ਲਿਖਦਾ ਹੈ:

ਖੜਗ ਸਿੰਘ ਮਹਾਰਾਜੇ ਨੇ ਢਾਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਏਹੋ ਸੀ ਕੌਲ ਕਰਾਰ ਮੀਆਂ।

ਖੜਕ ਸਿੰਘ ਦੇ ਸਸਕਾਰ ਤੋਂ ਮੁੜਦਿਆਂ ਉਸ ਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਉਤੇ ਕਿਲ੍ਹੇ ਦੇ ਦਰਵਾਜੇ ਦਾ ਛੱਜਾ, ਜਿਸ ਵਿਚ ਬਾਰੂਦ ਦੱਬਿਆ ਸੀ, ਡੇਗਿਆ ਗਿਆ। ਉਹ ਫੱਟੜ ਹੋ ਗਿਆ ਅਤੇ ਬਾਅਦ ਵਿਚ ਉਸ ਦਾ ਕੀਰਤਨ ਸੋਹਿਲਾ ਵੀ ਪੜ੍ਹ ਦਿੱਤਾ ਗਿਆ। ਪਿਉ-ਪੁੱਤਰ ਇਉਂ ਇਕੱਠੇ ਹੀ ਗਏ। ਨੌਨਿਹਾਲ ਸਿੰਘ ਤੋਂ ਵੈਸੇ ਪੰਜਾਬ ਦੇ ਲੋਕਾਂ ਨੂੰ ਕਾਫੀ ਆਸਾਂ ਸਨ। ਫਿਰ ਮਹਾਰਾਜੇ ਦਾ ਦੂਜਾ ਪੁੱਤਰ ਸ਼ੇਰ ਸਿੰਘ ਕੁਝ ਕੁ ਦਿਨ ਚੰਦ ਕੌਰ (ਖੜਕ ਸਿੰਘ ਦੀ ਵਿਧਵਾ ਮਹਾਰਾਣੀ) ਦੇ ਰੋਕਣ ਬਾਅਦ ਤਖਤ 'ਤੇ ਬਹਿਣ ਵਿਚ ਕਾਮਯਾਬ ਹੋ ਗਿਆ। ਰਣਜੀਤ ਸਿੰਘ ਦੀ ਬਰਾਦਰੀ ਦੇ ਸੰਧਾਵਾਲੀਆ ਸਰਦਾਰਾਂ ਦੇ ਹੱਥੋਂ ਉਸ ਦੀ ਹੱਤਿਆ ਹੋਈ। ਨਾਲ ਹੀ ਉਨ੍ਹਾਂ ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਵੀ ਝਟਕਾ ਦਿੱਤਾ ਅਤੇ ਹੁਣ ਗੱਦੀ 'ਤੇ ਬਾਲਕ ਦਲੀਪ ਸਿੰਘ ਨੂੰ ਬਹਾਇਆ ਗਿਆ। ਰਾਜ-ਕਾਜ ਦਾ ਕੰਮ ਉਸ ਦੀ ਮਾਤਾ (ਰਣਜੀਤ ਸਿੰਘ ਦੀ ਸਭ ਤੋਂ ਛੋਟੀ ਮਹਾਰਾਣੀ) ਜਿੰਦ ਕੌਰ ਚਲਾਉਂਦੀ ਰਹੀ।

ਮਹਾਰਾਜਾ ਸ਼ੇਰ ਸਿੰਘ ਸ਼ੁਕੀਨ ਸੁਭਾਉ ਦਾ ਸੀ। ਕਿਹਾ ਜਾਂਦਾ ਹੈ ਕਿ ਸਿੱਖਾਂ ਵਿਚ ਦਾੜ੍ਹੀ ਬੰਨ੍ਹਣ ਦਾ ਰਿਵਾਜ ਰਾਜਪੂਤਾਂ ਵਾਂਗ ਉਸ ਨੇ ਹੀ ਸ਼ੁਰੂ ਕੀਤਾ। ਨੌਨਿਹਾਲ ਸਿੰਘ ਕਿਉਂਕਿ ਗੱਦੀਨਸ਼ੀਨ ਨਹੀਂ ਹੋਇਆ ਸੀ, ਇਸ ਲਈ ਉਹਦੀ ਸਮਾਧ ਇਨ੍ਹਾਂ ਸ਼ਾਹੀ ਸਮਾਧਾਂ ਦੇ ਨਾਲ ਨਹੀਂ ਬਣਾਈ ਜਾ ਸਕਦੀ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸਮਾਧ 'ਤੇ ਵੰਡ ਤੋਂ ਪਹਿਲਾਂ ਉਸ ਦੀ ਬਰਸੀ 'ਤੇ ਬੜੇ ਸ਼ਾਨਦਾਰ ਪੰਜਾਬੀ ਕਵੀ ਦਰਬਾਰ ਹੁੰਦੇ ਸਨ। ਵਿਧਾਤਾ ਸਿੰਘ ਤੀਰ ਦੀ ਇਕ ਕਵਿਤਾ, ਜੋ ਮਹਾਰਾਣੀ ਜਿੰਦਾਂ ਦਾ ਰੁਦਨ ਪੇਸ਼ ਕਰਦੀ ਹੈ, ਬੜੀ ਪ੍ਰਸਿਧ ਸੀ:

ਜਾਗ ਜਾਗ ਵੇ ਸੁੱਤਿਆ ਸ਼ੇਰ ਕੰਤਾ
ਤੈਨੂੰ ਜਿੰਦ ਜਗਾਉਣ ਲਈ ਆਈ ਹੋਈ ਆ।

ਇਨ੍ਹਾਂ ਸਮਾਧਾਂ ਦਾ ਦੀਦਾਰ ਮਨ ਨੂੰ ਕਿਸੇ ਸੋਗੀ ਅਵਸਥਾ ਵਿਚ ਪੁਚਾ ਦਿੰਦਾ ਸੀ। ਲਾਹੌਰ ਦਰਬਾਰ ਦਾ ਦੁਖਾਂਤ ਅੱਖਾਂ ਅੱਗੇ ਘੁੰਮ ਰਿਹਾ ਸੀ। ਮਹਾਰਾਜਾ ਦਲੀਪ ਸਿੰਘ ਨੂੰ ਵੀ ਅਲਪ ਆਯੂ ਵਿਚ ਹੀ ਗੱਦੀਉਂ ਉਤਾਰਿਆ ਜਾਂਦਾ ਹੈ। ਮਾਂ ਪੁੱਤਰ ਨਿਖੇੜ ਦਿੱਤੇ ਜਾਂਦੇ ਹਨ। ਬਾਲ ਮਹਾਰਾਜੇ ਨੂੰ ਪੰਜਾਬ ਬਦਰ ਕਰ ਦਿੱਤਾ ਗਿਆ। ਉਸ ਦੇ ਪੁਰਖਿਆਂ ਦਾ ਧਾਰਮਕ ਅਕੀਦਾ ਵੀ ਵਿਦੇਸ਼ੀਆਂ ਦੇ ਧਰਮ ਨੂੰ ਮਹਿਮਾ-ਮੰਡਿਤ ਕਰਕੇ ਉਸ ਤੋਂ ਖੋਹ ਲਿਆ। ਲੰਮੇ ਸਮੇਂ ਬਾਅਦ ਮਾਂ-ਪੁੱਤਰ ਕਲਕੱਤੇ ਅਤੇ ਫਿਰ ਵਲਾਇਤ ਇਕੱਠੇ ਹੁੰਦੇ ਹਨ। ਮਹਾਰਾਣੀ ਜਿੰਦਾਂ ਦੀ ਤ੍ਰਾਸਦੀ, ਹਾਰੀ ਹੋਈ ਕੌਮ ਦੀ ਤ੍ਰਾਸਦੀ ਬਣ ਜਾਂਦੀ ਹੈ।

ਅੰਤਿਮ ਮਹਾਰਾਜੇ ਦਲੀਪ ਸਿੰਘ ਦੀ ਹੋਣੀ ਚਿਤਵਦਾ ਮੈਂ ਉਸ ਦੇ ਵਿਸ਼ਵ ਵਿਖਿਆਤ ਬਾਪ ਅਤੇ ਵੱਡੇ ਭਰਾਵਾਂ ਦੀਆਂ ਸਮਾਧਾਂ ਦੀ ਪਰਿਕਰਮਾ ਕਰ ਰਿਹਾ ਸੀ। ਉਦੋਂ ਹੀ ਮੈਨੂੰ 1980-81 ਦਾ ਆਪਣਾ ਮਾਸਕੋ ਦਾ ਕਿਆਮ ਯਾਦ ਆਇਆ, ਜਿਥੋਂ ਮੈਂ ਉਹ ਹੋਟਲ ਲੱਭਣ ਦੀ ਅਸਫਲ ਕੋਸ਼ਿਸ਼ ਕੀਤੀ ਸੀ ਜਿਸ ਵਿਚ 1887 'ਚ ਮਹਾਰਾਜਾ ਦਲੀਪ ਸਿੰਘ ਰੂਸੀਆਂ ਨੂੰ ਅੰਗਰੇਜ਼ਾਂ ਵਿਰੁਧ ਜੰਗ ਦੇ ਮੈਦਾਨ ਵਿਚ ਉਤਾਰਨ ਲਈ ਗਿਆ ਸੀ।

# ਪੰਜਾਬੀ ਬਨਾਮ ਅੰਗਰੇਜ਼ੀ

ਦੋ ਕੁ ਸਾਲ ਪਹਿਲਾਂ ਨਵੰਬਰ ਵਿਚ ਪੰਜਾਬ ਗਈ। ਜਿਨ੍ਹਾਂ ਤੋਂ ਦੁੱਧ ਲੈਂਦੇ ਸੀ, ਸਵੇਰੇ ਸਾਝਰੇ ਹੀ ਉਨ੍ਹਾਂ ਦੇ ਘਰ ਦੁੱਧ ਲਈ ਕਹਿਣ ਚਲੀ ਗਈ। ਬਜ਼ੁਰਗ ਰਜਾਈ ਵਿਚ ਹੀ ਸੀ ਅਜੇ ਤੇ ਮੁੰਡਾ ਜਗਸੀਰ ਕਣਕ ਬੀਜਣ ਗਿਆ ਹੋਇਆ ਸੀ। ਨੂੰਹ ਡੰਗਰ-ਪਸ਼ੂ ਸਾਂਭ ਰਹੀ ਸੀ। ਮੇਰੇ ਹੁੰਦੇ ਹੀ ਮੁੰਡਾ ਵੀ ਖੇਤੋਂ ਆ ਗਿਆ। ਪਿਓ ਦੀ ਆਵਾਜ਼ ਸੁਣ ਕੇ ਉਸ ਦਾ ਛੋਟਾ ਮੁੰਡਾ ਉਠ ਕੇ ਆ ਗਿਆ। ਜਗਸੀਰ ਸਿਰਫ ਚਾਰ ਜਮਾਤਾਂ ਹੀ ਪੜ੍ਹਿਆ ਹੋਇਆ, ਪਰ ਬਹੁਤ ਮਿਹਨਤੀ ਤੇ ਈਮਾਨਦਾਰ ਹੈ। ਘਰ ਵਾਲੀ ਦਸ ਪੜ੍ਹੀ ਹੋਈ ਹੈ, ਚੰਗੇ ਘਰ ਦੀ ਕੁੜੀ।

ਸਤਿਨਾਮ ਆਪਣੇ ਮੁੰਡੇ ਨੂੰ ਕਹਿੰਦਾ, "ਜਾਹ ਪੁੱਤ, ਪਹਿਲਾਂ ਵਾਸ਼ਰੂਮ ਜਾ ਕੇ ਹੈਂਡ ਵਾਸ਼ ਕਰਕੇ ਆ।"

ਮੈਂ ਮਣਾਂਮੂੰਹੀ ਮਨ 'ਤੇ ਭਾਰ ਲੈ ਕੇ ਘਰ ਆ ਗਈ। ਸਾਰਾ ਦਿਨ ਘਰ-ਬਾਹਰ ਅੰਗਰੇਜ਼ੀ ਦੀ ਕਿਚੜ-ਕਿਚੜ ਤੋਂ ਜੀਅ ਅੱਕ ਜਾਂਦਾ, ਪੰਜਾਬੀ ਸੁਣਨ ਨੂੰ ਤਰਸ ਜਾਣੇ ਆਂ, ਆਹ ਕੀ!

-ਦਵਿੰਦਰ ਕੌਰ

## ਜੰਗ-ਏ-ਆਜ਼ਾਦੀ

# ਕਾਮਾਗਾਟਾ ਮਾਰੂ 'ਚੋਂ ਡਿੱਗੀ ਤਸਵੀਰ

***ਕਾਮਾਗਾਟਾ ਮਾਰੂ ਇਤਿਹਾਸ ਦਾ ਉਹ ਕਾਂਡ ਹੈ, ਜਿਸ ਦੀਆਂ ਤੰਦਾਂ ਦੇ ਪਾਸਾਰ ਅਨੇਕ ਹਨ। ਇਸ ਅੰਦਰ ਰੋਜ਼ੀ-ਰੋਟੀ ਦੀ ਤਲਾਸ਼ ਅਤੇ ਦੇਸ਼ ਭਗਤੀ ਦੇ ਜਜ਼ਬਾਤ ਇਕ-ਮਿੱਕ ਹੋਏ ਪਏ ਹਨ। ਵੱਖ-ਵੱਖ ਸ਼ਖਸੀਅਤਾਂ ਅਤੇ ਮਸਲਿਆਂ-ਮੁੱਦਿਆਂ ਬਾਰੇ ਦਸਤਾਵੇਜ਼ੀ ਫਿਲਮਾਂ ਬਣਾਉਣ ਵਾਲੇ ਉਘੇ ਸ਼ਾਇਰ ਜਸਵੰਤ ਦੀਦ ਨੇ ਕਾਮਾਗਾਟਾ ਮਾਰੂ ਨਾਲ ਜੁੜੀ ਇਕ ਤਸਵੀਰ ਦੇ ਬਹਾਨੇ ਜੋ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ, ਉਹ ਅਸਲੋਂ ਨਿਵੇਕਲੀਆਂ ਅਤੇ ਨਿਆਰੀਆਂ ਹਨ। ਇਹ ਗੱਲਾਂ ਪੜ੍ਹਦਿਆਂ ਪਾਠਕ ਜਿਗਿਆਸਾ ਵੱਸ ਕਿਸੇ ਅਣਗਾਹੇ ਸਫਰ ਉਤੇ ਨਿਕਲਿਆ ਮਹਿਸੂਸ ਕਰਦਾ ਹੈ। -ਸੰਪਾਦਕ***

ਜਦ ਪਹਿਲੀ ਵਾਰੀ ਇਹ ਨਾਂ ਪੜ੍ਹਿਆ ਤਾਂ ਅਰਥ ਸਮਝ ਨਾ ਆਏ। ਇਸ ਸ਼ਬਦ ਨੂੰ ਦੁਬਾਰਾ ਪੜ੍ਹਿਆ, ਸੰਧੀ-ਛੇਦ ਕਰਕੇ ਦੇਖਿਆ-ਕਾਮਾ, ਗਾਟਾ, ਮਾਰੂ। ਬੋਲ-ਬੋਲ ਕੇ ਦੇਖਿਆ, ਕਾਮਾ-ਗਾਟਾ-ਮਾਰੂ। ਕਾਮਾਗਾਟਾ ਮਾਰੂ। ਕਾਮਾਗਾਟਾ ਮਾਰੂ। ਕਾਮਾ ਮਤਲਬ ਕਾਮੇ, ਗਾਟਾ ਮਤਲਬ ਧੌਣ, ਮਾਰੂ ਮਤਲਬ ਮੌਤ; ਲੱਗਾ, ਇਹਦਾ ਮਤਲਬ ਹੈ, ਕਾਮਿਆਂ ਦੇ ਗਾਟੇ ਲਾਹ-ਲਾਹ ਮਾਰੇ ਗਏ। ਉਦੋਂ ਸ਼ਾਇਦ 10ਵੀਂ ਜਮਾਤ 'ਚ ਪੜ੍ਹਦਾ ਸੀ। ਇਸ ਨਾਂ ਦਾ ਹਵਾਲਾ ਕਿਤੇ ਪੜ੍ਹਿਆ ਤਾਂ ਇਹ ਨਾਂ ਕਿਸੇ ਸ਼ਹਿਰ ਦਾ ਲੱਗਦਾ ਸੀ। ਕਿਸੇ ਦੇਸ਼ ਜਾਂ ਕਿਸੇ ਜਗ੍ਹਾ ਦਾ ਪਰ ਪੜ੍ਹ ਕੇ ਪਤਾ ਲੱਗਾ, ਕਿਸੇ ਜਹਾਜ ਦਾ ਨਾਂ ਸੀ- ਕਾਮਾਗਾਟਾ ਮਾਰੂ। ਇਸ ਸ਼ਬਦ ਦੇ ਵਾਪਰਨ ਤੋਂ ਕੋਈ 100 ਸਾਲ ਬਾਅਦ ਇਸ ਨੂੰ ਫਿਰ ਤੋਂ ਸੁਣਿਆ ਤਾਂ ਮੈਨੂੰ ਉਹੀ 30-40 ਸਾਲ ਪਹਿਲਾਂ ਵਾਲਾ ਸਮਾਂ ਯਾਦ ਆ ਗਿਆ। ਮੈਂ ਆਪਣੇ ਆਪ ਨੂੰ ਬੜਾ ਸਮਝਾਉਂਦਾ ਹਾਂ ਕਿ ਹੁਣ ਤਾਂ ਮੈਨੂੰ



ਇਸ ਸ਼ਬਦ ਦੇ ਅਸਲੀ ਅਰਥ ਵੀ ਪਤਾ ਲਗ ਗਏ ਨੇ, ਮੈਂ ਇਸ ਬਾਰੇ ਅਨੇਕਾਂ ਲੇਖ ਅਤੇ ਕਿਤਾਬਾਂ ਵੀ ਦੇਖ ਲਈਆਂ ਨੇ, ਇਸ

**ਜਸਵੰਤ ਦੀਦ**

ਤੋਂ ਵੱਧ ਕੀ ਹੋ ਸਕਦਾ ਹੈ ਕਿ ਜਿਨ੍ਹਾਂ ਗਦਰੀ ਬਾਬਿਆਂ ਦਾ ਇਹ ਜਹਾਜ ਸੀ, ਉਨ੍ਹਾਂ ਬਾਰੇ ਚੰਗੀ-ਭਲੀ ਦਸਤਾਵੇਜ਼ੀ (ਡਾਕੂਮੈਂਟਰੀ) ਵੀ ਬਣਾ ਚੁਕਾ ਹਾਂ, ਪਰ ਅਜੇ ਵੀ ਇਸ ਸ਼ਬਦ ਨੂੰ ਮੁੜ-ਮੁੜ ਉਚਾਰ ਕੇ ਦੇਖਣ ਦੀ ਲੋੜ ਕਿਉਂ ਪੈ ਰਹੀ ਹੈ?

ਕਾਮਾਗਾਟਾ ਮਾਰੂ। ਸ਼ਾਇਦ ਇਸ ਸ਼ਬਦ 'ਚ ਕੋਈ ਰਹੱਸ ਹੈ, ਕੋਈ ਸੰਗੀਤ ਹੈ, ਕੋਈ ਸ਼ੋਰ ਹੈ, ਕੋਈ ਚੁੱਪ ਹੈ, ਕੋਈ ਦਰਦ ਹੈ, ਕੋਈ ਖੜਾਕ ਹੈ। ਇਸੇ ਲਈ ਇਹ ਉਚਾਰ ਹੈ- ਕਾਮਾਗਾਟਾ ਮਾਰੂ। ਇੰਨਾ ਕੁਝ ਪਤਾ ਹੋਣ ਦੇ ਬਾਵਜੂਦ ਪੜ੍ਹਨ, ਸੁਣਨ, ਲਿਖਣ ਪਿਛੋਂ ਵੀ ਮੈਨੂੰ 10ਵੀਂ ਜਮਾਤ 'ਚ ਪੜ੍ਹੇ ਤੇ ਹੈਰਾਨੀ ਵਿਚ ਉਚਾਰੇ ਸ਼ਬਦ-ਜੋੜਾਂ ਵਾਲਾ ਉਚਾਰ ਤੇ ਮਤਲਬ ਹੀ ਅੱਜ ਵੀ ਠੀਕ ਲਗਦਾ ਹੈ, ਕਾਮਾ-ਗਾਟਾ-ਮਾਰੂ; ਯਾਨਿ ਕਾਮਿਆਂ ਦੇ ਗਾਟੇ ਲਾਹ-ਲਾਹ ਮਾਰੇ ਗਏ; ਹਾਲਾਂਕਿ ਇਨ੍ਹਾਂ ਮੁਸਾਫਰਾਂ ਨੂੰ ਗਾਟੇ ਲਾਹ-ਲਾਹ ਨਹੀਂ ਮਾਰਿਆ ਗਿਆ ਸੀ ਸਗੋਂ ਗੋਲੀਆਂ ਨਾਲ ਭੁੰਨਿਆ ਗਿਆ ਸੀ। ਰੋਜ਼ੀ-ਰੋਟੀ ਕਮਾਉਣ ਗਿਆਂ ਨੂੰ ਵੈਨਕੂਵਰ ਸਮੁੰਦਰ ਦੇ ਕੰਢਿਓਂ ਭਾਰਤ ਮੋੜ ਦਿੱਤਾ ਗਿਆ ਸੀ। ਜਿਹੜੇ ਕੈਨੇਡਾ ਦੇ ਘਾਟ ਉਤਰ ਗਏ, ਮੌਤ ਦੇ ਘਾਟ ਉਤਾਰੇ ਗਏ। ਜਿਹੜੇ ਬਚ ਗਏ, ਉਹ ਸੀਸ-ਹੀਣ ਜਿਉਂਦੇ ਰਹੇ ਤਲੀਆਂ 'ਤੇ ਟਿਕੇ ਸੀਸ ਲੈ ਕੇ, ਤੇ ਇਹ ਸ਼ਬਦ ਇਤਿਹਾਸਕ ਅਰਥ ਲੈ ਕੇ ਅੱਜ ਤਕ ਗੂੰਜ ਰਿਹਾ ਹੈ, ਕਾਮਾਗਾਟਾ ਮਾਰੂ।

ਕੈਨੇਡਾ ਪੱਕੇ ਤੌਰ 'ਤੇ ਜਾਣ ਬਾਰੇ ਸੋਚ ਰਿਹਾ ਸਾਂ ਕਿ ਟੋਰਾਂਟੋ ਗਦਰ ਸ਼ਤਾਬਦੀ ਕਮੇਟੀ ਵਲੋਂ ਸੁਨੇਹਾ ਮਿਲਿਆ ਕਿ ਗਦਰੀ ਬਾਬਿਆਂ 'ਤੇ ਦਸਤਾਵੇਜ਼ੀ ਫਿਲਮ ਬਣਾਉਣ ਦੀ ਤਜਵੀਜ਼ ਹੈ। ਮਨ ਨੇ ਕਿਹਾ, ਇਸ ਨਾਲੋਂ ਭਲਾ ਕੰਮ ਹੋਰ ਕੀ ਹੋ ਸਕਦਾ ਹੈ ਭਲਾ? ਪਹੁੰਚ ਗਏ ਟੋਰਾਂਟੋ। ਹੋ ਗਈ ਸ਼ੁਰੂ ਡਾਕੂਮੈਂਟਰੀ। ਇਸ ਡਾਕੂਮੈਂਟਰੀ ਦੀ ਤਿਆਰੀ ਲਈ ਅਨੇਕ ਕਿਤਾਬਾਂ, ਰਸਾਲੇ, ਲੇਖ ਪੜ੍ਹੇ, ਗਦਰ ਲਹਿਰ ਦਾ ਇਤਿਹਾਸ ਦੇਖਿਆ। 'ਕਾਮਾਗਾਟਾ ਮਾਰੂ' 'ਤੇ ਰੌਸ਼ਨੀ ਪਈ।

ਕਾਮਾਗਾਟਾ ਮਾਰੂ ਦੀ ਘਟਨਾ ਦੱਖਣੀ ਅਮਰੀਕਾ ਵਿਚ ਏਸ਼ੀਅਨਾਂ ਦੇ ਪਰਵਾਸੀ ਇਤਿਹਾਸ ਦਾ ਅਹਿਮ ਵਰਕਾ ਹੈ। ਕੈਨੇਡਾ ਸਰਕਾਰ ਤੇ ਇਥੋਂ ਦੇ ਗੋਰੇ ਲੋਕ ਨਹੀਂ ਸਨ ਚਾਹੁੰਦੇ ਕਿ ਕਾਲੇ ਲੋਕ ਇਧਰ ਆਉਣ। ਕੈਨੇਡਾ ਵਿਚ ਭਾਰਤੀਆਂ ਦਾ ਦਾਖਲਾ ਬੰਦ ਕਰਨ ਲਈ ਗਵਰਨਰ ਜਨਰਲ ਨੇ ਕਾਨੂੰਨ ਦੀ ਦਫਾ 38 (ਏ) ਤਹਿਤ ਹੁਕਮ ਨੰਬਰ 220 ਪਾਸ ਕੀਤਾ, ਜੋ 9 ਮਈ 1910 ਨੂੰ ਲਾਗੂ ਹੋਇਆ। ਇਸ ਕਾਨੂੰਨ ਮੁਤਾਬਕ ਕੈਨੇਡਾ ਆਉਣ ਵਾਲੇ ਹਰ ਸ਼ਖਸ ਲਈ ਜ਼ਰੂਰੀ ਕਰ ਦਿੱਤਾ ਗਿਆ ਕਿ ਉਹ ਆਪਣੇ ਮੁਲਕ ਤੋਂ ਸਿੱਧਾ ਜਹਾਜ ਲੈ ਕੇ ਕੈਨੇਡਾ ਪੁੱਜੇ ਤੇ ਹਰ ਆਉਣ ਵਾਲਾ ਬੰਦਾ 200 ਡਾਲਰ ਦੀ ਕਰੰਸੀ ਨਾਲ ਲੈ ਕੇ ਆਵੇ। ਇਸ ਹੁਕਮ ਨਾਲ ਭਾਰਤੀਆਂ ਦਾ ਕੈਨੇਡਾ ਜਾਣਾ ਅਸੰਭਵ ਹੋ ਗਿਆ, ਕਿਉਂਕਿ ਇੰਡੀਆ ਤੋਂ ਕੋਈ ਵੀ ਜਹਾਜ ਉਸ ਵੇਲੇ ਸਿੱਧਾ ਕੈਨੇਡਾ ਨਹੀਂ ਸੀ ਆਉਂਦਾ।

ਮਸਲੇ ਦਾ ਹੱਲ ਕੱਢਣ ਲਈ ਸਿੰਗਾਪੁਰ ਰਹਿੰਦੇ ਪੰਜਾਬੀ ਵਪਾਰੀ ਗੁਰਦਿੱਤ ਸਿੰਘ ਸਰਹਾਲੀ ਨੇ ਸਕੀਮ ਕੱਢੀ। ਉਸ ਨੇ ਵਪਾਰਕ ਨੁਕਤੇ ਤੋਂ ਕੰਪਨੀ ਬਣਾਈ ਜਿਸ ਦਾ ਨਾਂ ਰੱਖਿਆ ਗੁਰੂ ਨਾਨਕ ਜਹਾਜ ਕੰਪਨੀ ਅਤੇ ਇਸ ਦੇ ਨਾਂ ਹੇਠ ਜਹਾਜ ਕਿਰਾਏ 'ਤੇ ਲਿਆ। ਜਹਾਜ 4 ਅਪਰੈਲ 1914 ਨੂੰ ਹਾਂਗਕਾਂਗ ਤੋਂ 376 ਮੁਸਾਫਰ ਲੈ ਕੇ ਕੈਨੇਡਾ ਲਈ ਚੱਲ ਪਿਆ। ਗੁਰੂ ਨਾਨਕ ਜਹਾਜ ਕੰਪਨੀ ਦੇ ਕਿਰਾਏ 'ਤੇ ਲਏ ਇਸੇ ਜਹਾਜ ਦਾ ਨਾਂ ਸੀ, ਕਾਮਾਗਾਟਾ ਮਾਰੂ, ਜਿਸ ਰਾਹੀਂ ਗੁਰਦਿੱਤ ਸਿੰਘ ਨੇ ਆਪਣੀ ਕਮਾਈ ਕਰਨ ਦਾ ਵੀ ਸਾਧਨ ਬਣਾਇਆ ਅਤੇ ਨਾਲ ਹੀ ਆਪਣੇ ਪੰਜਾਬੀ ਭਾਈਚਾਰੇ ਨੂੰ ਕੈਨੇਡਾ ਪਹੁੰਚਾਉਣ ਦਾ ਵੀ ਇੰਤਜ਼ਾਮ ਕਰ ਲਿਆ। ਇਸ ਜਹਾਜ ਵਿਚ ਰੰਗ-ਬਰੰਗੇ ਭਾਰਤੀ ਮੁਸਾਫਰ ਕੈਨੇਡਾ ਲਈ ਰਵਾਨਾ ਹੋਏ। ਜਹਾਜ ਸ਼ੰਘਈ (ਚੀਨ) ਤੇ ਯੋਕੋਹਾਮਾ (ਜਾਪਾਨ) ਵਿਚ ਦੀ ਹੁੰਦਾ ਕੈਨੇਡਾ ਵਲ ਵਧਿਆ।

ਜਹਾਜ ਵਿਚ 21 ਮੁਸਲਿਮ ਮੁਸਾਫਰਾਂ ਤੋਂ ਇਲਾਵਾ ਬਾਕੀ ਦੇ ਕਰੀਬ ਸਾਰੇ ਮੁਸਾਫਰ ਸਿੱਖ ਮਰਦ ਸਨ। ਇਹ ਜਹਾਜ ਉਸ ਵੇਲੇ ਗਦਰ ਲਹਿਰ ਨਾਲ ਭਰਿਆ ਜਹਾਜ ਨਹੀਂ ਸੀ, ਸਗੋਂ ਇਹ ਤਾਂ ਵਿਚਾਰੇ ਰੋਜ਼ੀ-ਰੋਟੀ ਲਈ ਪਰਦੇਸਾਂ ਵਿਚ ਭਟਕਣ ਲਈ ਜਾ ਰਹੇ ਆਲੇ-ਭੋਲੇ ਮਾਸੂਮ ਮਜ਼ਦੂਰਾਂ ਨਾਲ ਭਰਿਆ ਜਹਾਜ ਸੀ, ਪਰ ਇਸ ਜਹਾਜ ਦੇ ਮੁਸਾਫਰਾਂ ਨੂੰ ਭਾਈ ਭਗਵਾਨ ਸਿੰਘ ਤੇ ਮੌਲਵੀ ਬਰਕਤ ਉਲਾ ਵਰਗੇ ਦੇਸ਼ ਭਗਤ ਯੋਕੋਹਾਮਾ ਵਿਖੇ ਮਿਲੇ, ਜਿਨ੍ਹਾਂ ਨੇ ਮੁਸਾਫਰਾਂ ਨੂੰ ਕੈਨੇਡਾ ਤੇ ਅਮਰੀਕਾ ਵਿਚ ਚੱਲ ਰਹੇ ਹਾਲਾਤ ਤੋਂ ਵਾਕਫ ਕਰਵਾਇਆ। ਹਰ ਬੰਦਰਗਾਹ 'ਤੇ ਮੁਸਾਫਰਾਂ ਵਿਚ ਗਦਰੀ ਸਾਹਿਤ ਵੰਡਿਆ ਜਾਂਦਾ ਰਿਹਾ। ਇਸ ਨਾਲ ਮੁਸਾਫਰ ਦੇਸ਼ ਦੀ ਆਜ਼ਾਦੀ ਲਹਿਰ ਬਾਰੇ ਚੇਤੰਨ ਜ਼ਰੂਰ ਹੋਏ ਪਰ ਰੋਜ਼ੀ-ਰੋਟੀ ਉਨ੍ਹਾਂ ਦਾ ਮੁੱਖ ਮੁੱਦਾ ਸੀ। ਅੱਖਾਂ ਵਿਚ ਡਾਲਰ ਕਮਾਉਣ ਦੀ ਚਮਕ ਲੈ ਕੇ ਇਹ ਮੁਸਾਫਰ ਪਾਣੀ ਵਾਲੇ ਜਹਾਜ ਦੀਆਂ ਛੱਲਾਂ ਦੀ ਆਵਾਜ਼ ਵਿਚ ਸੌਂਦੇ ਜਾਗਦੇ ਆਖਰ 23 ਮਈ 1914 ਨੂੰ ਕੈਨੇਡਾ ਵਿਚ ਵੈਨਕੂਵਰ ਜਾ ਪੁੱਜੇ ਪਰ ਮੁਸਾਫਰਾਂ ਦੀਆਂ ਉਣੀਂਦੀਆਂ ਅੱਖਾਂ ਇਕਦਮ ਹੈਰਾਨੀ ਨਾਲ ਭਰ ਗਈਆਂ ਜਦੋਂ ਕੈਨੇਡਾ ਸਰਕਾਰ ਨੇ ਸਮੁੰਦਰ ਕੰਢੇ ਲੱਗੇ ਜਹਾਜ ਵਿਚੋਂ ਕਿਸੇ ਵੀ ਮੁਸਾਫਰ ਨੂੰ ਉਤਰਨ ਦੀ ਇਜਾਜ਼ਤ ਨਾ ਦਿੱਤੀ। ਜਹਾਜ ਵਿਚ ਸਵਾਰ ਸਾਰੇ 376 ਮੁਸਾਫਰਾਂ ਦਾ ਕੈਨੇਡਾ ਵਿਚ ਦਾਖਲਾ ਬੰਦ!

ਜਹਾਜ ਵਿਚ ਖਲਬਲੀ ਮਚ ਗਈ। ਰੋਹ ਦੀਆਂ ਚਿਣਗਾਂ ਫੁੱਟਣ ਲੱਗੀਆਂ। ਫੈਸਲਾ ਕਰਨ ਲਈ ਕਮੇਟੀ ਬਣਾਈ ਗਈ। ਇਸ ਵਿਚ ਬਲਵੰਤ ਸਿੰਘ, ਹੁਸੈਨ ਰਹੀਮ ਤੇ ਸੋਹਣ ਲਾਲ ਪਾਠਕ ਮੈਂਬਰ ਬਣੇ। ਵੈਨਕੂਵਰ ਵਿਚ ਕੋਈ 400 ਭਾਰਤੀ ਅਤੇ 150 ਗੋਰੇ, ਇਨ੍ਹਾਂ ਮੁਸਾਫਰਾਂ ਦੇ ਹੱਕ ਵਿਚ ਇਕੱਠੇ ਹੋਏ। ਨਤੀਜਾ ਕੋਈ ਨਾ ਨਿਕਲਿਆ ਸਗੋਂ ਜਹਾਜ ਨੂੰ ਵਾਪਸ ਲਿਜਾਣ ਦੇ ਹੁਕਮ ਦਿਤੇ ਗਏ। ਹੁਕਮ ਨਾ ਮੰਨੇ ਜਾਣ 'ਤੇ 'ਸੀ ਲਾਇਨ' ਨਾਂ ਦੇ ਜਹਾਜ ਵਿਚ ਮੁਸਾਫਰਾਂ ਨੂੰ ਧੱਕੇ ਨਾਲ ਚਾੜ੍ਹ ਕੇ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਪਰ ਮੁਸਾਫਰਾਂ ਨੇ ਇੰਜ ਨਾ ਹੋਣ ਦਿੱਤਾ। ਕੈਨੇਡੀਅਨ ਪੁਲਿਸ ਤੇ ਮੁਸਾਫਰਾਂ ਵਿਚਕਾਰ ਝੜਪਾਂ ਸ਼ੁਰੂ ਹੋ ਗਈਆਂ। ਜਹਾਜ ਅੰਦਰ ਲੜਾਈ ਚੱਲੀ। ਮੁਸਾਫਰਾਂ ਨੇ ਇੱਟਾਂ ਤੇ ਕੋਲਿਆਂ ਨਾਲ ਕੈਨੇਡੀਅਨ ਪੁਲਿਸ ਦਾ ਮੁਕਾਬਲਾ ਕੀਤਾ। 'ਰੇਨਬੋ' ਨਾਂ ਦੇ ਵੱਡੇ ਜਹਾਜ ਨੂੰ ਕਾਮਾਗਾਟਾ ਮਾਰੂ ਲਾਗੇ ਖੜ੍ਹਾ ਕਰਕੇ ਪੁਲਿਸ ਨੇ ਮੁਸਾਫਰਾਂ ਵੱਲ ਤੋਪਾਂ ਸੇਧ ਦਿੱਤੀਆਂ। ਮੁਸਾਫਰ ਤਾਂ ਵੀ ਡਟੇ ਰਹੇ। ਲੋਕਾਂ ਨੇ ਪੈਸੇ ਇਕੱਠੇ ਕਰਕੇ ਸਰਕਾਰ ਖਿਲਾਫ ਮੁਕੱਦਮਾ ਕੀਤਾ।

ਜਹਾਜ ਵੈਨਕੂਵਰ ਦੇ ਪਾਣੀਆਂ ਕੰਢੇ ਰੁਕਿਆ ਰਿਹਾ। ਭੁੱਖਣ-ਭਾਣੇ ਮੁਸਾਫਰਾਂ ਨੇ ਰਾਸ਼ਨ ਲਈ ਹਾਅ ਦਾ ਨਾਹਰਾ ਮਾਰਿਆ। ਮਜਬੂਰਨ ਸਰਕਾਰ ਨੂੰ ਰਾਸ਼ਨ ਮੁਹੱਈਆ ਕਰਨਾ ਪਿਆ। ਰੁਕੇ ਜਹਾਜ ਦੀ ਇਹ ਜਦੋ-ਜਹਿਦ ਦੋ ਮਹੀਨੇ ਚੱਲਦੀ ਰਹੀ। ਆਖਰ ਮੁਸਾਫਿਰ ਮੁਕੱਦਮਾ ਹਾਰ ਗਏ ਤੇ ਅੰਤ 23 ਜੁਲਾਈ 1914 ਨੂੰ ਸਭ ਨੂੰ ਵਾਪਸੀ ਦੇ ਹੁਕਮ ਹੋ ਗਏ। ਕੈਨੇਡਾ ਦੇ ਭਾਰਤੀਆਂ ਨੇ 60 ਹਜ਼ਾਰ ਡਾਲਰ ਇਕੱਠੇ ਕਰਕੇ ਮਦਦ ਵਜੋਂ ਦਿਤੇ, ਜੋ ਜਹਾਜ ਦੇ ਕਿਰਾਏ ਲਈ ਸਨ। ਜਹਾਜ ਵਾਪਸ ਚਲਾ ਗਿਆ। ਇਨ੍ਹਾਂ ਮੁਸਾਫਰਾਂ ਨਾਲ ਜੁੜੇ ਹਜ਼ਾਰਾਂ ਲੋਕਾਂ ਦੇ ਸੁਪਨੇ ਤਬਾਹ ਹੋ ਗਏ।

26 ਸਤੰਬਰ 1914 ਨੂੰ ਇਹ ਜਹਾਜ ਡਾਇਮੰਡ ਬੰਦਰਗਾਹ ਕਲਕੱਤਾ ਪੁੱਜਾ। ਜਹਾਜ ਦੀ ਤਲਾਸ਼ੀ ਲਈ ਗਈ। ਕੁਝ ਇਤਰਾਜ਼ਯੋਗ ਨਾ ਮਿਲਿਆ। 29 ਸਤੰਬਰ ਨੂੰ ਜਹਾਜ ਬਜ ਬਜ ਘਾਟ ਕਲਕੱਤੇ ਆ ਲੱਗਾ। ਸਭ ਮੁਸਾਫਰਾਂ ਨੂੰ ਉਤਰਨ ਦਾ ਹੁਕਮ ਹੋਇਆ। 17 ਮੁਸਾਫਰ ਉਤਰ ਗਏ ਪਰ ਬਾਕੀਆਂ ਨੇ ਕਲਕੱਤੇ ਜਾਣ ਦੀ ਜ਼ਿਦ ਕੀਤੀ। ਪੁਲਿਸ ਨੇ ਹੁਕਮ ਨਾ ਮੰਨੇ ਜਾਣ 'ਤੇ ਗੋਲੀ ਚਲਾ ਦਿੱਤੀ। 19 ਮੁਸਾਫਰ ਮਾਰੇ ਗਏ ਤੇ 96 ਮੁਸਾਫਰਾਂ ਨੂੰ ਫੜ ਕੇ ਜੇਲ੍ਹ 'ਚ ਪਾ ਦਿੱਤਾ। ਕੁਝ ਇਕ ਨੂੰ ਜੇਲ੍ਹ 'ਚ ਕੁੱਟ-ਕੁੱਟ ਕੇ ਮਾਰ ਦਿੱਤਾ। ਕੁਝ ਮੁਸਾਫਰ ਬਚ ਕੇ ਨਿਕਲ ਗਏ। ਗੁਰਦਿੱਤ ਸਿੰਘ ਸਰਹਾਲੀ ਵੀ ਇਨ੍ਹਾਂ ਬਚ ਕੇ ਨਿਕਲਣ ਵਾਲਿਆਂ 'ਚੋਂ ਸੀ। ਉਹ ਕਰੀਬ 7 ਸਾਲ ਰੂਪੋਸ਼ ਰਿਹਾ।



ਕਾਮਾਗਾਟਾ ਮਾਰੂ ਡਾਕੂਮੈਂਟਰੀ ਦੀ ਸਕ੍ਰਿਪਟ 'ਤੇ ਕੰਮ ਕਰਨ ਪਿਛੋਂ ਸ਼ੂਟਿੰਗ ਲਈ ਟੋਰਾਂਟੋ, ਵੈਨਕੂਵਰ, ਅਮਰੀਕਾ ਘੁੰਮਦਾ ਘੁਮਾਉਂਦਾ ਗਦਰ ਲਹਿਰ ਦੀਆਂ ਤਹਿਆਂ ਫਰੋਲਦਾ ਆਖਰ ਕੁੱਲ ਸ਼ੂਟਿੰਗ ਦੀ ਰਿਕਾਰਡਿੰਗ ਵਾਲਾ ਡਾਟਾ ਲੈ ਮੈਂ ਪਹੁੰਚ ਗਿਆ ਐਡਿਟਿੰਗ ਟੇਬਲ 'ਤੇ। ਵੱਖ-ਵੱਖ ਸਟਿੱਲ ਤਸਵੀਰਾਂ ਨੂੰ ਇਕ ਥਾਂ ਵੱਖਰੇ ਫੋਲਡਰ 'ਚ ਰੱਖਦਿਆਂ ਇਕ ਫੋਟੋ 'ਤੇ ਨਜ਼ਰ ਅਟਕ ਗਈ, ਬੱਸ ਅਟਕੀ ਹੀ ਰਹਿ ਗਈ। ਫਰੇਮ ਸਟਿਲ ਕਰ ਦਿੱਤਾ ਇਸ ਤਸਵੀਰ ਵਾਲਾ। ਵਾਰ-ਵਾਰ ਲਏ ਇਸ ਫੋਟੋ ਦੇ ਵੱਖ-ਵੱਖ ਐਂਗਲ ਰੀਵਾਂਈਡ ਫਾਰਵਰਡ ਕਰ-ਕਰ ਦੇਖਣ ਲੱਗਾ। ਫੋਟੋ 'ਚ ਜਾਨ ਪੈ ਗਈ ਜਿਵੇਂ। ਇਹ ਮਰੇ ਬੰਦਿਆਂ ਦੀ ਫੋਟੋ ਸੀ, ਪਰ ਇਹ ਬੰਦੇ ਜਿਉਂ ਕਿਵੇਂ ਪਏ? ਜਾਂ ਇਹ ਮਰੇ ਹੀ ਮੇਰੀ ਵੱਲ ਝਾਕੀ ਜਾ ਰਹੇ ਨੇ? ਫੋਟੋ ਵਿਚ ਇਕ ਬਜੁਰਗ, ਇਕ ਬੱਚਾ, ਸਾਹਮਣੇ ਝਾਕ ਰਹੇ ਨੇ। ਬੱਸ। ਸ਼ਾਇਦ ਕੈਮਰੇ 'ਚ ਝਾਕ ਰਹੇ ਨੇ ਜਾਂ ਖਲਾਅ 'ਚ ਝਾਕ ਰਹੇ ਨੇ, ਕੀ ਦੇਖ ਰਹੇ ਨੇ? ਵਾਂਢੇ ਚੱਲੇ ਨੇ ਸ਼ਾਇਦ। ਬਜੁਰਗ ਦਾ ਦਾੜ੍ਹਾ ਖੁੱਲ੍ਹਾ ਹੈ। ਗਲਮੇ ਕੋਟ ਹੈ। ਰੋਅਬਦਾਰ ਬੰਦਾ, ਨਾਲ ਉਹਦੇ ਬੱਚਾ ਹੈ। ਕੁੜਤਾ ਪਜਾਮਾ ਪਾ ਕੇ ਸਿਰ 'ਤੇ ਖੁੱਲ੍ਹੀ ਸਫੇਦ ਦਸਤਾਰ ਸਜਾ ਕੇ ਖਲੋਤਾ। ਪਤਾ ਨਹੀਂ ਇਹ ਕੱਪੜੇ, ਫੋਟੋ ਖਿਚਵਾਉਣ ਖਾਤਰ ਹੀ ਪਾਏ ਹੋਣ, ਜਾਂ ਵਾਂਢੇ ਜਾਣ ਲੱਗਿਆਂ, ਕਿਸੇ ਨੇ ਕਿਹਾ ਹੋਵੇ, ਠਹਿਰੋ! ਪਹਿਲਾਂ ਫੋਟੋ ਖਿਚਵਾ ਲਓ!

ਫੋਟੋ ਵਿਚ ਬਜੁਰਗ ਤੇ ਬੱਚਾ ਹੈਰਾਨ ਖੜ੍ਹੇ ਨੇ। ਮੈਂ ਹੈਰਾਨ ਹੋਇਆ ਫੋਟੋ ਨੂੰ ਅੱਗੇ ਪਿੱਛੇ ਕਰਕੇ ਦੇਖ ਰਿਹਾ ਹਾਂ। ਘੋਖਣ 'ਤੇ ਪਤਾ ਲੱਗਾ, ਇਹ ਫੋਟੋ ਗੁਰਦਿੱਤ ਸਿੰਘ ਸਰਹਾਲੀ ਦੀ ਹੈ ਪਰ ਨਾਲ ਖੜ੍ਹਾ ਬੱਚਾ ਕੌਣ ਹੈ? ਇਸ ਬੱਚੇ ਨੇ ਮੇਰੇ ਅੱਗੇ ਪ੍ਰਸ਼ਨਾਂ ਦਾ ਢੇਰ ਲਾ ਦਿੱਤਾ ਹੈ। ਮੇਰਾ ਮੂੰਹ ਇਕ ਸਦੀ ਪਿੱਛੇ ਘੁਮਾ ਦਿੱਤਾ ਹੈ। ਮੇਰਾ ਸਾਰਾ ਕੁਝ ਇਸ ਫੋਟੋ ਦੀ ਹੈਰਾਨੀ ਖੋਹ ਕੇ ਲੈ ਗਈ ਹੈ। ਗਦਰ ਲਹਿਰ ਬਾਰੇ ਬਣਾਈ ਡਾਕੂਮੈਂਟਰੀ 'ਚੋਂ ਇਹ ਹੈਰਾਨੀ ਹੀ ਮੇਰੀ ਕਮਾਈ ਹੈ। ਪਰਦੇਸ ਕਮਾਉਣ ਗਏ ਇਸ ਫੋਟੋ ਵਿਚਲਿਆਂ ਦੀ ਹੈਰਾਨੀ ਹੀ ਮੇਰੀ ਕਮਾਈ ਹੈ। ਫੋਟੋ ਵਿਚਲਿਆਂ ਨੂੰ ਵੀ ਹੈਰਾਨੀ ਤੋਂ ਵੱਧ ਕੁਝ ਹੱਥ ਨਹੀਂ ਲੱਗਾ ਸੀ। ਕਿਉਂ ਹੈ ਇਹ ਬੱਚਾ ਫੋਟੋ ਵਿਚ? ਕੀ ਇਹ ਕਾਮਾਗਾਟਾ ਮਾਰੂ ਦਾ ਮੁਸਾਫਰ ਸੀ? ਇਹ ਪਰਦੇਸ ਕਮਾਈ ਕਰਨ ਚੱਲਿਆ ਕਿ ਚੋਰੀ ਜਹਾਜ ਵਿਚ ਚੜ੍ਹ ਆਇਆ? ਇਹ ਫੋਟੋ ਐਡਿਟਿੰਗ ਟੇਬਲ 'ਤੇ ਮੈਂ ਫਰੇਮ ਫਰੀਜ਼ ਕਰਕੇ ਛੱਡ ਦਿੱਤੀ, ਜੋ ਮੇਰੇ ਦਿਮਾਗ 'ਚ ਟੰਗੀ ਗਈ ਹੈ। ਇੰਨੀ ਹੈਰਾਨੀ ਮੈਂ ਸਾਰੀ ਉਮਰ ਨਾ ਕਿਸੇ ਦੀ ਫੋਟੋ 'ਚ ਦੇਖੀ, ਨਾ ਕਿਸੇ ਬੱਚੇ ਦੀਆਂ ਅੱਖਾਂ ਅੰਦਰ। ਨਾ ਕਿਸੇ ਜਿਉਂਦੇ ਦੀਆਂ, ਨਾ ਮੋਏ ਦੀਆਂ ਅੱਖਾਂ ਅੰਦਰ। ਨਾ ਕਿਸੇ ਕੈਦੀ ਨਾ ਕਿਸੇ ਕਾਤਲ, ਨਾ ਸਰਾਭੇ, ਨਾ ਭਗਤ ਸਿੰਘ ਦੀਆਂ ਅੱਖਾਂ ਅੰਦਰ। ਨਾ ਦੇਸ਼ ਆਜ਼ਾਦੀ ਦੇ ਕੁੱਲ ਪਰਵਾਨਿਆਂ ਦੀਆਂ ਕੁੱਲ ਨਜ਼ਰਾਂ ਅੰਦਰ ਤੇ ਨਾ ਹੀ ਕਾਮਾਗਾਟਾ ਮਾਰੂ ਦੇ ਤਮਾਮ ਮੁਸਾਫਰਾਂ ਦੀਆਂ ਅੱਖਾਂ ਅੰਦਰ!

ਕੀ ਇਸ ਹੈਰਾਨੀ ਦਾ ਨਾਮ ਹੀ ਹੈ, ਕਾਮਾਗਾਟਾ ਮਾਰੂ! ਫੋਟੋ ਵਿਚਲੇ ਬੱਚੇ ਦੀ ਉਮਰ ਕੋਈ 8-9 ਸਾਲ। ਰੰਗ ਗੰਦਮੀ। ਸਿਰ 'ਤੇ ਮੜਾਸਾ। ਅੱਖਾਂ ਮੋਟੀਆਂ। ਕੱਦ ਕੋਈ 3 ਫੁੱਟ। ਸਫੇਦ ਰੰਗ ਦਾ ਕੁੜਤਾ ਪਜਾਮਾ ਪਹਿਨਿਆ ਹੋਇਆ। ਇਹ ਲਿਖਦਿਆਂ ਲਗ ਰਿਹਾ ਹੈ, ਮੈਂ ਟੀ. ਵੀ. ਲਈ ਗੁਆਚੇ ਦੀ ਭਾਲ ਦਾ ਇਸ਼ਤਿਹਾਰ ਦੇ ਰਿਹਾ ਹਾਂ। ਇਕ ਸਦੀ ਬਾਅਦ ਵੀ ਕੋਈ ਪਤਾ ਨਹੀਂ ਕੌਣ ਹੈ ਇਹ ਬੱਚਾ? ਤਸਵੀਰ ਵਿਚੋਂ ਨਿਕਲ ਇਹ ਬੱਚਾ ਮੇਰੇ ਮਗਰ ਪੈ ਗਿਆ ਹੈ! ਕਹਿੰਦਾ ਹੈ, ਮੈਨੂੰ ਲੱਭ! ਦੱਸ ਮੈਂ ਕੌਣ ਹਾਂ! ਕਿਥੋਂ ਆਇਆ ਤੇ ਕਿਥੇ ਗਿਆ? ਕਾਮਾਗਾਟਾ ਮਾਰੂ ਬਾਰੇ ਸੌ ਸਾਲਾਂ ਤੋਂ ਗੱਲਾਂ ਕਰੀ ਜਾਂਦੇ ਹੋ, ਮੇਰੇ ਬਾਰੇ ਕਿਸੇ ਨੂੰ ਕੋਈ ਖਿਆਲ ਨਹੀਂ?

ਇਕ ਵਾਰੀ ਮੈਂ ਨੰਗਲਾਂ ਦੇ ਮੇਲੇ 'ਚ ਆਪਣੇ ਨਾਨੇ ਨਾਲ ਖਿਚਵਾਈ ਸੀ ਇਸੇ ਤਰ੍ਹਾਂ ਫੋਟੋ। ਕਾਲੇ ਕੱਪੜੇ ਵਾਲੇ ਕੈਮਰੇ ਮੂਹਰੇ ਅਸੀਂ ਗੋਡਿਆਂ 'ਤੇ ਹੱਥ ਰੱਖੀ ਕੁਰਸੀਆਂ 'ਤੇ ਬੈਠੇ ਹਾਂ, ਨਾਨਾ-ਦੋਹਤਾ। ਪਿੱਛੇ ਪਰਦਾ ਲੱਗਾ ਹੋਇਆ, ਲਾਲ ਨੀਲੇ ਰੰਗ ਦਾ, ਤੇ ਉਹਦੇ 'ਤੇ ਵੱਡੇ ਜਹਾਜ ਦੀ ਫੋਟੋ। ਕੀ ਪਤਾ, ਉਹ ਫੋਟੋ ਕਾਮਾਗਾਟਾ ਮਾਰੂ ਦੀ ਹੀ ਹੋਵੇ। ਇਸ ਫੋਟੋ ਵਿਚ ਵੀ ਮੈਨੂੰ ਲੱਗਦਾ, ਨਾਨਾ ਦੋਹਤਾ ਨਾਲ-ਨਾਲ ਖਲੋਤੇ ਨੇ। ਸੋਚਦਾ ਹਾਂ, ਫੋਟੋ ਵਿਚਲੇ ਮੁੰਡੇ ਦੀ ਮਾਂ ਨੇ ਮੁਸਾਫਰ ਪੁੱਤ ਲਈ ਨਵਾਂ ਕੁੜਤਾ ਪਜਾਮਾ ਹੱਥੀਂ ਸਿਉਂਤਾ ਹੋਣਾ। ਲਾਲਿਆਂ ਦੀ ਦੁਕਾਨ ਤੋਂ ਵੱਡੀ ਪੱਗ ਖਰੀਦੀ ਹੋਣੀ। ਮੁਸਾਫਰ ਬੱਚਾ ਗਲੀ ਦੇ ਆਪਣੇ ਦੋਸਤਾਂ ਨੂੰ ਦੱਸ ਰਿਹਾ ਹੋਣਾ ਕਿ ਉਹ ਨਾਨੇ ਨਾਲ ਪਾਣੀ ਵਾਲੇ ਜਹਾਜ ਵਿਚ ਜਾਵੇਗਾ। ਸਮੁੰਦਰ ਦੇਖੇਗਾ! ਬੱਚੇ ਹੈਰਾਨ ਨੇ। ਜਾਣ ਦਾ ਦਿਨ ਆ ਗਿਆ ਹੈ। ਪਿੰਡੋਂ ਤੁਰਨ ਲੱਗਿਆਂ ਮਾਂ ਨੇ ਜੱਫੀ 'ਚ ਲੈ ਕੇ ਦੋਹਤੇ ਨੂੰ ਚੁੰਮਿਆ, ਗਲਵਕੜੀ 'ਚ ਲਿਆ ਹੈ। ਅੱਖਾਂ 'ਚੋਂ ਅੱਥਰੂ ਪਰਲ-ਪਰਲ ਵਗ ਤੁਰੇ ਨੇ। ਮਾਂ ਨੇ ਤਾਂ ਕਦੇ ਆਪਣੇ ਪੁੱਤ ਨੂੰ ਪਿੰਡੋਂ ਬਾਹਰ ਨਹੀਂ ਭੇਜਿਆ ਤੇ ਇਹ ਸਮੁੰਦਰੋਂ ਪਾਰ ਜਾ ਰਿਹਾ ਸੀ। ਸੱਤ ਸਮੁੰਦਰੋਂ ਪਾਰ! ਪਰਦੇਸ! ਕਹਿੰਦਿਆਂ ਮਾਂ ਦਾ ਕਾਲਜਾ ਮੂੰਹ ਨੂੰ ਆ ਗਿਆ ਹੈ। ਕੋਲ ਖੜ੍ਹੇ ਨਾਨੇ ਦੀ ਵੀ ਅੱਖ ਭਰ ਆਈ ਹੈ। ਅੱਧਾ ਪਿੰਡ ਨਾਨੇ ਦੋਹਤੇ ਨੂੰ ਟਾਂਗੇ 'ਚ ਬਿਠਾਉਣ ਆਇਆ ਹੈ। ਟਾਂਗੇ 'ਚ ਦੋਹਤਾ ਮਾਸੂਮ ਪੰਛੀ ਵਾਂਗ ਨਾਨੇ ਨਾਲ ਬੈਠਾ ਹੈ। ਟਾਂਗੇ ਦੀ ਟਾਪ ਉਨ੍ਹਾਂ ਨੂੰ ਟੇਸ਼ਣ ਵੱਲ ਲੈ ਗਈ ਹੈ। ਗੱਡੀ ਨੇ ਉਨ੍ਹਾਂ ਨੂੰ ਉਥੇ ਲੈ ਜਾਣਾ ਹੈ, ਜਿਥੋਂ ਉਨ੍ਹਾਂ ਨੇ ਪਾਣੀ ਵਾਲੇ ਜਹਾਜ 'ਚ ਬੈਠਣਾ ਹੈ ਤੇ ਜਿਸ ਜਹਾਜ 'ਚ ਬੈਠਣਾ ਹੈ, ਉਸ ਦਾ ਨਾਂ ਹੈ ਕਾਮਾਗਾਟਾ ਮਾਰੂ! ਤੇ ਕਾਮਾਗਾਟਾ ਮਾਰੂ ਨੇ ਉਨ੍ਹਾਂ ਨੂੰ ਲੈ ਕੇ ਜਾ ਪਹੁੰਚਣਾ ਹੈ, ਕੈਨੇਡਾ।

ਸਮੁੰਦਰ ਕਿਨਾਰੇ ਲੱਗੇ ਜਹਾਜ 'ਚ ਚੜ੍ਹਨ ਤੋਂ ਪਹਿਲਾਂ ਫੋਟੋ ਖਿੱਚੀ ਗਈ ਹੋਵੇਗੀ, ਬਲੈਕ ਐਂਡ ਵਾਈਟ। ਇਹੀ ਹੈ ਉਹ ਫੋਟੋ। ਦੋਹਤਾ ਸਮੁੰਦਰ ਸਾਹਮਣੇ ਖੜ੍ਹੇ ਜਹਾਜ ਨੂੰ ਹੈਰਾਨੀ ਨਾਲ ਦੇਖ ਰਿਹਾ ਹੈ। ਫੋਟੋ ਖਿੱਚੀ ਗਈ ਹੈ ਤੇ ਨਾਨਾ-ਦੋਹਤਾ ਜਹਾਜ 'ਚ ਚੜ੍ਹ ਗਏ ਨੇ। ਦੋਵੇਂ ਨਾਲੋ-ਨਾਲ ਬੈਠ ਗਏ ਨੇ ਸੀਟਾਂ 'ਤੇ। ਜਹਾਜ ਦੀ ਸੀਟ ਹੇਠ ਮਾਂ ਦੀਆਂ ਬਣਾਈਆਂ ਪਿੰਨੀਆਂ ਦੀ ਛੋਟੀ ਜਿਹੀ ਪੀਪੀ ਹੈ। ਬੱਚਾ ਪੀਪੀ ਖੋਲ੍ਹ ਕੇ ਪਿੰਨੀਆਂ ਖਾਣ ਲੱਗ ਪਿਆ ਹੈ। ਨਾਨੇ ਨੇ ਦੋਹਤੇ ਦੇ ਝੱਗੇ 'ਤੇ ਡਿੱਗੀ ਭੂਰ-ਚੂਰ ਸਾਫ ਕੀਤੀ ਹੈ। ਸਿਰ 'ਤੇ ਬੰਨ੍ਹੀ ਪੱਗ ਸਵਾਰੀ ਹੈ। ਬਾਹਰ ਸਮੁੰਦਰ ਦੀਆਂ ਛੱਲਾਂ ਨੇ। ਜਹਾਜ ਮਜ਼ੂਰੀ ਲਈ ਪਰਦੇਸ ਜਾ ਰਹੇ ਪਰਦੇਸੀਆਂ ਨਾਲ ਭਰਿਆ ਪਿਆ ਹੈ। ਸਭ ਦੀਆਂ ਅੱਖਾਂ ਵਿਚ ਸੁਪਨੇ ਨੇ, ਅੱਖਾਂ 'ਚ ਉਣੀਂਦਰਾ ਹੈ। ਉਣੀਂਦਰੇ ਭਰੀਆਂ ਅੱਖਾਂ ਨੂੰ ਨੀਂਦ ਆ ਗਈ ਹੈ। ਬੱਚੇ ਦੀਆਂ ਅੱਖਾਂ ਜਾਗੋ ਮੀਟੀ 'ਚ ਨੇ। ਹੌਲੀ ਹੌਲੀ ਸਮੁੰਦਰ ਦੇ ਝੂਟਿਆਂ ਨਾਲ ਬੱਚਾ ਘੂਕ ਸੌਂ ਗਿਆ ਹੈ।

26 ਮਈ 1914 ਦਾ ਦਿਨ ਆ ਗਿਆ ਹੈ। ਕਾਮਾਗਾਟਾ ਮਾਰੂ ਜਹਾਜ ਕੈਨੇਡਾ ਪਹੁੰਚ ਗਿਆ ਹੈ। ਵੈਨਕੂਵਰ! ਵੈਨਕੂਵਰ ਦੇ ਸਮੁੰਦਰ ਕੰਢੇ ਕਾਮਾਗਾਟਾ ਮਾਰੂ ਰੋਕ ਦਿੱਤਾ ਗਿਆ ਹੈ। ਕਿਸੇ ਮੁਸਾਫਰ ਨੂੰ ਵੀ ਜਹਾਜ 'ਚੋਂ ਉਤਰਨ ਦੀ ਆਗਿਆ ਨਹੀਂ ਹੈ। ਬੱਚੇ ਦੀ ਅਚਾਨਕ ਅੱਖ ਖੁੱਲ੍ਹਦੀ ਹੈ। ਜਹਾਜ ਨੂੰ ਕਿਉਂ ਰੋਕ ਦਿੱਤਾ ਗਿਆ ਹੈ? ਬੱਚਾ ਹੈਰਾਨ ਹੈ। ਆਸੇ ਪਾਸੇ ਝਾਕਦਾ ਹੈ। ਕੋਈ ਅੰਗਰੇਜ਼ ਜਹਾਜ ਅੰਦਰ ਘੁੰਮ ਰਿਹਾ ਹੈ। ਇਹ ਮੈਲਕਮ ਰੀਡ ਹੈ। ਇਮੀਗਰੇਸ਼ਨ ਅਫਸਰ। ਬੱਚਾ ਮੈਲਕਮ ਰੀਡ ਵੱਲ ਝਾਕਦਾ ਹੈ। ਭਾਸ਼ਾ ਸਮਝ ਨਹੀਂ ਆਉਂਦੀ। ਭਾਸ਼ਾ ਤੇ ਪਹਿਰਾਵਾ ਦੋਨੋਂ ਹੈਰਾਨ ਕਰਦੇ ਨੇ। ਪਤਾ ਲੱਗਾ, ਜਹਾਜ ਨੂੰ ਇੰਡੀਆ ਵਾਪਸ ਮੁੜਨਾ ਪਵੇਗਾ। ਕੋਈ ਮੁਸਾਫਰ ਕੈਨੇਡਾ ਨਹੀਂ ਜਾ ਸਕੇਗਾ। ਬੱਚਾ ਵੀ ਨਹੀਂ। ਬੱਚੇ ਦੀਆਂ ਅੱਖਾਂ ਅੰਦਰ ਹਜ਼ਾਰਾਂ ਸੁਆਲ ਨੇ ਪਰ ਕਿਸੇ ਇਕ ਦਾ ਵੀ ਜੁਆਬ ਕਿਸੇ ਕੋਲ ਨਹੀਂ। ਉਸ ਦੇ ਆਪਣੇ ਕੋਲ ਤਾਂ ਬਿਲਕੁਲ ਹੀ ਨਹੀਂ। ਉਹ ਤਾਂ ਕੈਨੇਡਾ ਆਇਆ ਹੀ ਸੁਆਲ ਕਰਨ ਸੀ। ਜਵਾਬ ਤਾਂ ਸਾਰੇ ਉਸ ਦੇ ਪਿੰਡ ਵਾਲੇ ਘਰ 'ਚ ਰਹਿ ਗਏ ਨੇ। ਕੁਝ ਮਾਂ ਕੋਲ, ਕੁਝ ਦਾਦੀ ਕੋਲ, ਕੁਝ ਯਾਰਾਂ ਬੇਲੀਆਂ ਕੋਲ ਤੇ ਕੁਝ ਪਿੰਡ ਦੇ ਕੱਚੇ ਰਾਹਾਂ ਤੇ ਹਰੇ ਭਰੇ ਰੁੱਖਾਂ ਕੋਲ!

ਕਿਆਸ-ਆਰਾਈਆਂ ਤੇ ਕਲਪਨਾ ਦੇ ਘੋੜਿਆਂ ਤੋਂ ਮੈਂ ਧੜਾਮ ਥੱਲੇ ਡਿੱਗਦਾ ਹਾਂ। ਕੱਪੜੇ ਝਾੜਦਾ ਉਠਦਾ ਹਾਂ। ਕੌਣ ਹੈ ਇਹ ਬੱਚਾ? ਇਸ ਵਾਰ ਮੈਨੂੰ ਲਗਦਾ ਹੈ ਕਿ ਇਹ ਬੱਚਾ ਗੁਰਦਿੱਤ ਸਿੰਘ ਦਾ ਕੁਝ ਨਹੀਂ ਲਗਦਾ। ਸਿਰਫ ਚਾਅ ਖਾਤਰ ਇਹਦੇ ਨਾਲ ਖੜ੍ਹਾ ਹੈ। ਫੋਟੋ ਖਿਚਵਾਉਣ ਖਾਤਰ। 'ਕੌਣ?' ਦੀ ਘੁੰਡੀ ਮੇਰੇ ਦਿਮਾਗ ਅੰਦਰ ਕਰੜੇ ਘੋਗੇ ਵਾਂਗ ਸਖਤ ਹੋਈ ਜਾਂਦੀ ਹੈ। ਆਪਣੀ ਕਲਪਨਾ ਦਾ ਸਖਤ ਘੋਗਾ ਭੰਨਣ ਲਈ ਮੈਂ ਕੈਨੇਡਾ ਦੇ ਪੈਂਦੇ ਮੀਂਹ ਵਿਚ ਫੋਨ ਚੁੱਕ ਮਿਲਾਇਆ, ਕਾਮਾਗਾਟਾ ਮਾਰੂ ਦੇ ਇਕ ਸਿੱਕੇਬੰਦ ਆਲੋਚਕ-ਨੁਮਾ ਪਗੜੀਧਾਰੀ ਨੂੰ। ਮਹਾਂਪੁਰਸ਼ ਕਹਿੰਦਾ, 'ਤੁਸੀਂ ਕੌਣ ਹੁੰਦੇ ਓ ਕਾਮਾਗਾਟਾ ਮਾਰੂ ਦਾ ਨਾਂ ਲੈਣ ਵਾਲੇ? ਇਹ ਤਾਂ ਸਾਡਾ ਫੀਲਡ ਹੈ।' ਮੈਂ ਉਹਦਾ ਫੀਲਡ ਉਹਦੇ ਚਰਨ ਲਈ ਛੱਡ ਕੇ ਖਹਿੜਾ ਛੁਡਾਉਂਦਾ ਹਾਂ। ਇਕ ਫੋਟੋ-ਮਾਹਰ ਵਾਕਫ-ਕਵੀ ਨੂੰ ਫੋਨ ਮਿਲਾਉਂਦਾ ਹਾਂ। ਜਿਵੇਂ ਕ੍ਰਿਸ਼ਨ ਅਸ਼ਾਂਤ ਪੱਤਰੀ ਦੇਖਣ ਦਾ ਮਾਹਰ ਸੀ। ਸਾਰੇ ਗ੍ਰਹਿ ਤੁਹਾਡੇ ਸਾਹਮਣੇ ਰੱਖ ਦਿੰਦਾ ਸੀ। ਇਹ ਤਸਵੀਰਾਂ ਦੀਆਂ ਲਕੀਰਾਂ ਦੇਖ ਕੇ ਦੱਸ ਦਿੰਦਾ ਸੰਨ, ਤਿਥ, ਵਾਰ,

*(ਅਗਲੇ ਸਫੇ 'ਤੇ ਜਾਰੀ)*

# ਬੁੱਢੇ ਮਾਪੇ ਅਤੇ ਅਜੋਕੀ ਪੀੜ੍ਹੀ

ਹਾਲਾਤ-ਏ-ਹਾਜ਼ਰਾ

ਅੱਜ ਸਾਡੇ ਸਮਾਜ ਵਿਚ ਜਿਸ ਰਿਸ਼ਤੇ ਦਾ ਸਭ ਤੋਂ ਵੱਧ ਪ੍ਰਚਾਰ ਹੋ ਰਿਹਾ ਹੈ ਜਾਂ ਕੀਤਾ ਜਾ ਰਿਹਾ ਹੈ, ਉਹ ਹਨ ਬਜੁਰਗ ਮਾਪੇ। ਸੋਸ਼ਲ ਮੀਡੀਆ 'ਤੇ ਬੇਸ਼ੁਮਾਰ ਪੋਸਟਾਂ ਬਜੁਰਗਾਂ ਦੇ ਰੋਣਿਆਂ 'ਤੇ ਪਾਈਆਂ ਜਾ ਰਹੀਆਂ ਹਨ, ਪਰ ਦੇਖਣ-ਸੋਚਣ ਵਾਲੀ ਗੱਲ ਹੈ ਕਿ ਕੀ ਇਸ ਨਾਲ ਜਵਾਨ ਬੱਚਿਆਂ ਵਲੋਂ ਮਾਂ-ਬਾਪ ਨਾਲ ਕੀਤੇ ਜਾ ਰਹੇ ਦੁਰ-ਵਿਹਾਰ 'ਚ ਕੋਈ ਕਮੀ ਆ ਰਹੀ ਹੈ? ਜਵਾਬ ਹਾਂ ਵਿਚ ਨਹੀਂ, ਨਾਂਹ ਵਿਚ ਹੀ ਆਵੇਗਾ।

ਸਾਡੇ ਵਕਤੀਂ ਬਚਪਨ ਦੀ ਰੂਪ-ਰੇਖਾ ਹੁਣ ਨਾਲੋਂ ਬਿਲਕੁਲ ਅਲੱਗ ਸੀ, ਸਾਡੇ ਪਿੰਡਾਂ ਵਿਚ ਸਾਰੇ ਪਰਿਵਾਰ ਇਕੱਠੇ ਰਹਿੰਦੇ ਸਨ ਅਤੇ ਪਰਿਵਾਰ ਵੀ ਗਿਣਤੀ ਵਿਚ ਵੱਡੇ ਹੁੰਦੇ ਸਨ। ਘਰ ਵਿਚ ਵੱਡੇ ਬਜੁਰਗ, ਉਨ੍ਹਾਂ ਦੇ 4-4, 5-5 ਵਿਆਹੇ-ਵਰੇ ਪੁੱਤ, ਨੂੰਹਾਂ, ਧੀਆਂ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਅਤੇ ਪੋਤੇ-ਪੋਤੀਆਂ ਵੀ ਸ਼ਾਮਲ ਹੁੰਦੇ ਸਨ। ਔਰਤਾਂ ਘਰ-ਬਾਹਰ ਦਾ ਸਾਰਾ ਕੰਮ-ਧੰਦਾ ਹੱਸਦਿਆਂ-ਖੇਡਦਿਆਂ ਮਿਲ ਕੇ ਕਰ ਲੈਂਦੀਆਂ ਸਨ। ਕਈ ਪਰਿਵਾਰਾਂ ਵਿਚ ਤਾਂ ਵੱਡੇ ਬਜੁਰਗ ਭਾਵ ਦਾਦਾ-ਦਾਦੀ ਵੀ ਹੁੰਦੇ ਸਨ। ਤਿੰਨੇ ਵਕਤ ਦੀ ਰੋਟੀ ਬਣਨ 'ਤੇ ਸਭ ਤੋਂ ਪਹਿਲਾਂ ਘਰ ਦੇ ਵੱਡੇ ਬਜੁਰਗਾਂ ਕੋਲ ਪਹੁੰਚਦੀ ਸੀ। ਬਜੁਰਗਾਂ ਦਾ ਦਬਦਬਾ ਵੀ ਪੂਰੇ ਘਰ ਵਿਚ ਬਾ-ਦਸਤੂਰ ਕਾਇਮ ਸੀ। ਕੀ ਮਜਾਲ, ਕੋਈ ਨੂੰਹ-ਧੀ ਜਾਂ ਪੁੱਤ ਵੱਡਿਆਂ ਦੀ ਗੱਲ ਨਾ ਮੰਨੇ, ਜਾਂ ਉਨ੍ਹਾਂ ਨੂੰ ਪੁੱਛ ਕੇ ਨਾ ਤੁਰੇ। ਇਸ ਦੇ ਬਾਵਜੂਦ ਉਸ ਵੇਲੇ ਵੀ ਇਕ-ਦੋ ਬਜੁਰਗਾਂ ਨੂੰ ਚਾਰ ਪੁੱਤਾਂ ਦੇ ਘਰੀਂ 3-3 ਮਹੀਨੇ ਜਾਂ ਤਿੰਨ ਪੁੱਤਾਂ ਦੇ ਘਰੀਂ 4-4 ਮਹੀਨੇ ਕੱਟਦਿਆਂ ਦੇਖਿਆ ਹੈ।

ਇਹ ਗੱਲ ਸਾਰੇ ਘਰੀਂ ਤਾਂ ਨਹੀਂ ਸੀ ਪਰ ਕਿਤੇ ਨਾ ਕਿਤੇ ਤੁਰ ਜ਼ਰੂਰ ਪਈ ਸੀ। ਸਮੇਂ ਨੇ ਕਰਵਟ ਬਦਲੀ, ਪੜ੍ਹਾਈ-ਲਿਖਾਈ ਦੇ ਨਾਲ ਨਾਲ 'ਪ੍ਰਾਈਵੇਸੀ' ਸ਼ਬਦ ਵੀ ਜ਼ੋਰ ਫੜਨ ਲੱਗਾ। ਪੜ੍ਹੇ-ਲਿਖੇ ਮੁੰਡਿਆਂ ਨੇ ਨੌਕਰੀਆਂ ਕਰਨ ਲਈ ਸ਼ਹਿਰਾਂ ਦੇ ਰੁਖ ਕੀਤੇ ਅਤੇ ਆਪਣੇ ਪਿੰਡ ਤੇ ਪਰਿਵਾਰ ਛੱਡ ਪਤਨੀਆਂ ਨੂੰ ਨਾਲ ਲੈ ਸ਼ਹਿਰ ਜਾ ਵੱਸੇ। ਸ਼ਹਿਰੀ ਜੀਵਨ ਦੇ ਪ੍ਰਭਾਵ 'ਚ ਜਕੜੇ ਜਦ ਉਨ੍ਹਾਂ ਜੋੜਿਆਂ ਨੇ ਕਦੀ ਪਿੰਡਾਂ ਨੂੰ ਗੇੜਾ ਲਾਉਣਾ ਤਾਂ ਉਨ੍ਹਾਂ ਨੂੰ ਆਜ਼ਾਦ ਵਿਚਰਦੇ ਦੇਖ ਹੋਰਾਂ ਅੰਦਰ ਵੀ ਮਰਜ਼ੀ ਨਾਲ ਜਿਉਣ ਦੀ ਖਹਿਸ਼ ਨੇ ਪੈਰ ਪਸਾਰਨੇ ਸ਼ੁਰੂ ਕਰ ਦਿਤੇ। ਜਦ ਮਾਂ-ਬਾਪ ਨੇ ਕੁਝ ਸਮਝਾਉਣਾ ਜਾਂ ਬੰਦਿਸ਼ਾਂ ਦੀ ਗੱਲ ਤੋਰਨੀ ਤਾਂ ਬਖੇੜੇ ਸ਼ੁਰੂ ਹੋ ਜਾਣੇ। ਜਿਥੇ ਪਹਿਲਾਂ ਘਰਾਂ ਵਿਚ ਮਾਂ-ਬਾਪ ਦੀ ਚਲਦੀ ਸੀ, ਉਥੇ ਹੁਣ ਬੱਚਿਆਂ ਦੀ ਚਲਣ ਲੱਗ ਪਈ ਅਤੇ ਮਾਂ-ਬਾਪ ਇਕ ਪਾਸੇ ਹੋ ਸਮਾਂ ਕੱਟਣ ਲੱਗੇ।

ਅੱਜ ਪਰਿਵਾਰਾਂ ਵਿਚ ਮਾਂ-ਬਾਪ ਦਾ ਜੋ ਹਾਲ ਹੈ, ਉਹ ਕੋਈ ਲੁਕਿਆ ਛਿਪਿਆ ਨਹੀਂ। ਹੁਣ ਤਾਂ ਮਾਂ-ਬਾਪ ਬੱਚਿਆਂ ਦੀ ਪੜ੍ਹਾਈ ਪੂਰੀ ਹੋਣ ਤਕ ਚਾਹੀਦੇ ਹਨ, ਫਿਰ ਤੂੰ ਕੌਣ ਤੇ ਮੈਂ ਕੌਣ! ਬਹੁਤੇ ਮਾਂ-ਬਾਪ ਤਾਂ ਡਾਢੇ ਔਖੇ ਹਨ ਅਤੇ ਬੇਬਸੀ ਦੇ ਮਾਰੇ ਡਰਦੇ ਨਾ ਆਪਣੀ ਪੀੜਾ ਕਿਸੇ ਨਾਲ ਸਾਂਝੀ ਕਰ ਸਕਦੇ ਹਨ ਤੇ ਨਾ ਕਿਤੇ ਆ-ਜਾ ਸਕਦੇ ਹਨ। ਬਸ ਚਿੰਤਾ ਦੇ ਸਾਗਰ ਵਿਚ ਫਸੇ ਹਉਕੇ ਭਰਦੇ ਹਨ ਜਾਂ ਲੁਕ ਲੁਕ ਰੋਂਦੇ ਹਨ।

ਹਾਲ ਤਾਂ ਆਪਣੇ ਸਮਾਜ ਦਾ ਪਿਛੇ ਵਤਨੀਂ ਵੀ ਮਾੜਾ ਹੈ, ਪਰ ਜਿਹੜੇ ਮਾਂ-ਬਾਪ ਬਾਹਰਲੇ ਮੁਲਕੀਂ ਬੱਚਿਆਂ ਕੋਲ ਆ ਪਹੁੰਚੇ ਹਨ, ਉਹ ਡਾਢੇ ਅਵਾਜ਼ਾਰ ਹਨ, ਉਨ੍ਹਾਂ ਨੂੰ ਸੁਣਨ-ਦੇਖਣ ਵਾਲਾ ਕੋਈ ਨਹੀਂ। ਉਨ੍ਹਾਂ ਦੇ ਧੀਆਂ-ਪੁੱਤ ਆਪਣੇ ਕੰਮਾਂ ਵਿਚ ਮਸ਼ਰੂਫ ਹਨ। ਤੀਜੀ ਪੀੜ੍ਹੀ! ਉਹ ਤਾਂ ਬਜੁਰਗਾਂ ਤੋਂ ਇੰਜ ਦੂਰ ਭੱਜਦੀ ਹੈ, ਜਿਵੇਂ ਬਜੁਰਗ ਕਿਸੇ ਛੂਤ ਦੀ ਬੀਮਾਰੀ ਤੋਂ ਪੀੜਤ ਹੋਣ।

ਚੰਗੀ ਗੱਲ ਹੈ ਕਿ ਬਜੁਰਗਾਂ ਦੇ ਹੱਕ ਵਿਚ ਪ੍ਰਚਾਰ ਹੋ ਰਿਹਾ ਹੈ, ਪਰ ਸਮਾਜ ਵਿਚ ਆਈਆਂ ਹੋਰ ਕੁਰੀਤੀਆਂ ਵਾਂਗ ਇਹ ਕੁਰੀਤੀ ਵੀ ਇੰਨਾ ਜ਼ੋਰ ਫੜ ਗਈ ਹੈ ਕਿ ਇਸ 'ਤੇ ਕਾਬੂ ਪਾਉਣਾ ਆਸਾਨ ਨਹੀਂ ਹੈ। ਇਥੇ ਇਹ ਵੀ ਕਹਿਣਾ ਬਣਦਾ ਹੈ ਕਿ ਕੁਝ ਕੁ ਮਾਪੇ ਵੀ ਆਪਣੇ ਬੋਲ ਚਾਲ ਜਾਂ ਵਿਹਾਰ ਵਿਚ ਜਿਵੇਂ ਕਿ ਹਰ ਗੱਲ 'ਤੇ ਟੋਕਾ ਟਾਕੀ ਕਰਨੀ, ਜਾਂ ਇਨ੍ਹਾਂ ਗੱਲਾਂ ਦਾ ਬੁਰਾ ਮਨਾਉਣਾ ਕਿ ਸਾਡੇ ਬੱਚੇ ਸਾਨੂੰ ਪੁੱਛ ਕੇ ਕਿਉਂ ਨਹੀਂ ਤੁਰਦੇ, ਵੀ ਸ਼ਾਮਲ ਹੈ। ਬਣਦੀ ਹੈ ਕਿ ਮਾਪਿਆਂ ਨੂੰ ਆਪਣੀਆਂ ਇਨ੍ਹਾਂ ਅਤਿ ਕੋਮਲ ਤੇ ਸੂਖਮ ਭਾਵਨਾਵਾਂ ਉਤੇ ਕਾਬੂ ਪਾਉਣਾ ਸਿਖਣਾ ਪਵੇਗਾ, ਤਾਂ ਕਿ ਉਨ੍ਹਾਂ ਦਾ ਟਿਕਾਣਾ ਘਰ ਵਿਚ ਹੀ ਬਣਿਆ ਰਹਿ ਸਕੇ। ਇਹ ਬੁਢਾਪੇ ਦੇ ਅਤਿ ਮਾੜੇ ਸਮੇਂ ਦੀ ਵੇਦਨਾ ਹੈ, ਜਿਸ ਦਾ ਹੋਰ ਕੋਈ ਇਲਾਜ ਵੀ ਨਹੀਂ ਹੈ। ਇਹ ਤਾਂ ਉਹ ਲੋਕ ਹੀ ਜਾਣਦੇ ਹਨ, ਜੋ ਭੁਗਤ ਰਹੇ ਹਨ। ਭਗਤ ਭੀਖਣ ਆਖਦੇ ਹਨ, "ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ॥"

ਕਿਸ ਪਰਿਵਾਰ ਦੇ ਕਿਸ ਬੱਚੇ ਨੂੰ ਕੌਣ ਸਮਝਾਵੇਗਾ ਜਾਂ ਸਮਝਾ ਸਕਦਾ ਹੈ, ਇਹ ਹਰ ਘਰ ਦੀ ਕਹਾਣੀ ਹੈ। ਪਿਤਾ ਜੀ ਆਖਦੇ ਹੁੰਦੇ ਸਨ, "ਵਿਗੜੇ ਇਕ ਤਾਂ ਸਮਝਾਵੇ ਵਿਹੜਾ, ਜੇ ਵਿਗੜੇ ਵਿਹੜਾ ਤਾਂ ਸਮਝਾਵੇ ਕਿਹੜਾ?" ਅਜੋਕੇ ਸਮੇਂ ਵਿਚ ਕੋਈ ਵੀ ਕਿਸੇ ਦੀ ਸੁਣਨ ਨੂੰ ਤਿਆਰ ਨਹੀਂ, ਪਰ ਬਜੁਰਗ ਮਾਪੇ ਜਾਣ ਕਿੱਥੇ? ਉਹ ਕਰਨ ਕੀ ਕਿ ਉਨ੍ਹਾਂ ਦੇ ਵਸੇਬੇ ਵੀ ਆਪਣੇ ਘਰਾਂ ਵਿਚ ਰਹਿਣ, ਉਹ ਰਹਿਣ ਵੀ ਆਪਣੇ ਬੱਚਿਆਂ ਕੋਲ ਅਤੇ ਸੁੱਖ ਸ਼ਾਂਤੀ ਵੀ ਬਣੀ ਰਹੇ, ਬਹੁਤ ਮੁਸ਼ਕਿਲ ਹੈ। ਬੱਚੇ ਹਰ ਗੱਲ ਦਾ ਬਹਾਨਾ ਭਾਲਦੇ ਹਨ ਅਤੇ ਖਾਨਾਜੰਗੀ ਸ਼ੁਰੂ ਹੋ ਜਾਂਦੀ ਹੈ, ਜੋ ਕਦੀ ਮੁਕਣ ਦਾ ਨਾਂ ਨਹੀਂ ਲੈਂਦੀ। ਫਿਰ ਇਸ ਨਰਕ ਵਰਗੇ ਜੀਵਨ ਦਾ ਹੱਲ ਨਿਕਲਦਾ ਹੈ, ਬਿਰਧ ਆਸ਼ਰਮ, ਜਿਸ ਵਿਚ ਮਾਪਿਆਂ ਨੂੰ ਛੱਡ ਕੇ ਬੱਚੇ ਤਾਂ ਸੁਰਖਰੂ ਹੋ ਜਾਂਦੇ ਹਨ, ਪਰ ਉਹ ਬਦਕਿਸਮਤ ਮਾਪੇ ਨਾ ਘਰ ਦੇ ਰਹਿੰਦੇ ਹਨ ਤੇ ਨਾ ਘਾਟ ਦੇ।

ਬਿਰਧ ਆਸ਼ਰਮ, ਜਿਥੇ ਪਹਿਲਾਂ ਸਮਾਜ ਪੁੱਤਰ-ਪ੍ਰਧਾਨ ਸੀ, ਉਥੇ ਹੁਣ ਧੀ ਦਾ ਨਾਂ ਵੀ ਮਾਣ ਨਾਲ ਲਿਆ ਜਾ ਰਿਹਾ ਹੈ ਅਤੇ ਬਹੁਤ ਸਾਰੀਆਂ ਧੀਆਂ ਆਪਣੇ ਮਾਪਿਆਂ ਨੂੰ ਸੰਭਾਲ ਵੀ ਰਹੀਆਂ ਹਨ। ਮਾਪੇ ਆਪਣੇ ਆਪ ਨੂੰ ਹੀਣ ਭਾਵਨਾ ਦਾ ਸ਼ਿਕਾਰ ਸਮਝਦੇ ਹਨ, ਸਾਡਾ ਸਮਾਜ ਇਸ ਗੱਲ ਨੂੰ ਇੱਜਤ ਜਾਂ ਸਤਿਕਾਰ ਦੀ ਨਜ਼ਰ ਨਾਲ ਦੇਖਣ ਨੂੰ ਤਿਆਰ ਹੀ ਨਹੀਂ ਕਿ ਬੁੱਢੇ ਮਾਂ-ਬਾਪ ਆਪਣੀ ਧੀ ਦੇ ਘਰ ਡੇਰਾ ਲਾ ਕੇ ਬੈਠ ਜਾਣ। ਉਲਟਾ ਰਿਸ਼ਤੇ ਅਤੇ ਸਾਕ ਸਬੰਧੀ ਇਸ ਗੱਲ ਦੀ ਖਿੱਲੀ ਉਡਾਉਂਦੇ ਹਨ। ਕਾਸ਼! ਪੁੱਤਰ-ਨੂੰਹਾਂ ਇਸ ਦਰਦ ਨੂੰ ਮਹਿਸੂਸ ਕਰਨ ਕਿ ਉਨ੍ਹਾਂ ਨੂੰ ਜਨਮ ਦੇਣ ਵਾਲੇ ਮਾਪੇ ਜਾਣ ਤਾਂ ਜਾਣ ਕਿੱਥੇ? ਇਸ ਅਵਸਥਾ ਦਾ ਜ਼ਿਕਰ ਕਰਦਿਆਂ ਬਾਬਾ ਫਰੀਦ ਆਖਦੇ ਹਨ,

ਫਰੀਦਾ ਬਾਰ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥

ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ॥

ਉਹ ਮਾਂ-ਬਾਪ, ਜੋ ਤਿਲ ਤਿਲ ਜੋੜ ਕੇ ਘਰ, ਜ਼ਮੀਨਾਂ, ਜਾਇਦਾਦ ਤੇ ਹੋਰ ਬਹੁਤ ਸਾਰੇ ਸੁੱਖ ਸਾਧਨ ਬੱਚਿਆਂ ਨੂੰ ਮੁਹੱਈਆ ਕਰਵਾਉਂਦੇ ਹਨ ਅਤੇ ਬੱਚਿਆਂ ਨੂੰ ਪ੍ਰਵਾਨ ਚੜ੍ਹਾਉਣ ਤਕ ਟਿਕ ਕੇ ਨਹੀਂ ਬੈਠਦੇ ਤੇ ਨਾ ਹੀ ਸੁੱਖ ਦਾ ਸਾਹ ਲੈਂਦੇ ਹਨ, ਉਹੀ ਮਾਪੇ ਜਦ ਬੁਢਾਪੇ ਵਿਚ ਪ੍ਰਵੇਸ਼ ਕਰਦੇ ਹਨ, ਉਨ੍ਹਾਂ ਦੇ ਸਰੀਰ ਜਵਾਬ ਦੇ ਜਾਂਦੇ ਹਨ। ਉਨ੍ਹਾਂ ਦੇ ਜੰਮੇ ਜਾਏ ਵੀ ਉਨ੍ਹਾਂ ਨੂੰ ਧੱਕੇ ਮਾਰ ਕੇ ਘਰੋਂ ਕੱਢ ਦਿੰਦੇ ਹਨ ਜਾਂ ਬਿਰਧ ਆਸ਼ਰਮ ਵਿਚ ਛੱਡ ਆਉਂਦੇ ਹਨ, ਤਾਂ ਉਹ ਮਾਪੇ ਜਿਉਂਦੇ ਜੀਅ ਹੀ ਮਰ ਮੁਕ ਜਾਂਦੇ ਹਨ।

ਸਵਾਲ ਹੈ ਕਿ ਸਾਡਾ ਸਮਾਜ ਇਸ ਲਈ ਕੀ ਪਿਆ ਕਰਦਾ ਹੈ? ਕੁਝ ਵੀ ਨਹੀਂ! ਸਮਾਜ ਨੇ ਤਾਂ ਕਦੀ ਵੀ ਕੁਝ ਨਹੀਂ ਕੀਤਾ, ਇਹ ਤਾਂ ਸਾਡੀ ਬੀਮਾਰ ਮਾਨਸਿਕਤਾ ਹੈ, ਜੋ ਅਸੀਂ ਆਪ ਸਹੇੜੀ ਹੈ ਅਤੇ ਇਸ ਦਾ ਇਲਾਜ ਵੀ ਸਾਨੂੰ ਆਪੂੰ ਹੀ ਕਰਨਾ ਪਵੇਗਾ। ਮੇਰਾ ਵਿਚਾਰ ਹੈ ਕਿ ਜੇ ਅੱਜ ਦੀਆਂ ਪੜ੍ਹੀਆਂ-ਲਿਖੀਆਂ ਨੌਜਵਾਨ ਧੀਆਂ ਇਸ ਬੀਮਾਰੀ ਨੂੰ ਮੁਕਾਉਣ ਦਾ ਬੀੜਾ ਚੁੱਕਣ ਤਾਂ ਇਹ ਬਹੁਤ ਮੁਸ਼ਕਿਲ ਦਿਸਦਾ ਕੰਮ ਆਸਾਨ ਹੋ ਸਕਦਾ ਹੈ। ਜੇ ਹਰ ਸੁਚੱਜੀ ਤੇ ਸਿਆਣੀ ਧੀ ਇਹ ਸੋਚਦੀ ਜਾਂ ਚਾਹੁੰਦੀ ਹੈ ਕਿ ਮੇਰੇ ਬਜੁਰਗ ਮਾਂ-ਬਾਪ ਨੂੰ ਮੇਰਾ ਵੀਰ-ਭਰਜਾਈ ਸੁੱਖ ਦੇਣ ਤਾਂ ਉਸ ਨੂੰ ਵੀ ਆਪਣੇ ਸੱਸ-ਸਹੁਰੇ ਨੂੰ ਸਤਿਕਾਰ ਭਰਿਆ ਜੀਵਨ ਦੇਣਾ ਪਵੇਗਾ, ਕਿਉਂਕਿ ਹਰ ਧੀ ਇਹ ਤਾਂ ਚਾਹੁੰਦੀ ਹੈ, ਮੇਰੇ ਮਾਂ-ਬਾਪ ਸੁਖੀ ਰਹਿਣ, ਪਰ ਉਹ ਆਪਣੇ ਸੱਸ-ਸਹੁਰੇ ਨੂੰ ਘਰ ਵਿਚ ਥਾਂ ਨਹੀਂ ਦੇਣਾ ਚਾਹੁੰਦੀ।

ਉਤੋਂ ਸਿਤਮਜ਼ਰੀਫੀ ਇਹ ਕਿ ਜਿਨ੍ਹਾਂ ਪਰਿਵਾਰਾਂ ਦਾ ਇੱਕ ਇੱਕ ਪੁੱਤ ਹੈ, ਉਥੇ ਵੀ ਕੋਈ ਦੀਦ ਲਿਹਾਜ ਨਹੀਂ ਹੋ ਰਿਹਾ, ਮਾਪਿਆਂ ਨਾਲ ਬਦਸਲੂਕੀ ਬਾਦਸਤੂਰ ਜਾਰੀ ਹੈ। ਪੁੱਤ ਵੀ ਮਾਪਿਆਂ ਵੱਲ ਪਰਤ ਕੇ ਦੇਖਣ ਨੂੰ ਤਿਆਰ ਨਹੀਂ ਹਨ। ਪੁੱਤ ਪੜ੍ਹ-ਲਿਖ ਕੇ, ਡਿਗਰੀ ਲੈ ਕੇ, ਵਿਆਹ ਕਰਵਾ ਕੇ ਆਪਣਾ ਘਰ ਬਣਾ ਬੈਠ ਜਾਂਦਾ ਹੈ ਅਤੇ ਮਾਪੇ ਵਿਚਾਰੇ ਬਿਟ ਬਿਟ ਤੱਕਦੇ ਹੱਥ ਮਲਦੇ ਵੇਖਦੇ ਹੀ ਰਹਿ ਜਾਂਦੇ ਹਨ ਕਿ ਹੁਣ ਕਰੀਏ ਕੀ? ਕਿੰਨਾ ਭਿਆਨਕ ਸਵਾਲ ਹੈ ਇਹ। ਸਾਰੀ ਉਮਰ ਦੇ ਬਣੇ ਸੁਪਨ-ਮਹੱਲ ਪਲਾਂ ਵਿਚ ਹੀ ਢਹਿ ਢੇਰੀ ਹੋ ਜਾਂਦੇ ਹਨ, ਜਦ ਕੋਈ ਸੱਧਰਾਂ ਤੇ ਲਾਡਾਂ ਪਾਲਿਆ ਪੁੱਤ ਮਾਂ-ਬਾਪ ਨੂੰ ਅਚਾਨਕ ਇਹ ਕਹਿ ਦਿੰਦਾ ਹੈ ਕਿ ਮੈਂ ਤੇ ਮੇਰੀ ਪਤਨੀ ਅਲੱਗ ਰਹਿਣਾ ਚਾਹੁੰਦੇ ਹਾਂ ਅਤੇ ਜਾਂ ਕਿਸੇ ਦੂਜੇ ਸ਼ਹਿਰ ਵਿਚ ਜਾ ਵੱਸਣਾ ਚਾਹੁੰਦੇ ਹਾਂ। ਉਸ ਮਾਂ-ਬਾਪ 'ਤੇ ਕੀ ਬੀਤਦੀ ਹੈ? ਹੈ ਕਿਸੇ ਨੂੰ ਅੰਦਾਜ਼ਾ? ਹਾਂ ਹੈ, ਮੈਂ ਜਾਣਦੀ ਹਾਂ ਐਸੇ ਬਹੁਤ ਸਾਰੇ ਮਾਪਿਆਂ ਨੂੰ, ਜੋ ਟੁੱਟੇ ਦਿਲ ਨਾਲ ਅੱਥਰੂ ਲੁਕਾ ਕੇ ਵੀ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾ ਦਿੰਦੇ ਹਨ ਅਤੇ ਆਪ ਲੁਕ ਲੁਕ ਕੇ ਰੋਂਦੇ ਹਨ। ਕੀ ਹੋ ਗਿਆ ਹੈ ਅੱਜ ਦੀ ਜਵਾਨੀ ਨੂੰ, ਕੀ ਹੋ ਗਿਐ ਅੱਜ ਦੇ ਪੜ੍ਹੇ-ਲਿਖੇ ਬੱਚਿਆਂ ਨੂੰ, ਜੋ ਆਪਣੇ ਮਾਪਿਆਂ ਨੂੰ ਇਸ ਤਰ੍ਹਾਂ ਦੁਰਕਾਰ ਰਹੇ ਹਨ। "ਸਰਮ ਧਰਮ ਦੋਇ ਛਿਪ ਖਲੋਏ ਕੂੜ ਫਿਰੈ ਪਰਧਾਨ ਵੇ ਲਾਲੋ॥"

ਮੈਂ ਦੇਖੇ ਹਨ ਬਿਰਧ ਆਸ਼ਰਮ, ਉਥੇ ਸਿਰ ਸੁੱਟ ਕੇ ਬੈਠੇ ਬੁੱਢੜੇ ਬਾਪ ਅਤੇ ਰੋ ਰੋ ਵਾਟਾਂ ਨਿਹਾਰਦੀਆਂ ਲਾਚਾਰ ਬੁੱਢੀਆਂ ਮਾਂਵਾਂ, ਜੋ ਹਰ ਆਏ-ਗਏ ਨੂੰ ਪੁਛਦੀਆਂ ਨੇ, 'ਮੇਰੇ ਪੁੱਤ ਨੇ ਕੀ ਸੁਨੇਹਾ ਘੱਲਿਆ ਈ, ਕੀ ਆਂਹਦਾ ਸੀ, ਕਦੋਂ ਆਵੇਗਾ ਸਾਨੂੰ ਲੈਣ?' ਪਰ ਜਵਾਬ ਤਾਂ ਕਿਸੇ ਕੋਲ ਵੀ ਹੈ ਨਹੀਂ ਕਿ ਕਿਹਦਾ ਪੁੱਤ ਕਦੋਂ ਉਸ ਨੂੰ ਲੈਣ ਆਵੇਗਾ!

ਉਏ ਨਵੀਂ ਪੀੜ੍ਹੀ ਦੇ ਪੜ੍ਹੇ-ਲਿਖੇ ਸਿਆਣੇ ਪੁੱਤਰੋ! ਰੱਬ ਦਾ ਵਾਸਤਾ ਈ, ਆਪਣੇ ਮਾਪਿਆਂ ਨੂੰ ਘਰੋਂ ਬਾਹਰ ਨਾ ਕੱਢੋ। ਉਏ ਦੂਰ ਵਸੇਂਦਿਓ ਪੁੱਤਰੋ! ਮੁੜ ਆਵੋ ਆਪਣੇ ਘਰਾਂ ਨੂੰ, ਬੁੱਢੇ ਮਾਪੇ ਤੁਹਾਡੀਆਂ ਰਾਹਾਂ ਪਏ ਤੱਕਦੇ ਨੇ। ਆ ਜਾਓ, ਅਜੇ ਵੇਲਾ ਏ, ਪਾ ਦਿਓ ਠੰਢ ਇਨ੍ਹਾਂ ਤਪਦੇ ਦਿਲਾਂ ਨੂੰ, ਮਗਰੋਂ ਕਰਾਏ ਗਏ ਪਾਠ ਤੇ ਲਾਏ ਗਏ ਲੰਗਰ ਕਿਸੇ ਵੀ ਕੰਮ ਨਹੀਂ ਆਉਣੇ। ਲੈ ਜਾਓ ਇਨ੍ਹਾਂ ਨੂੰ ਆਪਣੇ ਘਰੀਂ ਤੇ ਖੇਡਣ ਦਿਓ ਆਪਣੇ ਬੱਚਿਆਂ ਨਾਲ, ਅਤੇ ਆਪ ਵੀ ਖੇਡੋ ਇਨ੍ਹਾਂ ਦੇ ਨਾਲ। ਫਿਰ ਵੇਖੋ, ਇਹ ਸਾਰਾ ਹੀ ਸੰਸਾਰ ਸਵਰਗ ਬਣ ਜਾਵੇਗਾ।

## ਕਾਮਾਗਾਟਾ ਮਾਰੂ 'ਚੋਂ ਡਿੱਗੀ ਤਸਵੀਰ

(ਪਿਛਲੇ ਸਫੇ ਦੀ ਬਾਕੀ)

ਜੜ। ਵੇਰਵਾ ਦੱਸਿਆ ਤੇ ਪੁੱਛਿਆ, ਕੌਣ ਹੈ ਇਹ ਬੱਚਾ ਤਸਵੀਰ ਵਿਚਲਾ? ਜੁਆਬ ਮਿਲਿਆ, "ਗੁਰਦਿੱਤ ਸਿੰਘ ਦਾ ਮੁੰਡਾ।" ਉਸ ਦੇ ਜੁਆਬ 'ਚ ਗਲਤ ਹੋਣ ਦੀ ਗੁੰਜਾਇਸ਼ ਘੱਟ ਸੀ ਤੇ ਐਡੀਟਿੰਗ ਟੇਬਲ 'ਤੇ ਸਟਿਲ ਕੀਤੀ ਬੱਚੇ ਦੀ ਇਸ ਹੈਰਾਨ ਤਸਵੀਰ ਅੰਦਰ ਮੈਂ ਹੋਰ ਡੂੰਘੀ ਅਜਨਬੀ ਨਜ਼ਰ ਨਾਲ ਝਾਕਦਾ ਹਾਂ। ਮੇਰੀ ਦ੍ਰਿਸ਼ਟੀ 'ਕੌਣ' ਤੋਂ 'ਕਿਥੇ' ਤੇ 'ਕਿਉਂ' ਵੱਲ ਕ੍ਰੇਂਦਿਤ ਹੋਣੀ ਸ਼ੁਰੂ ਹੋ ਗਈ। ਮੈਂ ਜਹਾਜ ਦੇ ਮਾਲਕਾਂ ਤੇ ਕੰਪਨੀਆਂ ਨੂੰ ਭੁੱਲ ਗਿਆ। ਅਕਸਰ ਇਵੇਂ ਹੁੰਦਾ ਮੇਰੇ ਨਾਲ। ਮੇਰੀ ਦਿਲਚਸਪੀ ਮੁੱਖ ਕਿਰਦਾਰਾਂ ਤੋਂ ਹਟ ਕੇ ਉਨ੍ਹਾਂ ਕਿਰਦਾਰਾਂ ਵੱਲ ਚਲੇ ਜਾਂਦੀ, ਜਿਨ੍ਹਾਂ ਦੇ ਚਿਹਰੇ ਅਣਗੌਲੇ ਨੇ, ਧੁੰਦਲੇ ਨੇ ਪਰ ਅਹਿਮ ਨੇ। ਭੀੜ ਤੋਂ ਹਟ ਕੇ ਖਲੋਤੇ ਇਕੱਲੇ ਬੰਦੇ ਵੱਲ ਜਾ ਟਿਕਦੀ ਮੇਰੀ ਨਜ਼ਰ। ਫਿਲਮਾਂ, ਨਾਟਕਾਂ, ਕਹਾਣੀਆਂ, ਕਵਿਤਾਵਾਂ ਦੇ ਨਾਇਕਾਂ ਤੋਂ ਹਟ ਮੈਂ ਉਨ੍ਹਾਂ ਚਿਹਰਿਆਂ ਵੱਲ ਚਲਾ ਜਾਂਦਾ ਜੋ ਚੁੱਪ ਨੇ, ਹੈਰਾਨ ਨੇ ਤੇ ਇਕੱਲੇ ਨੇ। ਮਹਾਭਾਰਤ ਤੋਂ ਲੈ ਕੇ ਸਿੱਖ ਇਤਿਹਾਸ ਤੇ ਦੇਸ਼ ਆਜ਼ਾਦੀ ਦੇ ਅਨੇਕ ਅਜਿਹੇ ਕਿਰਦਾਰ ਮੇਰੀ ਨਜ਼ਰ ਅੱਗੇ ਆਣ ਖਲੋਤੇ ਤੇ ਕਾਮਾਗਾਟਾ ਮਾਰੂ ਦੇ ਇਸ ਬੱਚੇ ਦੀ ਕਹਾਣੀ ਫੋਲਣ ਮੈਂ ਥਾਂ-ਕੁਥਾਂ ਭਟਕਣ ਲੱਗਾ। ਦੇਸ਼ ਭਗਤ ਯਾਦਗਾਰ ਹਾਲ ਜਾਂਦਾ ਹਾਂ। ਸਰਹਾਲੀ ਪਿੰਡ ਦੀਆਂ ਨੁੱਕਰਾਂ ਛਾਣਦਾ ਹਾਂ। ਕੰਪਿਊਟਰ ਨੂੰ ਅੱਧੀ-ਅੱਧੀ ਰਾਤ ਕਈ ਸੁਆਲ ਪਾਉਂਦਾ ਹਾਂ। ਇਹ ਬੱਚਾ ਕਿਤਾਬਾਂ ਕੰਪਿਊਟਰਾਂ 'ਚੋਂ ਗਾਇਬ ਹੈ। ਆਖਰ ਗੁਰਦਿੱਤ ਸਿੰਘ ਦੇ ਰਿਸ਼ਤੇਦਾਰਾਂ ਦੀ ਅੰਗਲੀ-ਸੰਗਲੀ ਲੱਭਦਿਆਂ ਮੇਰੀ ਤਾਰ ਕੈਨੇਡਾ ਦੇ ਸ਼ਹਿਰ ਬਰੈਂਪਟਨ 'ਚ ਰਹਿੰਦੇ ਬਾਬਾ ਗੁਰਦਿੱਤ ਸਿੰਘ ਦੇ ਪੜਪੋਤਰੇ ਨਾਲ ਜਾ ਜੁੜਦੀ ਹੈ। ਪਤਾ ਲਗਦਾ ਹੈ ਕਿ ਮੇਰੀ ਫੋਟੋ ਵਿਚਲਾ ਬੱਚਾ ਗੁਰਦਿੱਤ ਸਿੰਘ ਦੀ ਇਕਲੌਤੀ ਔਲਾਦ ਹੈ ਤੇ ਇਸ ਇਕਲੌਤੇ ਪੁੱਤਰ ਦਾ ਨਾਮ ਹੈ, ਬਲਵੰਤ ਸਿੰਘ।

ਫੋਟੋ ਵਿਚਲੇ ਬੱਚੇ ਦਾ ਬਾਪ ਗੁਰਦਿੱਤ ਸਿੰਘ ਅੰਮ੍ਰਿਤਸਰ ਜਿਲੇ ਦੇ ਪਿੰਡ ਸਰਹਾਲੀ 'ਚ ਵਸਦੇ ਹੁਕਮ ਸਿੰਘ ਦਾ ਪੁੱਤਰ ਸੀ ਤੇ ਸਿੰਗਾਪੁਰ ਮਲਾਇਆ ਠੇਕੇਦਾਰੀ ਦਾ ਕੰਮ ਕਰਦਾ ਸੀ। ਇਸੇ ਗੁਰਦਿੱਤ ਸਿੰਘ ਨੇ ਵਪਾਰਕ ਨਜ਼ਰੀਏ ਨਾਲ ਕਾਮਾਗਾਟਾ ਮਾਰੂ ਜਹਾਜ ਹਾਂਗਕਾਂਗ ਤੋਂ ਕਿਰਾਏ 'ਤੇ ਲਿਆ, ਪੰਜਾਬੀਆਂ ਨੂੰ ਕੈਨੇਡਾ ਪਹੁੰਚਾਉਣ ਵਾਸਤੇ। ਇਸੇ ਜਹਾਜ ਵਿਚ ਚੜ੍ਹੇ ਸਨ ਗੁਰਦਿੱਤ ਸਿੰਘ ਸਰਹਾਲੀ ਅਤੇ ਉਹਦਾ ਇਕਲੌਤਾ ਪੁੱਤਰ ਬਲਵੰਤ ਸਿੰਘ। ਬਲਵੰਤ ਸਿੰਘ ਦੀ ਉਮਰ ਉਸ ਵੇਲੇ ਕੋਈ 7-8 ਸਾਲ ਸੀ।

ਅਸਲ ਵਿਚ ਗੁਰਦਿੱਤ ਸਿੰਘ ਸਰਹਾਲੀ ਦੇ ਦੋ ਵਿਆਹ ਸਨ। ਪਹਿਲੇ ਵਿਆਹ 'ਚੋਂ ਕੋਈ ਔਲਾਦ ਨਾ ਹੋਣ ਕਾਰਨ ਦੂਜਾ ਵਿਆਹ ਕਰਵਾਇਆ ਤੇ ਦੂਜੇ ਵਿਆਹ 'ਚੋਂ ਪੈਦਾ ਹੋਇਆ ਇਕਲੌਤਾ ਪੁੱਤਰ ਬਲਵੰਤ ਸਿੰਘ। ਬਚਪਨ ਵਿਚ ਹੀ ਬਲਵੰਤ ਸਿੰਘ ਦੀ ਮਾਂ ਦੀ ਮੌਤ ਹੋ ਗਈ। ਗੁਰਦਿੱਤ ਸਿੰਘ ਦੀਆਂ ਦੋਵੇਂ ਪਤਨੀਆਂ ਦੀ ਮੌਤ ਹੋਣ ਕਾਰਨ ਪੁੱਤਰ ਬਲਵੰਤ ਦੀ ਸਾਂਭ ਸੰਭਾਲ ਗੁਰਦਿੱਤ ਸਿੰਘ ਨੂੰ ਆਪ ਕਰਨੀ ਪਈ ਤੇ ਇਸੇ ਵਜ੍ਹਾ ਕਾਰਨ ਇਕਲੌਤੇ ਪੁੱਤਰ ਬਲਵੰਤ ਸਿੰਘ ਨੂੰ ਵੀ ਕਾਮਾਗਾਟਾ ਮਾਰੂ 'ਚ ਨਾਲ ਲਿਜਾਣਾ ਪਿਆ। ਬੱਚੇ ਨੂੰ ਕੀ ਪਤਾ ਸੀ, ਉਸ ਦੀ ਇਹ ਯਾਤਰਾ ਸਦੀਆਂ ਦਾ ਇਤਿਹਾਸ ਬਣੇਗੀ।

ਕਾਮਾਗਾਟਾ ਮਾਰੂ ਨੂੰ ਕੈਨੇਡਾ ਤੋਂ ਵਾਪਸੀ ਦੇ ਹੁਕਮਾਂ ਅਧੀਨ ਕਲਕੱਤੇ ਮੁੜਨਾ ਪਿਆ। ਇਥੇ ਪੁਲਿਸ ਨਾਲ ਝੜਪ ਤੋਂ ਬਾਅਦ ਗੁਰਦਿੱਤ ਸਿੰਘ ਸਰਹਾਲੀ ਅੰਡਰਗਰਾਊਂਡ ਹੋ ਗਿਆ। ਬਜ ਬਜ ਘਾਟ 'ਤੇ ਖੜ੍ਹੇ ਕਾਮਾਗਾਟਾ ਮਾਰੂ ਜਹਾਜ 'ਚ ਭਗਦੜ ਮਚ ਗਈ। ਇਕਲੌਤੇ ਪੁੱਤਰ ਬਲਵੰਤ ਸਿੰਘ ਦੀਆਂ ਮਾਸੂਮ ਨਜ਼ਰਾਂ ਬਾਪ ਗੁਰਦਿੱਤ ਸਿੰਘ ਨੂੰ ਲੱਭਦੀਆਂ ਹੈਰਾਨ ਹੋ ਗਈਆਂ। ਬਾਪੂ ਰੂਪੋਸ਼ ਹੋ ਗਿਆ। ਪੁਲਿਸ ਵਲੋਂ ਉਸ ਦੀ ਸੂਹ ਦੇਣ ਵਾਲੇ ਨੂੰ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਵਪਾਰੀ ਗੁਰਦਿੱਤ ਸਿੰਘ ਇਉਂ ਦੇਸ਼-ਆਜ਼ਾਦੀ ਦਾ ਪ੍ਰਵਾਨਾ ਬਣ ਗਿਆ ਤੇ ਬੱਚੇ ਬਲਵੰਤ ਸਿੰਘ ਨੂੰ ਸਾਥੀਆਂ ਨੇ ਉਸ ਦੇ ਦਾਦੇ ਹੁਕਮ ਸਿੰਘ ਕੋਲ ਪੁਚਾ ਦਿੱਤਾ। ਫੋਟੋ ਵਿਚਲਾ ਬੱਚਾ ਆਪਣੇ ਦਾਦਕੇ ਪਲਦਾ ਰਿਹਾ ਤੇ ਖੌਫ ਕਾਰਨ ਪੜ੍ਹਾਈ ਨਾ ਕਰ ਸਕਿਆ।

ਗਰਮਦਲੀਆ ਗੁਰਦਿੱਤ ਸਿੰਘ ਮਹਾਤਮਾ ਗਾਂਧੀ ਦੇ ਸੰਪਰਕ 'ਚ ਆਉਣ ਨਾਲ ਨਰਮਦਲੀਆ ਹੋ ਗਿਆ ਤੇ ਆਖਰ ਗਾਂਧੀ ਦੇ ਕਹਿਣ 'ਤੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਕਈ ਸਾਲ ਰੂਪੋਸ਼ ਰਹਿਣ ਬਾਅਦ ਇਕਲੌਤੇ ਪੁੱਤਰ ਬਲਵੰਤ ਸਿੰਘ ਨਾਲ ਮੇਲ ਹੋਇਆ। ਦੇਸ਼ ਆਜ਼ਾਦ ਹੋਇਆ।

ਕਾਮਾਗਾਟਾ ਮਾਰੂ ਦਾ ਨਾਇਕ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ ਸਰਹਾਲੀ 90 ਸਾਲ ਦੀ ਉਮਰ ਭੋਗ ਕੇ 24 ਜੁਲਾਈ 1954 ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਿਆ।

ਸਾਡੀ ਫੋਟੋ ਵਿਚਲਾ ਇਕਲੌਤਾ ਪੁੱਤਰ ਬਲਵੰਤ ਸਿੰਘ ਅੱਗੋਂ ਪੰਜ ਧੀਆਂ ਤੇ ਦੋ ਪੁੱਤਰਾਂ ਦਾ ਬਾਪ ਬਣਿਆ। ਉਮਰ ਦਾ ਬਹੁਤਾ ਹਿੱਸਾ ਬਿਹਾਰ-ਬੰਗਾਲ ਬਿਤਾਇਆ। ਟਰਾਂਸਪੋਰਟ ਕੰਪਨੀ ਚਲਾਈ ਤੇ ਬਾਪ ਦੇ ਅਕਾਲ ਚਲਾਣੇ ਪਿਛੋਂ ਜੱਦੀ ਪਿੰਡ ਸਰਹਾਲੀ ਆਣ ਡੇਰਾ ਕੀਤਾ। ਅੰਤ 14 ਜਨਵਰੀ 1974 ਨੂੰ ਸਰਹਾਲੀ ਵਿਖੇ ਅੰਤਮ ਸਵਾਸ ਲਿਆ। ਫੋਟੋ ਵਿਚਲੇ ਬਲਵੰਤ ਸਿੰਘ ਦੇ ਪਰਿਵਾਰ 'ਚੋਂ ਹੁਣ ਉਸ ਦਾ ਪੋਤਰਾ ਤੇ ਉਸ ਦੀ ਨੂੰਹ ਪਰਿਵਾਰ ਸਮੇਤ ਕੈਨੇਡਾ ਦੇ ਸ਼ਹਿਰ ਬਰੈਂਪਟਨ ਰਹਿੰਦੇ ਹਨ ਤੇ ਫੋਟੋ ਦਾ ਮੂਲ ਲੱਭਦੇ-ਲਭਾਉਂਦੇ ਇਸੇ ਪਰਿਵਾਰ ਨਾਲ ਮੈਂ ਫੋਨ 'ਤੇ ਗੱਲ ਕੀਤੀ।

ਗੁਰਦਿੱਤ ਸਿੰਘ ਦੇ ਪੜਪੋਤਰੇ ਤੇ ਫੋਟੋ ਵਿਚਲੇ ਬਲਵੰਤ ਸਿੰਘ ਦੇ ਪੋਤਰੇ ਤੇਜਪਾਲ ਸਿੰਘ ਨੇ ਭਾਵਕ ਤੇ ਗੱਠੀ ਵਾਜ ਵਿਚ ਕਿਹਾ: 90 ਸਾਲ ਸਾਡੇ ਪੂਰੇ ਪਰਿਵਾਰ ਵਿਚੋਂ ਕੋਈ ਕੈਨੇਡਾ ਨਹੀਂ ਆਇਆ। ਕਾਮਾਗਾਟਾ ਮਾਰੂ ਕਾਂਡ ਬਾਅਦ ਹਜ਼ਾਰਾਂ ਲੋਕ ਕੈਨੇਡਾ ਆਏ ਪਰ ਕਿਸੇ ਨੂੰ ਇਹ ਚੇਤਾ ਵੀ ਨਹੀਂ ਕਿ ਗੁਰਦਿੱਤ ਸਿੰਘ ਸਰਹਾਲੀ ਅਤੇ ਜਿਹੜੇ ਫੋਟੋ ਵਿਚਲੇ ਬੱਚੇ ਬਲਵੰਤ ਸਿੰਘ ਦੀ ਤੁਸੀਂ ਗੱਲ ਕਰਦੇ ਹੋ, ਉਨ੍ਹਾਂ ਦੇ ਪਰਿਵਾਰ ਦਾ ਕੋਈ ਬੰਦਾ ਇਥੇ ਆਇਆ ਕਿ ਨਹੀਂ? ਇਹ ਤਾਂ ਅਸੀਂ ਆਪ 90 ਸਾਲਾਂ ਬਾਅਦ 2003 ਵਿਚ ਪੀ. ਆਰ. ਲੈ ਕੇ ਆਏ ਹਾਂ। ਮੇਰਾ ਪੜਦਾਦਾ ਤੇ ਮੇਰਾ ਦਾਦਾ ਜਿਉਂਦੇ ਜੀ ਇਥੇ ਨਾ ਆ ਸਕੇ ਪਰ ਕੈਨੇਡਾ ਵਿਚ ਪੰਜਾਬੀਆਂ ਦਾ ਦਾਖਲਾ ਉਹ ਆਪਣੀਆਂ ਜਾਨਾਂ 'ਤੇ ਖੇਲ ਕੇ ਖੋਲ੍ਹ ਗਏ।

ਫੋਟੋ ਵਿਚਲੇ ਬੱਚੇ ਬਲਵੰਤ ਸਿੰਘ ਦੀ ਨੂੰਹ ਬਲਬੀਰ ਕੌਰ ਨੇ ਆਪਣੀ ਲੰਮੀ ਉਮਰ ਦਾ ਹਲਕਾ ਤਨਜ਼ੀ ਹਾਸਾ ਹੱਸਦਿਆਂ ਕਿਹਾ, ਲੀਡਰਾਂ ਨੇ ਦੇਸ਼ ਭਗਤਾਂ ਦੇ ਸੁਪਨੇ ਕੀ ਪੂਰੇ ਕਰਨੇ ਨੇ, ਇਨ੍ਹਾਂ ਦੇ ਤਾਂ ਆਪਣੇ ਸੁਪਨੇ ਈ ਨਹੀਂ ਮੁੱਕਦੇ। ਮੇਰੇ ਸਹੁਰਾ ਸਾਹਿਬ ਬਾਬਾ ਬਲਵੰਤ ਸਿੰਘ ਦਾ ਜਿਵੇਂ ਕਹਿ ਲਓ, ਮਨ ਈ ਨਹੀਂ ਕੀਤਾ ਮੁੜ ਕੇ ਕੈਨੇਡਾ ਆਉਣ ਨੂੰ। ਉਨ੍ਹਾਂ ਨੇ ਤਾਂ ਉਹੀ ਕੈਨੇਡਾ ਦੇਖਿਆ, ਜਿੰਨਾ ਕੁ ਖੜ੍ਹੇ ਕਾਮਾਗਾਟਾ ਮਾਰੂ 'ਚੋਂ ਦਿਸਦਾ ਸੀ। ਬੱਸ ਕੈਨੇਡਾ ਦਾ ਪਾਣੀ ਈ ਦੇਖਿਆ। ਉਹ ਤਾਂ ਉਦੋਂ ਛੋਟੇ ਈ ਸਨ 6-7 ਸਾਲ ਦੇ, ਉਨ੍ਹਾਂ ਨੂੰ ਜ਼ਿਆਦਾ ਯਾਦ ਵੀ ਨਹੀਂ ਸਨ ਕਾਮਾਗਾਟਾ ਮਾਰੂ ਦੀਆਂ ਗੱਲਾਂ। ਸਾਨੂੰ ਹੁਣ ਕੈਨੇਡਾ ਸਰਕਾਰ ਨੇ ਕਾਮਾਗਾਟਾ ਮਾਰੂ ਦੇ ਸੌ ਸਾਲਾਂ 'ਤੇ ਮੁਆਫੀ ਮੰਗ ਸਮਾਰੋਹ 'ਚ ਬੁਲਾਇਆ ਸੀ।

1914 ਵਿਚ ਵਾਪਰੀ ਕਾਮਾਗਾਟਾ ਮਾਰੂ ਕਾਂਡ ਨੂੰ 100 ਸਾਲ ਬੀਤ ਗਿਆ। ਇਕ ਪੂਰੀ ਸਦੀ ਬੀਤ ਗਈ। ਕੈਨੇਡਾ ਸਰਕਾਰ ਨੇ ਕਾਮਾਗਾਟਾ ਮਾਰੂ ਦੀ ਇਤਿਹਾਸਕ ਭੁੱਲ ਲਈ ਇਕ ਸਦੀ ਬਾਅਦ ਮੁਆਫੀ ਮੰਗੀ। ਪੂਰੇ ਪੰਜਾਬੀਆਂ ਨੇ ਪੂਰੇ ਜੋਸ਼ ਨਾਲ ਇਸ ਮੁਆਫੀ ਦੇ ਜਸ਼ਨ ਮਨਾਏ।

ਅਸੀਂ ਸ਼ਹੀਦੀਆਂ ਪ੍ਰਾਪਤ ਕਰਕੇ ਤੇ ਮੁਆਫੀਆਂ ਮੰਗਵਾ ਕੇ ਖੁਸ਼ ਹੋਣ ਵਾਲੀ ਕੌਮ ਹਾਂ ਪਰ ਇਨ੍ਹਾਂ ਸ਼ਹੀਦੀਆਂ ਦੇ ਮਨੋਰਥ ਤੇ ਮੁਆਫੀਆਂ ਦੀ ਅਸਲੀਅਤ ਮਗਰ ਨਹੀਂ ਜਾਂਦੇ। ਅਜੇ ਵੀ ਬਹੁਤ ਕੁਝ ਉਹੀ ਵਾਪਰ ਰਿਹਾ ਹੈ, ਜੋ ਸੌ ਸਾਲ ਪਹਿਲਾਂ ਸੀ, ਸਿਰਫ ਉਸ ਦਾ ਰੂਪ ਬਦਲ ਗਿਆ ਹੈ। ਚਿਹਰੇ ਬਦਲ ਗਏ ਹਨ। ਅੱਜ ਜੋ ਪੂਰੇ ਵਿਸ਼ਵ ਵਿਚ ਮਨੁੱਖਤਾ ਦਾ ਘਾਣ ਰੰਗ, ਨਸਲ ਤੇ ਕੌਮ ਆਧਾਰਿਤ ਹੋ ਰਿਹਾ ਹੈ, ਕੀ ਇਹ ਮੁਆਫੀਆਂ ਮੰਗਵਾਉਣ ਨਾਲ ਖਤਮ ਹੋ ਗਿਆ ਹੈ, ਜਾਂ ਖਤਮ ਹੋਣ ਵਾਲਾ ਹੈ? ਸਾਡੇ ਅੱਗੇ ਕਾਮਾਗਾਟਾ ਮਾਰੂ 'ਚ ਡੱਕੇ ਮੁਸਾਫਰਾਂ ਦੀਆਂ ਅੱਖਾਂ ਸੁਆਲ ਕਰਦੀਆਂ ਨੇ, ਕੀ ਕਾਮਾਗਾਟਾ ਮਾਰੂ ਦੀ ਲੜਾਈ ਖਤਮ ਹੋ ਚੁਕੀ ਹੈ? ਅਜੇ ਵੀ ਕੁਲ ਦੁਨੀਆਂ ਦੀ ਇਨਸਾਨੀਅਤ ਉਸੇ ਫੋਟੋ ਵਿਚਲੇ ਬੰਦਿਆਂ ਵਾਂਗ ਡਰੀ ਖਲੋਤੀ ਹੈ, ਜੋ ਮੁਲਕਾਂ, ਧਰਤੀਆਂ ਦੇ ਹੱਦਾਂ ਬੰਨੇ ਤੋੜ ਕੇ ਗਲਵੱਕੜੀਆਂ ਪਾ ਕੇ ਇਕ ਦੂਜੇ ਨੂੰ ਮਿਲਣਾ ਚਾਹੁੰਦੀ ਹੈ ਪਰ ਅਜੇ ਵੀ ਸਮੁੰਦਰੀ ਪਾਣੀਆਂ ਵਿਚ ਖੌਫਨਾਕ ਛੱਲਾਂ ਵਿਚੋਂ 'ਗੋ-ਬੈਕ' ਦੀ ਖੂੰਖਾਰ ਗੂੰਜ ਉਠਦੀ ਹੈ ਤੇ ਅਜੇ ਵੀ ਫੋਟੋ ਵਿਚ ਤਮਾਮ ਚਿਹਰੇ ਡਰੇ ਹੋਏ ਨੇ। ਤੇ ਫੋਟੋ ਵਿਚਲੇ ਬੱਚਿਆਂ ਦੀਆਂ ਖਾਲੀ ਨਜ਼ਰਾਂ ਅੰਦਰ ਹੈਰਾਨੀ ਉਸੇ ਤਰ੍ਹਾਂ ਅੜੀ ਹੋਈ ਹੈ, ਸੁਆਲ ਕਰਦੀ ਹੋਈ: ਕਿਥੇ ਕੁ ਪੁੱਜੇ ਹਾਂ ਅਸੀਂ? ਆਖਰ ਕਿਥੇ ਜਾ ਰਹੇ ਹਾਂ? ਰੋਕ ਕਿਉਂ ਦਿੱਤੇ ਗਏ ਅੱਧ ਵਿਚਕਾਰ? ਕਦੋਂ ਚੱਲੇਗਾ 'ਕਾਮਾਗਾਟਾ ਮਾਰੂ?' ਕਦੋਂ ਪਹੁੰਚੇਗਾ?

ਮੇਰੀ ਨਿਗ੍ਹਾ ਫਿਰ ਅਚਾਨਕ ਐਡਿਟਿੰਗ ਟੇਬਲ 'ਤੇ ਸਟਿਲ ਕੀਤੀ ਬੱਚੇ ਦੀ ਤਸਵੀਰ 'ਤੇ ਜਾਂਦੀ ਹੈ। ਮੈਂ ਤਸਵੀਰ ਦਾ ਫਰੇਮ ਖੋਲ੍ਹ ਦਿੰਦਾ ਹਾਂ। ਮੇਰੇ ਖਿਆਲਾਂ ਅੰਦਰ ਚਲਦੇ ਕਾਮਾਗਾਟਾਮਾਰੂ ਦਾ ਗਾੜ੍ਹਾ ਧੂੰਆਂ ਪੂਰੀ ਸਕਰੀਨ ਨੂੰ ਢਕ ਲੈਂਦਾ ਹੈ। ਇਸ ਧੂੰਏਂ ਦੇ ਗੁੱਛੇ ਸਕਰੀਨ ਦੇ ਹੱਦਾਂ ਬੰਨੇ ਤੋੜ ਕੇ ਬਾਹਰ ਆ ਜਾਂਦੇ ਨੇ। ਸੰਘਣੇ ਧੂੰਏਂ ਦੇ ਅਨੰਤ ਫੈਲਾਓ ਅੰਦਰੋਂ ਮੈਂ ਗੁੰਮ ਗਏ ਮੁਸਾਫਰਾਂ ਨੂੰ ਟੋਲਦਾ ਹਾਂ। ਕੁਝ ਹੱਥਕੜੀਆਂ 'ਚ ਬੰਨ੍ਹੇ ਜੇਲ੍ਹਾਂ ਵੱਲ ਲਿਜਾਏ ਜਾ ਰਹੇ ਨੇ, ਕੁਝ ਗੋਲੀਆਂ ਨਾਲ ਭੁੰਨੇ ਜਾ ਰਹੇ ਨੇ, ਕੁਝ ਫਾਂਸੀ ਦੇ ਤਖਤਿਆਂ 'ਤੇ ਝੂਲ ਰਹੇ ਨੇ, ਕੁਝ ਗੁੰਮਨਾਮ ਹਨੇਰਿਆਂ ਅੰਦਰ ਉਤਰ ਰਹੇ ਨੇ ਪਰ ਉਨ੍ਹਾਂ ਦੇ ਸੁਪਨਿਆਂ ਵਾਲੀਆਂ ਹਮੇਸ਼ਾ ਲਈ ਮੀਟੀਆਂ ਗਈਆਂ ਅੱਖਾਂ ਅਜੇ ਵੀ ਦੂਰ ਕਿਧਰੇ ਜਗਦੀਆਂ ਨੇ। ਘੁੱਪ ਕਾਲੇ ਧੂਏਂ 'ਚ ਚਮਕਦੀਆਂ ਨੇ। ਸਾਨੂੰ ਦੇਖਦੀਆਂ ਨੇ... ਤੇ ਫੋਟੋ ਵਿਚਲੇ ਬੱਚੇ ਦੀਆਂ ਸੁਲਘਦੀਆਂ ਉਂਗਲਾਂ ਦੇ ਨਿਸ਼ਾਨ ਕਾਮਾਗਾਟਾ ਮਾਰੂ ਨੂੰ ਹੁਣੇ ਛੋਹ ਕੇ ਲੰਘੇ ਸਮੁੰਦਰ 'ਤੇ ਡੂੰਘੇ ਛਪੇ ਹੋਏ ਨੇ। ਪਾਣੀਆਂ ਤੋਂ ਜ਼ਖਮਾਂ ਦੇ ਨਿਸ਼ਾਨ ਐਵੇਂ ਕਿਵੇਂ ਨਹੀਂ ਮਿਟ ਜਾਂਦੇ!

###

## ਕਹਾਣੀ

# ਸਾਡੇ ਹੱਕ ਐਥੇ ਰੱਖ

***1970-72 ਦੌਰਾਨ ਆਪਣੇ ਹੱਕ ਮੰਗਦੇ ਪ੍ਰੋਫੈਸਰਾਂ ਦਾ ਸੰਘਰਸ਼ ਚੱਲਿਆ ਸੀ, ਜਿਸ ਵਿਚ ਬਹੁਤ ਦੇਰ ਉਨ੍ਹਾਂ ਨੂੰ ਲਾਠੀ ਚਾਰਜ ਤੇ ਪਾਣੀ ਦੀਆਂ ਤੋਪਾਂ ਦੀ ਮਾਰ ਪੈਂਦੀ ਰਹੀ। ਹੁਣ ਓਹੋ ਹਸ਼ਰ ਪੰਜਾਬ ਵਿਚ ਹੱਕ ਮੰਗਦੇ ਅਧਿਆਪਕਾਂ, ਨਰਸਾਂ ਤੇ ਹੋਰ ਮੁਲਾਜਮਾਂ ਨਾਲ ਹੁੰਦਾ ਵੇਖ ਕੇ ਮੇਰੀ ਲਿਖੀ ਪੁਰਾਣੀ ਕਹਾਣੀ ਤਾਜ਼ਾ ਹੋ ਗਈ ਹੈ।***

'ਠੱਕ...ਠੱਕ...ਠੱਕ' ਦਰਵਾਜੇ ਦੀ ਕੁੰਡੀ ਖੜਕੀ। ਪ੍ਰੋਫੈਸਰ ਕੁਮਾਰ ਨੇ ਉਤੇ ਲਈ ਲੋਈ 'ਚੋਂ ਸਿਰ ਬਾਹਰ ਕੱਢ ਕੇ ਵੇਖਿਆ। 'ਠੱਕ...ਠੱਕ...ਠੱਕ' ਦਰਵਾਜਾ ਫਿਰ ਖੜਕਿਆ।

"ਕੌਣ ਐ ਭਾਈ ਸਵੇਰੇ ਸਵੇਰੇ!"

"ਅਖਬਾਰ!"

"ਤੇ ਸੁੱਟ ਦੇ ਅੰਦਰ।" ਉਹ ਖਿਝ ਕੇ ਬੋਲਿਆ। ਫਿਰ ਕੁਝ ਚੇਤੇ ਆਉਣ 'ਤੇ ਅੱਖਾਂ ਮਲਦਾ ਉਠਿਆ ਤੇ ਬਾਹਰਲੇ ਦਰਵਾਜੇ ਤੱਕ ਜਾ ਪਹੁੰਚਾ। ਅਖਬਾਰ ਵਾਲਾ ਸਾਹਮਣੇ ਖੜਾ ਸੀ, ਖੜਾ ਰਿਹਾ, ਸਵੇਰੇ ਸਵੇਰੇ ਨੰਬਰਦਾਰ ਦੇ ਮੱਥੇ ਲੱਗਣ ਵਾਂਗ ਮਨਹੂਸ। ਅਖਬਾਰ ਵਾਲੇ ਦੀਆਂ ਅੱਖਾਂ ਵਿਚੋਂ ਡਰਾਉਣੀ ਵੰਗਾਰ ਨਿਕਲਦੀ ਦਿਸੀ। ਵੰਗਾਰ ਨਹੀਂ, ਉਸ ਦਾ ਆਪਣਾ ਹੱਕ ਹੀ ਤਾਂ ਸੀ। ਪਿਛਲੇ ਕਈ ਮਹੀਨਿਆਂ ਤੋਂ ਅਖਬਾਰ ਦਾ ਬਿੱਲ ਬਕਾਇਆ ਸੀ।

"ਅਜੇ ਤਾਂ ਤਨਖਾਹ ਨਹੀਂ ਮਿਲੀ ਸੋਮੇ। ਬੱਸ ਅੱਜ ਕੱਲ੍ਹ ਫੈਸਲਾ ਹੋਣ ਹੀ ਵਾਲਾ ਹੈ। ਹੋ ਸਕਦੈ, ਅੱਜ ਹੀ ਕੱਟੀ-ਕੱਟਾ ਨਿਕਲ ਜਾਏ, ਸਰਕਾਰ ਈ ਭੁੱਖੀ ਨੰਗੀ ਹੋਈ ਪਈ ਏ। ਛੇ ਮਹੀਨੇ ਤੋਂ ਤਨਖਾਹ ਟਰਕਾਈ ਜਾ ਰਹੇ ਨੇ।" ਕੁਮਾਰ ਦਾ ਤਰਲੇ ਭਰਿਆ ਲੰਮਾ ਹਉਕਾ ਸੋਮੇ ਨੂੰ ਵੀ ਝੰਜੋੜ ਗਿਆ। ਉਸ ਨੂੰ ਪੂਰੀ ਉਮੀਦ ਸੀ ਪਈ ਇੱਧਰੋਂ ਅੱਜ ਕੁਝ ਨਾ ਕੁਝ ਜ਼ਰੂਰ ਮਿਲੂ। ਉਹ ਨਿਰਾਸ਼ਾ ਦੇ ਘੁੱਟ ਭਰ ਚੁਪ ਚਾਪ ਅਗਲੇ ਦਰਵਾਜੇ ਵੱਲ ਤੁਰ ਗਿਆ।



**ਚਰਨਜੀਤ ਸਿੰਘ ਪੰਨੂ**
**ਫੋਨ: 408-608-4961**

ਪ੍ਰੋ. ਸਾਹਿਬ ਦਾ ਮਨ ਤਰਸ ਨਾਲ ਪਿਘਲ ਉਠਿਆ ਤੇ ਸੋਮੇ 'ਤੇ ਬਹੁਤ ਤਰਸ ਆਇਆ, ਉਸ ਦਾ ਕੀ ਕਸੂਰ! ਤਨਖਾਹ ਸਾਨੂੰ ਨਹੀਂ ਮਿਲੀ ਤੇ ਭੁਗਤੇ ਵਿਚਾਰਾ ਸੋਮਾ! ਹੁਣੇ ਹੁਣੇ ਦੁੱਧ ਵਾਲਾ ਵੀ ਆਉਣ ਵਾਲਾ ਹੈ, ਬਾਣੀਆ ਵੀ ਆ ਧਮਕੂ। ਸਭ ਨੂੰ ਪਤੈ, ਪਹਿਲੇ ਹਫਤੇ ਮੁਲਾਜ਼ਮਾਂ ਨੂੰ ਤਨਖਾਹ ਮਿਲ ਜਾਂਦੀ ਐ, ਪਰ ਉਨ੍ਹਾਂ ਨੂੰ ਕੀ ਪਤਾ, ਦੇਸ਼ ਦੀ ਪਨੀਰੀ ਸਿੰਜਣ ਵਾਲੇ ਤੇ ਨੇਪਰੇ ਚਾੜ੍ਹਨ ਵਾਲੇ ਅਧਿਆਪਕ ਅੱਜ ਆਪ ਢਿੱਡੋਂ ਭੁੱਖੇ ਨੇ। ਅਸੀਂ ਇਹ ਵੀ ਨਹੀਂ ਕਹਿ ਸਕਦੇ, 'ਭੁਖੇ ਭਗਤ ਨਾ ਕੀਚੈ, ਇਹ ਮਾਲਾ ਆਪਣੀ ਲੀਜੇ।' ਹਾਂ, ਇਹ ਜ਼ਰੂਰ ਹੈ ਕਿ ਜੇ ਮਿਹਨਤ ਦਾ ਇਵਜ਼ਾਨਾ ਸੂਲ੍ਹਾ ਸਫਾਈ ਨਾਲ ਨਹੀਂ ਮਿਲਦਾ ਤਾਂ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਹੀ ਪੈਂਦਾ ਹੈ।

ਕੀ ਬਣੂੰ ਇਸ ਦੇਸ਼ ਦਾ? ਸਮਾਜ ਦਾ? ਜਿੱਥੇ ਹੱਕ, ਸੱਚ ਤੇ ਇਨਸਾਫ ਲਈ ਪਿੰਡੇ 'ਤੇ ਲੋਹੇ ਦੇ ਸੰਗਲ ਖਾਣੇ ਪੈਂਦੇ ਨੇ, ਜੇਲ੍ਹ ਜਾਣਾ ਪੈਂਦਾ ਹੈ। ਕਿਸੇ ਨੇ ਠੀਕ ਹੀ ਕਿਹਾ ਹੈ, 'ਸਾਡੇ ਦੇਸ਼ ਦਾ ਬੱਚਾ ਚੰਗਾ ਖਿਡਾਰੀ ਨਹੀਂ ਬਣ ਸਕਦਾ, ਜਿਸ ਦਾ ਢਿੱਡ ਵੀ ਭੁਖਾ ਹੈ ਤੇ ਕੱਛਾ ਵੀ ਪਾਟਾ ਹੈ। ਉਨ੍ਹਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਜੇ ਬੱਚਿਆਂ ਦੇ ਭਵਿੱਖ ਘੜਨ ਵਾਲੇ ਵਿਚਲ ਜਾਣ ਤਾਂ ਸਾਰੀ ਸਰਕਾਰ ਠਹਿਚਲ ਜਾਵੇਗੀ।'

ਅਖਬਾਰ ਦੀਆਂ ਸੁਰਖੀਆਂ ਪੜ੍ਹਦਿਆਂ ਉਸ ਦੀ ਨਜ਼ਰ ਰਾਸ਼ੀਫਲ ਵਾਲੇ ਕਾਲਮ 'ਤੇ ਟਿਕ ਗਈ। 'ਸਿਤਾਰਾ ਉਤਮ, ਕਾਰੋਬਾਰ ਬਿਹਤਰ, ਸਮਾਜਕ ਰੁਤਬਾ ਉਚਾ, ਸਾਰੇ ਵਿਗੜੇ ਕੰਮ ਰਾਸ ਆਉਣਗੇ...ਜਿੱਧਰ ਜਾਓ ਫਤਿਹ ਪਾਓ।' ਉਸ ਦਾ ਚਿਹਰਾ ਉਤਸ਼ਾਹ ਨਾਲ ਚਮਕ ਉਠਿਆ।

ਅੱਜ ਕਾਲਜਾਂ ਦੇ ਟੀਚਰਾਂ ਨੇ ਰਾਜਧਾਨੀ ਜਾ ਕੇ ਰੈਲੀ ਕਰਨੀ ਸੀ, ਗਰਾਂਟਾਂ ਰਿਲੀਜ਼ ਕਰਾਉਣ ਲਈ। ਉਹ ਛੇਤੀ ਛੇਤੀ ਤਿਆਰ ਹੋ ਕੇ ਛਾਹ ਵੇਲਾ ਖਾਧੇ ਬਿਨਾ ਹੀ ਬਾਹਰ ਨਿਕਲ ਗਿਆ। ਥੋੜ੍ਹੀ ਦੂਰ ਹੀ ਗਿਆ ਸੀ ਕਿ ਇਕ ਬਿੱਲੀ ਦੌੜਦੀ ਆਈ ਤੇ ਉਸ ਦੇ ਪੈਰਾਂ ਵਿਚ ਆ ਕੇ ਬੈਠ ਗਈ। ਉਸ ਦਾ ਸਾਰਾ ਵਜੂਦ ਕੰਬ ਗਿਆ। ਬਿੱਲੀ ਕੰਬ ਰਹੀ ਸੀ।

'ਹਰੇ ਰਾਮ! ਇਹ ਕੀ ਬਦਸ਼ਗਨੀ?' ਉਹ ਸੋਚਣ ਲੱਗਾ। ਜੇ ਬਿੱਲੀ ਰਸਤਾ ਕੱਟ ਜਾਏ ਤਾਂ ਅਨਰਥ ਹੁੰਦਾ ਹੈ, ਨੁਕਸਾਨ ਹੁੰਦਾ ਹੈ, ਪਰ ਇਹ ਤਾਂ ਪੈਰਾਂ ਥੱਲੇ ਹੀ ਆ ਕੇ ਅੜ ਗਈ! ਉਸ ਨੇ ਭੁੜਕ ਕੇ ਠੁੱਡਾ ਮਾਰ ਕੇ ਬਿੱਲੀ ਪਰਾਂ ਸੁੱਟ ਮਾਰੀ।

ਜੀਭਿਆਣੀ ਬਿੱਲੀ! ਰਹਿਮ ਮੰਗਦੀ ਬਿੱਲੀ। ਉਸ ਦੇ ਵੇਖਦਿਆਂ ਵੇਖਦਿਆਂ ਵੱਡੇ ਕੁੱਤਿਆਂ ਨੇ ਲੀਰੋ ਲੀਰ ਕਰ ਦਿੱਤੀ। ਪਲ ਦੀ ਪਲ ਉਸ ਨੂੰ ਜਾਪਿਆ, ਬਿੱਲੀ ਨਹੀਂ, ਉਸ ਦੀ ਆਪਣੀ ਮਾਨਸਿਕਤਾ ਲੀਰੋ ਲੀਰ ਹੋਈ ਹੈ। ਉਸ ਨੇ ਆਪਣੇ ਆਪ ਨੂੰ ਬੜਾ ਵੱਡਾ ਗੁਨਾਹਗਾਰ ਸਮਝਿਆ। 'ਬੜਾ ਪਾਪ ਹੋਇਆ ਮੈਥੋਂ। ਚਲੋ ਕੋਈ ਗੱਲ ਨਹੀਂ, ਪਤਾ ਨਹੀਂ ਕੀ ਬਲਾ ਸੀ, ਕੀ ਅਣਹੋਣੀ ਕਰਨੀ ਸੀ ਇਸ ਨੇ!' ਉਸ ਨੇ ਆਪਣੀ ਅੰਤਰ ਆਤਮਾ ਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ।

ਰਾਸ਼ੀਫਲ ਦੀਆਂ ਸਤਰਾਂ ਵਾਰ ਵਾਰ ਉਸ ਦੇ ਢਹਿੰਦੇ ਮਨ ਨੂੰ ਸਹਾਰਾ ਦੇ ਰਹੀਆਂ ਸਨ। ਉਸ ਦਾ ਬੌਸ ਉਸ ਨਾਲ ਨਾਰਾਜ਼ ਰਹਿੰਦਾ ਸੀ, ਪ੍ਰਧਾਨ ਉਸ ਤੋਂ ਨਾ ਖੁਸ਼ ਸੀ। ਅੱਜ ਪਹਿਲਾਂ ਜਾ ਕੇ ਉਹ ਦੋਹਾਂ ਨੂੰ ਮਿਲੇਗਾ। ਸਭ ਗਿਲੇ ਸ਼ਿਕਵੇ ਦੂਰ ਕਰੇਗਾ, ਪੈਂਤੜੇਬਾਜ਼ੀ ਮਾਰੇਗਾ ਤੇ ਰਾਸ਼ੀਫਲ ਦੇ ਮਹਾਤਮ ਨੂੰ ਸਫਲਤਾ ਦੀ ਪੌੜੀ ਚੜ੍ਹਦਾ ਦੇਖੂ।

ਅੱਡੇ ਤੱਕ ਪਹੁੰਚਦਿਆਂ ਉਹ ਮੁੜ੍ਹਕੋ ਮੁੜ੍ਹਕੀ ਹੋ ਗਿਆ। ਬੋਟੀ ਬੋਟੀ ਤੁੜਾਉਂਦੀ ਬਿੱਲੀ ਦੀ ਕੁਰਲਾਹਟ ਉਸ ਨੂੰ ਅਸਮਾਨੋਂ ਲੱਥੇ ਸਰਾਪ ਵਾਂਗ ਰੜਕ ਰਹੀ ਸੀ। ਇਕ ਮਾਸੂਮ ਬਿੱਲੀ ਨੂੰ ਜਾਬਰ ਕੁੱਤਿਆਂ ਤੋਂ ਨਾ ਬਚਾਅ ਸਕਿਆ, ਲਾਹਨਤ ਹੈ ਅਜਿਹੇ ਮਾਣਸ 'ਤੇ। ਅੱਡੇ ਦੇ ਇਕ ਪਾਸੇ ਸੜਕ 'ਤੇ ਬਹੁਤ ਭੀੜ ਸੀ। ਲੋਕ ਉਧਰ ਆ-ਜਾ ਰਹੇ ਸਨ, ਜਿਵੇਂ ਕੋਈ ਵੱਡਾ ਹਾਦਸਾ ਹੋ ਗਿਆ ਹੋਵੇ।

"ਕੀ ਹੋਇਐ ਇੱਧਰ?" ਪ੍ਰੋਫੈਸਰ ਨੇ ਹੈਰਾਨੀ ਨਾਲ ਪੁਛਿਆ।

"ਬਾਬੇ ਪ੍ਰਗਟ ਹੋਏ ਨੇ ਇੱਥੇ ਪ੍ਰੋ. ਸਾਹਿਬ! ਸ਼ੇਸ਼ ਨਾਗ ਦੀ ਜਨਮ ਭੂਮੀ ਉਜਾਗਰ ਹੋਈ ਹੈ ਇੱਥੇ।" ਹੱਸਦਿਆਂ ਰੁਲੀਏ ਅਮਲੀ ਨੇ ਕਿਹਾ।

"ਜਾਓ ਤੁਸੀਂ ਵੀ ਜਾ ਕੇ ਮੱਥਾ ਟੇਕ ਲਓ, ਦਿਲੀ ਮੁਰਾਦਾਂ ਪੂਰੀਆਂ ਕਰਦੇ ਨੇ ਬਾਬੇ।" ਕਿਸੇ ਹੋਰ ਸ਼ਰਧਾਲੂ ਦੀ ਸਿਫਾਰਸ਼ ਸੀ।

ਉਹ ਝਕਦਾ ਝਕਦਾ ਅੱਗੇ ਹੋਇਆ। ਸੱਚੀਂ ਮੁੱਚੀਂ ਕਈ ਤਰ੍ਹਾਂ ਦੇ ਸੱਪ, ਸਪੋਲੀਏ, ਸਪੂੰਡੇ, ਗਡੋਇਆਂ ਵਾਂਗ ਇਕੱਠੇ ਹੋਏ ਇਕ ਦੂਸਰੇ ਦੇ ਥੱਲੇ ਵੜ ਕੇ ਠੰਢ ਤੋਂ ਬਚਣ ਦਾ ਯਤਨ ਕਰ ਰਹੇ ਸਨ। ਲਾਗੇ ਮੱਥੇ 'ਤੇ ਤਿਲਕ ਲਾਈ ਇਕ ਅਖੌਤੀ ਪੁਜਾਰੀ ਧੂਫ ਧੁਖਾ ਕੇ ਉਨ੍ਹਾਂ ਨੂੰ ਧੂਫ ਦਾ ਸੇਕ ਦੇ ਰਿਹਾ ਸੀ। "ਆ ਜਾ ਭਗਤਾ ਤੂੰ ਵੀ ਆ ਜਾ, ਮੰਗ ਲੈ ਜੋ ਮੰਗਣਾ।" ਤਿਲਕਧਾਰੀ ਨੇ ਕਾਸਾ ਅੱਗੇ ਕੀਤਾ।

"ਨਾ ਬਾਬਾ ਨਾ, ਸੱਪ! ਹਾਂ ਸੱਪ ਤਾਂ ਸੱਪ ਹੀ ਹੁੰਦਾ ਹੈ। ਮੈਂ ਪੂਜਾਂ, ਮੱਥਾ ਟੇਕਾਂ? ਕੀ ਪਤਾ ਕਦੋਂ ਡੰਗ ਮਾਰ ਸੁੱਟੇ। ਤੌਬਾ ਤੌਬਾ, ਮੈਂ ਨਾਗ ਦੇਵਤਾ ਦੀ ਹਦੂਦ 'ਚ ਦਖਲ ਨਹੀਂ ਦੇਣਾ ਚਾਹੁੰਦਾ।" ਉਹ ਆਪਣਾ ਆਪ ਬਚਾਉਂਦਾ ਬੱਸ 'ਤੇ ਜਾ ਚੜ੍ਹਿਆ।

ਕਾਲਜ ਦੇ ਗੇਟ ਤੱਕ ਪਹੁੰਚਦਿਆਂ ਉਸ ਨੇ ਵੇਖਿਆ, ਘਰੋਂ ਸਵਖਤੇ ਤੁਰ ਕੇ ਵੀ ਉਹ ਅੱਧਾ ਘੰਟਾ ਲੇਟ ਹੋ ਗਿਆ ਸੀ। ਮੱਥੇ 'ਤੇ ਪਸੀਨਾ ਆ ਗਿਆ, ਅੱਜ ਕੀ ਬਹਾਨਾ ਲਾਊ? ਹਾਂ ਕਹਿ ਦਊਂ, ਸਕੂਟਰ ਪੈਂਚਰ ਹੋ ਗਿਆ। ਬੱਸ ਲਈ, ਸਾਲੀ ਬੱਸ ਵੀ ਪੈਂਚਰ ਹੋ ਗਈ ਜਾਂ ਕਹਿ ਦਊਂ ਹਾਦਸਾ ਹੁੰਦਾ ਮਸਾਂ ਟਲਿਆ।

"ਸਾਹਿਬ ਨੇ ਅੰਦਰ...।" ਕਲਰਕ ਨੇ ਮੁਸਕਰਾ ਕੇ ਉਸ ਨੂੰ ਅੰਦਰ ਤੱਕ ਹਿਲਾ ਦਿੱਤਾ। ਪਰਦਾ ਚੁੱਕ ਕੇ ਅੰਦਰ ਗਿਆ। ਮੀਟਿੰਗ ਚੱਲ ਰਹੀ ਸੀ। ਉਹ ਚੁਪ ਚੁਪੀਤੇ ਪਿੱਛੇ ਬੈਠ ਗਿਆ। ਪ੍ਰੋ. ਲਾਮਾ ਸਪੀਚ ਦੇ ਰਿਹਾ ਸੀ। ਰਾਜਧਾਨੀ ਦੀ ਰੈਲੀ ਬਾਰੇ, ਸਰਕਾਰ ਦੀ ਟਰਕਾਊ ਨੀਤੀ ਬਾਰੇ, ਜਾਦੂ ਟੂਣੇ ਵਹਿਮਾਂ-ਭਰਮਾਂ ਬਾਰੇ। ਤੇ ਫਿਰ...

"ਮੈਂ ਪ੍ਰੋ. ਕੁਮਾਰ ਦਾ ਨਾਂ ਤਜਵੀਜ਼ ਕਰਦਾ ਹਾਂ ਕਿ ਉਹ ਅੱਜ ਦੀ ਸਾਰੀ ਮੁਹਿੰਮ ਦੀ ਅਗਵਾਈ ਕਰਨ।" ਸਾਰੀਆਂ ਧੌਣਾਂ ਪਿੱਛੇ ਮੁੜੀਆਂ।

"ਮੈਂ ਤਾਈਦ ਕਰਦਾ ਹਾਂ।" ਪ੍ਰਿੰਸੀਪਲ ਦੀ ਆਵਾਜ਼ ਆਈ। ਤਾੜੀਆਂ ਦੀ ਗੂੰਜ ਸੁਣ ਕੇ ਪ੍ਰੋ. ਕੁਮਾਰ ਦੀ ਛਾਤੀ ਫੁਲ ਗਈ। ਉਸ ਨੂੰ ਰਾਸ਼ੀਫਲ ਦੇ ਹਰਫ ਸੱਚੋ ਸੱਚ ਚਮਕਦੇ ਨਜ਼ਰ ਆਉਣ ਲੱਗੇ। ਉਹ ਉਠ ਕੇ ਸਟੇਜ ਵੱਲ ਵਧਿਆ। ਉਸ ਨੇ ਪ੍ਰਿੰਸੀਪਲ ਤੇ ਪ੍ਰਧਾਨ ਦੀਆਂ ਸਿਫਤਾਂ ਦੇ ਪੁਲ ਬੰਨ੍ਹੇ, ਜਿਨ੍ਹਾਂ ਉਸ ਨਿਗੂਣੇ ਜਿਹੇ ਨੂੰ ਇਸ ਵੱਡੀ ਮੁਹਿੰਮ ਦਾ ਮੋਢੀ ਬਣਾਇਆ। ਸਾਹਮਣੇ ਉਸ ਦੇ ਆਪਣੇ ਹੀ ਨਹੀਂ, ਹੋਰਾਂ ਕਾਲਜਾਂ ਦੇ ਨੁਮਾਇੰਦੇ ਵੀ ਆਏ ਬੈਠੇ ਸਨ।

"ਸਾਥੀਓ! ਪ੍ਰੋ. ਲਾਮਾ ਭੁੱਲ ਗਏ ਨੇ ਕਿ ਜਿੰਨਾ ਚਿਰ ਇਹ ਪੇਟ ਭੁੱਖਾ ਹੈ, ਇਸ ਭੱਠੀ ਵਿਚ ਬਾਲਣ ਨਹੀਂ ਪੈਂਦਾ, ਉਤਨੀ ਦੇਰ ਹੋਰ ਸੁਪਨੇ ਲੈਣੇ ਬੇਕਾਰ ਹਨ। ਭੁੱਖੇ ਢਿੱਡ ਤੁਸੀਂ ਸਰਕਾਰ ਨਾਲ ਜਾਂ ਭੂਤਾਂ ਚੁੜੇਲਾਂ ਨਾਲ ਤਾਂ ਕੀ, ਆਪਣੀ ਆਤਮਾ ਨਾਲ ਵੀ ਨਹੀਂ ਲੜ ਸਕਦੇ।"

"ਬਿਲਕੁਲ ਠੀਕ!" ਫਿਰ ਤਾੜੀਆਂ!

"ਛੇ ਮਹੀਨੇ ਜਿਸ ਮੁਲਾਜ਼ਮ ਨੂੰ ਤਨਖਾਹ ਨਾ ਮਿਲੇ, ਉਹ ਕੰਮ ਕੀ ਕਰੇਗਾ? ਛੇ ਮਹੀਨੇ ਜਿਸ ਪ੍ਰੋਫੈਸਰ ਨੂੰ ਤਨਖਾਹ ਨਾ ਮਿਲੇ, ਜਿਸ ਦੇ ਬੱਚੇ ਰੋਟੀ ਕਪੜੇ ਤੋਂ ਊਣੇ ਹੋਣ, ਉਹ ਹੋਰ ਬੱਚਿਆਂ ਨੂੰ ਕੀ ਪੜ੍ਹਾਊ? ਕੀ ਸਿਖਾਊ?" ਪ੍ਰੋਫੈਸਰ ਕੁਮਾਰ ਨੇ ਜੁਝਾਰੂ ਰੰਗ ਭਰ ਕੇ ਮਾਹੌਲ ਬਦਲ ਦਿੱਤਾ।

"ਕਿਸੇ ਮਾਲਕ ਨੇ ਆਪਣੇ ਬੱਚੇ ਪਾਲਣ ਲਈ ਤੇ ਖਿਡਾਉਣ-ਪੜ੍ਹਾਉਣ ਲਈ ਨੌਕਰ ਰੱਖਿਆ, ਉਸ ਦੇ ਹੱਥੀਂ ਬੱਚਿਆਂ ਨੂੰ ਚੰਗਾ ਚੋਖਾ ਖਾਣ ਨੂੰ ਮਿਲਦਾ ਪਰ ਉਸ ਨੂੰ ਬਚੀ-ਖੁਚੀ ਬਹੀ ਵਾਧੂ ਘਾਟੂ ਖੁਰਾਕ ਨਸੀਬ ਹੁੰਦੀ। ਨੌਕਰ ਇਕ ਦਿਨ ਤੰਗ ਆ ਕੇ ਬੱਚਿਆਂ ਨੂੰ ਬਾਹਰ ਲੈ ਗਿਆ ਤੇ ਕੀੜਿਆਂ ਦੇ ਭੌਣ 'ਤੇ ਬਿਠਾ ਦਿਤਾ। ਕੀੜੇ ਲੜਨ ਲੱਗੇ, ਬੱਚੇ ਚੀਕਾਂ ਮਾਰਨ ਲੱਗੇ। ਜਦ ਚੰਗੀ ਝੁੱਟੀ ਲੱਗ ਗਈ ਤਾਂ ਚੁੱਕ ਕੇ ਬੱਚੇ ਪਾਸੇ ਕਰ ਕਹਿਣ ਲੱਗਾ, 'ਵੇਖਿਆ ਬੱਚਿਓ! ਕਿੰਨੇ ਚੰਗੇ ਸੀ ਇਹ ਕਾਢੇ? ਇਨ੍ਹਾਂ ਦੀ ਰਾਣੀ ਕਹਿੰਦੀ ਸੀ, ਅੱਗੇ ਤੋਂ ਜੋ ਖਾਣਾ ਬੱਚੇ ਖਾਣਗੇ, ਜੇ ਉਹੀ ਖਾਣਾ ਨੌਕਰ ਖਾਏਗਾ ਤਾਂ ਇਹ ਕੀੜੇ ਨਹੀਂ ਲੜਨਗੇ।' ਬੱਚਿਆਂ ਨੇ ਉਹੀ ਸੁਨੇਹਾ ਘਰ ਜਾ ਕੇ ਦੇ ਦਿੱਤਾ। ਬੱਚਿਆਂ ਦੇ ਥਾਂ ਥਾਂ ਤੋਂ ਚਰੂੰਡੇ ਸਰੀਰਾਂ ਨੇ ਮਾਲਕ ਨੂੰ ਜਗਾਇਆ। ਉਨ੍ਹਾਂ ਦੀ ਹੋਸ਼ ਪਰਤੀ। ਉਨ੍ਹਾਂ ਆਪਣੀ




ਗਲਤੀ ਮਹਿਸੂਸ ਕਰ ਕੇ ਨੌਕਰ ਨੂੰ ਵੀ ਸਾਵਾਂ ਚੰਗੇਰਾ ਖਾਣਾ ਦੇਣਾ ਸ਼ੁਰੂ ਕਰ ਦਿੱਤਾ।"

"ਅਸੀਂ ਕੀਹਨੂੰ ਰੱਖੀਏ ਭੌਣ 'ਤੇ?" ਸਰੋਤਿਆਂ 'ਚੋਂ ਆਵਾਜ਼ ਆਈ।

"ਸਾਨੂੰ ਭੌਣ 'ਤੇ ਰੱਖਣ ਦੀ ਲੋੜ ਨਹੀਂ, ਸਾਨੂੰ ਧੌਣ 'ਤੇ ਲੱਤ ਰੱਖਣ ਦੀ ਲੋੜ ਹੈ। ਸੁੱਤੇ ਕੰਭਕੁਰਨ ਨੂੰ ਜਗਾਉਣ ਲਈ ਗਲ 'ਚ ਢੋਲ ਪਾ ਕੇ ਵਜਾਉਣਾ ਪੈਣਾ। ਸਾਨੂੰ ਆਪਣੇ ਹੱਕ ਦੇ ਨਾਲ ਫਰਜ਼ ਦੀ ਵੀ ਉਤਨੀ ਹੀ ਰਾਖੀ ਕਰਨੀ ਚਾਹੀਦੀ ਹੈ। ਅਸੀਂ ਵਿਦਿਆ ਨੂੰ ਵਪਾਰ ਨਹੀਂ, ਪਰਉਪਕਾਰ ਸਮਝਦੇ ਹਾਂ। ਵਿਦਿਆ ਦਾ ਵਪਾਰੀਕਰਨ ਮਨੁੱਖਤਾ ਦੀ ਪਿੱਠ ਵਿਚ ਛੁਰਾ ਮਾਰਨਾ ਹੈ। ਅਸੀਂ ਪਹਿਲਾਂ ਹੀ ਭੁਖੇ ਹਾਂ, ਆਦੀ ਹੋ ਗਏ ਹਾਂ, ਕੀ ਅਸੀਂ ਦਸ ਦਿਨ ਹੋਰ ਭੁਖ ਹੜਤਾਲ ਨਹੀਂ ਕਰ ਸਕਦੇ!"

"ਕਰ ਸਕਦੇ ਹਾਂ...ਹਾਂ...ਕਰੋ...ਸ਼ਾਂਤਮਈ ਮਾਰਚ! ਭੁਖ ਹੜਤਾਲ।" ਆਵਾਜ਼ਾਂ ਆਈਆਂ।

"ਕਿੱਥੇ ਫਿਰ ਰਹੇ ਹੋ, ਭਲਿਓ ਲੋਕੋ! ਇਸ ਅਰਾਜਕਤਾ ਵਿਚ ਇਨਸਾਫ ਲੱਭਦੇ ਓ! ਤੁਸੀਂ ਉਨ੍ਹਾਂ ਤੋਂ ਵੱਧ ਤਨਖਾਹਾਂ ਦੀ ਉਮੀਦ ਕਰਦੇ ਹੋ? ਰਾਸ਼ਟਰੀਅਤਾ ਦੇ ਨਾਂ ਥੱਲੇ ਉਨ੍ਹਾਂ ਦੀਆਂ ਮੜ੍ਹੀਆਂ 'ਤੇ ਦੀਵੇ ਜਗਾਉਂਦੇ ਹੋ! ਉਹ ਤੁਹਾਡੇ ਲਈ ਟੋਏ ਪੁੱਟ ਰਹੇ ਨੇ। ਕਹਿੰਦੇ ਨੇ, ਡਰਾਈਵਰ ਭੁੱਖੇ ਰਹਿਣ ਤਾਂ ਐਕਟਿਵ ਰਹਿੰਦੇ ਨੇ ਤੇ ਜੇ ਰੱਜ ਕੇ ਸਟੇਅਰਿੰਗ 'ਤੇ ਬੈਠ ਜਾਣ ਤਾਂ ਐਕਸੀਡੈਂਟ ਕਰ ਮਾਰਦੇ ਨੇ। ਅਧਿਆਪਕ ਭੁਖੇ ਹੀ ਚੰਗੇ, ਰੱਜ ਗਏ ਤਾਂ ਸੌਂ ਜਾਣਗੇ, ਸੌਂ ਗਏ ਤਾਂ ਦੇਸ਼ ਦੇ ਭਵਿਖ ਦਾ ਕੀ ਬਣੂੰ!" ਇਕ ਫੱਕਰ ਕਿਸਮ ਦਾ ਪ੍ਰੋਫੈਸਰ ਸਟੇਜ 'ਤੇ ਚੜ੍ਹ ਬੈਠਾ।

"ਅਧਿਆਪਕ ਤਾਂ ਭੁਖ ਸਹਿਣ ਵਾਲੇ ਚਾਹੀਦੇ ਨੇ...ਪਾ ਦਿਓ ਉਨ੍ਹਾਂ ਦੇ ਗਲ ਕਾਠ ਦੀਆਂ ਰੋਟੀਆਂ। ਉਹ ਲੰਗੋਟਧਾਰੀ ਹੋਣੇ ਚਾਹੀਦੇ ਨੇ, ਦੇ ਦਿਓ ਉਨ੍ਹਾਂ ਨੂੰ ਅੱਧਾ ਮੀਟਰ ਕੱਪੜਾ। ਉਹ ਨਾਗੇ ਹੋਣੇ ਚਾਹੀਦੇ ਨੇ, ਦੇ ਦਿਓ ਉਨ੍ਹਾਂ ਨੂੰ ਕੇਲੇ ਦੇ ਪੱਤਿਆਂ ਦੀਆਂ ਕਾਤਰਾਂ। ਕਰਦੇ ਰਹੋ ਉਨ੍ਹਾਂ ਨਾਲ ਮਸ਼ਕਰੀਆਂ।" ਬੁਲਾਰੇ ਨੇ ਹਾਸੇ ਤੇ ਗੰਭੀਰਤਾ ਦਾ ਮਿਲਗੋਭਾ ਵੰਡ ਦਿਤਾ।

"ਗੰਧਲਾਏ ਅਸਮਾਨ ਦੇ ਚੰਦ ਧੁੰਦਲਾਏ ਹੀ ਹੋਣਗੇ, ਕਦੇ ਪੂਰਾ ਚਾਨਣ ਨਹੀਂ ਦੇਣਗੇ। ਆਵਾਰਾਗਰਦ ਨਸ਼ੀਲੀ ਹਵਾ ਕਦੇ ਵੀ ਸਵੱਛ ਪੌਣ ਪਾਣੀ ਨਹੀਂ ਦੇਵੇਗੀ। ਉਹ ਵੰਡੇਗੀ ਸਮੈਕ ਤੁਹਾਨੂੰ ਤੇ ਤੁਹਾਡੇ ਬੱਚਿਆਂ ਨੂੰ, ਦੇਸ਼ ਦੇ ਆਉਣ ਵਾਲੇ ਹਾਕਮਾਂ ਨੂੰ। ਜੇ ਮੰਨਦੇ ਹੋ ਕਿ ਅਧਿਆਪਕ ਦੇਸ਼ ਦੇ ਭਵਿਖ ਦੇ ਘੜਨ ਹਾਰੇ ਨੇ ਤਾਂ ਉਨ੍ਹਾਂ ਨਾਲ ਅਜਿਹਾ ਲੱਚਰਪੁਣਾ ਕਿਉਂ? ਸੌਂਕਣਾਂ ਵਾਲਾ ਵਤੀਰਾ ਕਿਉਂ? ਇਸ ਲਈ ਕਿ ਉਹ ਸਾਊ ਹਨ! ਤੁਹਾਡੀ ਡਾਂਗ ਅੱਗੋਂ ਨਹੀਂ ਫੜਦੇ, ਖੇਖਣਹਾਰੀਆਂ ਕਲਾਬਾਜ਼ੀਆਂ ਦਿਖਾਉਣ ਦੀ ਥਾਂ ਸਾਰਥਕ ਤੇ ਉਸਾਰੂ ਪਹੁੰਚ ਕਰਦੇ ਨੇ! ਅਧਿਆਪਕ ਬੜਾ ਉਚਾ ਤੇ ਸੁੱਚਾ ਰੁਤਬਾ ਹੈ। ਪਰ ਭੁੱਖ, ਹਾਂ ਭੁੱਖ ਤੇ ਨੀਂਦ ਤਾਂ ਜਿਉਂਦੇ ਜੀਅ ਆਉਂਦੀ ਹੀ ਹੈ ਸਭ ਨੂੰ, ਤੇ ਪੇਟ ਨੂੰ ਝੁਲਕਾ ਦੇਣ ਲਈ ਕੁਝ ਕਰਨਾ ਹੀ ਪੈਣਾ ਹੈ। ਅਧਿਆਪਕ ਚੋਰੀ ਨਹੀਂ ਕਰ ਸਕਦਾ, ਡਾਕੇ ਨਹੀਂ ਮਾਰ ਸਕਦਾ। ਉਸ ਨੇ ਤਾਂ ਸ਼ਾਂਤਮਈ ਤਰੀਕੇ ਨਾਲ ਆਪਣਾ ਹੱਕ ਮੰਗਣਾ ਹੈ।"

"ਮੈਂ ਮਰਨ ਵਰਤ 'ਤੇ ਬੈਠਾਂਗਾ ਤੇ ਜਿੰਨਾ ਚਿਰ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਇਹ ਲੜੀ ਜਾਰੀ ਰਹੇਗੀ।" ਪ੍ਰੋਫੈਸਰ ਕੁਮਾਰ ਨੇ ਪੇਸ਼ਕਸ਼ ਕੀਤੀ।

"ਪਿਛਲੇ ਵੱਡੇ ਵਜੀਰ ਨੇ ਸਾਡੇ ਨਾਲ ਹਮਦਰਦੀ ਜਤਾਈ ਸੀ, ਸਾਡੇ ਗਰੇਡ ਕਲੀਅਰ ਕਰ ਦਿਤੇ ਸਨ, ਨੋਟੀਫਿਕੇਸ਼ਨ ਵੀ ਹੋ ਗਈ ਸੀ, ਪਰ ਉਸ ਨੇ ਆਪਣਾ ਫੈਸਲਾ ਸੁਹਿਰਦਤਾ ਨਾਲ ਲਾਗੂ ਨਹੀਂ ਕੀਤਾ। ਸਰਕਾਰ ਨੇ ਉਸ ਦੇ ਇੰਤਕਾਲ ਤੋਂ ਬਾਅਦ ਇਹ ਫੈਸਲਾ ਫੰਡ ਨਾ ਹੋਣ ਦਾ ਬਹਾਨਾ ਲਾ ਕੇ ਠੰਢੇ ਬਸਤੇ ਵਿਚ ਬੰਦ ਕਰ ਦਿੱਤਾ ਤੇ ਉਸ ਵਜੀਰ ਦੀ ਸਮਾਧ ਬਣਾਉਣ ਲਈ ਕਰੋੜਾਂ ਰੁਪਏ ਖਰਚ ਦਿਤੇ। ਉਨ੍ਹਾਂ ਹੀ ਪੈਸਿਆਂ ਨਾਲ ਹਜ਼ਾਰਾਂ ਰੁਲਦੇ ਅਧਿਆਪਕਾਂ ਦਾ ਭਵਿਖ ਸੰਵਰ ਸਕਦਾ ਸੀ। ਇਕ ਵਜੀਰ 'ਤੇ ਘੱਟੋ ਘੱਟ ਪੰਜ-ਦਸ ਲੱਖ ਰੁਪਏ ਮਾਸਿਕ ਖਰਚ ਹੁੰਦਾ ਹੈ ਤੇ ਜੇ ਇਹ ਵਜੀਰਾਂ ਦੀ ਫੌਜ ਅੱਧੀ ਕਰ ਦਿੱਤੀ ਜਾਏ ਤਾਂ ਅਧਿਆਪਕਾਂ ਦੀਆਂ ਮੰਗਾਂ ਪੂਰੀਆਂ ਹੋ ਸਕਦੀਆਂ ਹਨ। ਕਿਸੇ ਵੀ ਮੁਲਾਜ਼ਮ ਜਥੇਬੰਦੀ ਨੂੰ ਹੜਤਾਲਾਂ ਕਰਨ ਲਈ ਮਜਬੂਰ ਨਹੀਂ ਹੋਣਾ ਪਵੇਗਾ।"

"ਰਾਣੀ ਨੂੰ ਕੌਣ ਕਹੇ, ਅੱਗਾ ਢੱਕ?"

ਬਾਹਰ ਗੱਡੀਆਂ ਦੇ ਹਾਰਨ ਵੱਜੇ। ਰੈਲੀ ਵਾਸਤੇ ਜਾਣ ਵਾਲੀਆਂ ਗੱਡੀਆਂ ਦੀ ਆਵਾਜ਼ ਸੁਣ ਕੇ ਪ੍ਰੋਫੈਸਰ ਕੁਮਾਰ ਨੇ ਸਭ ਦਾ ਧੰਨਵਾਦ ਕੀਤਾ। ਸ਼ਾਂਤਮਈ ਪ੍ਰਦਰਸ਼ਨ ਲਈ ਬੇਨਤੀ ਕੀਤੀ ਤੇ ਜੋਰ ਦਿੱਤਾ ਕਿ ਕੋਈ ਵੀ ਹਿੰਸਾ ਵਾਲਾ ਕੰਮ ਨਾ ਕੀਤਾ ਜਾਏ।

ਕੁਝ ਗੱਡੀਆਂ ਬੀਤ ਚੁੱਕੇ ਵਜ਼ੀਰ ਦੀ ਢਾਈ ਏਕੜ ਸਮਾਧ ਵੱਲ ਹੋ ਤੁਰੀਆਂ ਕਿ ਚੱਲੋ ਉਸ ਕੋਲ ਜਾ ਕੇ ਰੋਂਦੇ ਹਾਂ ਕਿ ਤੂੰ ਇਕਰਾਰ ਕੀਤਾ ਸੀ, ਹੁਣ ਆਪਣੇ ਜਾਂਨਸ਼ੀਨਾਂ ਨੂੰ ਕਹਿ ਕੇ ਆਪਣਾ ਇਕਰਾਰ ਲਾਗੂ ਕਰਵਾ। ਸਮਾਧ 'ਤੇ ਕੀਤਾ ਕਰੋੜਾਂ ਰੁਪਏ ਦਾ ਖਰਚ, ਰਾਖੀ ਲਈ ਸੁਰੱਖਿਆ ਕਰਮੀ..., ਚਾਰ ਚੁਫੇਰੇ ਲਹਿਲਹਾਉਂਦੇ ਬਾਗ ਬਗੀਚੇ ਫੁਹਾਰੇ ਵੇਖ ਕੇ ਪ੍ਰੋਫੈਸਰ ਤੜਫ ਉਠੇ।

"ਕਿੰਨਾ ਲੋਹੜਾ ਲੋਕੋ! ਜਿਉਂਦਿਆਂ ਨੂੰ ਇੱਥੇ ਰੋਟੀ ਨ੍ਹੀਂ ਮਿਲਦੀ ਤੇ ਮੋਇਆਂ 'ਤੇ ਇੰਨਾ ਬੇਲੋੜਾ ਖਰਚ! ਸ਼ਰਮ ਨਹੀਂ ਅਜਿਹੀ ਸਿਆਸਤ ਨੂੰ!" ਕੁਝ ਅਧਿਆਪਕਾਵਾਂ ਪੁਲਿਸ ਰੋਕਾਂ ਤੋੜ ਕੇ ਅੱਗੇ ਵੱਧ ਗਈਆਂ ਤੇ ਸਮਾਧ 'ਤੇ ਖੜੋ ਕੇ ਪਿੱਟਣ ਲੱਗੀਆਂ, ਵੈਣ ਪਾਉਣ ਲੱਗੀਆਂ।

"ਹੈ ਹੈ ਸ਼ੇਰਾ...ਤੂੰ ਕਿਉਂ ਮਰਿਆ।" ਇਕ ਟੋਲੀ ਵੱਲੋਂ ਆਵਾਜ਼ ਆਈ।

"ਸਾਡਾ ਵਾਅਦਾ ਨਾ ਪੂਰਾ ਕਰਿਆ।" ਦੂਜੀ ਟੋਲੀ ਦੀ ਹੇਕ ਸੀ।

"ਤੂੰ ਨਾ ਆਪਣੀ ਜ਼ਬਾਨ ਪੁਗਾਈ। ਸਾਡੀ ਪਿੱਠ ਵਿਚ ਛੁਰੀ ਖੁਭੋਈ।"

ਭੀੜ ਵਿਚ ਹੁੱਲੜਬਾਜੀ ਮੱਚ ਗਈ। ਪੁਲਿਸ ਹੱਥਾਂ ਵਿਚ ਲਾਠੀਆਂ ਫੜੀ ਉਪਰੋਂ ਹੁਕਮ ਉਡੀਕ ਰਹੀ ਸੀ। ਕੁਝ ਲੀਡਰ ਨੁਮਾ ਲੋਕ ਸਮਾਧ 'ਤੇ ਫੁਲ ਚੜ੍ਹਾ ਰਹੇ ਸਨ, ਕੁਝ ਬੁਰਾ ਭਲਾ ਕਹਿ ਰਹੇ ਸਨ।

"ਮੜ੍ਹੀਆਂ ਨੂੰ ਪੂਜਣ ਵਾਲਿਓ, ਸ਼ਰਮ ਕਰੋ...ਕੁਝ ਹੋਸ਼ ਕਰੋ। ਜੋ ਜਿਉਂਦੇ ਜੀਅ ਕੁਝ ਦੇ ਨਾ ਸਕਿਆ, ਕੀ ਮਰ ਕੇ ਤੁਹਾਨੂੰ ਦੇਵੇਗਾ।" ਲਾਗੇ ਦਰਖਤ 'ਤੇ ਚੜ੍ਹਿਆ ਕੋਈ ਮੌਜੀ ਗਾਣਾ ਗਾ ਰਿਹਾ ਸੀ।

ਪ੍ਰੋਫੈਸਰ ਕੁਮਾਰ ਚਬੂਤਰੇ 'ਤੇ ਚੜ੍ਹ ਕੇ ਮਾਈਕ ਫੜ ਬੈਠਾ। ਸਭ ਦਾ ਧਿਆਨ ਉਧਰ ਖਿੱਚਿਆ ਗਿਆ। ਉਸ ਦੇ ਹੱਥ ਵਿਚ ਸ਼ਾਮ ਦਾ ਖਬਰਨਾਮਾ-ਜ਼ਮੀਮਾ ਫੜਿਆ ਹੋਇਆ ਸੀ।

"ਭੈਣੋ ਤੇ ਭਰਾਓ! ਅੱਜ ਅਸੀਂ ਬੜੇ ਚੰਗੇ ਵੇਲੇ ਆ ਗਏ ਹਾਂ। ਸਾਡੀ ਵਜ਼ਾਰਤ ਵਿਚ ਦਸ ਨਵੇਂ ਵਜੀਰ ਸਹੁੰ ਚੁੱਕਣ ਵਾਲੇ ਹਨ, ਅਸੀਂ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਸ਼ੋਭਾ ਵਧਾਵਾਂਗੇ।"

"ਸਾਡੇ ਹੱਕ, ਇੱਥੇ ਰੱਖ।" ਨਾਅਰੇ ਲੱਗਣ ਲੱਗੇ।

ਦੂਜੀ ਤਾਜ਼ਾ ਖਬਰ...ਵਜੀਰਾਂ ਅਤੇ ਵਿਧਾਇਕਾਂ ਦੀ ਤਨਖਾਹ ਤੇ ਭੱਤੇ ਵਧਾਉਣ ਲਈ ਮਤਾ ਪਾਸ ਹੋ ਗਿਆ ਹੈ। ਤੀਜੀ ਮੰਦਭਾਗੀ ਖਬਰ...ਅਸੈਂਬਲੀ ਭਵਨ ਵਿਚ ਬਹਿਸ ਮੁਬਾਹਿਸੇ ਵਿਚ ਵਿਧਾਇਕਾਂ ਦੀ ਇਕ ਦੂਜੇ ਨਾਲ ਹੱਥੋ ਪਾਈ...ਛਿੱਤਰੋ-ਛਿੱਤਰੀ, ਲੜਾਈ ਵਿਚ ਅੱਧੀ ਦਰਜਨ ਵਿਧਾਇਕ ਜ਼ਖਮੀ।

"ਭੂਤ, ਭੂਤ। ਸਾਰੇ ਭੂਤ।" ਭੀੜ ਵਿਚੋਂ ਆਵਾਜ਼ਾਂ ਸੁਣ ਕੇ ਲੋਕ ਖਿੰਡ-ਪੁੰਡ ਕੇ ਗੱਡੀਆਂ ਵਿਚ ਜਾ ਸਵਾਰ ਹੋਏ।

ਸਾਰੇ ਪ੍ਰੋਫੈਸਰ ਇਕ ਦੂਜੇ ਤੋਂ ਮੂਹਰੇ ਸਕੱਤਰੇਤ ਪਹੁੰਚਣ ਦੀ ਕਾਹਲ ਵਿਚ ਸਨ। ਗੱਡੀਆਂ ਦਾ ਕਾਫਲਾ ਬਹੁਤ ਦੂਰ ਪਹਿਲਾਂ ਹੀ ਰੁਕ ਗਿਆ, ਇਸ ਤੋਂ ਅਗੇ ਪੈਦਲ ਮਾਰਚ! ਪੈਰ ਪੈਰ 'ਤੇ ਪੁਲਿਸ ਦੀ ਚੈਕਿੰਗ। ਪੁਲਿਸ ਮੋਬਾਈਲ ਫੋਨ ਤੇ ਵਾਇਰਲੈਸ ਚੌਕੰਨੇ ਹੋਏ, ਥਾਂ ਥਾਂ ਟੂੰ ਟੂੰ ਕਰ ਰਹੇ ਸਨ।

ਅਗਲੇ ਪੁਲਿਸ ਨਾਕੇ ਤੇ ਸਿਪਾਹੀ ਔਰਤਾਂ ਤੇ ਮਰਦ ਬੜੀ ਬੇਸਬਰੀ ਨਾਲ ਕੌਮ ਦੇ ਘਾੜਿਆਂ ਦੀ ਸੇਵਾ ਲਈ ਉਡੀਕ ਕਰ ਰਹੇ ਸਨ। ਸੜਕ ਡਰੰਮਾਂ, ਲੋਹੇ ਦੇ ਸੰਗਲਾਂ ਤੇ ਰੱਸਿਆਂ ਨਾਲ ਬੰਦ ਕੀਤੀ ਪਈ ਸੀ। ਪਿੱਛੇ ਸਿਪਾਹੀ ਹੱਥ ਨਾਲ ਹੱਥ ਪਾਈ ਇਕ ਲਾਈਨ ਵਿਚ ਖੜੇ ਸਨ, ਜਿਵੇਂ ਕਿਸੇ ਵਜੀਰ ਨੇ ਇੱਥੇ ਫੀਤਾ ਕੱਟਣ ਦੀ ਰਸਮ ਲਈ ਆਉਣਾ ਹੋਵੇ।

"ਸਾਡਾ ਸਬਰ ਹੋਰ ਨਾ ਪਰਖੋ। ਤੁਹਾਨੂੰ ਪਤਾ ਹੈ ਸਾਡੀ ਇਹ ਕੌਮ ਬਹੁਤ ਸਾਊ ਹੈ। ਤੁਸੀਂ ਸਰਕਾਰ ਦੇ ਚੌਕੀਦਾਰ ਸਾਡੇ ਨਾਲ ਮੱਥਾ ਨਾ ਲਾਓ।" ਤੇਜ ਹੜ੍ਹ ਵਾਂਗ ਇਕੋ ਧੱਕੇ ਵਿਚ ਹਜੂਮ ਰੱਸੇ ਧੂੰਹਦਾ ਸਿਪਾਹੀਆਂ ਨੂੰ ਪਾਸੇ ਧੱਕਦਾ ਅੱਗੇ ਵਧ ਗਿਆ। ਇਹ ਸਭ ਵੇਖ ਕੇ ਅੱਗੇ ਖੜੇ ਪੁਲਿਸ ਸੁਪਰਿਟੈਂਡੈਂਟ ਤੇ ਮੈਜਿਸਟਰੇਟ ਦੀਆਂ ਫੀਤੀਆਂ ਥਰਥਰਾਈਆਂ।

"ਵਾਟਰ ਫਾਇਰ...।" ਹੁਕਮ ਮਿਲਦਿਆਂ ਹੀ ਤਿਆਰ ਖੜੀਆਂ ਪਾਣੀ ਦੀਆਂ ਤੋਪਾਂ ਨੇ ਅੱਧ-ਪਚੱਧੇ ਮੁਜਾਹਰਾਕਾਰੀ ਨਿੱਸਲ ਕਰ ਦਿੱਤੇ। ਬਾਕੀ ਅੱਗੇ-ਪਿੱਛੇ ਦੌੜਦੇ ਪੁਲਿਸ ਦੀਆਂ ਲਾਠੀਆਂ ਦਾ ਸ਼ਿਕਾਰ ਹੋਏ। ਪੁਲਿਸ ਉਨ੍ਹਾਂ ਦਾ ਪਿਛਾ ਕਰ ਰਹੀ ਸੀ। ਨਾਇਕ ਕੁਮਾਰ ਕੁਝ ਪਾਣੀ ਦੀ ਸੱਟ ਖਾ ਕੇ ਤੇ ਕੁਝ ਸੜਕ 'ਤੇ ਸਿਰ ਭਾਰ ਡਿੱਗਣ ਕਰ ਕੇ ਨੀਮ ਬੇਹੋਸ਼ ਲਹੂ ਦੇ ਛੱਪੜ ਵਿਚ ਪਿਆ ਸੀ। ਬਾਕੀ ਔਰਤਾਂ-ਮਰਦ ਗੜੁੱਚ ਹੋਏ ਕੱਪੜੇ ਸਮੇਟ ਕੇ ਪਿੱਛੇ ਬੈਰੀਕੇਡ ਦੇ ਬਾਹਰ ਪੁਲਿਸ ਘੇਰੇ ਵਿਚ ਧਰਨੇ 'ਤੇ ਬੈਠ ਗਏ। ਪ੍ਰੋਫੈਸਰ ਕੁਮਾਰ ਨੇ ਸਿਰ ਚੁੱਕਿਆ, ਆਸੇ-ਪਾਸੇ ਵੇਖਿਆ, ਉਸ ਨੂੰ ਅਸਮਾਨ ਘੁੰਮਦਾ ਜਾਪਿਆ, ਅਸੈਂਬਲੀ ਹਾਲ ਤੇ ਸਕੱਤਰੇਤ ਘੁੰਮਦੇ ਜਾਪੇ।


ਐਸ. ਪੀ. ਅਤੇ ਮੈਜਿਸਟਰੇਟ ਐਂਬੂਲੈਂਸ ਨੂੰ ਇਸ਼ਾਰਾ ਕਰ ਕੇ ਇੱਧਰ ਦੌੜੇ।

"ਪ੍ਰੋਫੈਸਰ ਕੁਮਾਰ...।" ਮੈਜਿਸਟਰੇਟ ਦੀਆਂ ਡਾਡਾਂ ਨਿਕਲ ਗਈਆਂ। ਪ੍ਰੋਫੈਸਰ ਨੇ ਅੱਖਾਂ ਪੁੱਟ ਕੇ ਵੇਖਿਆ, ਫਿਰ ਅੱਖ ਝਪਕ ਕੇ ਵੇਖਿਆ। ਉਹ ਅਰਧ ਚੇਤਨਾ ਵਿਚ ਬੋਲਿਆ, 'ਸੁਦਰ...ਸ਼...ਨ।'

"ਹਾਂ ਸੁਦਰਸ਼ਨ! ਮੈਂ ਤੁਹਾਡਾ ਸੁਦਰਸ਼ਨ!

*(ਅਗਲੇ ਸਫੇ 'ਤੇ ਜਾਰੀ)*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਜੂਐ ਜਨਮੁ ਨ ਹਾਰੈ

ਖੇਡਾਂ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ-ਸਰੀਰਕ, ਦਿਮਾਗੀ ਅਤੇ ਚਾਂਸ ਜਾਂ ਸਬੱਬ ਵਾਲੀਆਂ। ਮੇਰੇ ਖਿਆਲ ਵਿਚ ਨਿਰੀ ਸਰੀਰਕ ਖੇਡ ਕੋਈ ਨਹੀਂ ਹੁੰਦੀ, ਫੁੱਟਬਾਲ, ਕਬੱਡੀ, ਕੁਸ਼ਤੀ ਆਦਿ ਕਿਸੇ ਵੀ ਸਰੀਰਕ ਕਹੀ ਜਾਂਦੀ ਖੇਡ ਵਿਚ ਦਿਮਾਗ ਦੀ ਵਰਤੋਂ ਦੇ ਨਾਲ ਦਾਅ-ਪੇਚ ਚਲਾਉਣੇ ਬੜੇ ਜ਼ਰੂਰੀ ਹੁੰਦੇ ਹਨ ਅਤੇ ਚਾਂਸ ਵੀ ਆਪਣਾ ਰੋਲ ਅਦਾ ਕਰਦਾ ਹੈ। ਦੂਜੇ ਪਾਸੇ ਬਹੁਤ ਸਾਰੀਆਂ ਦਿਮਾਗੀ ਖੇਡਾਂ ਨਿਰੀਆਂ ਦਿਮਾਗੀ ਹੋ ਸਕਦੀਆਂ ਹਨ, ਜਿਵੇਂ ਤਾਸ਼, ਸ਼ਤਰੰਜ, ਚੌਪਟ ਆਦਿ, ਪਰ ਇਨ੍ਹਾਂ ਵਿਚ ਵੀ ਚਾਂਸ ਭਾਰੀ ਪੈ ਜਾਂਦਾ ਹੈ। ਕੁਝ ਨਿਰੀਆਂ ਚਾਂਸ ਵਾਲੀਆਂ ਖੇਡਾਂ ਵੀ ਹੁੰਦੀਆਂ ਹਨ, ਜਿਵੇਂ ਬੱਚਿਆਂ ਦੀ ਨੋਟ ਭੰਨਾਉਣ ਵਾਲੀ ਤਾਸ਼ ਦੀ ਖੇਡ।

ਜੂਏ ਦੀਆਂ ਖੇਡਾਂ ਵਿਚ ਭਾਵੇਂ ਕੁਝ ਹੱਦ ਤੱਕ ਦਿਮਾਗ ਦੀ ਵਰਤੋਂ ਵੀ ਹੁੰਦੀ ਹੈ, ਪਰ ਇਨ੍ਹਾਂ ਦਾ ਸਿੱਟਾ ਬਹੁਤਾ ਚਾਂਸ, ਮੌਕਾਮੇਲ ਜਾਂ ਸਬੱਬ 'ਤੇ ਨਿਰਭਰ ਕਰਦਾ ਹੈ। ਕਿੱਡੀ ਹੈਰਾਨੀ ਵਾਲੀ ਗੱਲ ਹੈ ਕਿ ਅਸੀਂ ਬਹੁਤ ਸਾਰਾ ਧਨ ਦੌਲਤ, ਜਾਂ ਹੋਰ ਕੀਮਤੀ ਚੀਜ਼ਾਂ ਇਸ ਚਾਂਸ 'ਤੇ ਨਿਰਭਰ ਕਰਦਿਆਂ ਦਾਅ 'ਤੇ ਲਾ ਦਿੰਦੇ ਹਾਂ। ਵਿਸ਼ਾਲ ਪਰਿਪੇਖ ਵਿਚ ਦੇਖੀਏ ਤਾਂ ਕਿਸੇ ਨੂੰ ਕਸ਼ਟ ਦੇਣ ਜਾਂ ਹੀਣਾ ਦਿਖਾਉਣ ਦੀ ਮਨਸ਼ਾ ਵੀ ਜੂਆ ਹੀ ਹੈ। ਬਚਪਨ ਵਿਚ ਖੁਨ੍ਹੂੰ-ਖੁਨ੍ਹੂੰ ਖੇਡੀਦੀ ਸੀ। ਖੇਡ ਵਿਚ ਇਕ ਜਣਾ ਹੱਥ ਵਿਚ ਬੰਟੇ ਘੁੱਟ ਲੈਂਦਾ, ਦੂਜੇ ਨੇ ਬੁੱਝਣੇ ਹੁੰਦੇ ਕਿ ਮੁੱਠ ਵਿਚ ਕਿੰਨੇ ਬੰਟੇ ਲੁਕੋਏ ਹਨ। ਜੇ ਦੂਜਾ ਸਹੀ ਦੱਸ ਦੇਵੇ ਤਾਂ ਉਹ ਵਾਰੀ ਲੈਂਦਾ ਸੀ, ਨਹੀਂ ਤਾਂ ਗਲਤ ਦੱਸਣ ਵਾਲੇ ਦਾ ਹੱਥ ਪੁੱਠਾ ਕਰਕੇ ਬੰਟਿਆਂ ਵਾਲਾ ਖੁੰਨ੍ਹੂੰ ਖੁਨ੍ਹੂੰ ਕਹਿੰਦਿਆਂ ਉਸ ਤੇ ਓਨਾ ਚਿਰ ਮੁੱਕੇ ਮਾਰਦਾ ਰਹਿੰਦਾ ਸੀ, ਜਿੰਨਾ ਚਿਰ ਉਸ ਦਾ ਸਾਹ ਨਾ ਮੁੱਕ ਜਾਂਦਾ। ਕਈ ਸੰਵੇਦਨਹੀਣ ਮਾਰ ਮਾਰ ਕੇ ਹਮਾਤੜ ਦੇ ਮਲੂਕ ਹੱਥ ਨੀਲੇ ਕਰ ਦਿੰਦੇ ਸਨ।

ਮੇਰਾ ਖਿਆਲ ਹੈ ਕਿ ਖੁਨ੍ਹੂੰ ਸ਼ਬਦ ਸੁੰਨਯ ਤੋਂ ਬਣਿਆ ਹੈ, ਜਿਸ ਦਾ ਅਰਥ ਖਾਲੀ ਹੁੰਦਾ ਹੈ, ਕਿਉਂਕਿ ਕਈ ਵਾਰੀ ਹੱਥ ਵਿਚ ਕੋਈ ਵੀ ਬੰਟਾ ਨਹੀਂ ਸੀ ਰੱਖਿਆ ਜਾਂਦਾ। ਇਸੇ ਤੋਂ ਸੁੰਨ ਸ਼ਬਦ ਵੀ ਬਣਿਆ ਹੈ। ਬੰਟਿਆਂ ਦੀਆਂ ਖੇਡਾਂ ਪੈਸੇ ਲਾ ਕੇ ਵੀ ਖੇਡੀਆਂ ਜਾਂਦੀਆਂ ਸਨ, ਹੋਰ ਨਹੀਂ ਤਾਂ ਜਿੱਤੇ ਹੋਏ ਬੰਟੇ ਵੀ ਕੌਡੀਆਂ ਦੀ ਤਰ੍ਹਾਂ ਜਿੱਤੀ ਮੁਦਰਾ ਹੀ ਸਮਝੇ ਜਾਂਦੇ ਸਨ। ਸਲੇਟੀਆਂ ਤੇ ਠੀਕਰੀਆਂ ਨਾਲ ਨੱਕਾ ਪੂਰ ਵੀ ਬਥੇਰਾ ਖੇਡਿਆ ਹੈ।

ਮੈਂ ਇੱਕ ਹੋਰ ਨਜ਼ਰੀਏ ਤੋਂ ਵੀ ਹਰ ਖੇਡ ਨੂੰ ਜੂਆ ਆਖ ਰਿਹਾ ਹਾਂ। ਅੰਗਰੇਜ਼ੀ ਵਿਚ ਜੂਏ ਲਈ Gamble ਸ਼ਬਦ ਹੈ। ਇਹ ਪੁਰਾਣੀ ਅੰਗਰੇਜ਼ੀ ਦੇ ਸ਼ਬਦ Gamenen ਤੋਂ ਬਣਿਆ ਹੈ, ਜਿਸ ਦਾ ਅਰਥ ਖੇਡਣਾ, ਹਾਸਾ ਠੱਠਾ ਕਰਨਾ, ਮਖੌਲ ਕਰਨਾ ਆਦਿ ਹੈ। ਇਹ ਹੋਰ ਅੱਗੇ ਗੇਮ Game ਸ਼ਬਦ ਨਾਲ ਹੀ ਜਾ ਜੁੜਦਾ ਹੈ। ਇਹ ਜਰਮੈਨਿਕ ਅਸਲੇ ਦਾ ਸ਼ਬਦ ਹੈ, ਇਸ ਲਈ ਹੋਰ ਜਰਮੈਨਿਕ ਭਾਸ਼ਾਵਾਂ ਵਿਚ ਵੀ ਇਸ ਨਾਲ ਮਿਲਦੇ-ਜੁਲਦੇ ਸ਼ਬਦ ਹਨ।

ਮਧਯੁੱਗ ਵਿਚ ਖੇਡ-ਕੁੱਦ, ਸ਼ਤਰੰਜ ਤੇ ਹੋਰ ਅਜਿਹੀਆਂ ਖੇਡਾਂ ਲਈ ਇਹ ਸ਼ਬਦ ਵਰਤਿਆ ਜਾਂਦਾ ਸੀ। ਸ਼ਿਕਾਰ ਕਰਨ ਲਈ ਵੀ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਮਾਰੇ ਜਾਂ ਫੜੇ ਸ਼ਿਕਾਰ ਨੂੰ ਅੱਜ ਵੀ ਗੇਮ ਕਿਹਾ ਜਾਂਦਾ ਹੈ। ਕੰਪਿਊਟਰ ਦੀਆਂ ਜੂਏ ਵਾਲੀਆਂ ਖੇਡਾਂ ਨੂੰ ਵੀ ਗੇਮ ਹੀ ਕਿਹਾ ਜਾਂਦਾ ਹੈ। ਸਾਡੀਆਂ ਭਾਸ਼ਾਵਾਂ ਵਿਚ ਸ਼ਿਕਾਰ 'ਤੇ ਜਾਣ ਨੂੰ ਸ਼ਿਕਾਰ ਖੇਡਣਾ ਕਹਿੰਦੇ ਹਨ ਤੇ ਜੂਆ ਵੀ ਖੇਡਿਆ ਜਾਂਦਾ ਹੈ। ਸਪੱਸ਼ਟ ਹੈ ਕਿ ਜੂਏ ਦਾ ਮਨੋਰਥ ਮਨੋਰੰਜਨ ਵੀ ਹੁੰਦਾ ਹੈ, ਜਿਸ ਦੀ ਜੇ ਲਤ ਪੈ ਜਾਵੇ ਤਾਂ ਬੰਦਾ ਬਰਬਾਦ ਹੋ ਸਕਦਾ ਹੈ,





“ਜੂਐ ਜਨਮੁ ਸਭ ਬਾਜੀ ਹਾਰੀ॥” (ਗੁਰੂ ਰਾਮਦਾਸ)

ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਮੈਸੋਪੋਟੇਮੀਆ ਵਿਚ ਪਾਸੇ ਦੀ ਖੇਡ ਪ੍ਰਚਲਿਤ ਸੀ। ਤਿੰਨ ਹਜ਼ਾਰ ਸਾਲ ਪਹਿਲਾਂ ਚੀਨ ਵਿਚ ਜਾਨਵਰਾਂ ਦੀ ਲੜਾਈ ਦੇ ਮੁਕਾਬਲੇ ਹੋਇਆ ਕਰਦੇ ਸਨ। 10ਵੀਂ ਸਦੀ ਵਿਚ ਚੀਨ ਵਿਚ ਲੁੱਡੋ ਜਿਹੀਆਂ ਖੇਡਾਂ ਚੱਲੀਆਂ। 17ਵੀਂ ਸਦੀ ਦੇ ਪਹਿਲੇ ਅੱਧ ਵਿਚ ਇਟਲੀ ਵਿਚ ਕੈਸੀਨੋ ਚੱਲ ਪਏ। ਅੱਜ ਕਲ੍ਹ ਭਾਰਤ ਤੇ ਹੋਰ ਦੇਸ਼ਾਂ ਵਿਚ ਮਟਕਾ, ਚੌਪਟ, ਨੱਕਾਪੂਰ, ਫਲੈਸ਼, ਘੜਵੰਜ, ਪੋਕਰ, ਮਟਕਾ ਲਾਟਰੀ, ਰੋਲਟ, ਸਲਾਟ ਮਸ਼ੀਨ ਆਦਿ ਜੂਏ ਦੀਆਂ ਕਿਸਮਾਂ ਹਨ। ਪੁਰਾਣੇ ਭਾਰਤ ਵਿਚ ਕੋਈ ਪੰਜਾਹ ਕਿਸਮ ਦੀਆਂ ਖੇਡਾਂ ਜੂਏ ਵਜੋਂ ਖੇਡੀਆਂ ਜਾਂਦੀਆਂ ਸਨ। ਗੋਟੀਆਂ ਜਾਂ ਪਾਸਿਆਂ ਤੋਂ ਇਲਾਵਾ ਤਿੱਤਰ, ਬਟੇਰ, ਕੁੱਕੜ, ਹਾਥੀ, ਸ਼ੇਰ, ਝੋਟਿਆਂ, ਮੱਲਾਂ ਆਦਿ ਦੇ ਭੇੜ ਵੀ ਦਾਅ ਲਾ ਕੇ ਕਰਾਏ ਜਾਂਦੇ ਸਨ।

ਸਰਕਾਰਾਂ ਜੂਆ ਖੇਡਣ ਦੀ ਇਜਾਜ਼ਤ ਦਿੰਦੀਆਂ ਰਹੀਆਂ ਹਨ, ਕਿਉਂਕਿ ਇਸ ਨਾਲ ਸਰਕਾਰ ਨੂੰ ਟੈਕਸ ਦੇ ਰੂਪ ਵਿਚ ਢੇਰ ਸਾਰਾ ਪੈਸਾ ਮਿਲਦਾ ਹੈ। ਜੂਏ-ਘਰਾਂ ਵਿਚ ਲੜਾਈਆਂ ਝਗੜੇ ਹੁੰਦੇ ਹਨ, ਨਿਰਾਸ਼ਾ ਦਾ ਆਲਮ ਫੈਲਦਾ ਹੈ। ਘਰ ਬਰਬਾਦ ਹੁੰਦੇ ਹਨ। ਭਾਰਤ ਵਿਚ ਤਿਉਹਾਰਾਂ ਖਾਸ ਤੌਰ 'ਤੇ ਦੀਵਾਲੀ ਅਤੇ ਹੋਲੀ ਮੌਕੇ ਜੂਆ ਖੇਡਣ ਦਾ ਰਿਵਾਜ ਹੈ।

ਭਾਰਤ ਵਿਚ ਜੂਆ ਸਦੀਆਂ ਤੋਂ ਪ੍ਰਚਲਿਤ ਰਿਹਾ ਹੈ। ਵੇਦਾਂ ਵਿਚ ਇਸ ਦਾ ਜ਼ਿਕਰ ਹੈ। ਪ੍ਰਾਚੀਨ ਵਿਚ ਇਸ ਨੂੰ ਅਕਸ਼ਕ੍ਰੀੜਾ ਜਾਂ ਅਕਸ਼ਦਯੂਤ ਕਿਹਾ ਜਾਂਦਾ ਸੀ। ਪੁਰਾਣੇ ਜ਼ਮਾਨੇ ਵਿਚ ਇਹ ਖੇਡ ਪਾਸਿਆਂ ਨਾਲ ਖੇਡੀ ਜਾਂਦੀ ਸੀ। ਇਨ੍ਹਾਂ ਨੂੰ ਸ਼ਲਾਕਾ (ਸਲਾਖ, ਸਲਾਈ) ਜਾਂ ਅਕਸ਼ ਵੀ ਕਿਹਾ ਜਾਂਦਾ ਸੀ। 'ਪਾਸੇ ਪੁਠੇ ਪੈਣੇ' ਮੁਹਾਵਰਾ ਪਾਸਿਆਂ ਦੀ ਖੇਡ ਤੋਂ ਹੀ ਬਣਿਆ ਹੈ। ਅਖਾੜਾ ਵਾਲੇ ਲੇਖ ਵਿਚ ਅਸੀਂ ਇਸ ਅਕਸ਼ ਦਾ ਜ਼ਿਕਰ ਕਰ ਆਏ ਹਾਂ।

ਪੁਰਾਣੇ ਜ਼ਮਾਨਿਆਂ ਵਿਚ ਰਾਜਿਆਂ ਵਲੋਂ ਜੂਆ ਖਿਡਾਉਣ ਦੀ ਇਜਾਜ਼ਤ ਦਿੱਤੀ ਜਾਂਦੀ ਸੀ। ਜੂਆ ਖਿਡਾਉਣ ਵਾਲਿਆਂ ਨੂੰ ਦਿਯੂਤਾਧਿਅਕਸ਼ ਕਿਹਾ ਜਾਂਦਾ ਸੀ। ਇਨ੍ਹਾਂ ਦੀ ਜ਼ਿੰਮੇਵਾਰੀ ਹੁੰਦੀ ਸੀ ਕਿ ਉਹ ਜੁਆਰੀਆਂ ਨੂੰ ਪਾਸੇ ਜਾਂ ਅਕਸ਼ ਮੁਹੱਈਆ ਕਰਾਉਣ। ਪਾਸੇ ਜਾਂ ਅਕਸ਼ ਬਹੇੜੇ ਦੇ ਬੀਜ ਤੋਂ ਬਣਾਏ ਜਾਂਦੇ ਸਨ। ਅੱਜ ਅਸੀਂ ਇਸ ਨੂੰ ਗੀਟਾ ਜਾਂ ਗੋਟੀ ਵੀ ਆਖਦੇ ਹਾਂ। ਇਨ੍ਹਾਂ ਦੀ ਗਿਣਤੀ ਪੰਜ ਹੁੰਦੀ ਸੀ। ਗ੍ਰੰਥਾਂ ਵਿਚ ਇਨ੍ਹਾਂ ਦੇ ਨਾਂ ਵੀ ਦੱਸੇ ਗਏ ਹਨ ਜਿਵੇਂ ਅਕਸ਼ਰਾਜ, ਕਰਿਤ, ਤ੍ਰੇਤਾ, ਦਵਾਪਰ ਅਤੇ ਕਲਿ। ਇਨ੍ਹਾਂ ਲਈ ਸਮੁੱਚਵਚਕ ਸ਼ਬਦ 'ਪੰਚਿਕਾ ਦਯੂਤ' ਵੀ ਹੈ। ਜੇ ਪੰਜ ਗੋਟੀਆਂ ਚਿੱਤ ਡਿਗਣ ਜਾਂ ਪੁੱਠ ਡਿਗਣ ਤਾਂ ਗੋਟੀ ਸੁੱਟਣ ਵਾਲੇ ਦੀ ਜਿੱਤ ਹੁੰਦੀ ਸੀ। ਇੱਕ ਗੋਟੀ ਦੇ ਦੂਜੀਆਂ ਗੋਟੀਆਂ ਨਾਲੋਂ ਭਿੰਨ ਤਰ੍ਹਾਂ ਡਿਗ ਪੈਣ ਨਾਲ ਹਾਰ ਹੁੰਦੀ ਸੀ। ਅਜਿਹੀ ਹਾਰ ਨੂੰ ਇਕਪਰਿ ਕਿਹਾ ਜਾਂਦਾ ਸੀ। ਇਸ ਤਰ੍ਹਾਂ ਦੋ ਵਾਲਿਆਂ ਨੂੰ ਦਿਵਪਰਿ, ਤਿੰਨ ਵਾਲਿਆਂ ਨੂੰ ਤਿੰਨਪਰਿ ਅਤੇ ਚਾਰ ਵਾਲਿਆਂ ਨੂੰ ਚਤੁਸ਼ਪਰਿ ਕਿਹਾ ਜਾਂਦਾ ਸੀ। ਜਿੱਤਣ ਵਾਲਾ ਦਾਅ ਕਰਿਤ ਅਤੇ ਹਾਰਨ ਵਾਲਾ ਕਲਿ ਕਹਾਉਂਦਾ ਸੀ। ਪੁਰਾਣੇ ਗ੍ਰੰਥਾਂ ਵਿਚ ਜੂਆ ਖੇਡਣ ਦੇ ਪੱਕੇ ਨਿਯਮਾਂ ਦਾ ਵੀ ਉਲੇਖ ਹੈ।

ਰਿਗਵੇਦ ਵਿਚ ਇਕ 14 ਪਦਿਆਂ ਵਾਲੀ ਕਵਿਤਾ ਮਿਲਦੀ ਹੈ, ਜਿਸ ਵਿਚ ਇੱਕ ਜੁਆਰੀਏ ਦਾ ਬੜਾ ਹੀ ਮਾਰਮਿਕ ਰੇਖਾ-ਚਿੱਤਰ ਮਿਲਦਾ ਹੈ। ਜੂਏ ਵਿਚ ਹਾਰ ਜਾਣ ਪਿਛੋਂ ਉਸ ਦੀ ਘਰ ਵਾਲੀ ਉਸ ਨੂੰ ਬੁਲਾਉਣਾ ਬੰਦ ਕਰ ਦਿੰਦੀ ਹੈ। ਅਖੀਰ ਕਵੀ ਸਿਖਿਆ ਦਿੰਦਾ ਹੈ, “ਪਾਸੇ ਨਾਲ ਨਾ ਖੇਡੋ, ਅੰਨ ਉਗਾਓ, ਧਨ ਕਮਾਓ; ਤੇਰੇ ਪਸ਼ੂ ਹਨ, ਤੇਰੀ ਪਤਨੀ ਹੈ…।” ਗੁਰੂ ਨਾਨਕ ਫੁਰਮਾਉਂਦੇ ਹਨ, “ਚੋਰ ਜਾਰ ਜੂਆਰ ਪੀੜੇ ਘਾਣੀਐ॥” ਅਤੇ ਗੁਰੂ ਅਰਜਨ ਦੇਵ ਦਾ ਬਚਨ ਹੈ, “ਪਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰਿ ਜੀ॥”

ਬੁਲ੍ਹੇ ਸ਼ਾਹ ਦੀ ਵੀ ਸੁਣੋ,
ਹੱਕ ਪਰਾਇਆ ਜਾਤੇ ਨਾਹੀਂ,
ਖਾ ਕਰ ਭਾਰ ਉਠਾਵੇਂਗਾ।
ਫੇਰ ਨਾ ਆ ਕਰ ਬਦਲਾ ਦੇਸੇਂ
ਲਾਖੀ ਖੇਤ ਲੁਟਾਵੇਂਗਾ।
ਦਾਅ ਲਾ ਕੇ ਵਿਚ ਜਗ ਦੇ ਜੂਏ,
ਜਿੱਤੇ ਦਮ ਹਰਾਵੇਂਗਾ।
ਹਿਜਾਬ ਕਰੇਂ ਦਰਵੇਸ਼ੀ ਕੋਲੋਂ,
ਕਦ ਤਕ ਹੁਕਮ ਚਲਾਵੇਂਗਾ।

ਮਹਾਂਭਾਰਤ ਦਾ ਯੁੱਧ ਜੂਏ ਦੇ ਸਿੱਟੇ ਵਜੋਂ ਹੀ ਹੋਇਆ। ਪੰਜਵੀਂ-ਛੇਵੀਂ ਸਦੀ ਵਿਚ ਰਚੇ ਗਏ ਮਸ਼ਹੂਰ ਸੰਸਕ੍ਰਿਤ ਨਾਟਕ 'ਮਰਿਛਕਟਿਕਾ' (ਮਿੱਟੀ ਦਾ ਗਡੀਰਾ) ਵਿਚ ਇੱਕ ਜੁਆਰੀਏ ਦਾ ਜ਼ਿਕਰ ਹੈ, ਜੋ ਸੋਨੇ ਦੀਆਂ ਦਸ ਮੁਹਰਾਂ ਹਾਰ ਕੇ ਭੱਜ ਜਾਂਦਾ ਹੈ। ਜੂਏਘਰ ਦਾ ਮੋਹਰੀ ਉਸ ਨੂੰ ਫੜ ਲੈਂਦਾ ਹੈ, ਪਰ ਉਹ ਵਿਚਾਰਾ ਏਨੀਆਂ ਮੁਹਰਾਂ ਦੇ ਨਹੀਂ ਸਕਦਾ। ਉਸ ਨੂੰ ਆਪਣੀ ਮਾਂ ਜਾਂ ਪਿਉ ਨੂੰ ਵੇਚਣ ਲਈ ਕਿਹਾ ਜਾਂਦਾ ਹੈ, ਪਰ ਉਹ ਮਰ ਚੁਕੇ ਹੁੰਦੇ ਹਨ। ਅੰਤ ਉਹ ਆਪਣੇ ਆਪ ਨੂੰ ਹੀ ਵੇਚ ਸੁੱਟਦਾ ਹੈ।

ਪਾਨਿਨੀ ਦੇ ਅਸ਼ਟਾਧਿਆਇ ਅਤੇ ਪਾਤੰਜਲੀ ਦੀਆਂ ਲਿਖਤਾਂ ਵਿਚ ਅਕਸ਼ਕ੍ਰੀੜਾ ਦਾ ਜ਼ਿਕਰ ਮਿਲਦਾ ਹੈ। ਭਾਵੇਂ ਜੂਏ ਤੋਂ ਸਰਕਾਰਾਂ ਨੂੰ ਲਾਭ ਹੁੰਦਾ ਹੈ ਤੇ ਇਸ ਦੀ ਸਮੇਂ ਸਮੇਂ ਇਜਾਜ਼ਤ ਵੀ ਦਿੰਦੀਆਂ ਹਨ ਪਰ ਰਾਜਿਆਂ ਨੂੰ ਜੂਆ ਖੇਡਣ ਤੋਂ ਮਨਾਹੀ ਹੁੰਦੀ ਸੀ। ਇਸ ਨੂੰ ਇੱਕ ਸਮਾਜਕ ਬੁਰਾਈ ਮੰਨਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚੋਂ ਕੁਝ ਮਿਸਾਲਾਂ ਲੈਂਦੇ ਹਾਂ, “ਚੋਰ ਜਾਰ ਜੂਆਰ ਪੀੜੇ ਘਾਣੀਐ॥” (ਗੁਰੂ ਨਾਨਕ); “ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੈ॥” (ਗੁਰੂ ਅਮਰ ਦਾਸ); ਪਰ ਕੌਣ ਨਹੀਂ ਚਾਹੇਗਾ ਨੈਣਾਂ ਦੇ ਦਾਅ ਲਾ ਕੇ ਜੂਆ ਹਾਰਨਾ,

ਕਜ਼ਲਬਾਸ਼ ਅਸਵਾਰ ਜੱਲਾਦ,
ਖੂਨੀ ਨਿਕਲ ਦੌੜਿਆ ਉਰਦ ਬਾਜ਼ਾਰ ਵਿਚੋਂ।
ਵਾਰਸ ਸ਼ਾਹ ਜਾਂ ਨੈਣਾਂ ਦਾ ਦਾਉ ਲੱਗੇ,
ਕੋਈ ਬਚੇ ਨਾ ਜੂਏ ਦੀ ਹਾਰ ਵਿਚੋਂ।
(ਵਾਰਿਸ ਸ਼ਾਹ)

ਅਗੇ ਹੋਸ਼ੁ ਆਹੀ ਫਰਹਾਦੇ,
ਇਸ਼ਕ ਜੂਏ ਵਿਚ ਹਾਰੀ।
ਮਗਰੋਂ ਹੋਰ ਜਹਾਨੀ ਗੋਗੇ,
ਅਕਲ ਵਧੇਰੇ ਮਾਰੀ। (ਹਾਸ਼ਮ ਸ਼ਾਹ)

ਉਪਰ ਅਸੀਂ ਵਾਰ ਵਾਰ ਦਯੂਤ ਸ਼ਬਦ ਵਰਤਿਆ ਹੈ। ਦਰਅਸਲ ਜੂਆ ਸ਼ਬਦ ਬਣਿਆ ਹੀ ਦਯੂਤ ਤੋਂ ਹੈ। ਸੰਸਕ੍ਰਿਤ ਦਾ ਇਕ ਧਾਤੂ ਹੈ, 'ਦਿਵ' ਜਿਸ ਦੇ ਕਈ ਅਰਥ ਹਨ, ਜਿਵੇਂ ਚਮਕਣਾ, ਸੁੱਟਣਾ, ਪਾਸੇ ਸੁੱਟਣਾ ਜਾਂ ਚੱਲਣਾ, ਮਜ਼ਾਕ ਕਰਨਾ। ਇਸ ਦੇ ਚਮਕਣ ਵਾਲੇ ਅਰਥ ਤੋਂ ਦੀਵਾ, ਦੀਵਾਲੀ, ਦਿੱਬ, ਦੇਵ ਆਦਿ ਸ਼ਬਦ ਬਣੇ ਹਨ, ਪਰ ਸਾਡੇ ਕੰਮ ਦਾ ਅਰਥ ਸੁੱਟਣਾ ਹੈ, ਜਿਸ ਤੋਂ ਪਾਸਾ ਸੁੱਟਣ ਦਾ ਭਾਵ ਵਿਕਸਿਤ ਹੁੰਦਾ ਹੈ। ਦੀਵਾਲੀ ਦੇ ਜਿਸ ਦਿਨ ਜੂਆ ਖੇਡਿਆ ਜਾਂਦਾ ਹੈ, ਉਸ ਨੂੰ ਦਯੂਤਪ੍ਰਤਿਪਦਾ ਕਿਹਾ ਜਾਂਦਾ ਹੈ। ਸੌਖੇ ਵਿਚ ਜੂਆ ਸ਼ਬਦ ਦਿਵ ਤੋਂ ਬਣੇ ਦਯੂਤ ਦਾ ਵਿਉਤਪਤ ਰੂਪ ਹੈ। ਇਸ ਦਾ ਪਾਲੀ ਰੂਪ ਜੂਤ ਅਤੇ ਪ੍ਰਾਕ੍ਰਿਤ ਰੂਪ ਜੁਅਦ ਹੈ। ਹੋਰ ਭਾਸ਼ਾਵਾਂ ਵਿਚ ਜੂ, ਜੁਵਾ, ਜੂਯਾ, ਜੂਵੋ ਆਦਿ ਵੀ ਹਨ। ਜੂਆ ਤੋਂ ਅੱਗੇ ਜੂਆ ਖੇਡਣ ਵਾਲਾ ਜੁਆਰੀਆ/ਜੁਹਾਰੀਆ ਬਣ ਗਿਆ। ਜੂਏ ਦੇ ਅੱਗੇ ਖੇਡ ਦੇ ਅਰਥਾਂ ਵਾਲਾ ਬਾਜ਼ ਸ਼ਬਦ ਲੱਗ ਕੇ ਜੂਏਬਾਜ਼ ਸ਼ਬਦ ਸਾਹਮਣੇ ਆਇਆ। ਪੈਸੇ ਜਿੱਤ ਕੇ ਦੌੜਨ ਵਾਲੇ ਨੂੰ ਜੂਆਚੋਰ ਕਿਹਾ ਜਾਂਦਾ ਹੈ।

# ਸਾਡੇ ਹੱਕ ਐਥੇ ਰੱਖ

(ਪਿਛਲੇ ਸਫੇ ਦੀ ਬਾਕੀ)

ਤੁਹਾਡਾ ਸਟੂਡੈਂਟ।”

ਉਸ ਨੇ ਪ੍ਰੋਫੈਸਰ ਦਾ ਸਿਰ ਆਪਣੇ ਪੱਟਾਂ 'ਤੇ ਰੱਖਿਆ। ਮਰਹਮ ਪੱਟੀ ਕਰਾਈ। ਉਧਰ ਉਸ ਦੇ ਸਾਥੀ ਪੁਲਿਸ ਘੇਰੇ ਵਿਚ ਤਰਲੋਮੱਛੀ ਹੋ ਰਹੇ ਸਨ। ਕੁਝ ਦੇਰ ਬਾਅਦ ਉਸ ਦੀ ਪੂਰੀ ਯਾਦ-ਸ਼ਕਤੀ ਪਰਤੀ।

“ਮੁਆਫ ਕਰਨਾ ਸਰ! ਤੁਹਾਨੂੰ ਹਸਪਤਾਲ ਪਹੁੰਚਾ ਰਹੇ ਹਾਂ।”

“ਨਹੀਂ! ਨਹੀਂ! ਮੈਂ ਹਸਪਤਾਲ ਨਹੀਂ ਜਾਣਾ, ਮੈਨੂੰ ਮੇਰੇ ਸਾਥੀ ਮਿਲਾਓ।”

“ਮੈਂ ਤੁਹਾਡਾ ਸ਼ਾਗਿਰਦ ਹਾਂ, ਬੇਟੇ ਜਿਹਾ, ਤੁਸੀਂ ਮੈਨੂੰ ਪਿਆਰ ਨਾਲ ਬੇਟਾ ਕਿਹਾ ਕਰਦੇ ਸੀ।”

“ਹਾਂ…ਹਾਂ, ਮੈਨੂੰ ਯਾਦ ਹੈ। ਤੂੰ ਵੀ ਕਿਹਾ ਕਰਦਾ ਸੀ, ਅਫਸਰ ਬਣ ਕੇ ਮੈਂ ਕਾਨੂੰਨ ਅਨੁਸਾਰ ਫਰਜ਼ ਨਿਭਾਵਾਂਗਾ ਤੇ ਇਸ ਵਾਸਤੇ ਆਪਣੇ ਪਿਉ ਦਾ ਵੀ ਲਿਹਾਜ਼ ਨਹੀਂ ਕਰਾਂਗਾ। ਤੇ ਹਾਂ…ਅੱਜ ਤੂੰ ਕਰ ਵਿਖਾਈ ਆਪਣੀ ਨੌਕਰੀ…ਸ਼ਾਬਾਸ਼!”

ਪ੍ਰੋਫੈਸਰ ਦੀਆਂ ਅੱਖਾਂ ਵਿਚ ਹੰਝੂ ਵੇਖ ਕੇ ਸੁਦਰਸ਼ਨ ਦੀਆਂ ਅੱਖਾਂ ਵੀ ਸਿੱਲ੍ਹੀਆਂ ਹੋ ਗਈਆਂ।

“ਤੇ ਸਰ ਤੁਹਾਨੂੰ ਯਾਦ ਹੈ, ਤਾਰੂ ਪੰਛੀ!” ਉਸ ਨੇ ਰੁਮਾਲ ਨਾਲ ਅੱਖਾਂ ਦੀ ਨਮੀ ਛੁਪਾਉਂਦਿਆਂ ਕਿਹਾ।

“ਹਾਂ…ਹਾਂ। ਕੀ ਹੋਇਐ ਉਹਨੂੰ? ਮੈਂ ਹੀ ਪੰਛੀ ਨਾਮ ਰੱਖਿਆ ਸੀ ਉਸ ਦਾ। ਕਲਾਸ ਵਿਚ ਕਦੇ ਟਿਕ ਕੇ ਨਹੀਂ ਸੀ ਬੈਠਦਾ, ਉਡਿਆ ਹੀ ਰਹਿੰਦਾ ਸੀ ਸਦਾ।” ਪ੍ਰੋਫੈਸਰ ਕੁਮਾਰ ਹੁਣ ਉਠ ਕੇ ਖੜੋ ਗਿਆ।

“ਉਹ ਅੱਜ ਵਿਦਿਆ ਮੰਤਰੀ ਬਣਿਆ ਹੈ, ਉਸ ਨੇ ਸਹੁੰ ਚੁੱਕਣੀ ਹੈ।”

“ਹੈਂ ਉਹ ਵਿਦਿਆ ਮੰਤਰੀ! ਉਹ ਤਾਰੂ, ਜੋ ਕਈ ਸਾਲ ਫੇਲ੍ਹ ਹੁੰਦਾ ਰਿਹਾ ਤੇ ਅਖੀਰ ਰਿੜ੍ਹਦਾ ਖੜ੍ਹਦਾ ਪਤਾ ਨਹੀਂ ਕਿੱਦਾਂ ਪਾਸ ਹੋ ਗਿਆ, ਇਹ ਮੈਨੂੰ ਹੀ ਪਤਾ ਹੈ।” ਪ੍ਰੋਫੈਸਰ ਸਾਹਿਬ ਦੀਆਂ ਅੱਖਾਂ ਵਿਚ ਚਮਕ ਆ ਗਈ। ਸਰੀਰ ਵਿਚ ਜਿਵੇਂ ਵੀਹ ਘੋੜਿਆਂ ਜਿੰਨਾ ਜੋਰ ਆ ਗਿਆ ਹੋਵੇ।

“ਬਣ ਗਿਆ ਕੰਮ ਫਿਰ ਸਮਝੋ…।” ਉਸ ਨੇ ਚੁਟਕੀ ਮਾਰੀ, “ਲੱਜੋ ਕੁਲੱਜੋਂ ਸਾਡੇ ਕੀਤੇ ਪਰਉਪਕਾਰ ਦੀ ਵਿੜ੍ਹੀ ਤਾਂ ਲਾਹੇਗਾ ਹੀ।” ਅੱਜ ਉਹ ਵੱਧ ਤੋਂ ਵੱਧ ਪ੍ਰਾਪਤੀਆਂ ਦਾ ਸਿਹਰਾ ਆਪਣੇ ਸਿਰ 'ਤੇ ਬੰਨ੍ਹਣ ਲਈ ਤਤਪਰ ਸੀ। ਉਸ ਦਾ ਜੀਅ ਕੀਤਾ, ਹੁਣੇ ਹੀ ਜਾ ਮਿਲੇ ਆਪਣੇ ਤਾਰੂ ਨੂੰ! ਤਾਰੂ ਪੰਛੀ ਨੂੰ, ਤੇ ਰੱਖ ਦੇਵੇ ਮੰਗਾਂ ਦਾ ਚਾਰਟਰ ਉਹਦੇ ਅੱਗੇ। ਪ੍ਰੋ. ਕੁਮਾਰ ਦੀ ਜ਼ਿੱਦ ਕਰ ਕੇ ਉਸ ਨੂੰ ਬਾਇੱਜ਼ਤ ਧਰਨਾਕਾਰੀਆਂ ਵਿਚ ਪਹੁੰਚਾ ਦਿਤਾ ਗਿਆ। ਸੁਦਰਸ਼ਨ ਦੇ ਮੋਬਾਈਲ ਫੋਨ ਨੇ ਤਾਰੂ ਨੂੰ ਉਨ੍ਹਾਂ ਬਾਰੇ ਖਬਰ ਦੇ ਦਿਤੀ। ਮੈਜਿਸਟਰੇਟ ਦੀ ਚਾਹ ਦੀ ਸੁਲ੍ਹਾ ਸਭ ਨੇ ਠੁਕਰਾ ਦਿੱਤੀ।

ਰਾਤ ਪਈ। ਐਮ. ਐਲ. ਏ. ਹੋਸਟਲ ਵਿਚੋਂ ਆਤਿਸ਼ਬਾਜ਼ੀ ਦੀ ਆਵਾਜ਼, ਦੀਪ ਮਾਲਾ ਤੇ ਨਵੇਂ ਵਜ਼ੀਰਾਂ ਦੇ ਜਸ਼ਨ ਨੇ ਧਰਨਾਕਾਰੀਆਂ ਦੇ ਗੁੱਸੇ ਨੂੰ ਹੋਰ ਬਲਦੀ 'ਤੇ ਤੇਲ ਵਾਂਗ ਭਾਂਬੜ ਭੜਕਾ ਦਿਤੇ। ਉਥੇ ਮੁਰਗੇ ਭੁੰਨੇ ਗਏ, ਵਿਸਕੀਆਂ ਦੇ ਡੱਟ ਖੁੱਲ੍ਹੇ ਤੇ ਇੱਧਰ ਇਹ ਵਜ਼ੀਰ, ਮੈਜਿਸਟਰੇਟ, ਐਸ. ਪੀ. ਤੇ ਹੋਰ ਸਭ ਨੂੰ ਉਚੀਆਂ ਪੌੜੀਆਂ ਚੜ੍ਹਾਉਣ ਵਾਲੇ ਕੌਮ ਦੇ ਥੰਮ ਭੁੱਖੇ ਬੈਠੇ ਆਪਣੀ ਕਿਸਮਤ ਨੂੰ ਝੂਰਦੇ ਉਨ੍ਹਾਂ ਤੋਂ ਆਪਣੇ ਬੱਚਿਆਂ ਲਈ ਰੋਟੀ ਮੰਗ ਰਹੇ ਸਨ।

“ਅੱਜ ਦੀ ਰਾਤ ਔਖੀ ਸੌਖੀ ਕੱਟੋ, ਵਿਦਿਆ ਮੰਤਰੀ ਮੇਰਾ ਚੇਲਾ ਹੈ, ਮੇਰਾ ਸਟੂਡੈਂਟ ਹੈ, ਮੇਰਾ ਬਰਖੁਰਦਾਰ ਹੈ। ਕੱਲ੍ਹ ਨੂੰ ਸਾਡਾ ਕੰਮ ਤਾਂ ਉਹ ਕਰ ਹੀ ਦੇਵੇਗਾ।” ਪ੍ਰੋਫੈਸਰ ਕੁਮਾਰ ਨੇ ਝਿਜਕਦੇ ਵਿਸ਼ਵਾਸ ਨਾਲ ਸਭ ਨੂੰ ਧਾਰਸ ਬੰਨਾਇਆ।

“ਪਰ ਪ੍ਰੋਫੈਸਰ ਸਾਹਿਬ! ਅਸਾਂ ਲਿਖਤੀ ਇਕਰਾਰਨਾਮਾ ਲੈਣਾ ਹੈ, ਜ਼ਬਾਨੀ ਕਲਾਮੀ ਉਨ੍ਹਾਂ 'ਤੇ ਯਕੀਨ ਨਾ ਕਰ ਲਿਉ, ਸਿਆਸਤ ਬੜੀ ਬੁਰੀ ਬਲਾ ਹੈ।” ਇਹ ਸ਼ਬਦ ਪ੍ਰੋਫੈਸਰ ਕੁਮਾਰ ਨੇ ਅਣਗੌਲੇ ਕਰ ਦਿੱਤੇ ਤੇ ਮੱਥੇ 'ਚੋਂ ਨਿਕਲਦੀ ਚੀਸ ਟੋਹਣ ਲੱਗਾ।

ਸਾਰੇ ਅਧਿਆਪਕ ਦਿਨ ਦੇ ਥੱਕੇ ਸੁਸਤਾ ਰਹੇ ਸਨ। ਭੁੱਖ ਨਾਲ ਸਭ ਦੇ ਕਾਲਜੇ ਲੂਸ ਰਹੇ ਸਨ। ਚੌਧਰੀ ਕਿਸਮ ਦੇ ਕੁਝ ਆਗੂ ਬਿਆਨਬਾਜ਼ੀ ਕਰ ਰਹੇ ਸਨ। ਟੀਚਰਾਂ ਨਾਲ ਕੀਤਾ ਪੁਲਿਸ ਦਾ ਸਲੂਕ, ਪਾਣੀ ਵਰ੍ਹਾਉਣ, ਡਾਂਗਾਂ ਵਰ੍ਹਾਉਣ ਤੇ ਡੰਡੇ ਦੇ ਜੋਰ ਨਾਲ ਉਨ੍ਹਾਂ ਦੀ ਜ਼ਬਾਨ ਬੰਦ ਕਰਾਉਣ ਬਾਰੇ ਵਿਖਿਆਨ ਚੱਲ ਰਹੇ ਸਨ। ਭੁੱਖੇ ਢਿੱਡ ਨੀਂਦ ਕਿਸ ਨੂੰ ਆਏ!

ਸਰਕਾਰੀ ਜੀਪਾਂ, ਕਾਰਾਂ ਦੇ ਹੂਟਰਾਂ ਨੇ ਸਭ ਨੂੰ ਫਿਰ ਭੱਜ-ਦੌੜ ਪਾ ਦਿਤੀ, ਪਤਾ ਨਹੀਂ ਕੀ ਹੋਣ ਵਾਲਾ ਹੈ। ਸਾਰੇ ਡਰ ਕੇ ਸੁੰਗੜ ਗਏ। ਹਾਰਾਂ ਨਾਲ ਲੱਦਿਆ ਲੜਖੜਾਉਂਦਾ ਤਾਰੂ…, ਤਾਰੂ ਪੰਛੀ, ਵਿਦਿਆ ਮੰਤਰੀ ਲਾਲ ਬੱਤੀ ਵਾਲੀ ਕਾਰ ਵਿਚੋਂ ਉਤਰਿਆ ਵੇਖ ਕੇ ਪ੍ਰੋਫੈਸਰ ਕੁਮਾਰ ਦੇ ਸਭ ਦੁੱਖ ਦਰਦ, ਥਕੇਵੇਂ ਦੂਰ ਹੋ ਗਏ।

“ਸਾਡੇ ਹੱਕ, ਇੱਥੇ ਰੱਖ।” ਅੱਧ ਸੁੱਤੀਆਂ ਜ਼ੁਬਾਨਾਂ ਫਿਰ ਗਰਜ ਉਠੀਆਂ।

ਮੰਤਰੀ ਨੇ ਪ੍ਰੋਫੈਸਰ ਕੁਮਾਰ ਦੇ ਪੈਰੀਂ ਹੱਥ ਲਾਇਆ, ਹੱਥ ਜੋੜ ਕੇ ਸਭ ਨੂੰ ਨਮਸਕਾਰ ਕੀਤੀ।

“ਮੇਰੇ ਬਹੁਤ ਪੂਜਣਯੋਗ ਪ੍ਰੋਫੈਸਰ ਸਾਹਿਬਾਨ, ਤੁਸੀਂ ਮੇਰੇ ਦੇਸ਼ ਦੀ ਕਿਸ਼ਤੀ ਦੇ ਮਲਾਹ ਹੋ, ਸਾਰੀ ਕੌਮ ਦੇ ਘਾੜੇ…। ਮੈਨੂੰ ਸੁਣ ਕੇ ਬਹੁਤ ਸ਼ਰਮ ਆਈ ਕਿ ਮੇਰੇ ਅਧਿਆਪਕ ਆਪਣੇ ਹੱਕਾਂ ਲਈ ਏਨਾ ਕਸ਼ਟ ਝੱਲ ਕੇ ਏਥੇ ਆਏ ਹਨ। ਮੈਂ ਸਭ ਕੁਝ ਸੁਣ ਲਿਆ ਹੈ। ਮੈਂ ਯਕੀਨ ਦਿਵਾਉਂਦਾ ਹਾਂ, ਤੁਹਾਡੇ ਸਾਰੇ ਹੱਕ ਥਾਲੀ ਵਿਚ ਪਰੋਸ ਕੇ ਮੈਂ ਤੁਹਾਡੇ ਅੱਗੇ ਸਜਾਵਾਂਗਾ। ਮੈਨੂੰ ਦੋ ਦਿਨ ਦਾ ਸਮਾਂ ਦਿਓ। ਤੁਸੀਂ ਅੱਜ ਤੋਂ ਸਮਝੋ ਕਿ ਤੁਹਾਡੀਆਂ ਸੱਭੇ ਮੰਗਾਂ ਮੰਨੀਆਂ ਜਾ ਚੁਕੀਆਂ ਹਨ। ਮੇਰੇ ਸਾਰੇ ਆਦਰਯੋਗ ਅਧਿਆਪਕ ਤੇ ਇਸ ਮੁਹਿੰਮ ਦੇ ਹੋਰ ਸਾਰੇ ਨੇਤਾਵਾਂ ਨੂੰ ਬੇਨਤੀ ਹੈ ਕਿ ਉਧਰ ਸਾਹਮਣੇ ਹੋਸਟਲ ਵਿਚ ਪਾਰਟੀ ਚੱਲ ਰਹੀ ਹੈ, ਮੇਰੀ ਸਭ ਨੂੰ ਦਾਅਵਤ ਹੈ, ਚੱਲ ਕੇ ਸਾਰੇ ਅਨੰਦ ਮਾਣੋ…ਤੇ ਆਪਣੇ ਬਾਲ ਬੱਚਿਆਂ ਵਿਚ ਘਰਾਂ ਨੂੰ ਜਾਓ।”

“ਵਿਦਿਆ ਮੰਤਰੀ ਜ਼ਿੰਦਾਬਾਦ।” ਪ੍ਰੋਫੈਸਰਾਂ ਦਾ ਨਾਅਰਾ ਗੂੰਜਿਆ।

“ਪ੍ਰੋਫੈਸਰ ਕੁਮਾਰ ਜ਼ਿੰਦਾਬਾਦ।” ਵਿਦਿਆ ਮੰਤਰੀ ਦਾ ਜੁਆਬ ਆਇਆ।

ਪ੍ਰੋਫੈਸਰਾਂ ਵਿਚ ਕੁਝ ਤੂੰ ਤੂੰ, ਮੈਂ ਮੈਂ ਹੋਈ, ਪਰ ਟਕਰਾਓ ਤੋਂ ਛੇਤੀ ਹੀ ਨਿਜ਼ਾਤ ਮਿਲ ਗਈ। ਕੁਝ ਲੋਕ ਲਿਖਤੀ ਸਰਕਾਰੀ ਸਹਿਮਤੀ ਹੁਕਮ ਚਾਹੁੰਦੇ ਸਨ ਤੇ ਕੁਝ ਮੰਤਰੀ ਦੀ ਜ਼ਬਾਨ 'ਤੇ ਯਕੀਨ ਕਰਨਾ ਮੰਨਦੇ ਸਨ।

“ਚਲੋ! ਚਲੋ ਮੇਰੇ ਬਜ਼ੁਰਗੋ, ਪਹਿਲਾਂ ਵੀ ਮੈਂ ਤੁਹਾਡੀ ਮਿਹਰਬਾਨੀ ਸਦਕਾ ਇਸ ਪੌੜੀ 'ਤੇ ਚੜ੍ਹਿਆ ਹਾਂ ਤੇ ਅੱਗੇ ਵੀ ਮੈਨੂੰ ਅਸ਼ੀਰਵਾਦ ਦਿਓ। ਮੈਂ ਯਕੀਨ ਦਿਵਾਉਂਦਾ ਹਾਂ, ਤੁਹਾਡਾ ਕੰਮ ਪਹਿਲ ਦੇ ਆਧਾਰ 'ਤੇ ਕਰਾਂਗਾ।” ਤਾਰੂ ਪੰਛੀ ਦੀ ਅਧੀਨਗੀ ਭਰੀ ਬੇਨਤੀ ਤੇ ਜੁੜੇ ਹੱਥ ਵੇਖ ਕੁਝ ਲੋਕ ਉਠੇ ਤੇ ਬਾਕੀ ਉਨ੍ਹਾਂ ਦੇ ਪਿੱਛੇ ਹੋ ਤੁਰੇ।

ਵਜ਼ੀਰਾਂ ਦੇ ਸਲੂਣੇ ਨਾਲ ਦਾਰੂ ਸਲੂਣੀ ਕਰ, ਪੇਟ ਭਰ ਕੇ ਡਕਾਰ ਮਾਰ ਕੇ ਤੇ ਕੁਝ ਵੋਦਕਾ ਦੇ ਸਰੂਰ ਨਾਲ ਦੇਸ਼ ਦੇ ਉਸਰੱਈਏ ਨਿਹਾਲ ਹੋ ਗਏ।

ਅਗਲੀ ਸਵੇਰ ਕੁੱਕੜ ਨੇ ਬਾਂਗ ਦਿਤੀ ਤਾਂ ਪ੍ਰੋ. ਕੁਮਾਰ ਖੁਦ ਨੂੰ ਆਪਣੇ ਘਰ, ਆਪਣੇ ਬੈਡ 'ਤੇ ਦੇਖ ਕੇ ਫਿਰ ਚਿੰਤਾਵਾਨ ਹੋ ਗਿਆ।

ਅਖਬਾਰ ਦੇ ਪਹਿਲੇ ਪੰਨੇ 'ਤੇ ਪਹਿਲੀ ਮੋਟੀ ਖਬਰ ਪੜ੍ਹ ਕੇ ਉਸ ਦਾ ਸਾਹ ਘੁੱਟਣ ਲੱਗਾ, ਗਲਾ ਖੁਸ਼ਕ ਹੋ ਗਿਆ। “ਅਧਿਆਪਕਾਂ ਦੀ ਰੈਲੀ ਠੁੱਸ। ਉਹ ਇਕ ਵੇਰਾਂ ਫਿਰ ਸਿਆਸਤ ਦੇ ਹੱਥੋਂ ਠੱਗੇ ਗਏ।”

# ਲੋਕ ਮਨਾਂ ਦੀ ਨਾਇਕਾ ਹੀਰ ਸਿਆਲ

**ਪ੍ਰੀਤ-ਗਾਥਾ**

ਹੀਰ-ਰਾਂਝੇ ਦੀ ਪ੍ਰੀਤ ਕਹਾਣੀ ਨੇ ਪੰਜਾਬੀਆਂ ਦੇ ਦਿਲਾਂ 'ਤੇ ਇੱਕ ਅਮਿੱਟ ਛਾਪ ਲਾ ਦਿੱਤੀ ਹੈ। ਪੰਜਾਬ ਦੇ ਰੋਮ ਰੋਮ 'ਚ ਇਹ ਕਹਾਣੀ ਰਮੀ ਪਈ ਹੈ।

ਹੀਰ ਜੰਮੀ ਸੀ ਝੰਗ ਸਿਆਲੀਂ
ਰਾਂਝਾ ਤਖਤ ਹਜ਼ਾਰੇ,
ਦੁਖੀਏ ਆਸ਼ਕ ਨੂੰ ਨਾ ਝਿੜਕੀਂ ਮੁਟਿਆਰੇ।

ਤਖਤ ਹਜ਼ਾਰੇ ਦੇ ਚੌਧਰੀ ਮੌਜੂ ਦਾ ਪੁੱਤਰ ਧੀਦੋ ਆਪਣੇ ਭਰਾਵਾਂ ਅਤੇ ਭਾਬੀਆਂ ਨਾਲ ਗੁੱਸੇ ਹੋ ਝੰਗ ਸਿਆਲੀਂ ਆ ਪੁੱਜਾ। ਇਥੋਂ ਦੇ ਚੌਧਰੀ ਚੂਚਕ ਦੀ ਅਲਬੇਲੀ ਧੀ ਹੀਰ ਨਾਲ ਧੀਦੋ ਰਾਂਝੇ ਦਾ ਪਿਆਰ ਪੈ ਗਿਆ। ਕਹਿੰਦੇ ਹਨ, ਰਾਂਝਾ ਪੂਰੇ ਬਾਰਾਂ ਵਰ੍ਹੇ ਹੀਰ ਸਲੇਟੀ ਦੀਆਂ ਮੱਝਾਂ ਚਾਰਦਾ ਰਿਹਾ। ਪਰ ਹੀਰ ਦੇ ਮਾਪਿਆਂ ਨੇ ਇਨ੍ਹਾਂ ਦੇ ਪਿਆਰ ਨੂੰ ਪ੍ਰਵਾਨ ਨਾ ਕੀਤਾ ਸਗੋਂ ਹੀਰ ਦਾ ਵਿਆਹ ਰੰਗਪੁਰ ਖੇੜੇ ਦੇ ਸੈਦੇ ਨਾਲ ਜੋਰੀਂ ਕਰ ਦਿੱਤਾ। ਹੀਰ ਵਿਲਕਦੀ ਰਹੀ, ਉਸ ਦੀ ਕਿਸੇ ਇਕ ਨਾ ਮੰਨੀ। ਰਾਂਝੇ ਨੇ ਮੱਝੀਆਂ ਛੱਡ ਦਿੱਤੀਆਂ ਤੇ ਜੋਗੀ ਦਾ ਭੇਸ ਧਾਰ ਕੇ ਰੰਗਪੁਰ ਖੇੜੇ ਪੁੱਜ ਗਿਆ। ਹੀਰ ਦੀ ਨਣਦ ਸਹਿਤੀ ਰਾਹੀਂ ਰਾਂਝੇ ਦਾ ਮੇਲ ਹੀਰ ਨਾਲ ਹੋਇਆ। ਹੀਰ ਸੱਪ ਲੜੇ ਦਾ ਬਹਾਨਾ ਬਣਾ ਕੇ ਰਾਂਝੇ ਜੋਗੀ ਪਾਸ ਪੁੱਜੀ। ਰਾਤ ਸਮੇਂ ਦੋਵੇਂ ਨੱਸ ਟੁਰੇ। ਖੇੜਿਆਂ ਨੇ ਉਨ੍ਹਾਂ ਦਾ ਪਿੱਛਾ ਕੀਤਾ, ਅੰਤ ਦੋਵੇਂ ਨਾਹੜਾ ਦੇ ਇਲਾਕੇ ਵਿਚ ਫੜੇ ਗਏ। ਝਗੜਾ ਕੋਟਕਬੂਲੇ ਦੇ ਹਾਕਮ ਪਾਸ ਪੁੱਜਾ। ਉਹਨੇ ਹੀਰ ਸੈਦੇ ਖੇੜੇ ਨੂੰ ਮੁੜਵਾ ਦਿੱਤੀ। ਕਹਿੰਦੇ ਨੇ, ਉਸੇ ਵੇਲੇ ਕੋਟਕਬੂਲੇ ਨੂੰ ਅੱਗ ਲੱਗ ਗਈ। ਲੋਕਾਂ ਸਮਝਿਆ ਕਿ ਇਹ ਹੀਰ-ਰਾਂਝੇ ਦੀ ਬਦਅਸੀਸ ਦਾ ਫਲ ਹੈ। ਸੋ ਉਸੇ ਵੇਲੇ ਹਾਕਮ ਨੂੰ ਆਪਣਾ ਫੈਸਲਾ ਬਦਲਨਾ ਪਿਆ। ਇਸ ਤਰ੍ਹਾਂ ਹੀਰ ਮੁੜ ਰਾਂਝੇ ਨੂੰ ਮਿਲ ਗਈ ਤੇ ਉਹ ਕਵੀ ਦਮੋਦਰ ਅਨੁਸਾਰ ਮੱਕੇ ਨੂੰ ਚਲੇ ਗਏ।



**ਸੁਖਦੇਵ ਮਾਦਪੁਰੀ**
ਫੋਨ: 91-94630-34472

ਇਸ ਰੁਮਾਂਸ ਦਾ ਅੰਤ ਇਹ ਵੀ ਦੱਸਿਆ ਜਾਂਦਾ ਹੈ ਕਿ ਰਾਂਝਾ ਕੋਟਕਬੂਲੇ ਤੋਂ ਹੀਰ ਲੈ ਆਇਆ ਤਾਂ ਹੀਰ ਦੇ ਬਾਪ ਚੂਚਕ ਨੇ ਰਾਂਝੇ ਨੂੰ ਆਖਿਆ ਕਿ ਉਹ ਤਖਤ ਹਜ਼ਾਰੇ ਤੋਂ ਜੰਞ ਚਾੜ੍ਹ ਲਿਆਵੇ ਤਾਂ ਜੋ ਉਹ ਹੀਰ ਨੂੰ ਸ਼ਗਨਾਂ ਨਾਲ ਤੋਰਨ। ਰਾਂਝਾ ਜੰਞ ਲੈਣ ਚਲਾ ਗਿਆ ਤੇ ਮਗਰੋਂ ਚੂਚਕ ਨੇ ਹੀਰ ਦੇ ਚਾਚੇ ਕੈਦੋਂ ਦੇ ਆਖੇ ਲੱਗ ਕੇ ਹੀਰ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਰਾਂਝਾ ਜੰਞ ਲੈ ਆਇਆ। ਅੱਗੋਂ ਹੀਰ ਦੀ ਮੌਤ ਸੁਣ ਕੇ ਰਾਂਝੇ ਨੇ ਵੀ ਹੀਰ ਦੀ ਕਬਰ 'ਤੇ ਟੱਕਰਾਂ ਮਾਰ ਆਪਣੇ ਪ੍ਰਾਣ ਤਿਆਗ ਦਿੱਤੇ।

ਪੰਜਾਬ ਦੀ ਗੋਰੀ ਮੁਟਿਆਰ ਨੇ ਇਸ ਕਥਾ ਨੂੰ ਆਪਣੇ ਲੋਕ ਗੀਤਾਂ ਵਿਚ ਬੜੇ ਪਿਆਰੇ ਅੰਦਾਜ਼ ਨਾਲ ਗਾਇਆ ਹੈ। ਉਹ ਆਪਣੇ ਆਪ ਨੂੰ ਹੀਰ ਤੇ ਆਪਣੇ ਗੱਭਰੂ ਨੂੰ ਰਾਂਝੇ ਸਮਾਨ ਸਮਝਦੀ ਹੈ:

ਕੁੜੀਏ ਨੀਂ ਧਨੀਆ ਨੀ ਬੀਜੀਏ,
ਝੰਗ ਸਿਆਲਾਂ ਦੇ ਖੂਹ 'ਤੇ।
ਮੁੰਡਿਆ ਵੇ ਬੰਸਰੀ ਵਾਲਿਆ,
ਆ ਮਿਲੀਏ ਝੰਗ ਸਿਆਲਾਂ ਦੇ ਖੂਹ 'ਤੇ।

ਆਪਣੇ ਰਾਂਝੇ ਨੂੰ ਉਹ ਗੁਲਾਬ ਦੇ ਫੁੱਲ ਨਾਲ ਤੁਲਨਾ ਦਿੰਦੀ ਹੈ:

ਵਗਦੀ ਰਾਵੀ ਵਿਚ, ਦੁੰਬ ਵੇ ਜਵਾਰ ਦਾ।
ਮੈਂ ਅੰਗ੍ਰੇਜ਼ਣ ਬੂਟੀ
ਰਾਂਝਾ ਫੁੱਲ ਏ ਗੁਲਾਬ ਦਾ।

ਉਸ ਦੀ ਤਾਂ ਉਸ ਨੂੰ ਪਟਾਰੀ ਵਿਚ ਕੀਲ ਕੇ ਰੱਖਣ ਦੀ ਵੀ ਤਮੰਨਾ ਹੈ:

ਜੇਠ ਹਾੜ ਵਿਚ ਅੰਬ ਬਥੇਰੇ
ਸਾਉਣ ਮਹੀਨੇ ਪੀਲ੍ਹਾਂ,
ਰਾਂਝਿਆਂ ਆ ਜਾ ਵੇ
ਤੈਨੂੰ ਪਾ ਕੇ ਪਟਾਰੀ ਵਿਚ ਕੀਲਾਂ।

ਉਹ ਆਪਣੇ ਦਿਲ ਦੇ ਮਹਿਰਮ ਨੂੰ ਮਿਲਣ ਲਈ ਸੈਆਂ ਔਕੜਾਂ ਦਾ ਸਾਹਮਣਾ ਕਰਦੀ ਹੈ:

ਤੇਰੀ ਤੇਰੀ ਕਾਰਨ ਚੀਰੇ ਵਾਲਿਆ
ਮੈਂ ਬਾਗੋਂ ਲਿਆਈ ਭੁੰਕਾ ਵੇ
ਰਿੰਨ੍ਹ ਬਣਾ ਕੇ ਥਾਲੀ ਪਾਵਾਂ
ਕੋਈ ਆਪਣੇ ਰਾਂਝੇ ਜੋਗੀ ਵੇ।
ਤੇਰੀ ਤੇਰੀ ਕਾਰਨ ਚੀਰੇ ਵਾਲਿਆ
ਮੈਂ ਸਿਖਰ ਦੁਪਹਿਰੇ ਆਈ ਵੇ
ਪੈਰੀਂ ਛਾਲੇ ਪੈ ਗਏ
ਤਪੇ ਟਿੱਬਿਆਂ ਦਾ ਰੇਤਾ ਵੇ
ਤੇਰੀ ਤੇਰੀ ਕਾਰਨ ਚੀਰੇ ਵਾਲਿਆ
ਮੈਂ ਮੀਂਹ ਵਰਸੰਦੇ ਆਈ ਵੇ
ਭਿੱਜਗੀ ਤੋਤ ਦੀ ਲੂੰਗੀ
ਕੋਈ ਭਿੱਜਗੀ ਜਰਦ ਕਨਾਰੀ ਵੇ।

ਪਰਦੇਸੀ ਰਾਂਝੇ ਨੂੰ ਹੀਰ ਤੋਤੇ ਰਾਹੀਂ ਆਪਣੇ ਦਿਲ ਦੀ ਵੇਦਨਾ ਦੱਸਦੀ ਹੈ:

ਉਡ ਜਾਈਂ ਵੇ ਤੋਤਿਆ
ਗਿਰਨੀ ਖਾਈਂ ਵੇ ਤੋਤਿਆ
ਲੰਬੀ ਲਾਈਂ ਵੇ ਉਡਾਰੀ
ਵੇ ਮੈਂ ਤੇਰੀ ਰਾਂਝਾ ਤੇਰੇ ਦਿਲ ਦੀ ਹੀਰ ਤੈਂ
ਮੈਂ ਮਨੋਂ ਵੇ ਵਸਾਰੀ।

ਰਾਂਝਾ ਹੀਰ ਦੇ ਦੁੱਖ 'ਚ ਸਰੀਕ ਹੁੰਦਾ ਹੈ:

ਬੇਰੀਏ ਨੀ ਤੈਨੂੰ ਬੇਰ ਬਥੇਰੇ
ਕਿੱਕਰੇ ਨੀ ਤੈਨੂੰ ਤੁੱਕੇ
ਰਾਂਝਾ ਦੂਰ ਖੜਾ, ਦੂਰ ਖੜਾ ਦੁੱਖ ਪੁੱਛੇ।

ਕਿਧਰੇ ਰਾਂਝਾ ਆਪਣੀ ਕੂੰਜ ਜਿਹੀ ਹੀਰ ਨੂੰ ਗਿੱਧੇ 'ਚ ਨੱਚਣ ਲਈ ਹਾਰ ਸ਼ਿੰਗਾਰ ਲਾਉਣ ਲਈ ਆਖ ਦਿੰਦਾ ਹੈ:

ਰਾਂਝੇ ਦਾ ਕਹਿਣਾ ਮੰਨ ਲੈ ਹੀਰੇ,
ਹਾਰ ਸ਼ਿੰਗਾਰ ਲਗਾਈਂ।
ਪੁੰਨਿਆ ਦਾ ਚੰਦ ਆਪੇ ਚੜ੍ਹ ਜੂ,
ਰੂਪ ਦੀ ਛਹਿਬਰ ਲਾਈਂ।
ਕੁੜੀਆਂ ਨੂੰ ਸੱਦ ਕੇ ਗਿੱਧਾ ਪੁਆਈਂ,
ਸੁੱਤੀਆਂ ਕਲਾਂ ਜਗਾਈਂ।
ਸ਼ੌਕ ਨਾਲ ਨੱਚ ਕੇ ਨੀ
ਦਿਲ ਦੀਆਂ ਖੋਹਲ ਸੁਣਾਈਂ।

ਗੋਰੀ ਆਪਣੇ ਰਾਂਝੇ ਲਈ ਹਾਰ ਸ਼ਿੰਗਾਰ ਲਾ ਕੇ ਗਿੱਧੇ ਦੇ ਪਿੜ ਵਿਚ ਧੁੰਮਾਂ ਪਾ ਦਿੰਦੀ ਹੈ:

ਹੀਰ ਨੇ ਸੱਦੀਆਂ ਸੱਭੇ ਸਹੇਲੀਆਂ
ਸਭ ਦੀਆਂ ਨਵੀਆਂ ਪੁਸ਼ਾਕਾਂ।
ਗਹਿਣੇ ਗੱਟੇ ਸਭ ਦੇ ਸੋਂਹਦੇ
ਮੈਂ ਹੀਰ ਗੋਰੀ ਵਲ ਝਾਕਾਂ।
ਕੰਨੀ ਹੀਰ ਦੇ ਸਜਣ ਕੋਕਰੂ
ਪੈਰਾਂ ਦੇ ਵਿਚ ਬਾਂਕਾਂ।
ਗਿੱਧੇ ਦੀਏ ਪਰੀਏ ਨੀ
ਤੇਰੇ ਰੂਪ ਨੇ ਪਾਈਆਂ ਧਾਕਾਂ।

ਉਹ ਆਪਣੇ ਦਿਲ ਦੀ ਟੁਕੜੀ ਹੀਰ ਸਲੇਟੀ ਦੀ ਸਿਫਤ ਕਰਦਾ ਨਹੀਂ ਥੱਕਦਾ:

ਆਖੇਂ ਗੱਲ ਤਾਂ ਹੀਰੇ ਕਹਿ ਕੇ
ਸੁਣਾ ਦਿਆਂ ਨੀ
ਦੇ ਕੇ ਨੱਢੀਏ ਤੈਨੂੰ ਸੋਹਣ ਨੀ ਹਵਾਲੇ।
ਇੰਦਰ ਖਾੜੇ ਦੇ ਵਿਚ ਪਰੀਆਂ
ਸਭ ਤੋਂ ਚੰਗੀਆਂ ਨੀ
ਗਾਵਣ ਜਿਹੜੀਆਂ ਮਿੱਠੇ ਰਾਗ
ਜੋ ਸੁਰਤਾਲੇ।
ਮੋਹ ਲਿਆ ਮੈਨੂੰ ਪਰੀਏ
ਤੇਰਿਆਂ ਨੀ ਨੈਣਾਂ ਨੇ
ਮੈਂ ਕੀ ਜਾਣਾਂ ਇਨ੍ਹਾਂ ਅੱਖੀਆਂ ਦੇ ਚਾਲੇ।
ਜਾਲ ਫੈਲਾਇਆ ਹੀਰੇ
ਤੇਰੀਆਂ ਅੱਖੀਆਂ ਨੇ
ਉਡਦੇ ਜਾਂਦੇ ਪੰਛੀ ਜਿਨ੍ਹਾਂ ਨੇ ਫਸਾ'ਲੇ।

ਜਦੋਂ ਰਾਂਝੇ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਉਹਦੀ ਹੀਰ ਨੂੰ ਖੇੜੇ ਪਰਨਾ ਕੇ ਲੈ ਜਾ ਰਹੇ ਹਨ ਤਾਂ ਉਹਦਾ ਮਨ ਕੁਰਲਾ ਉਠਦਾ ਹੈ:

ਹੀਰ ਨੀ ਬਿਨ ਸੁਗਨੀਏ
ਮੈਂ ਭੁਲਿਆ ਚਾਕ ਵਿਚਾਰਾ।
ਦਿਹ ਜਵਾਬ ਘਰਾਂ ਨੂੰ ਚੱਲੀਏ
ਸੁੰਨਾ ਪਿਆ ਤਖਤ ਹਜ਼ਾਰਾ।

ਹੀਰ ਰਾਂਝੇ ਦੀ ਪੀੜਾ ਨੂੰ ਸਮਝਦੀ ਆਪਣੇ ਮਾਂ ਬਾਪ ਤੇ ਧਰਮ ਰੱਖਿਅਕ ਕਾਜ਼ੀ ਨਾਲ ਵੀ ਆਪਣਾ ਰਾਂਝਾ ਪ੍ਰਾਪਤ ਕਰਨ ਲਈ ਝਗੜਦੀ ਹੈ:

ਛਣਕ ਛਣਕ ਦੋ ਛੱਲੇ ਕਰਾ'ਲੇ,
ਛੱਲੇ ਭਨਾ ਕੇ ਵੰਗਾਂ।
ਬਾਹਰ ਗਈ ਨੂੰ ਬਾਬਲ ਝਿੜਕਦਾ,
ਘਰ ਆਈ ਨੂੰ ਅੰਮਾ।
ਵਿਚ ਕਚਹਿਰੀ ਹੀਰ ਝਗੜਦੀ,
ਮੁਨਸਫ ਕਰਦੇ ਗੱਲਾਂ।
ਵਿਚ ਤ੍ਰਿੰਜਣਾਂ ਕੁੜੀਆਂ ਝਿੜਕਣ,
ਵਿਚ ਗਲੀਆਂ ਦੇ ਰੰਨਾਂ।
ਏਹਨੀ ਓਹਨੀ ਦੋਹੀਂ ਜਹਾਨੀਂ,
ਮੈਂ ਤਾਂ ਖੈਰ ਰਾਂਝੇ ਦੀ ਮੰਗਾਂ।
ਜੇ ਜਾਣਾ ਦੁਖ ਰਾਂਝਣੇ ਨੂੰ ਪੈਣੇ,
ਮੈਂ ਨਿਜ ਨੂੰ ਸਿਆਲੀਂ ਜੰਮਾਂ।

ਉਹ ਰਾਂਝੇ ਦੀ ਖੈਰ ਮੰਗਦੀ ਰਹਿ ਜਾਂਦੀ ਹੈ। ਉਹਦਾ ਵਿਆਹ ਜ਼ੋਰੀਂ ਸੈਦੇ ਖੇੜੇ ਨਾਲ ਕਰ ਦਿੱਤਾ ਜਾਂਦਾ ਹੈ।

ਅੱਜ ਹੋ'ਗੀ ਹੀਰ ਪਰਾਈ,
ਕੁੜੀਆਂ ਨੂੰ ਲੈ ਜੋ ਮੋੜ ਕੇ।

ਖੇੜੇ ਹੀਰ ਲੈ ਜਾਂਦੇ ਹਨ ਅਤੇ ਵਿਚਾਰਾ ਰਾਂਝਾ ਮੱਝਾਂ ਚਾਰਦਾ ਰਹਿ ਜਾਂਦਾ ਹੈ:

ਰਾਂਝਾ ਮੱਝਾਂ ਦੇ ਸਿੰਗਾਂ ਨੂੰ ਫੜ ਰੋਵੇ
ਖੇੜੇ ਲੈ'ਗੇ ਹੀਰ ਚੁੱਕ ਕੇ।

ਅਤੇ

ਬੀਨ ਬਜਾਈ ਰਾਂਝੇ ਚਾਕ ਲੱਗੀ ਮੰਨ ਮੇਰੇ
ਤਖਤ ਹਜ਼ਾਰੇ ਦਿਆ ਮਾਲਕਾ
ਕਿੱਥੇ ਲਾਏ ਨੀ ਡੇਰੇ
ਕਿਨ ਵੇ ਬਣਾਇਆ ਲਾੜਾ ਜੰਜਾਂ ਦਾ
ਕਿਨ ਬੱਧੇ ਸਿਹਰੇ
ਮਾਂ ਬਣਾਇਆ ਲਾੜਾ ਜੰਜਾਂ ਦਾ
ਭੈਣ ਬੱਧੇ ਸਿਹਰੇ
ਕੱਢ ਖਾਂ ਪਾਂਧਿਆ ਪੱਤਰੀ ਲਿੱਖੀ ਲੇਖ ਮੇਰੇ
ਲਿਖਣ ਵਾਲਾ ਲਿਖ ਗਿਆ ਵਸ ਨਹੀਂ ਮੇਰੇ
ਆਖਿਓ ਰਾਂਝੇ ਚਾਕ ਨੂੰ ਮੱਝੀਆਂ ਛੇੜੇ
ਮੱਝੀਆਂ ਛੇੜਦਾ ਰਹਿ ਗਿਆ
ਹੀਰ ਲੈ ਗਏ ਖੇੜੇ।

ਪੰਜਾਬ ਦੀ ਗੋਰੀ ਹੀਰ ਦੇ ਖੇੜੀਂ ਤੁਰਨ 'ਤੇ ਰਾਂਝੇ ਵੱਲੋਂ ਹੀਰ ਨੂੰ ਦਰਦ ਭਰਿਆ ਉਲਾਂਭਾ ਦਿੰਦੀ ਹੈ। ਇਹ ਉਲਾਂਭਾ ਦਿੰਦਿਆਂ ਸ਼ਾਇਦ ਗੋਰੀ ਆਪਣੇ ਰਾਂਝੇ ਨੂੰ ਚਿਤਵਦੀ ਏ:

ਹੀਰੇ ਨੀ ਲਿਸ਼ਕੇ ਬਿਜਲੀ, ਚਮਕਣ ਤਾਰੇ
ਨਾਗੀਂ ਡੰਗ ਸੰਵਾਰੇ ਨੀ।
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ।

ਹੀਰੇ ਨੀ ਖਾਰਿਆਂ ਖੂਹਾਂ ਦੇ
ਪਾਣੀ ਮਿੱਠੇ ਨਾ ਹੁੰਦੇ
ਭਾਵੇਂ ਲੱਖ ਮਣਾ ਗੁੜ ਪਾਈਏ ਨੀ।
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ।

ਹੀਰੇ ਨੀ ਨਾਗਾਂ ਦੇ ਪੁੱਤ ਮਿੱਤ ਨਾ ਬਣਦੇ
ਭਾਵੇਂ ਲਖ ਮਣਾ ਦੁੱਧ ਪਿਆਈਏ ਨੀ।
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ।

ਹੀਰੇ ਨੀ ਆਹ ਲੈ ਆਪਣੀਆਂ
ਮੱਝਾਂ ਨੀ ਫੜ ਲੈ
ਕੀਲੇ ਪਏ ਧਲਿਆਰੇ ਨੀ।
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ।

ਹੀਰੇ ਨੀ ਬਾਰਾਂ ਵਰਸ ਮੱਝੀਆਂ ਨੀ ਚਾਰੀਆਂ
ਅਜੇ ਵੀ ਲਾਵੇਂ ਲਾਰੇ ਨੀ।
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ।

ਹੀਰੇ ਨੀ ਪਹਿਨ ਓਹਤ ਕੇ ਚੜ੍ਹਗੀ ਖਾਰੇ
ਤੈਨੂੰ ਸਬਰ ਫੱਕਰ ਦਾ ਮਾਰੇ ਨੀ।
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ।

ਰਾਂਝਾ ਹੀਰ ਬਿਨਾ ਇਕ ਪਲ ਵੀ ਸਹਾਰ ਨਹੀਂ ਸਕਦਾ। ਉਹ ਹੀਰ ਨੂੰ ਮਿਲਣ ਲਈ ਜੋਗੀ ਦਾ ਭੇਸ ਧਾਰ ਲੈਂਦਾ ਹੈ। ਪੰਜਾਬ ਦੀ ਗੋਰੀ ਰਾਂਝੇ ਦੇ ਜੋਗੀ ਬਣਨ ਦੇ ਬਿਰਤਾਂਤ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ:

ਸਾਂਵਲਿਆ ਤੇ ਸੌਲਿਆ ਵੇ ਮੁੰਡਿਆ
ਤੂੰ ਮੇਰਾ ਵੇ ਮੈਂ ਤੇਰੀ।
ਤੂੰ ਮੇਰਾ ਤੇ ਮੈਂ ਤੇਰੀ ਚੀਰੇ ਵਾਲਿਆ
ਪਾ ਰਾਂਝਣ ਵਾਲੀ ਫੇਰੀ।
ਪਾ ਜੋਗੀ ਵਾਲੀ ਫੇਰੀ ਚੀਰੇ ਵਾਲਿਆ।

ਚਲੋ ਸਹੀਓ ਰਲ ਵੇਖਣ ਚੱਲੀਏ
ਰਾਂਝੇ ਬਾਗ ਲਵਾਇਆ।
ਖਟਣੇ ਲਗਤੇ ਤੇ ਮਿਠਤੇ ਵੀ ਲਗਤੇ
ਨਿੰਬੂਆਂ ਦਾ ਰੂਪ ਸਵਾਇਆ।

ਚਲੋ ਸਹੀਓ ਰਲ ਵੇਖਣ ਚੱਲੀਏ
ਰਾਂਝਣ ਭੇਸ ਵਟਾਇਆ।
ਕੰਨ ਪੜਵਾ ਕੇ ਮੁੰਦਰਾਂ ਪਾਈਆਂ
ਮੱਥੇ ਤਿਲਕ ਲਗਾਇਆ।
ਹੀਰ ਦੀ ਖਾਤਰ ਮੰਗਣ ਚੜ੍ਹਿਆ
ਘਰ ਘਰ ਅਲਖ ਜਗਾਇਆ।

ਜੋਗੀ ਬਣਿਆ ਰਾਂਝਾ ਰੰਗਪੁਰ ਖੇੜੇ ਪੁੱਜ ਜਾਂਦਾ ਹੈ ਤੇ ਸੈਦੇ ਦੇ ਦਰ ਅੱਗੇ ਜਾ ਅਲਖ ਜਗਾਉਂਦਾ ਹੈ। ਹੀਰ ਨਾਗ ਲੜੇ ਦਾ ਬਹਾਨਾ ਕਰਕੇ ਰਾਂਝੇ ਨੂੰ ਮਿਲਣ ਜਾਂਦੀ ਹੈ:



ਉਰਲੇ ਤਾਂ ਵਿਹੜੇ ਜੋਗੀ ਆ ਵੜਿਆ
ਉਥੇ ਕੁੜੀਆਂ ਦਾ ਤ੍ਰਿੰਜਣ ਗੂੰਜਦਾ ਸੀ।
ਉਠੀਂ-ਉਠੀਂ ਭਾਬੋ ਜੋਗੀ ਖੈਰ ਪਾ ਦੇ
ਜੋਗੀ ਖੜਿਆਂ ਨੂੰ ਰੈਣ ਬਤੀਤ ਗਈ।

ਆਪ ਚੌਲ ਖਾਵੇਂ ਸਾਨੂੰ ਚੀਣਾ ਪਾਵੇਂ
ਸਾਡੀ ਡਾਢੇ ਅੱਗੇ ਫਰਿਆਦ ਹੋਵੇ।
ਚੀਣਾ ਡੁਲ੍ਹ ਗਿਆ ਤੂੰਬੀ ਫੁਟ ਗਈ
ਸਾਨੂੰ ਚੁਗਦਿਆਂ ਨੂੰ ਰੈਣ ਵਿਹਾ ਗਈ।

ਤੈਨੂੰ ਕੀ ਹੋਇਆ, ਭਾਬੋ ਕੀ ਹੋਇਆ
ਤੇਰਾ ਰੰਗ ਅਸਮਾਨੀ ਜਰਦ ਹੋਇਆ।
ਮੇਰੇ ਨਾਗ ਲੜਿਆ,
ਨੀ ਨਣਦੇ ਨਾਗ ਲੜਿਆ
ਡੰਗ ਮਾਰ ਬਾਗੀਂ ਜਾ ਨੀ ਵੜਿਆ।

ਚਲ ਚਲ ਨੀ ਭਾਬੋ ਉਸ ਜੋਗੀ ਕੋਲੇ
ਟਾਹਣੀ ਉਸ ਜੋਗੀ ਕੋਲੋਂ ਕਰਾ ਲਈਏ ਨੀ।
ਉਠੀਂ-ਉਠੀਂ ਜੋਗੀ ਕੁੰਡਾ ਖੋਲ੍ਹ
ਸਾਨੂੰ ਖੜਿਆਂ ਨੂੰ ਰੈਣ ਵਿਹਾ ਗਈ।
ਸਾਡਾ ਹਾਰ ਟੁੱਟਿਆ ਜੀ ਸੁੱਚੇ ਮੋਤੀਆਂ ਦਾ
ਸਾਨੂੰ ਚੁਗਦਿਆਂ ਨੂੰ ਰੈਣ ਵਿਹਾ ਗਈ।

ਗੋਰੀ ਹੀਰ ਅਤੇ ਉਸ ਦੀ ਨਨਾਣ ਸਹਿਤੀ ਦੇ ਜੋਗੀ ਨੂੰ ਮਿਲਣ ਦਾ ਬਿਰਤਾਂਤ ਚਿਤਰਦੀ ਆਪਣੇ ਦਿਲ ਦੇ ਜਾਨੀ ਦਾ ਵਰਨਣ ਬੜੀਆਂ ਲਟਕਾਂ ਨਾਲ ਕਰ ਜਾਂਦੀ ਹੈ। ਇਹ ਬੜਾ ਹਰਮਨ ਪਿਆਰਾ ਗੀਤ ਹੈ, ਸਾਡੀਆਂ ਪੰਜਾਬਣਾਂ ਦਾ:

ਅੰਬਾ ਤੇ ਤੂਤੀ ਠੰਡੀ ਛਾਂ
ਕੋਈ ਪਟਾਏਸੀ ਜੋਗੀ ਆਣ ਲੱਥੇ
ਚਲ ਨਣਦੇ ਪਾਣੀ ਨੂੰ ਚੱਲੀਏ
ਪਾਣੀ ਦੇ ਪੱਜ ਜੋਗੀ ਦੇਖੀਏ ਨੀ।

ਕਿੱਥੇ ਰੱਖਾਂ ਨਣਦੇ ਡੋਲ ਨੀ
ਕਿੱਥੇ ਤਾਂ ਖੜ੍ਹ ਕੇ ਜੋਗੀ ਦੇਖੀਏ ਨੀ।
ਨੀਵੇਂ ਤਾਂ ਧਰ ਦੇ ਭਾਬੋ ਡੋਲ ਨੀ
ਉਚੇ ਤਾਂ ਖੜ੍ਹ ਕੇ ਜੋਗੀ ਦੇਖੀਏ ਨੀ।

ਇਸ ਜੋਗੀ ਦੇ ਲੰਬੇ ਲੰਬੇ ਕੇਸ ਨੀ
ਦਹੀਓਂ ਕਟੋਰੇ ਜੋਗੀ ਨਹਾਂਵਦਾ ਨੀ।
ਇਸ ਜੋਗੀ ਦੇ ਚਿੱਟੇ ਚਿੱਟੇ ਦੰਦ ਨੀ
ਦਾਤਣ ਤੇ ਕੁਰਲੀ ਜੋਗੀ ਕਰ ਰਿਹਾ ਨੀ।
ਇਸ ਜੋਗੀ ਦੇ ਸੋਹਣੇ-ਸੋਹਣੇ ਨੈਣ ਨੀ
ਸੁਰਮਾ ਸਲਾਈ ਜੋਗੀ ਪਾਂਵਦਾ ਨੀ।
ਇਸ ਜੋਗੀ ਦੇ ਸੋਹਣੇ ਸੋਹਣੇ ਪੈਰ ਨੀ
ਬੂਟ ਜਰਾਬਾਂ ਜੋਗੀ ਪਾਂਵਦਾ ਨੀ।

ਚਲ ਨੀ ਭਾਬੋ ਘਰ ਨੂੰ ਚੱਲੀਏ
ਸੱਸ ਉਡੀਕੇ ਨੂੰਹੇ ਆ ਘਰੇ।
ਸੱਸਾਂ ਨੂੰ ਨੂੰਹਾਂ ਨਣਦੇ ਹੋਰ ਹੋਰ ਨੀ
ਮੈਂ ਮਨ ਰੱਖਾਂ ਵਲ ਜੋਗੀ ਦੇ ਨੀ।

ਚਲ ਨੀ ਭਾਬੋ ਘਰ ਨੂੰ ਚਲੀਏ
ਸਹੁਰਾ ਉਡੀਕੇ ਨੂੰਹੇਂ ਆ ਘਰੇ।
ਸਹੁਰੇ ਨੂੰ ਨੂੰਹਾਂ ਨਣਦੇ ਹੋਰ ਹੋਰ ਨੀ
ਮੈਂ ਮਨ ਰੱਖਾਂ ਵਲ ਜੋਗੀ ਦੇ ਨੀ।

ਚਲ ਵੇ ਜੋਗੀ ਕਿਸੇ ਦੇਸ ਵੇ
ਕੁੰਡੀ ਸੋਟਾ ਤੇਰਾ ਮੈਂ ਚੁੱਕਾਂ ਵੇ।
ਮਰ ਵੇ ਜੋਗੀ ਕਿਸੇ ਦੇਸ ਵੇ
ਤੈਂ ਮੇਰੀ ਚੰਚਲ ਭਾਬੋ ਮੋਹ ਲਈ ਵੇ।

ਮਰਨ ਨੀ ਨਣਦੇ ਤੇਰੇ ਵੀਰ
ਇਹ ਪਰਦੇਸੀ ਜੋਗੀ ਕਿਉਂ ਮਰੇ।

ਹੀਰ-ਰਾਂਝੇ ਦੀ ਪ੍ਰੀਤ ਕਥਾ ਨੂੰ ਵਾਪਰਿਆਂ ਸਦੀਆਂ ਬੀਤ ਗਈਆਂ ਹਨ। ਉਸ ਸਮੇਂ ਦੇ ਸਮਾਜ ਨੇ ਜਿਹੜਾ ਅਨਿਆਂ ਹੀਰ ਨਾਲ ਕੀਤਾ ਸੀ, ਉਸ ਨੂੰ ਪੰਜਾਬਣਾਂ ਅਜੇ ਤੀਕ ਨਹੀਂ ਭੁੱਲੀਆਂ। ਅਜੋਕੇ ਸਮਾਜ ਵਿਚ ਵੀ ਜਦੋਂ ਕਿਸੇ ਹੀਰ ਸਲੇਟੀ ਨੂੰ ਖੇੜੇ ਪਰਨਾ ਕੇ ਲੈ ਜਾਂਦੇ ਹਨ ਤਾਂ ਗੋਰੀਆਂ ਉਸ ਦੇ ਵਿਰੋਧ ਲਈ ਲੋਕ ਕਚਹਿਰੀ ਵਿਚ ਆਵਾਜ਼ ਬੁਲੰਦ ਕਰਦੀਆਂ ਹਨ। ਪਤਾ ਨਹੀਂ ਅਜੋਕਾ ਮਰਦ ਸਮਾਜ ਇਸ ਆਵਾਜ਼ ਨੂੰ ਕਦੋਂ ਸੁਣੇਗਾ?

## ਹਰਫ ਤੇ ਸ਼ਬਦ

ਕੋਰੇ ਕਾਗਜ਼ 'ਤੇ ਨੀਂਹ ਉਸਾਰਾਂ
ਹਰਫਾਂ ਦੀ ਕਰਾਂ ਘਾਣੀ।
ਕਲਪਨਾ ਦਾ ਬਣਾਵਾਂ ਨਕਸ਼ਾ
ਅਹਿਸਾਸਾਂ ਦਾ ਪਾ ਪਾਣੀ।
ਸ਼ਬਦਾਂ ਦੀਆਂ ਚਿਣਾਂ ਇੱਟਾਂ
ਬਣੇ ਮਹਿਲ ਸਮੇਂ ਦਾ ਹਾਣੀ।
ਜਜ਼ਬਾਤ ਦਾ ਰੰਗ ਕਰਾਵਾਂ
ਸੁਫਨਿਆਂ ਦੀ ਕਹੇ ਕਹਾਣੀ।

ਬਚਪਨ ਦੀਆਂ ਮਾਸੂਮ ਖੇਡਾਂ
ਜਵਾਨੀ ਦੀ ਅੱਲੜ੍ਹ ਕਹਾਣੀ।
ਨੱਚਦਾ, ਟੱਪਦਾ, ਹੱਸਦਾ ਗਾਵੇ
ਬੇਫਿਕਰੀ ਜਿਹੀ ਮਾਣੀ।
ਮਾਪਿਆਂ ਦੇ ਸਿਰ 'ਤੇ ਐਸ਼ਾਂ ਨੇ
ਨਾ ਉਲਝੇ ਕੋਈ ਤਾਣੀ।
ਚੜ੍ਹੀ ਜਵਾਨੀ ਰੁੱਤ ਮਸਤਾਨੀ
ਜਜ਼ਬਾਤ ਭਰਦੇ ਨੇ ਪਾਣੀ।

ਪੱਲੇ ਕਿਸੇ ਦੇ ਦਰਦ ਪੀੜਾਂ
ਸ਼ਿਵ ਵਾਂਗੂੰ ਹੰਢਾਉਂਦਾ ਹਾਣੀ।
ਇਸ਼ਕ ਮਿਜਾਜ਼ੀ ਹੱਡੀਂ ਲਾ ਕੇ
ਵਾਰਸ ਹੈ ਬਣ ਜਾਂਦਾ ਜਾਣੀ।

ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਵਾਂਗੂੰ
ਨੱਚ ਯਾਰ ਮਨਾਉਂਦਾ ਜਾਣੀ।
ਸ਼ੇਖ ਫਰੀਦ ਜਿਹਾ ਰੱਬੀ ਰਾਗ
ਬਿਰਹੋਂ ਦੀ ਗਾਉਂਦਾ ਬਾਣੀ।

ਸ਼ਬਦਾਂ ਦੇ ਹੀ ਵੇਦ ਗ੍ਰੰਥ ਨੇ
ਗੁਰੂ ਸ਼ਬਦਾਂ ਦੀ ਸੱਚੀ ਬਾਣੀ।
ਬੰਦੇ ਦੀ ਪਛਾਣ ਸ਼ਬਦ ਨੇ
ਪੀਰਾਂ-ਫਕੀਰਾਂ ਦੇ ਮੂੰਹੋਂ ਜਾਣੀ।
ਸ਼ਬਦ ਹੀ ਦਇਆ, ਨਫਰਤ
ਨਿੰਦਿਆ, ਚੁਗਲੀ ਤੇ ਵਡਾਣੀ।
ਪਿਆਰ ਝਲਕੇ ਸ਼ਬਦਾਂ ਵਿਚੋਂ
ਗਾਲ੍ਹਾਂ, ਝਿੜ੍ਹਕਾਂ ਕੁੱਤੇ-ਖਾਣੀ।

ਸ਼ਬਦ ਨੇ ਜਿੱਤ ਹਾਰ ਦਾ ਸਬੱਬ
ਸ਼ਬਦ ਹੀ ਬਗਾਵਤ ਜਾਣੀ।
ਸ਼ਬਦ ਨੇ ਲੜਦੇ ਬਣ ਕੇ ਮਿਰਚਾਂ
ਮਿੱਤਰਾਂ ਦੀ ਟੁੱਟਦੀ ਢਾਣੀ।
ਸ਼ਬਦ ਨੇ ਚੋਭਦੇ ਸੀਨੇ ਖੰਜਰ,
ਸ਼ਬਦਾਂ ਦੀ ਪਏ ਮਲ੍ਹਮ ਲਾਣੀ।
ਸ਼ਬਦ ਨੇ ਜੰਗ ਦੇ ਭਾਂਬੜ ਬਾਲਦੇ
ਅਮਨਾਂ ਪਾਉਂਦੇ ਠੰਡਾ ਪਾਣੀ।

*-ਸੇਵਾ ਸਿੰਘ ਨੂਰਪੁਰੀ*

# ਦਾਰਾ ਸਿੰਘ: ਭਲਵਾਨੀ ਤੋਂ ਫਿਲਮਾਂ ਤੱਕ

1960-70ਵਿਆਂ ਦੇ ਦਹਾਕੇ ਵਿਚ ਦੇਸ਼ ਵਿਚ ਬਹਾਦਰੀ ਅਤੇ ਸ਼ਕਤੀ ਦੇ ਪ੍ਰਤੀਕ ਵਜੋਂ ਇਕ ਨਾਮ ਬੜੇ ਅਦਬ ਨਾਲ ਲਿਆ ਜਾਂਦਾ ਸੀ; ਉਹ ਸੀ ਦਾਰਾ ਸਿੰਘ। ਰੁਸਤਮ-ਏ-ਹਿੰਦ, ਰੁਸਤਮ-ਏ-ਪੰਜਾਬ ਅਤੇ ਵਰਲਡ ਚੈਂਪੀਅਨ ਵਰਗੇ ਖਿਤਾਬ ਜਿੱਤ ਕੇ ਦੁਨੀਆਂ ਭਰ 'ਚ ਨਾਮ ਕਮਾਉਣ ਵਾਲਾ ਇਹ ਸਿੱਧਾ-ਸਾਧਾ ਪੇਂਡੂ ਜੱਟ ਕਦੋਂ ਕੁਸ਼ਤੀ ਦੇ ਅਖਾੜਿਆਂ ਦੀ ਦੁਨੀਆਂ ਤੋਂ ਫਿਲਮੀ ਦੁਨੀਆਂ 'ਚ ਅੱਪੜ ਗਿਆ ਕਿਸੇ ਨੂੰ ਪਤਾ ਤਕ ਨਾ ਲੱਗਿਆ।


ਦਾਰਾ ਸਿੰਘ ਉਰਫ ਦਾਰਾ ਸਿੰਘ ਰੰਧਾਵਾ ਦੀ ਪੈਦਾਇਸ਼ ਪਿੰਡ ਧਰਮੂਚੱਕ, ਜ਼ਿਲਾ ਅੰਮ੍ਰਿਤਸਰ ਵਿਖੇ ਜੱਟ ਸਿੱਖ ਪਰਿਵਾਰ ਵਿਚ 19 ਨਵੰਬਰ 1928 ਨੂੰ ਪਿਤਾ ਸੂਰਤ ਸਿੰਘ ਰੰਧਾਵਾ ਤੇ ਮਾਤਾ ਬਲਵੰਤ ਕੌਰ ਦੇ ਘਰ ਹੋਈ। ਉਸ ਨੇ ਪੜ੍ਹਾਈ

**ਮਨਦੀਪ ਸਿੰਘ ਸਿੱਧੂ**

ਨਹੀਂ ਕੀਤੀ ਅਤੇ ਸਿਰਫ 7 ਦਿਨ ਹੀ ਸਕੂਲ ਗਿਆ। ਉਸ ਦੀ ਫਿਲਮਾਂ ਵਿਚ ਪਹਿਲੀ ਝਲਕ ਵਿਖਾਈ ਦਿੱਤੀ ਹਿੰਦੀ ਫਿਲਮ 'ਪਹਿਲੀ ਝਲਕ' (1954) ਵਿਚ ਅਤੇ ਦੂਸਰੀ ਫਿਲਮ ਸੀ 'ਭਗਤ ਰਾਜ' (1960)। ਉਂਝ, ਉਸ ਨੂੰ ਪਛਾਣ ਮਿਲੀ ਫਿਲਮ 'ਕਿੰਗਕਾਂਗ' (1962) ਨਾਲ। ਅਦਾਕਾਰਾ ਕੁਮਕੁਮ ਨਾਲ ਆਈ ਇਹ ਫਿਲਮ ਵਿਦੇਸ਼ੀ ਭਲਵਾਨ ਦੇ ਨਾਮ 'ਤੇ ਸੀ ਜੋ ਅਸਲ ਜ਼ਿੰਦਗੀ ਵਿਚ ਦਾਰਾ ਸਿੰਘ ਤੋਂ ਕਈ ਵਾਰ ਕੁਸ਼ਤੀ ਵਿਚ ਹਾਰਿਆ ਤੇ ਫੇਰ ਉਨ੍ਹਾਂ ਦਾ ਮਿੱਤਰ ਬਣ ਕੇ ਇਥੇ ਹੀ ਰਹਿ ਗਿਆ।

ਉਸ ਦੀ ਪਹਿਲੀ ਪੰਜਾਬੀ ਫਿਲਮ 'ਜੱਗਾ' (1964) ਸੀ ਜਿਸ ਵਿਚ ਉਸ ਨੇ ਲੋਕ ਨਾਇਕ 'ਜੱਗਾ' ਦਾ ਕਿਰਦਾਰ ਨਿਭਾਇਆ। ਉਸ 'ਤੇ ਫਿਲਮਾਇਆ ਭੰਗੜਾ ਗੀਤ 'ਮੈਂ ਜੱਟ ਦੇਸ਼ ਪੰਜਾਬ ਦਾ ਮੇਰੀ ਉਚੀ ਸਭ ਤੋਂ ਸ਼ਾਨ' (ਮੁਹੰਮਦ ਰਫੀ, ਐਸ. ਬਲਬੀਰ, ਸ਼ਮਸ਼ਾਦ ਬੇਗਮ) ਖੂਬ ਚੱਲਿਆ। ਇਸ ਫਿਲਮ ਨੂੰ ਇਸੇ ਸਾਲ ਸਰਵੋਤਮ ਪੰਜਾਬੀ ਫਿਲਮ ਦਾ ਕੌਮੀ ਐਵਾਰਡ ਮਿਲਿਆ। ਉਸ ਦੀ ਦੂਜੀ ਪੰਜਾਬੀ ਫਿਲਮ 'ਦੁੱਲਾ ਭੱਟੀ' (1966) ਸੀ। ਹਿੰਦੀ ਵਿਚ ਇਹ ਫਿਲਮ 'ਡੰਕਾ' (1969) ਦੇ ਸਿਰਲੇਖ ਹੇਠ ਡੱਬ ਹੋਈ।

1970ਵਿਆਂ ਦੇ ਦਹਾਕੇ ਵਿਚ ਦਾਰਾ ਸਿੰਘ ਨੇ ਆਪਣੇ ਬੈਨਰ ਦਾਰਾ ਪਿਕਚਰਜ਼ ਦੀ ਪਹਿਲੀ ਧਾਰਮਿਕ ਫਿਲਮ 'ਨਾਨਕ ਦੁਖੀਆ ਸਭ ਸੰਸਾਰ' (1971) ਬਣਾਈ ਜਿਸ ਦੇ ਨਿਰਦੇਸ਼ਕ ਅਤੇ ਅਦਾਕਾਰ ਖੁਦ ਦਾਰਾ ਸਿੰਘ ਸਨ। ਇਸ ਫਿਲਮ ਵਿਚ ਉਨ੍ਹਾਂ ਨੇ ਪਹਿਲੀ ਵਾਰ ਪ੍ਰਿਥਵੀ ਰਾਜ ਕਪੂਰ, ਬਲਰਾਜ ਸਾਹਨੀ, ਪ੍ਰਾਣ, ਅਚਲਾ ਸਚਦੇਵ, ਰਾਮ ਮੋਹਨ ਤੇ ਸ਼ਮਿੰਦਰ ਚਹਿਲ ਨੂੰ ਲਿਆ। ਧਾਰਮਿਕ ਫਿਲਮ 'ਦੁੱਖ ਭੰਜਨ ਤੇਰਾ ਨਾਮ' (1972) ਵਿਚ ਉਸ ਨੇ ਡਾਕੂ ਦੌਲੇ ਖਾਨ ਦਾ ਕਿਰਦਾਰ ਅਦਾ



ਕੀਤਾ। 'ਮੇਲੇ ਮਿੱਤਰਾਂ ਦੇ' (1973) ਫਿਲਮ ਵਿਚ ਦਾਰਾ ਸਿੰਘ ਦੇ ਸਨਮੁੱਖ ਹੀਰੋਇਨ ਦਾ ਰੋਲ ਸੰਜਨਾ ਨਿਭਾ ਰਹੀ ਸੀ।

ਆਪਣੇ ਨਿਰਦੇਸ਼ਨ ਅਤੇ ਅਦਾਕਾਰੀ ਵਿਚ ਬਣੀ ਦੂਜੀ ਧਾਰਮਿਕ ਫਿਲਮ 'ਭਗਤ ਧੰਨਾ ਜੱਟ' (1974) ਵਿਚ ਉਸ ਨੇ 'ਭਗਤ ਧੰਨਾ' ਦਾ ਕਿਰਦਾਰ ਬਾਖੂਬੀ ਨਿਭਾਇਆ। ਹਿੰਦੀ ਵਿਚ ਇਹ ਫਿਲਮ 'ਕਿਸਾਨ ਔਰ ਭਗਵਾਨ' (1974) ਨਾਮ ਹੇਠ ਡੱਬ ਹੋਈ। ਉਸ ਦੀ ਤੀਜੀ ਫਿਲਮ ਆਪਣੇ ਬੈਨਰ ਦੀ 'ਸਵਾ ਲਾਖ ਸੇ ਏਕ ਲੜਾਊਂ' (1976) ਸੀ। ਇਸ ਫਿਲਮ ਦੇ ਨਿਰਦੇਸ਼ਕ ਅਤੇ ਅਦਾਕਾਰ ਉਹ ਖੁਦ ਹੀ ਸਨ। ਉਸ ਦੀ ਚੌਥੀ ਧਾਰਮਿਕ ਫਿਲਮ ਵੀ ਆਪਣੇ ਬੈਨਰ ਦੀ 'ਧਿਆਨੂੰ ਭਗਤ' (1978) ਸੀ। ਹਿੰਦੀ ਵਿਚ ਇਹ ਫਿਲਮ 'ਭਗਤੀ ਮੇਂ ਸ਼ਕਤੀ' (1979) ਦੇ ਨਾਮ ਹੇਠ ਡੱਬ ਹੋਈ। ਫਿਲਮ 'ਜੈ ਮਾਤਾ ਦੀ' (1977) ਵਿਚ ਉਸ ਨੇ ਨਾਸਤਿਕ ਕਿਰਦਾਰ ਬਲਬੀਰ ਦੀ ਭੂਮਿਕਾ ਅਦਾ ਕੀਤੀ। ਬੂਟਾ ਸਿੰਘ ਸ਼ਾਦ ਨਿਰਦੇਸ਼ਿਤ 'ਗਿੱਧਾ' (1978) ਵਿਚ ਉਸ ਨੇ ਦੁੱਲੇ ਭਲਵਾਨ ਵਜੋਂ ਮਹਿਮਾਨ ਭੂਮਿਕਾ ਨਿਭਾਈ। ਹਿੰਦੀ ਵਿਚ ਇਹ ਫਿਲਮ 'ਜ਼ਖ਼ਮੀ ਦਿਲ' ਦੇ ਨਾਂ ਨਾਲ ਡੱਬ ਹੋਈ।

1980ਵਿਆਂ ਦੇ ਦਹਾਕੇ ਵਿਚ ਉਸ ਨੇ ਪੰਜਾਬੀ ਫਿਲਮਾਂ ਵਿਚ ਸਿਰਫ ਚਰਿਤਰ ਅਤੇ ਮਹਿਮਾਨ ਭੂਮਿਕਾਵਾਂ ਹੀ ਨਿਭਾਈਆਂ। 'ਲੰਬੜਦਾਰਨੀ' (1980), 'ਭੁਲੇਖਾ' (1983), 'ਅਣਖੀਲੀ ਮੁਟਿਆਰ' (1983), 'ਬਾਬੁਲ ਦਾ ਵਿਹੜਾ' (1985), 'ਕੀ ਬਣੂ ਦੁਨੀਆ ਦਾ' (1986) ਅਤੇ 'ਮੌਲਾ ਜੱਟ' (1988) ਵਿਚ ਵੱਖ ਵੱਖ ਕਿਰਦਾਰ ਨਿਭਾਏ। ਨਿਰਦੇਸ਼ਕ ਬਲਬੀਰ ਬੇਗਮਪੁਰੀ ਦੀ ਫਿਲਮ 'ਧੀ ਰਾਣੀ' (1988) ਵਿਚ ਮਹਿੰਦਰ ਕਪੂਰ ਦਾ ਗੀਤ ਦਾਰਾ ਸਿੰਘ 'ਤੇ ਫਿਲਮਾਇਆ ਗਿਆ।

1990ਵਿਆਂ ਦੇ ਦਹਾਕੇ ਵਿਚ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਵਿਚ ਦਾਰਾ ਸਿੰਘ ਨੇ ਯਾਦਗਾਰੀ ਕਿਰਦਾਰ ਨਿਭਾਏ। ਇਨ੍ਹਾਂ ਵਿਚ 'ਸ਼ੇਰਾਂ ਦੇ ਪੁੱਤ ਸ਼ੇਰ', 'ਪ੍ਰਤਿਗਿਆ', 'ਪੱਗੜੀ ਸੰਭਾਲ ਜੱਟਾ', 'ਅਣਖੀਲਾ ਸੂਰਮਾ', 'ਕਹਿਰ', 'ਖੇਲ ਤਕਦੀਰਾਂ ਦੇ', 'ਰੱਬ ਦੀਆਂ ਰੱਖਾਂ', 'ਲਾਲੀ', 'ਸਰਦਾਰੀ' ਤੋਂ ਇਲਾਵਾ ਨੈਸ਼ਨਲ ਐਵਾਰਡ-ਯਾਫਤਾ ਫਿਲਮ 'ਮੈਂ ਮਾਂ ਪੰਜਾਬ ਦੀ' (1997), 'ਸਰਬੰਸਦਾਨੀ ਗੁਰੂ ਗੋਬਿੰਦ ਸਿੰਘ' (1997), 'ਦੂਰ ਨਹੀਂ ਨਨਕਾਣਾ' ਅਤੇ ਫਿਲਮ 'ਤੇਰਾ ਮੇਰਾ ਪਿਆਰ' (1998) ਸ਼ਾਮਲ ਹਨ।

ਦਾਰਾ ਸਿੰਘ ਆਖਰੀ ਸਾਹਾਂ ਤਕ ਅਦਾਕਾਰੀ ਨੂੰ ਸਮਰਪਿਤ ਰਿਹਾ। ਫਿਰ ਉਸ ਦੀਆਂ ਸਾਲ 2000 ਦੇ ਆਸ ਪਾਸ ਸਿਰਫ ਤਿੰਨ ਪੰਜਾਬੀ ਫਿਲਮਾਂ ਪਰਦਾਪੇਸ਼ ਹੋਈਆਂ। ਪਹਿਲੀ 'ਦੇਹ ਸ਼ਿਵਾ ਬਰ ਮੋਹੈ ਇਹੈ' (2002), 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' (2004) ਅਤੇ 'ਦਿਲ ਆਪਣਾ ਪੰਜਾਬੀ' (2006)। ਉਸ ਦੀ ਆਖਰੀ ਹਿੰਦੀ ਫਿਲਮ 'ਜਬ ਵੀ ਮੈੱਟ' (2007) ਸੀ।

ਦਾਰਾ ਸਿੰਘ ਨੇ ਕੁੱਲ 34 ਪੰਜਾਬੀ ਅਤੇ ਲਗਪਗ 200 ਹਿੰਦੀ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ। ਹਾਲਾਂਕਿ ਉਸ ਦੀਆਂ ਫਿਲਮਾਂ ਨੂੰ ਬੀ ਗ੍ਰੇਡ, ਸਟੰਟ ਜਾਂ ਕਾਲਪਨਿਕ ਫਿਲਮਾਂ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ ਪਰ ਉਸ ਨੇ ਇਨ੍ਹਾਂ ਫਿਲਮਾਂ ਜ਼ਰੀਏ ਮੁਮਤਾਜ਼ ਵਰਗੀ ਸਫਲ ਅਦਾਕਾਰਾ ਵੀ ਦਿੱਤੀ। 1963 ਵਿਚ ਪਹਿਲੀ ਦਫਾ ਨਿਰਦੇਸ਼ਕ ਮੁਹੰਮਦ ਹੁਸੈਨ ਦੀ ਫਿਲਮ 'ਫੌਲਾਦ' ਤੋਂ ਬਣੀ ਇਸ ਜੋੜੀ ਨੇ 15 ਸਫਲ ਫਿਲਮਾਂ ਵਿਚ ਇਕੱਠਿਆਂ ਕੰਮ ਕੀਤਾ। ਦਾਰਾ ਸਿੰਘ ਨੇ ਹਿੰਦੀ, ਪੰਜਾਬੀ ਫਿਲਮਾਂ ਵਿਚ ਕੰਮ ਕਰਨ ਤੋਂ ਇਲਾਵਾ ਗੁਜਰਾਤੀ, ਹਰਿਆਣਵੀ, ਮਲਿਆਲਮ ਅਤੇ ਤਮਿਲ ਫਿਲਮਾਂ ਵਿਚ ਵੀ ਕਿਰਦਾਰ ਨਿਭਾਏ। 1994 ਵਿਚ ਉਸ ਨੇ ਆਪਣੇ ਪੁੱਤਰ ਵਿੰਦੂ ਨੂੰ ਲੈ ਕੇ ਹਿੰਦੀ ਫਿਲਮ 'ਕਰਨ' ਅਤੇ 1996 ਵਿਚ ਪੰਜਾਬੀ ਫਿਲਮ 'ਰੱਬ ਦੀਆਂ ਰੱਖਾਂ' ਬਣਾਈ ਸੀ ਪਰ ਦੋਵੇਂ ਫਿਲਮਾਂ ਟਿਕਟ ਖਿੜਕੀ 'ਤੇ ਬਹੁਤਾ ਕਮਾਲ ਨਹੀਂ ਦਿਖਾ ਸਕੀਆਂ। ਧਾਰਮਿਕ ਹਿੰਦੀ ਫਿਲਮਾਂ ਵਿਚ ਦਾਰਾ ਸਿੰਘ ਦਾ ਕੋਈ ਸਾਨ੍ਹੀ ਨਹੀਂ ਸੀ। 'ਵੀਰ ਭੀਮਸੈਨ' (1964), 'ਮਹਾਂਭਾਰਤ' (1965), 'ਬਲਰਾਮ ਸ੍ਰੀ ਕ੍ਰਿਸ਼ਨ' (1938), 'ਹਰ ਹਰ ਮਹਾਂਦੇਵ' (1974), 'ਜੈ ਬਜਰੰਗ ਬਲੀ' (1976), 'ਬੋਲ ਰੇ ਹੇ ਚੱਕਰਧਾਰੀ' (1977) ਅਤੇ ਕਦੇ 'ਸ਼ਿਵ ਸ਼ਕਤੀ' (1980), 'ਕ੍ਰਿਸ਼ਨਾ ਕ੍ਰਿਸ਼ਨਾ' (1986) ਵਰਗੀਆਂ ਭਗਤੀ ਪ੍ਰਧਾਨ ਫਿਲਮਾਂ ਦਾ ਪ੍ਰਤਾਪ ਸੀ ਕਿ ਜਦੋਂ 1986 'ਚ ਰਾਮਾਨੰਦ ਸਾਗਰ ਨੇ 'ਰਮਾਇਣ' ਦੀ ਕਲਪਨਾ ਕੀਤੀ ਤਾਂ ਦਾਰਾ ਸਿੰਘ ਨੂੰ 'ਹਨੂੰਮਾਨ' ਦੀ ਭੂਮਿਕਾ ਦਿੱਤੀ, ਉਦੋਂ ਦਾਰਾ ਸਿੰਘ 58 ਸਾਲਾਂ ਦੇ ਹੋ ਚੁੱਕੇ ਸਨ। ਉਮਰ ਦਰਾਜ਼ ਹੋਣ ਕਰਕੇ ਪਹਿਲਾਂ ਤਾਂ ਉਸ ਨੇ ਇਹ ਰੋਲ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਰਾਮਾਨੰਦ ਦੇ ਯਕੀਨ ਦਿਵਾਉਣ 'ਤੇ ਉਹ ਮੰਨ ਗਿਆ। ਫਿਰ ਲੜੀਵਾਰ 'ਰਾਮਾਇਣ' ਨੇ ਜੋ ਇਤਿਹਾਸ ਸਿਰਜਿਆ, ਉਸ ਤੋਂ ਸਭ ਵਾਕਿਫ ਹਨ। ਇਸ ਤੋਂ ਬਾਅਦ ਭਗਤ ਹਨੂੰਮਾਨ ਦਾ ਮਕਬੂਲ ਕਿਰਦਾਰ 'ਮਹਾਂਭਾਰਤ' ਵਿਚ ਵੀ ਨਿਭਾਇਆ। ਉਸ ਨੇ ਕਈ ਹੋਰ ਮਸ਼ਹੂਰ ਟੈਲੀਵਿਜ਼ਨ ਲੜੀਵਾਰਾਂ 'ਲਵ ਕੁਸ਼', 'ਹੱਦ ਕਰ ਦੀ ਆਪਨੇ', 'ਫੈਮਿਲੀ ਬਿਜ਼ਨਸ', 'ਕਿਆ ਹੋਗਾ ਨਿੰਮੋ ਕਾ' ਆਦਿ ਵਿਚ ਕੰਮ ਕੀਤਾ, ਜਿਸ ਨੂੰ ਦਰਸ਼ਕਾਂ ਨੇ ਬੇਹੱਦ ਸਲਾਹਿਆ। ਇਹ ਵੀ ਸੱਚ ਹੈ ਕਿ ਸਟੰਟ ਫਿਲਮਾਂ ਦੇ ਇਸ ਨਾਇਕ ਦਾ ਉਘੇ ਸਿਤਾਰਿਆਂ, ਨਿਰਮਾਤਾ-ਨਿਰਦੇਸ਼ਕਾਂ ਦਰਮਿਆਨ ਅਦਬ ਦਾ ਰੁਤਬਾ ਰਿਹਾ ਹੈ। ਰਾਜ ਕਪੂਰ ਨੇ ਉਸ ਨੂੰ ਆਪਣੀਆਂ ਦੋ ਫਿਲਮਾਂ 'ਮੇਰਾ ਨਾਮ ਜੋਕਰ' ਅਤੇ 'ਧਰਮ-ਕਰਮ' ਵਿਚ ਅਹਿਮ ਭੂਮਿਕਾਵਾਂ ਦਿੱਤੀਆਂ ਸਨ। ਨਿਰਦੇਸ਼ਕ ਮਨਮੋਹਨ ਦੇਸਾਈ ਨੇ ਜਦੋਂ ਅਮਿਤਾਭ ਬਚਨ ਨੂੰ ਲੈ ਕੇ 'ਮਰਦ' (1985) ਦਾ ਨਿਰਮਾਣ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਅਮਿਤਾਭ ਬਚਨ ਦੇ ਪਿਤਾ ਦੀ ਭੂਮਿਕਾ ਲਈ ਦਾਰਾ ਸਿੰਘ ਨੂੰ ਚੁਣਿਆ।



ਉਸ ਨੇ ਫਿਲਮਾਂ 'ਚ ਪ੍ਰਵੇਸ਼ ਪਾਉਂਦਿਆਂ ਹੀ ਆਪਣੇ ਛੋਟੇ ਭਰਾ ਸਰਦਾਰਾ ਸਿੰਘ ਰੰਧਾਵਾ, ਸਾਥੀ ਭਲਵਾਨ ਸੌਦਾਗਰ ਸਿੰਘ, ਟਾਈਗਰ ਸਿੰਘ ਆਦਿ ਨੂੰ ਵੀ ਫਿਲਮਾਂ 'ਚ ਲਿਆਂਦਾ। ਭਾਜਪਾ ਵਲੋਂ ਉਹ 2003 ਤੋਂ 2009 ਤਕ ਰਾਜ ਸਭਾ ਦਾ ਮੈਂਬਰ ਵੀ ਰਿਹਾ। ਦਾਰਾ ਸਿੰਘ ਦੇ ਦੋ ਵਿਆਹ ਤੋਂ 6 ਬੱਚੇ ਹਨ। ਪਹਿਲੀ ਪਤਨੀ ਬਚਨ ਕੌਰ ਤੋਂ ਇਕ ਪੁੱਤਰ ਪ੍ਰਦੁਮਨ ਸਿੰਘ ਰੰਧਾਵਾ (ਅਦਾਕਾਰ) ਤੇ ਦੂਜੀ ਪਤਨੀ ਸੁਰਜੀਤ ਕੌਰ ਤੋਂ ਤਿੰਨ ਧੀਆਂ ਤੇ ਦੋ ਪੁੱਤਰ ਹਨ। ਇਨ੍ਹਾਂ ਵਿਚੋਂ ਅੱਜ ਵਿੰਦੂ ਦਾਰਾ ਸਿੰਘ ਹੀ ਹਿੰਦੀ-ਪੰਜਾਬੀ ਫਿਲਮਾਂ 'ਚ ਕੰਮ ਕਰ ਰਿਹਾ ਹੈ। ਕੁਸ਼ਤੀ ਦੀ ਦੁਨੀਆਂ ਤੋਂ ਲੈ ਕੇ ਫਿਲਮੀ ਪਰਦੇ ਤਕ ਆਪਣੀ ਫਨ-ਏ-ਕਾਬਲੀਅਤ ਦਾ ਲੋਹਾ ਮਨਵਾਉਣ ਵਾਲੇ ਇਸ ਅਦਾਕਾਰ ਦਾ 12 ਜੁਲਾਈ 2012 ਨੂੰ ਦੇਹਾਂਤ ਹੋ ਗਿਆ।

# ਲਹਿੰਦੇ ਪੰਜਾਬ ਦਾ ਪਹਿਲਾ ਸੁਪਰਸਟਾਰ

ਅਭਿਨੇਤਾ ਸੁਧੀਰ ਨੂੰ ਪਾਕਿਸਤਾਨੀ ਫਿਲਮਾਂ ਦੇ ਪਹਿਲੇ ਸੁਪਰਸਟਾਰ ਹੋਣ ਦਾ ਮਾਣ ਹਾਸਲ ਹੈ। ਸ਼ਾਹ ਜ਼ਮਾਨ ਖਾਨ ਅਫਰੀਦੀ ਉਰਫ ਸੁਧੀਰ ਦਾ ਜਨਮ 25 ਜਨਵਰੀ 1922 ਨੂੰ ਲਾਹੌਰ ਵਿਚ ਹੋਇਆ। ਮੂਲ ਰੂਪ ਵਿਚ ਪਸ਼ਤੋ ਇਲਾਕੇ ਦਾ ਰਹਿਣ ਵਾਲਾ ਇਹ ਨਾਇਕ ਪਾਕਿਸਤਾਨੀ ਫਿਲਮਾਂ ਦਾ ਪਹਿਲਾ ਐਕਸ਼ਨ ਹੀਰੋ ਸੀ। ਉਹ ਪੰਜਾਬੀ ਤੇ ਉਰਦੂ ਫਿਲਮਾਂ ਦਾ ਆਪਣੇ ਸਮੇਂ ਦਾ ਹਿੱਟ ਨਾਂ ਸੀ।

ਸੁਧੀਰ ਦਾ ਫਿਲਮੀ ਸਫਰ ਤਕਰੀਬਨ 40 ਸਾਲ ਦਾ ਰਿਹਾ। ਇਨ੍ਹਾਂ ਸਾਲਾਂ ਵਿਚ ਉਸ ਨੇ ਜ਼ਿਆਦਾਤਰ ਫਿਲਮਾਂ ਵਿਚ ਮੁੱਖ ਨਾਇਕ ਦੇ ਕਿਰਦਾਰ ਅਦਾ ਕੀਤੇ। ਉਸ ਦੀਆਂ ਜ਼ਿਆਦਾਤਰ

**ਅੰਗਰੇਜ਼ ਸਿੰਘ**

ਫਿਲਮਾਂ ਹਿੱਟ ਤੇ ਸੁਪਰਹਿੱਟ ਹੋਈਆਂ। ਉਸ ਦੀਆਂ ਬਹੁਤ ਸਾਰੀਆਂ ਫਿਲਮਾਂ ਨੇ ਸਿਲਵਰ, ਗੋਲਡਨ ਤੇ ਪਲੈਟੀਨਮ ਜੁਬਲੀ ਮਨਾਈ। ਨਿਊ ਹਿੰਦੁਸਤਾਨ ਫਿਲਮਜ਼ ਦੇ ਬੈਨਰ ਹੇਠ ਲਾਹੌਰ ਵਿਚ ਬਣੀ ਫਿਲਮ 'ਫਰਜ਼' ਉਸ ਦੀ ਪਹਿਲੀ ਫਿਲਮ ਸੀ ਜਿਹੜੀ ਪਾਕਿਸਤਾਨ ਬਣਨ ਤੋਂ ਪਹਿਲਾਂ 1947 ਵਿਚ ਰਿਲੀਜ਼ ਹੋਈ। ਇਸ ਫਿਲਮ ਦੇ ਨਿਰਦੇਸ਼ਕ ਸਨ ਨਿਰੰਜਨ ਅਤੇ ਫਿਲਮ ਵਿਚ ਨਾਇਕਾ ਦਾ ਕਿਰਦਾਰ ਰਾਗਨੀ ਨੇ ਅਦਾ ਕੀਤਾ ਸੀ। ਪਾਕਿਸਤਾਨ ਬਣਨ ਤੋਂ ਬਾਅਦ ਜਿਥੇ ਲਾਹੌਰ ਫਿਲਮ ਸਨਅਤ ਦੀਆਂ ਬਹੁਤ ਸਾਰੀਆਂ ਫਿਲਮੀ ਹਸਤੀਆਂ ਨੇ ਬਾਲੀਵੁੱਡ (ਮੁੰਬਈ) ਵੱਲ ਰੁਖ ਕੀਤਾ ਉਥੇ ਸੁਧੀਰ ਨੇ ਲਾਹੌਰ ਰਹਿਣ ਦਾ ਹੀ ਫੈਸਲਾ ਕੀਤਾ। ਪਾਕਿਸਤਾਨ ਫਿਲਮ ਸਨਅਤ ਵਿਚ ਉਸ ਨੇ ਆਪਣੇ ਫਿਲਮੀ ਸਫਰ ਦਾ ਆਗਾਜ਼ 1949 ਵਿਚ ਰਿਲੀਜ਼ ਹੋਈ ਫਿਲਮ 'ਹਿਚਕੋਲੇ' ਤੋਂ ਕੀਤਾ ਸੀ ਜੋ ਪਾਕਿਸਤਾਨੀ ਫਿਲਮ ਸਨਅਤ ਦੇ ਬਣਨ ਤੋਂ ਬਾਅਦ ਤੀਜੀ ਫਿਲਮ ਸੀ। ਸੁਧੀਰ ਦੀ ਆਖਰੀ ਫਿਲਮ 7 ਅਗਸਤ 1987 ਨੂੰ ਰਿਲੀਜ਼ ਹੋਈ ਉਰਦੂ ਫਿਲਮ 'ਸਨ ਆਫ ਅੰਨਦਾਤਾ' ਸੀ। ਉਸ ਨੇ ਕੁੱਲ 173 ਫਿਲਮਾਂ ਵਿਚ ਅਦਾਕਾਰੀ ਕੀਤੀ ਜਿਸ ਵਿਚ 70 ਉਰਦੂ, 101 ਪੰਜਾਬੀ, ਇਕ ਪਸ਼ਤੋ ਅਤੇ ਇਕ ਇੰਡੀਅਨ (ਪਾਕਿਸਤਾਨ ਬਣਨ ਤੋਂ ਪਹਿਲਾਂ) ਸ਼ਾਮਲ ਹਨ।

ਉਹ ਪਾਕਿਸਤਾਨ ਫਿਲਮ ਸਨਅਤ ਦੇ ਇਤਿਹਾਸ ਵਿਚ ਪਹਿਲੇ ਦੋ ਦਹਾਕੇ ਸਭ ਤੋਂ ਵੱਧ ਸਫਲ ਫਿਲਮਾਂ ਦੇਣ ਵਾਲਾ ਪਹਿਲਾ ਅਦਾਕਾਰ ਬਣਿਆ। 1952 ਵਿਚ ਉਸਦੀ ਉਰਦੂ ਫਿਲਮ 'ਦੁਪੱਟਾ' ਰਿਲੀਜ਼ ਹੋਈ। 1952 ਵਿਚ ਹੀ ਰਿਲੀਜ਼ ਹੋਈ ਉਸ ਦੀ ਉਰਦੂ ਫਿਲਮ 'ਸੱਸੀ' ਪਹਿਲੀ ਅਜਿਹੀ ਫਿਲਮ ਸੀ ਜਿਸ ਨੇ ਗੋਲਡਨ ਜੁਬਲੀ ਮਨਾਈ। ਉਸ ਤੋਂ ਬਾਅਦ 1956 ਵਿਚ ਪੰਜਾਬੀ ਫਿਲਮ 'ਦੁੱਲਾ ਭੱਟੀ', 'ਮਾਹੀ ਮੁੰਡਾ' (1956) ਤੇ 'ਯੱਕੇ ਵਾਲੀ' (1957) ਉਸ ਜ਼ਮਾਨੇ ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਪੰਜਾਬੀ ਫਿਲਮਾਂ ਬਣੀਆਂ। ਇਨ੍ਹਾਂ ਫਿਲਮਾਂ ਦੀ ਸਫਲਤਾ ਤੋਂ ਬਾਅਦ ਬਹੁਤ ਸਾਰੇ ਫਿਲਮ ਸਟੂਡੀਓ ਬਣਨ ਦੀ ਸ਼ੁਰੂਆਤ ਹੋਈ।

ਸੁਧੀਰ ਦੀ ਫਿਲਮ 'ਯੱਕੇ ਵਾਲੀ' ਪਾਕਿਸਤਾਨ ਦੀ ਪਹਿਲੀ ਪੰਜਾਬੀ ਫਿਲਮ ਸੀ ਜਿਸ ਨੇ ਗੋਲਡਨ ਜੁਬਲੀ ਮਨਾਈ ਅਤੇ ਦੂਸਰੀ ਬਲਾਕ ਬਸਟਰ ਫਿਲਮ ਬਣੀ। ਇਸ ਫਿਲਮ ਨੇ ਉਸ ਸਮੇਂ ਇੰਨੀ ਕਮਾਈ ਕੀਤੀ ਸੀ ਜਿਸ ਨੂੰ ਅੱਜ ਤਕ ਵੀ ਕੋਈ ਹੋਰ ਪਾਕਿਸਤਾਨੀ ਫਿਲਮ ਪਾਰ ਨਹੀਂ ਕਰ ਸਕੀ।

ਸੁਧੀਰ ਦੀ ਹੀਰੋ ਦੇ ਤੌਰ 'ਤੇ ਉਰਦੂ ਫਿਲਮ 'ਬਾਗੀ' (1956) ਪਾਕਿਸਤਾਨ ਦੀ ਪਹਿਲੀ ਫਿਲਮ ਸੀ ਜਿਸ ਨੂੰ ਚੀਨ ਵਿਚ ਵੀ ਪ੍ਰਦਰਸ਼ਿਤ ਕੀਤਾ ਗਿਆ ਸੀ। ਉਸ ਨੇ ਫਿਲਮਾਂ 'ਨੂਰਾਂ' (1957) 'ਝੂਮਰ' (1959) ਅਤੇ 'ਗੁਲ ਬਕਾਵਲੀ' (1961) ਵਿਚ ਵੀ ਸ਼ਾਨਦਾਰ ਅਦਾਕਾਰੀ ਕੀਤੀ। ਉਸ ਦੀ ਪਛਾਣ ਭਾਵੇਂ ਐਕਸ਼ਨ ਹੀਰੋ ਦੇ ਤੌਰ 'ਤੇ ਬਣ ਚੁੱਕੀ ਸੀ, ਪਰ ਇਸ ਪਛਾਣ ਤੋਂ ਹਟ ਕੇ ਉਸ ਨੇ 1956 ਵਿਚ ਪ੍ਰਦਰਸ਼ਿਤ ਹੋਈ ਫਿਲਮ 'ਹਾਤਮਤਾਈ' ਵਿਚ ਹਾਤਿਮ ਦਾ ਕਿਰਦਾਰ, ਫਿਲਮ 'ਅਨਾਰਕਲੀ' (1958) ਵਿਚ ਸਲੀਮ, 'ਮਿਰਜ਼ਾ ਸਾਹਿਬਾ' (1956) ਵਿਚ ਮਿਰਜ਼ਾ ਜੱਟ, 1955 ਵਿਚ ਬਣੀ 'ਸੋਹਣੀ' ਵਿਚ ਮਹੀਵਾਲ ਅਤੇ ਫਿਲਮ 'ਗਾਲਿਬ' (1961) ਵਿਚ ਗਾਲਿਬ ਦਾ ਕਿਰਦਾਰ ਬੜੇ ਸ਼ਾਨਦਾਰ ਢੰਗ ਨਾਲ ਅਦਾ ਕੀਤਾ। 19 ਜੂਨ 1959 ਵਿਚ ਫਿਲਮਸਾਜ਼ ਤੇ ਹਦਾਇਤਕਾਰ ਸੈਫ-ਉ-ਦੀਨ ਸੈਫ ਦੀ ਪੰਜਾਬੀ ਕਲਾਸਿਕ ਫਿਲਮ 'ਕਰਤਾਰ ਸਿੰਘ' ਵਿਚ ਉਮਰਦੀਨ ਦਾ ਕਿਰਦਾਰ ਅਦਾ ਕੀਤਾ ਜੋ ਬਿਹਤਰੀਨ ਤੇ ਬੇਹੱਦ ਸਫਲ ਪੰਜਾਬੀ ਫਿਲਮਾਂ ਵਿਚ ਗਿਣੀ ਜਾਂਦੀ ਹੈ। ਅੱਜ ਇਹ ਫਿਲਮ ਪਾਕਿਸਤਾਨ ਦੀਆਂ ਕਲਾਸਿਕ ਫਿਲਮਾਂ ਵਿਚ ਸ਼ੁਮਾਰ ਕੀਤੀ ਜਾਂਦੀ ਹੈ।



*ਸੁਧੀਰ ਸਾਥੀ ਕਲਾਕਾਰ ਨਾਲ।*

ਉਸਨੇ ਬ੍ਰਿਟਿਸ਼ ਰਾਜ 'ਤੇ ਬਣੀਆਂ ਫਿਲਮਾਂ 'ਫਰੰਗੀ' (1964) ਅਤੇ 'ਅਜ਼ਬ ਖਾਨ' (1961) ਵਿਚ ਬਿਹਤਰੀਨ ਅਦਾਕਾਰੀ ਕੀਤੀ। ਉਸ ਦੀ 1965 ਵਿਚ ਬਣੀ ਫਿਲਮ 'ਜੀਦਾਰ' ਨੇ ਪਲੈਟੀਨਮ ਜੁਬਲੀ ਮਨਾਈ। ਇਕ ਹੋਰ ਫਿਲਮ 'ਮਾਂ ਪੁੱਤਰ' (1970) ਨੇ ਵੀ ਪਲੈਟੀਨਮ ਜੁਬਲੀ ਮਨਾਈ ਸੀ। 1960 ਵਿਚ ਪ੍ਰਦਰਸ਼ਿਤ ਫਿਲਮ 'ਸਾਹਿਲ' ਵਿਚ ਉਸਨੇ ਅਸਲੀ ਸ਼ੇਰ ਨਾਲ ਲੜਾਈ ਦਾ ਦ੍ਰਿਸ਼ ਕੀਤਾ ਸੀ। ਉਸਨੇ 1978 ਵਿਚ ਆਪਣੇ ਵੱਡੇ ਪੁੱਤਰ ਸ਼ਾਹ ਜ਼ਮਾਨ ਨੂੰ ਹੀਰੋ ਦੇ ਤੌਰ 'ਤੇ ਲੈ ਕੇ ਉਰਦੂ ਫਿਲਮ 'ਦੁਸ਼ਮਨ ਕੀ ਤਲਾਸ਼' ਬਣਾਈ ਜਿਸ ਵਿਚ ਸੁਧੀਰ ਨੇ ਸਾਈਡ ਹੀਰੋ ਦਾ ਕਿਰਦਾਰ ਅਦਾ ਕੀਤਾ।

1970 ਵਿਚ ਫਿਲਮ 'ਮਾਂ ਪੁੱਤਰ' ਲਈ ਉਸ ਨੂੰ ਬੈਸਟ ਐਕਟਰ ਦਾ ਨਿਗਾਰ ਐਵਾਰਡ ਹਾਸਲ ਹੋਇਆ। 1974 ਵਿਚ ਇਕ ਵਾਰ ਫਿਰ ਪੰਜਾਬੀ ਫਿਲਮ 'ਲੁਟੇਰੇ' ਵਿਚ ਸ਼ਾਨਦਾਰ ਅਦਾਕਾਰੀ ਲਈ ਬੈਸਟ ਐਕਟਰ ਦਾ ਨਿਗਾਰ ਐਵਾਰਡ ਦਿੱਤਾ ਗਿਆ। ਉਸ ਨੂੰ ਸ਼ਾਨਦਾਰ ਫਿਲਮ ਕਰੀਅਰ ਲਈ ਸਪੈਸ਼ਲ ਨਿਗਾਰ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।

ਸੁਧੀਰ ਨੇ ਤਿੰਨ ਵਿਆਹ ਕਰਵਾਏ, ਪਹਿਲਾ ਵਿਆਹ ਆਪਣੇ ਖਾਨਦਾਨ ਵਿਚ ਹੀ ਕੀਤਾ ਜਿਸ ਤੋਂ ਉਸ ਦਾ ਪੁੱਤਰ ਨੂਰ ਜ਼ਮਾਨ ਖਾਨ (ਫਿਲਮੀ ਨਾਂ ਸ਼ਾਹ ਜ਼ਮਾਨ) ਹੋਇਆ। ਦੂਜਾ ਵਿਆਹ ਫਿਲਮ ਅਦਾਕਾਰਾ ਸ਼ੰਮੀ ਨਾਲ ਕੀਤਾ ਜਿਸ ਤੋਂ ਇਕ ਪੁੱਤਰ ਮੀਰ ਜ਼ਮਾਨ ਖਾਨ ਹੋਇਆ ਅਤੇ ਤੀਜਾ ਵਿਆਹ ਅਦਾਕਾਰਾ ਜ਼ੇਬਾ ਨਾਲ ਕੀਤਾ ਜੋ ਕੁਝ ਸਮੇਂ ਤਕ ਹੀ ਰਿਹਾ। 19 ਜਨਵਰੀ 1997 ਵਿਚ 75 ਸਾਲ ਦੀ ਉਮਰ ਵਿਚ ਸੁਧੀਰ ਦਾ ਲਾਹੌਰ 'ਚ ਦੇਹਾਂਤ ਹੋ ਗਿਆ। ਫਿਲਮੀ ਦੁਨੀਆਂ ਦੇ ਲੋਕ ਉਸ ਨੂੰ ਪਿਆਰ ਨਾਲ ਲਾਲਾ ਸੁਧੀਰ ਕਹਿ ਕੇ ਬੁਲਾਉਂਦੇ ਹੁੰਦੇ ਸਨ। ਪਸ਼ਤੋ 'ਚ ਲਾਲਾ ਵੱਡੇ ਭਰਾ ਨੂੰ ਕਹਿੰਦੇ ਹਨ।

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

## ਸਮੂਹ ਸਿੱਖ ਜਗਤ ਨੂੰ ਸਿੱਖਾਂ ਦੇ ਨਵੇਂ 551ਵੇਂ ਸਾਲ ਦੀ

# ਲੱਖ ਲੱਖ ਵਧਾਈ

1999 ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਵਾਨਿਤ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 551ਵਾਂ ਨਵਾਂ ਸਾਲ ਪਹਿਲੀ ਚੇਤਰ, ਦਿਨ ਵੀਰਵਾਰ (14 ਮਾਰਚ 2019) ਨੂੰ ਆ ਰਿਹਾ ਹੈ। ਇਸੇ ਦਿਨ ਸੱਤਵੇਂ ਗੁਰੂ ਹਰਿ ਰਾਏ ਸਾਹਿਬ ਨੂੰ ਗੁਰਗੱਦੀ ਪ੍ਰਾਪਤੀ ਹੋਈ ਸੀ। ਇਸੇ ਨੂੰ ਮੁੱਖ ਰੱਖਦਿਆਂ ਦੁਨੀਆਂ ਭਰ ਵਿਚ ਸਿੱਖ ਇਨਵਾਇਰਮੈਂਟ ਡੇ ਮਨਾਇਆ ਜਾਂਦਾ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਮਹੱਤਤਾ ਨੂੰ ਮੁੱਖ ਰੱਖਦਿਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਸ਼ੁਰੂ ਕੀਤਾ ਸੀ।

# ਮਹਾਨ ਕੀਰਤਨ ਦਰਬਾਰ

## 13 ਮਾਰਚ 2019, ਬੁੱਧਵਾਰ ਸ਼ਾਮ 5:30 ਵਜੇ ਤੋਂ ਰਾਤ 12 ਵਜੇ ਤੱਕ

ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਨਾਨਕਸ਼ਾਹੀ ਕੈਲੰਡਰ ਮੁਤਾਬਕ ਤੇ ਗੁਰੂ ਗ੍ਰੰਥ ਸਾਹਿਬ ਦੀ ਸੇਧ ਅਨੁਸਾਰ ਨਵਾਂ ਸਾਲ 14 ਮਾਰਚ (ਚੇਤ ਮਹੀਨੇ) ਤੋਂ ਅਰੰਭ ਹੋ ਰਿਹਾ ਹੈ। ਜਿਸ ਤਰ੍ਹਾਂ ਅਸੀਂ ਪਿਛਲੇ ਸਾਲਾਂ ਤੋਂ ਸਿੱਖੀ ਸਿਧਾਂਤਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਮੁਤਾਬਕ ਪਹਿਲੀ ਚੇਤ ਤੋਂ ਨਵਾਂ ਸਾਲ ਅਰੰਭ ਕਰਦੇ ਹਾਂ, ਇਸ ਸਾਲ ਵੀ 14 ਮਾਰਚ, ਵੀਰਵਾਰ ਨੂੰ ਚੇਤ ਮਹੀਨੇ ਦੀ ਸੰਗਰਾਂਦ ਤੋਂ ਨਵਾਂ ਸਾਲ ਸ਼ੁਰੂ ਹੋ ਰਿਹਾ ਹੈ। ਇਸ ਸਬੰਧੀ 13 ਮਾਰਚ, ਬੁੱਧਵਾਰ ਸ਼ਾਮ 5:30 ਵਜੇ ਤੋਂ ਰਾਤ 12 ਵਜੇ ਤੱਕ ਮਹਾਨ ਕੀਰਤਨ ਦਰਬਾਰ ਹੋ ਰਿਹਾ ਹੈ। ਠੀਕ ਰਾਤ 12 ਵਜੇ ਆਰਤੀ, ਕੀਰਤਨ ਅਤੇ ਫੁੱਲਾਂ ਦੀ ਵਰਖਾ ਨਾਲ ਨਵੇਂ ਸਾਲ ਨੂੰ ਜੀ ਆਇਆਂ ਆਖਿਆ ਜਾਵੇਗਾ। ਇਸ ਮੌਕੇ ਪੰਥ ਪ੍ਰਸਿਧ ਕੀਰਤਨੀ, ਢਾਡੀ ਅਤੇ ਕਥਾਵਾਚਕ ਸੰਗਤ ਨੂੰ ਨਿਹਾਲ ਕਰਨਗੇ। ਆਪ ਸਭ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪਹੁੰਚ ਰਹੇ ਜਥੇ

ਭਾਈ ਗੁਰਪ੍ਰੀਤ ਸਿੰਘ ਬੱਲੜਵਾਲ ਵਾਲੇ
ਭਾਈ ਕੁਲਦੀਪ ਸਿੰਘ ਟੋਹਾਣਾ ਵਾਲੇ
ਕਥਾਵਾਚਕ ਭਾਈ ਸੁਰਜੀਤ ਸਿੰਘ ਜਖਮੀ
ਢਾਡੀ ਜਥਾ ਬੀਬੀ ਜਸਵਿੰਦਰ ਕੌਰ ਖਾਲਸਾ ਰਾਮਾਮੰਡੀ ਜਲੰਧਰ ਵਾਲੇ
ਢਾਡੀ ਜਥਾ ਭਾਈ ਮੋਹਣ ਸਿੰਘ ਵਡਾਣਾ



*ਸਮੂਹ ਸੰਗਤਾਂ ਨੂੰ ਉਲੀਕੇ ਗਏ ਪ੍ਰੋਗਰਾਮਾਂ ਅਨੁਸਾਰ ਗੁਰੂ ਘਰ ਵਿਖੇ ਹਾਜਰੀ ਭਰ ਕੇ ਜੀਵਨ ਸਫਲ ਕਰਨ ਦੀ ਬੇਨਤੀ ਹੈ ਜੀ।*

*ਗੁਰੂ ਕਾ ਲੰਗਰ ਅਟੁੱਟ ਵਰਤੇਗਾ*

**ਗੁਰੂ ਰੂਪ ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-343-1030**

ਸਾਬਕਾ ਹਜੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)